ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 164| 26 Feb. to 4 March, 2025 | Ph.: (510) 240-5949 | Email: asrtimes@gmail.com

## 1984 ਸਿੱਖ ਨਸਲਕੁਸ਼ੀ ਮਾਮਲਾ


# ਅਦਾਲਤ ਨੇ ਸੱਜਣ ਕੁਮਾਰ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ

## ਜਸਵੰਤ ਸਿੰਘ ਤੇ ਉਸ ਦੇ ਪੁੱਤਰ ਦੀ ਹੱਤਿਆ ਮਾਮਲੇ 'ਚ ਸੁਣਾਇਆ ਫ਼ੈਸਲਾ

## ਸ਼ਿਕਾਇਤਕਰਤਾ ਜਸਵੰਤ ਸਿੰਘ ਦੀ ਪਤਨੀ ਤੇ ਇਸਤਗਾਸਾ ਧਿਰ ਨੇ ਸੱਜਣ ਕੁਮਾਰ ਲਈ ਮੰਗੀ ਸੀ ਮੌਤ ਦੀ ਸਜ਼ਾ

ਨਵੀਂ ਦਿੱਲੀ/ਏ.ਟੀ.ਨਿਊਜ਼: ਇਥੋਂ ਦੀ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਸਬੰਧਿਤ ਹੱਤਿਆ ਦੇ ਕੇਸ 'ਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਤੇ 2.4 ਲੱਖ ਰੁਪਏ ਜੁਰਮਾਨਾ ਕੀਤਾ ਹੈ। ਅਦਾਲਤ ਨੇ ਕਿਹਾ ਕਿ ਉਸ (ਸੱਜਣ ਕੁਮਾਰ) ਦੀ ਵਡੇਰੀ ਉਮਰ ਤੇ ਬਿਮਾਰੀ ਕਾਰਨ ਮੌਤ ਦੀ ਸਜ਼ਾ ਦੀ ਥਾਂ ਘੱਟ ਸਜ਼ਾ ਦਿੱਤੀ ਗਈ ਹੈ।

ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਨੇ ਇੱਕ ਨਵੰਬਰ 1984 ਨੂੰ ਜਸਵੰਤ ਸਿੰਘ ਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੀ ਹੱਤਿਆ ਦੇ ਮਾਮਲੇ 'ਚ ਇਹ ਫ਼ੈਸਲਾ ਸੁਣਾਇਆ ਹੈ। ਅਦਾਲਤ ਨੇ ਇਸ ਮਾਮਲੇ 'ਚ ਸੱਜਣ ਕੁਮਾਰ ਨੂੰ 12 ਫ਼ਰਵਰੀ ਨੂੰ ਦੋਸ਼ੀ ਕਰਾਰ ਦਿੱਤਾ ਸੀ। ਹੱਤਿਆ ਦੇ ਮਾਮਲੇ 'ਚ ਵੱਧ ਤੋਂ ਵੱਧ ਮੌਤ ਦੀ ਸਜ਼ਾ ਤੇ ਘੱਟ ਤੋਂ ਘੱਟ ਉਮਰ ਕੈਦ ਦੀ ਸਜ਼ਾ ਹੁੰਦੀ ਹੈ। ਜੱਜ ਨੇ ਕਿਹਾ ਕਿ ਸੱਜਣ ਕੁਮਾਰ ਵੱਲੋਂ ਕੀਤੇ ਅਪਰਾਧ ਬਿਨਾਂ ਸ਼ੱਕ ਜ਼ਾਲਮਾਨਾ ਤੇ ਨਿੰਦਣਯੋਗ ਹਨ ਪਰ ਉਸ ਦੀ 80 ਸਾਲ ਦੀ ਉਮਰ ਤੇ ਬਿਮਾਰੀਆਂ ਸਮੇਤ ਕੁਝ ਹੋਰ ਗੱਲਾਂ ਨੂੰ ਧਿਆਨ 'ਚ ਰੱਖਿਆ ਗਿਆ ਹੈ, ਜੋ ਉਸ ਨੂੰ ਮੌਤ ਦੀ ਸਜ਼ਾ ਦੇਣ ਦੀ ਥਾਂ ਘੱਟ ਸਜ਼ਾ ਦੇਣ ਦੇ ਪੱਖ ਵਿੱਚ ਹਨ। ਜੱਜ ਨੇ ਆਪਣੇ ਹੁਕਮਾਂ 'ਚ ਕਿਹਾ ਕਿ ਜੇਲ੍ਹ ਅਧਿਕਾਰੀਆਂ ਦੀ ਉਸ ਦੇ 'ਤਸੱਲੀਬਖ਼ਸ਼ ਵਤੀਰੇ' ਬਾਰੇ ਰਿਪੋਰਟ, ਉਹ ਬਿਮਾਰੀਆਂ ਜਿਸ ਤੋਂ ਉਹ ਪੀੜਤ ਹੈ, ਅਜਿਹੇ ਤੱਥ ਹਨ ਕਿ ਜਿਨ੍ਹਾਂ ਦੇ ਆਧਾਰ 'ਤੇ ਅਦਾਲਤ ਦੀ ਰਾਏ ਹੈ



ਕਿ ਉਸ ਨੂੰ ਮੌਤ ਦੀ ਸਜ਼ਾ ਦੀ ਥਾਂ ਉਮਰ ਕੈਦ ਦੀ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸੱਜਣ ਕੁਮਾਰ ਦੇ ਵਿਹਾਰ ਬਾਰੇ ਕੋਈ ਵੀ ਗਲਤ ਰਿਪੋਰਟ ਨਹੀਂ ਦਿੱਤੀ ਗਈ ਅਤੇ ਜੇਲ੍ਹ ਰਿਪੋਰਟ ਅਨੁਸਾਰ ਉਸ ਦਾ ਵਤੀਰਾ ਤਸੱਲੀਬਖ਼ਸ਼ ਹੈ। ਜੱਜ ਨੇ ਕਿਹਾ ਕਿ ਮੌਜੂਦਾ ਮਾਮਲਾ ਉਸੇ ਘਟਨਾ ਦਾ ਹਿੱਸਾ ਹੈ, ਜਿਸ ਲਈ ਸੱਜਣ ਕੁਮਾਰ ਨੂੰ 17 ਦਸੰਬਰ 2018 ਨੂੰ ਦਿੱਲੀ ਹਾਈ ਕੋਰਟ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਫ਼ਿਰ ਉਸ ਨੂੰ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਦੰਗਿਆਂ ਦੀ ਅਜਿਹੀ ਦੀ ਘਟਨਾ ਦੌਰਾਨ ਪੰਜ ਜਣਿਆਂ ਦੀ ਮੌਤ ਲਈ ਦੋਸ਼ੀ ਪਾਇਆ ਗਿਆ ਸੀ। ਜੱਜ ਨੇ ਕਿਹਾ, 'ਬੇਸ਼ੱਕ ਮੌਜੂਦਾ ਕੇਸ 'ਚ ਦੋ ਬੇਕਸੂਰ ਵਿਅਕਤੀਆਂ ਦੀ ਹੱਤਿਆ ਕੋਈ ਘੱਟ ਅਪਰਾਧ ਨਹੀਂ ਹੈ ਫ਼ਿਰ ਵੀ ਮੇਰੀ ਰਾਏ 'ਚ ਉਪਰੋਕਤ ਸਥਿਤੀਆਂ ਇਸ ਨੂੰ 'ਦੁਰਲੱਭ ਤੋਂ ਅਤਿ-ਦੁਰਲੱਭ' ਕੇਸ ਨਹੀਂ ਬਣਾਉਂਦੀਆਂ, ਜਿਸ ਵਿੱਚ ਮੌਤ ਦੀ ਸਜ਼ਾ ਦੇਣ ਦੀ ਲੋੜ ਹੋਵੇ। ਅਦਾਲਤ ਵੱਲੋਂ ਸੱਜਣ ਕੁਮਾਰ ਨੂੰ 2.4 ਲੱਖ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਅਦਾਲਤ ਨੇ ਸਾਰੀਆਂ ਸਜ਼ਾਵਾਂ ਇਕੱਠੀਆਂ ਚਲਾਉਣ ਦਾ ਹੁਕਮ ਦਿੱਤਾ। ਸ਼ਿਕਾਇਤਕਰਤਾ ਜਸਵੰਤ ਸਿੰਘ ਦੀ ਪਤਨੀ ਤੇ ਇਸਤਗਾਸਾ ਧਿਰ ਨੇ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ। ਸੱਜਣ ਕੁਮਾਰ ਫ਼ਿਲਹਾਲ ਤਿਹਾੜ ਜੇਲ੍ਹ 'ਚ ਹੈ। ਪੰਜਾਬੀ ਬਾਗ ਥਾਣੇ 'ਚ ਇਸ ਸਬੰਧੀ ਕੇਸ ਦਰਜ ਕੀਤਾ ਗਿਆ ਸੀ ਹਾਲਾਂ ਕਿ ਬਾਅਦ ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਆਪਣੇ ਹੱਥ 'ਚ ਲੈ ਲਈ ਸੀ।

### ਮੌਤ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਸੀ: ਦੰਗਾ ਪੀੜ੍ਹਤ

ਨਵੀਂ ਦਿੱਲੀ: 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੇ ਸੱਜਣ ਕੁਮਾਰ ਨੂੰ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਦਾ ਸਵਾਗਤ ਕੀਤਾ। ਉਨ੍ਹਾਂ ਹਾਲਾਂ ਕਿ ਕਿਹਾ ਕਿ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਨੂੰ ਮੌਤ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਨਿਆਂ ਯਕੀਨੀ ਬਣਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦਿਆਂ ਕਿਹਾ, 'ਅਸੀਂ ਸੱਜਣ ਕੁਮਾਰ ਨੂੰ ਮੌਤ ਦੀ ਸਜ਼ਾ ਦੇਣ ਦੀ ਮੰਗ ਕੀਤੀ ਪਰ ਅਸੀਂ ਅਦਾਲਤ ਦਾ ਫ਼ੈਸਲਾ ਸਵੀਕਾਰ ਕਰਦੇ ਹਾਂ।'

### ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਲਈ ਅੱਗੇ ਵੀ ਕਾਨੂੰਨੀ ਲੜਾਈ ਜਾਰੀ ਰੱਖੇਗੀ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ :ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਨੇ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਹੋਈ ਸਜ਼ਾ ਦਾ ਸਵਾਗਤ ਕੀਤਾ ਪਰ ਇਸ ਨੂੰ ਦੇਰ ਨਾਲ ਮਿਲਿਆ ਤੇ ਅਧੂਰਾ ਇਨਸਾਫ਼ ਆਖਿਆ ਹੈ। ਸਿੱਖ ਸੰਸਥਾ ਨੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਉੱਚ ਅਹੁਦੇ ਦੇ ਕੇ ਉਨ੍ਹਾਂ ਨੂੰ ਸਜ਼ਾਵਾਂ ਤੋਂ ਬਚਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਦੀ ਭੂਮਿਕਾ ਬਾਰੇ ਵੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਚਾਰ ਦਹਾਕਿਆਂ ਤੋਂ ਇਨਸਾਫ਼ ਦੀ ਆਸ ਵਿੱਚ ਬੈਠੇ ਪੀੜਤ ਪਰਿਵਾਰਾਂ ਨੂੰ ਕੁਝ ਹੱਦ ਤੱਕ ਧਰਵਾਸ ਮਿਲੇਗਾ। ਮੰਨਣ ਨੇ ਕਿਹਾ ਕਿ ਉਨ੍ਹਾਂ ਨੂੰ ਆਸ ਸੀ ਕਿ ਦੋਸ਼ੀਆਂ ਨੂੰ ਫ਼ਾਂਸੀ ਦੀ ਸਜ਼ਾ ਹੋਵੇਗੀ ਪਰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਜੋ ਦੋਸ਼ੀਆਂ ਦੇ ਜ਼ੁਲਮਾਂ ਦੇ ਮੁਕਾਬਲੇ ਬਹੁਤ ਘੱਟ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਲਈ ਅੱਗੇ ਵੀ ਕਾਨੂੰਨੀ ਲੜਾਈ ਜਾਰੀ ਰੱਖੇਗੀ। ਨਿਹੰਗ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਵੀ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਦੋਸ਼ੀ ਨੂੰ ਮੌਤ ਦੀ ਸਜ਼ਾ ਸੁਣਾਈ ਜਾਣੀ ਚਾਹੀਦੀ ਸੀ। ਉਨ੍ਹਾਂ ਦਿੱਲੀ ਸਰਕਾਰ ਨੂੰ ਸੱਜਣ ਕੁਮਾਰ ਨੂੰ ਮੌਤ ਦੀ ਸਜ਼ਾ ਦਿਵਾਉਣ ਲਈ ਹਾਈ ਕੋਰਟ 'ਚ ਅਗਲਾ ਕਦਮ ਚੁੱਕਣ ਦੀ ਅਪੀਲ ਕੀਤੀ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਸੱਜਣ ਕੁਮਾਰ ਨੂੰ ਅਦਾਲਤ ਵੱਲੋਂ ਸਜ਼ਾ ਦਿੱਤੇ ਜਾਣ 'ਤੇ ਕਿਹਾ ਕਿ ਇਸ ਮਾਮਲੇ 'ਚ ਸਪੱਸ਼ਟ ਹੋ ਗਿਆ ਹੈ ਕਿ ਇਹ ਯੋਜਨਾਬੱਧ ਸੰਗਠਿਤ ਅਪਰਾਧ ਸੀ।

# ਪੰਜਾਬ ਵਿਧਾਨ ਸਭਾ ਵੱਲੋਂ ਸਰਬਸੰਮਤੀ ਨਾਲ ਕੌਮੀ ਖੇਤੀ ਮੰਡੀ ਨੀਤੀ ਦਾ ਖਰੜਾ ਰੱਦ

## ਕੇਂਦਰੀ ਹਕੂਮਤ ਨੂੰ ਸੂਬਾਈ ਤੇ ਕਿਸਾਨੀ ਹਿੱਤਾਂ 'ਤੇ ਡਾਕਾ ਨਹੀਂ ਮਾਰਨ ਦਿੱਤਾ ਜਾਵੇਗਾ : ਭਗਵੰਤ ਮਾਨ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੇ ਆਖ਼ਰੀ ਦਿਨ ਸਦਨ ਨੇ ਕੇਂਦਰ ਸਰਕਾਰ ਦਾ ਕੌਮੀ ਖੇਤੀ ਮੰਡੀ ਨੀਤੀ ਦਾ ਖਰੜਾ ਸਰਬਸੰਮਤੀ ਨਾਲ ਰੱਦ ਕਰ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੌਕੇ ਬਹਿਸ ਨੂੰ ਸਮੇਟਦਿਆਂ ਕਿਹਾ ਕਿ ਕੇਂਦਰੀ ਖਰੜਾ ਸਿੱਧੇ ਤੌਰ 'ਤੇ ਸੂਬਾਈ ਅਧਿਕਾਰਾਂ 'ਤੇ ਹਮਲਾ ਹੈ ਅਤੇ ਕਿਸਾਨ ਹਿੱਤਾਂ ਦੇ ਵਿਰੁੱਧ ਭੁਗਤਦਾ ਹੈ। ਮੁੱਖ ਮੰਤਰੀ ਅੱਖ ਵਿੱਚ ਇਨਫੈਕਸ਼ਨ ਹੋਣ ਦੇ ਬਾਵਜੂਦ ਕੌਮੀ ਖੇਤੀ ਮੰਡੀ ਨੀਤੀ ਦੇ ਖਰੜੇ ਖ਼ਿਲਾਫ਼ ਆਏ ਮਤੇ 'ਚ ਸ਼ਾਮਲ ਹੋਣ ਲਈ ਪੁੱਜੇ।



ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੌਮੀ ਖੇਤੀ ਮੰਡੀ ਨੀਤੀ ਦੇ ਖਰੜੇ ਖ਼ਿਲਾਫ਼ ਸਦਨ 'ਚ ਮਤਾ ਪੇਸ਼ ਕੀਤਾ। ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ ਅਤੇ ਜੰਗੀ ਲਾਲ ਮਹਾਜਨ ਇਸ ਮੌਕੇ ਗ਼ੈਰਹਾਜ਼ਰ ਰਹੇ, ਜਦਕਿ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਮੇਤ ਬਾਕੀ ਸਾਰੀਆਂ ਧਿਰਾਂ ਨੇ ਇਹ ਖਰੜਾ ਰੱਦ ਕੀਤੇ ਜਾਣ ਦੀ ਹਮਾਇਤ ਕੀਤੀ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਦਨ ਦੀ ਸਮੁੱਚੀ ਕਾਰਵਾਈ ਮੁਕੰਮਲ ਹੋਣ ਮਗਰੋਂ ਪੰਜਾਬ ਵਿਧਾਨ ਸਭਾ ਦੀ ਕਾਰਵਾਈ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤੀ। ਮੁੱਖ ਮੰਤਰੀ ਨੇ ਸਦਨ ਵਿੱਚ ਪੰਜਾਬ ਤੇ ਕਿਸਾਨਾਂ ਦੀ ਹਮਾਇਤ 'ਚ ਸਪੱਸ਼ਟ ਸਟੈਂਡ ਲੈਂਦਿਆਂ ਕੇਂਦਰ ਦੀ ਭਾਜਪਾ ਹਕੂਮਤ ਨੂੰ ਨਿਸ਼ਾਨੇ 'ਤੇ ਲਿਆ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਯੋਜਨਾਬੱਧ ਢੰਗ ਨਾਲ ਸੰਘੀ ਢਾਂਚੇ 'ਤੇ ਹੱਲੇ ਬੋਲ ਰਹੀ ਹੈ ਅਤੇ ਹਾਲ ਹੀ 'ਚ ਲਿਆਂਦਾ ਕੌਮੀ ਖੇਤੀ ਮੰਡੀ ਨੀਤੀ ਦਾ ਖਰੜਾ ਅਤੇ ਸਿੱਖਿਆ ਨੀਤੀ 'ਚ ਬਦਲਾਅ ਇਸੇ ਦਾ ਹੀ ਹਿੱਸਾ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਹਕੂਮਤ ਨੂੰ ਸੂਬਾਈ ਤੇ ਕਿਸਾਨੀ ਹਿੱਤਾਂ 'ਤੇ ਡਾਕਾ ਨਹੀਂ ਮਾਰਨ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਕੌਮੀ ਖੇਤੀ ਨੀਤੀ ਦਾ ਖਰੜਾ ਵੀ ਕਿਸਾਨ ਅੰਦੋਲਨ ਦੌਰਾਨ ਰੱਦ ਹੋਏ ਤਿੰਨ ਕਾਲੇ ਕਾਨੂੰਨਾਂ ਦਾ ਹੀ ਨਵਾਂ ਰੂਪ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਵਤੀਰਾ ਦੁਸ਼ਮਣੀ ਵਾਲਾ ਹੈ, ਜਿਸ ਕਰਕੇ ਕਿਸਾਨਾਂ ਲਈ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਨਹੀਂ ਐਲਾਨਿਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਲਈ ਕਣਕ ਤੇ ਝੋਨੇ ਦੀ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖ਼ਰੀਦ ਅਹਿਮ ਮੁੱਦਾ ਹੈ, ਜਿਸ ਬਾਰੇ ਖਰੜਾ ਨੀਤੀ ਵਿੱਚ ਕੋਈ ਜ਼ਿਕਰ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਹਿੱਤਾਂ ਦੀ ਰਾਖੀ ਲਈ ਕੋਈ ਕਸਰ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਸੂਬੇ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ।

### ਪੰਜਾਬ ਨਾਲ ਮਤਰੇਆ ਸਲੂਕ ਕਰ ਰਿਹੈ ਕੇਂਦਰ : ਮੁੱਖ ਮੰਤਰੀ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਅਮਰੀਕਾ ਤੋਂ ਕੱਢੇ ਭਾਰਤੀਆਂ ਦੇ ਜਹਾਜ਼ਾਂ ਦਾ ਅੰਮ੍ਰਿਤਸਰ ਵਿੱਚ ਉੱਤਰਨਾ ਇਸ ਦੀ ਮਿਸਾਲ ਹੈ। ਹਾਲਾਂ ਕਿ ਉਨ੍ਹਾਂ 'ਚੋਂ ਜ਼ਿਆਦਾਤਰ ਦੂਜੇ ਸੂਬਿਆਂ ਤੋਂ ਸਨ। ਉਨ੍ਹਾਂ ਕਿਹਾ ਕਿ ਕੇਂਦਰ ਨੇ ਅਜਿਹਾ ਸਿਰਫ਼ ਪੰਜਾਬ ਨੂੰ ਬਦਨਾਮ ਕਰਨ ਲਈ ਕੀਤਾ ਹੈ। ਇਹ ਜਹਾਜ਼ ਗੁਜਰਾਤ ਵਿੱਚੋਂ ਆਏ ਪਰ ਉਨ੍ਹਾਂ ਨੂੰ ਉਤਾਰਿਆ ਪੰਜਾਬ ਦੀ ਧਰਤੀ 'ਤੇ ਗਿਆ, ਜੇ ਬੰਗਲਾਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਲਿਜਾ ਰਹੇ ਜਹਾਜ਼ ਨੂੰ ਹਿੰਡਨ ਹਵਾਈ ਅੱਡੇ 'ਤੇ ਉਤਾਰਿਆ ਜਾ ਸਕਦਾ ਹੈ ਤਾਂ ਇਸ ਜਹਾਜ਼ ਨੂੰ ਦੇਸ਼ ਦੇ ਕਿਸੇ ਹੋਰ ਹਿੱਸੇ ਵਿੱਚ ਕਿਉਂ ਨਹੀਂ ਲਿਜਾਇਆ ਜਾ ਸਕਦਾ।

### ਵੱਡੀ ਜਿੱਤ ਹੈ ਖੇਤੀ ਖਰੜਾ ਰੱਦ ਕਰਨਾ : ਕਿਸਾਨ ਜਥੇਬੰਦੀਆਂ

ਚੰਡੀਗੜ੍ਹ: ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਇੱਥੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਨਵੀਂ ਖੇਤੀ ਮੰਡੀ ਨੀਤੀ ਦੇ ਖਰੜੇ ਨੂੰ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਰੱਦ ਕਰਨਾ ਕਿਸਾਨਾਂ ਦੀ ਵੱਡੀ ਜਿੱਤ ਹੈ। ਐੱਸ.ਕੇ.ਐੱਮ. ਆਗੂ ਬਲਬੀਰ ਸਿੰਘ ਰਾਜੇਵਾਲ, ਰਮਿੰਦਰ ਸਿੰਘ ਪਟਿਆਲਾ, ਹਰਿੰਦਰ ਸਿੰਘ ਲੱਖੋਵਾਲ, ਪ੍ਰੇਮ ਸਿੰਘ ਭੰਗੂ, ਬੂਟਾ ਸਿੰਘ ਬੁਰਜਗਿੱਲ, ਅੰਗਰੇਜ਼ ਸਿੰਘ ਭਦੌੜ ਅਤੇ ਰਵਨੀਤ ਸਿੰਘ ਬਰਾੜ ਨੇ ਪੱਤਰਕਾਰਾਂ ਨੂੰ ਕਿਹਾ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਦੀਆਂ ਪਹਿਲਾਂ ਮੰਨੀਆਂ ਮੰਗਾਂ ਹਾਲੇ ਤੱਕ ਪੂਰੀਆਂ ਨਹੀਂ ਕੀਤੀਆਂ। ਇਸ ਖ਼ਿਲਾਫ਼ 5 ਮਾਰਚ ਨੂੰ ਚੰਡੀਗੜ੍ਹ 'ਚ ਪੱਕਾ ਮੋਰਚਾ ਲਾਇਆ ਜਾਵੇਗਾ। ਇਸੇ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਵੀ ਖਰੜਾ ਰੱਦ ਕਰਨ ਨੂੰ ਕਿਸਾਨਾਂ ਦੇ ਸੰਘਰਸ਼ ਦੀ ਅੰਸ਼ਕ ਜਿੱਤ ਦੱਸਿਆ ਹੈ।

## ਰੂਸ-ਯੂਕ੍ਰੇਨ ਜੰਗ ਦੇ ਤਿੰਨ ਸਾਲ

# ਕੀ ਖੰਡਰਾਂ ’ਤੇ ਉਸਾਰੀ ਜਾ ਸਕੇਗੀ ਸ਼ਾਂਤੀ ਦੀ ਇਮਾਰਤ ?



### ਹੋਂਦ ਨੂੰ ਬਚਾਉਣ ਦੀ ਜੰਗ ’ਚ ਯੂਰਪ ਦੀ ਕਿਸਮਤ ਵੀ ਦਾਅ ’ਤੇ ਲੱਗੀ

### ਜੰਗ ਦੌਰਾਨ ਵਿਰਲਾਪ ਕਰਦੀਆਂ ਰਹੀਆਂ ਮਨੁੱਖੀ ਭਾਵਨਾਵਾਂ, ਵਿਲਕਦੀ ਰਹੀ ਮਨੁੱਖਤਾ

**ਰੂਸ ਅਤੇ ਯੂਕ੍ਰੇਨ ਵਿਚਾਲੇ ਚੱਲ ਰਹੀ ਜੰਗ ਦੀ ਗੂੰਜ ਪਿਛਲੇ ਤਿੰਨ ਸਾਲਾਂ ਤੋਂ ਦੁਨੀਆਂ ਦੇ ਹਰ ਹਿੱਸੇ ਵਿੱਚ ਸੁਣਾਈ ਦੇ ਰਹੀ ਹੈ। ਭਾਰਤ ਸਮੇਤ ਦੁਨੀਆਂ ਦੇ ਕਈ ਦੇਸ਼ਾਂ ਨੇ ਇਹ ਯੁੱਧ ਖਤਮ ਕਰਨ ਲਈ ਪਹਿਲ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੱਤਾ ਵਿੱਚ ਆਉਣ ਨਾਲ ਇਸ ਦਿਸ਼ਾ ਨੇ ਗਤੀ ਫੜ ਲਈ ਹੈ ਸੰਯੁਕਤ ਰਾਸ਼ਟਰ ਵੱਲੋਂ ਵੀ ਰੂਸ ਤੇ ਯੂਕ੍ਰੇਨ ਜੰਗ ਸਮਾਪਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ।**

ਕੁਦਰਤੀ ਸੁੰਦਰਤਾ ਅਤੇ ਬਹੁਮੁੱਲੇ ਖਣਿਜ ਪਦਾਰਥਾਂ ਨਾਲ ਭਰਪੂਰ ਰੂਸ ਅਤੇ ਯੂਕ੍ਰੇਨ ਵਿਚਾਲੇ ਚੱਲ ਰਹੀ ਜੰਗ ਚੌਥੇ ਸਾਲ ਵਿੱਚ ਦਾਖਲ ਹੋ ਗਈ ਹੈ, ਪਰ ਇਸ ਜੰਗ ਨੇ ਸਦੀਆਂ ਤੱਕ ਰਹਿਣ ਵਾਲੇ ਤਬਾਹੀ ਦੇ ਨਿਸ਼ਾਨ ਛੱਡ ਦਿੱਤੇ ਹਨ। ਇਸ ਜੰਗ ’ਚ ਦੋਵਾਂ ਦੇਸ਼ਾਂ ਦੀ ਹੋਈ ਭਿਆਨਕ ਤਬਾਹੀ ਨੇ ਹਰ ਪਾਸੇ ਲਾਸ਼ਾਂ ਦੇ ਢੇਰ ਲਗਾ ਦਿੱਤੇ ਹਨ, ਲੱਖਾਂ ਲੋਕ ਜ਼ਖ਼ਮੀ ਹੋਏ ਹਨ ਤੇ ਲੱਖਾਂ ਲੋਕ ਹੀ ਬੇਘਰ ਹੋ ਕੇ ਦੇਸ- ਪਰਦੇਸ਼ ਵਿੱਚ ਸ਼ਰਨਾਰਥੀ ਬਣ ਗਏ ਹਨ। ਜੰਗ ਕਾਰਨ ਦੋਵਾਂ ਦੇਸ਼ਾਂ ’ਚ ਹੀ ਬਹੁਮੰਜ਼ਿਲੀ ਸੁੰਦਰ ਇਮਾਰਤਾਂ ਖੰਡਰ ਬਣ ਗਈਆਂ ਹਨ, ਕੁਦਰਤੀ ਸੁੰਦਰਤਾ ਤਹਿਸ ਨਹਿਸ਼ ਹੋ ਗਈ ਹੈ। ਲੱਖਾਂ ਆਸ਼ਿਆਨੇ ਉੱਜੜ ਗਏ ਹਨ। ਤਿੰਨ ਸਾਲ ਪਹਿਲਾਂ 24 ਫਰਵਰੀ 2022 ਨੂੰ ਸ਼ੁਰੂ ਹੋਈ ਇਸ ਜੰਗ ਵਿੱਚ, ਨਾ ਸਿਰਫ਼ ਯੂਕ੍ਰੇਨ ਸਗੋਂ ਹਮਲਾਵਰ ਰੂਸ ਨੂੰ ਵੀ ਜਾਨ-ਮਾਲ ਦੇ ਮਾਮਲੇ ਵਿੱਚ ਭਾਰੀ ਕੀਮਤ ਚੁਕਾਉਣੀ ਪਈ ਹੈ। ਜੰਗ ਦੀ ਭਿਆਨਕਤਾ ਨੇ ਹਰ ਪਾਸੇ ਤਬਾਹੀ ਦੇ ਖੰਡਰ ਛੱਡ ਦਿੱਤੇ ਹਨ। ਇਨ੍ਹਾਂ ਤਿੰਨ ਸਾਲਾਂ ਦੌਰਾਨ, ਮਨੁੱਖੀ ਭਾਵਨਾਵਾਂ ਵਿਰਲਾਪ ਕਰਦੀਆਂ ਰਹੀਆਂ ਅਤੇ ਮਨੁੱਖਤਾ ਮਰਦੀ ਰਹੀ। ਦੋਵਾਂ ਦੇਸ਼ਾਂ ਦੀਆਂ ਵਿਗੜਦੀਆਂ ਆਰਥਿਕਤਾਵਾਂ ਨੇ ਭੁੱਖਮਰੀ ਅਤੇ ਬੇਵੱਸੀ ਵਧਾ ਦਿੱਤੀ। ਹੁਣ ਤਿੰਨ ਸਾਲਾਂ ਬਾਅਦ, ਹਾਲਾਤ ਅਜਿਹੇ ਹਨ ਕਿ ਹਰ ਪਾਸੇ ਬੇਵੱਸੀ ਹੈ।ਇਸ ਜੰਗ ਕਾਰਨ ਯੂਕ੍ਰੇਨ ਦੀ ਆਰਥਿਕਤਾ ਪਹਿਲਾਂ ਹੀ ਢਿੱਲੀ ਹੋ ਰਹੀ ਹੈ, ਰੂਸ ਦੀ ਸਥਿਤੀ ਵੀ ਇਸ ਤੋਂ ਵੱਖਰੀ ਨਹੀਂ ਹੈ।ਦੋਵਾਂ ਦੇਸ਼ਾਂ ਦੇ ਜੰਗ ਲੜ ਰਹੇ ਫ਼ੌਜੀ ਤੇ ਸਿਪਾਹੀ ਵੀ ਥੱਕ ਤੇ ਅੱਕ ਗਏ ਹਨ ਪਰ ਇਸ ਦੇ ਬਾਵਜੂਦ ਇਹ ਜੰਗ ਜਾਰੀ ਹੈ ਅਤੇ ਦੋਵੇਂ ਦੇਸ਼ ਹੀ ਆਪਣੀ ਅੜੀ ’ਤੇ ਅੜੇ ਹੋਏ ਹਨ।

ਇਸ ਜੰਗ ਲਈ ਜਿਥੇ ਰੂਸ ਆਪਣੇ ਤਰਕ ਦੇ ਰਿਹਾ ਹੈ, ਉਥੇ ਯੂਕ੍ਰੇਨ ਕੋਲ ਆਪਣੀ ਜ਼ਮੀਨ, ਆਪਣੀ ਪ੍ਰਭੂਸੱਤਾ ਦੀ ਰੱਖਿਆ ਲਈ ਲੜਨ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਇਸ ਸਭ ਦੇ ਵਿਚਕਾਰ, ਡੋਨਾਲਡ ਟਰੰਪ ਦੀ ਅਗਵਾਈ ਹੇਠ ਅਮਰੀਕਾ ਇਸ ਯੁੱਧ ਨਾਲ ਸਬੰਧਿਤ ਸਾਰੀ ਭੂ-ਰਣਨੀਤਕ ਰਾਜਨੀਤੀ ਨੂੰ ਉਲਟਾ ਰਿਹਾ ਹੈ। ਟਰੰਪ ਦੀ ਜੰਗ ਨੂੰ ਤੁਰੰਤ ਖਤਮ ਕਰਨ ਦੀ ਜਲਦਬਾਜ਼ੀ ਨੂੰ ਦੇਖ ਕੇ ਯੂਰੋਪ ਵੀ ਪੂਰੀ ਤਰ੍ਹਾਂ ਚੌਕਸ ਹੈ। ਯੂਰੋਪ ਨੂੰ ਲੱਗਦਾ ਹੈ ਕਿ ਅਮਰੀਕਾ ਇਸ ਜਲਦਬਾਜ਼ੀ ਵਿੱਚ ਰੂਸ ਨੂੰ ਬਹੁਤ ਜ਼ਿਆਦਾ ਰਿਆਇਤਾਂ ਦੇ ਸਕਦਾ ਹੈ, ਜੋ ਕਿ ਟਰੰਪ ਅਤੇ ਉਸ ਦੇ ਮੰਤਰੀਆਂ ਦੇ ਬਿਆਨਾਂ ਤੋਂ ਸਪੱਸ਼ਟ ਵੀ ਹੈ।

**ਰਿਹਾਇਸ਼ੀ ਢਾਂਚੇ ਨੂੰ ਨੁਕਸਾਨ**

ਕੀਵ ਸਕੂਲ ਆਫ਼ ਇਕਨਾਮਿਕਸ ਦੇ ਅਨੁਸਾਰ, ਤਿੰਨ ਸਾਲਾਂ ਦੀ ਜੰਗ ਨੇ ਯੂਕ੍ਰੇਨ ਦੇ 120 ਬਿਲੀਅਨ ਡਾਲਰ ਤੋਂ ਵੱਧ ਦੇ ਬੁਨਿਆਦੀ ਢਾਂਚੇ ਨੂੰ ਸਿੱਧਾ ਨੁਕਸਾਨ ਪਹੁੰਚਾਇਆ ਹੈ। ਸਭ ਤੋਂ ਵੱਧ ਨੁਕਸਾਨ ਡੋਨੇਟਸਕ, ਖਾਰਕਿਵ, ਲੁਹਾਨਸਕ, ਕੀਵ, ਚੇਰਨੀਵ ਅਤੇ ਖੇਰਸਨ ਖੇਤਰਾਂ ਵਿੱਚ ਹੋਇਆ ਹੈ। ਯੂਕ੍ਰੇਨ ਦੇ ਊਰਜਾ ਬੁਨਿਆਦੀ ਢਾਂਚੇ, ਇਮਾਰਤਾਂ ਅਤੇ ਆਵਾਜਾਈ ਪ੍ਰਣਾਲੀਆਂ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਖੋਜ ਪੱਤਰਕਾਰੀ ਨਾਲ ਜੁੜੀ ਸੰਸਥਾ ਬੇਲਿੰਗਕੈਟ ਦੇ ਅਨੁਸਾਰ, ਜਨਵਰੀ 2025 ਤੱਕ, ਰੂਸ ਨੇ ਯੂਕ੍ਰੇਨ ਵਿੱਚ 2000 ਤੋਂ ਵੱਧ ਨਾਗਰਿਕ ਢਾਂਚਿਆਂ ’ਤੇ ਹਮਲਾ ਕੀਤਾ ਸੀ। ਜ਼ਿਆਦਾਤਰ ਨੁਕਸਾਨ ਰਿਹਾਇਸ਼ੀ ਇਲਾਕਿਆਂ ਵਿੱਚ ਹੋਇਆ। 927 ਤੋਂ ਵੱਧ ਰਿਹਾਇਸ਼ੀ ਢਾਂਚੇ ਨੂੰ ਨੁਕਸਾਨ ਪਹੁੰਚਿਆ। ਇਸ ਤੋਂ ਇਲਾਵਾ, 250 ਵਪਾਰਕ ਅਦਾਰੇ, 223



ਸਕੂਲ ਅਤੇ ਬਾਲ ਸੰਭਾਲ ਸੰਸਥਾਵਾਂ, 130 ਉਦਯੋਗਿਕ ਢਾਂਚੇ ਅਤੇ 99 ਸਿਹਤ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਯੂਕ੍ਰੇਨ ਦਾ ਕੋਈ ਵੀ ਖੇਤਰ ਰੂਸ ਦੇ ਨਿਸ਼ਾਨੇ ਤੋਂ ਨਹੀਂ ਬਚਿਆ।

**ਯੂਕ੍ਰੇਨ ਦੇ ਇਲਾਕੇ ’ਤੇ ਰੂਸ ਦਾ ਕਬਜ਼ਾ**

ਤਿੰਨ ਸਾਲਾਂ ਦੀ ਜੰਗ ਤੋਂ ਬਾਅਦ, ਸਥਿਤੀ ਇਹ ਹੈ ਕਿ ਯੂਕ੍ਰੇਨ ਦਾ ਲਗਭਗ 18 ਫ਼ੀਸਦੀ ਹਿੱਸਾ ਰੂਸੀ ਕਬਜ਼ੇ ਹੇਠ ਹੈ, ਜਿਸ ਵਿੱਚੋਂ 2022 ਤੋਂ ਬਾਅਦ 11% ਖੇਤਰ ਰੂਸੀ ਕਬਜ਼ੇ ਹੇਠ ਆ ਗਿਆ ਹੈ। ਉੱਤਰੀ ਅਤੇ ਉੱਤਰ-ਪੂਰਬੀ ਯੂਕ੍ਰੇਨ ਦੇ ਇੱਕ ਵੱਡੇ ਖੇਤਰ ’ਤੇ ਰੂਸ ਨੇ ਕਬਜ਼ਾ ਕਰ ਲਿਆ ਸੀ। ਪਰ ਉਹ ਇਲਾਕਾ ਹੁਣ ਵਾਪਸ ਯੂਕ੍ਰੇਨ ਦੇ ਕੰਟਰੋਲ ਹੇਠ ਹੈ। ਆਪਣੇ ਬਹਾਦਰ ਸੈਨਿਕਾਂ ਅਤੇ ਪੱਛਮੀ ਦੇਸ਼ਾਂ ਦੇ ਹਥਿਆਰਾਂ ਦੀ ਬਦੌਲਤ, ਯੂਕ੍ਰੇਨ ਇਸ ਖੇਤਰ ਨੂੰ ਮੁੜ ਹਾਸਲ ਕਰਨ ਦੇ ਯੋਗ ਹੋਇਆ। ਇੰਸਟੀਚਿਊਟ ਫਾਰ ਦ ਸਟੱਡੀ ਆਫ਼ ਵਾਰ ਦੇ ਅਨੁਸਾਰ, ਯੂਕ੍ਰੇਨ ਦੇ 18% ਖੇਤਰ ’ਤੇ ਅਜੇ ਵੀ ਰੂਸੀ ਕਬਜ਼ੇ ਹਨ।

**ਯੂਕ੍ਰੇਨ ਦੇ ਖਣਿਜਾਂ ’ਤੇ ਅਮਰੀਕਾ ਦੀ ਅੱਖ**

ਯੂਕ੍ਰੇਨ ਵਿੱਚ ਬਹੁਤ ਸਾਰੇ ਦੁਰਲੱਭ ਤੱਤ ਅਤੇ ਖਣਿਜ ਹਨ ਜਿਨ੍ਹਾਂ ਦੀ ਅੱਜ ਦੁਨੀਆਂ ਨੂੰ ਬਹੁਤ ਲੋੜ ਹੈ। ਇੱਕ ਅੰਦਾਜ਼ੇ ਅਨੁਸਾਰ, ਦੁਨੀਆਂ ਦੇ 5% ਦੁਰਲੱਭ ਖਣਿਜ ਯੂਕ੍ਰੇਨ ਵਿੱਚ ਹਨ। ਇਸ ਵਿੱਚ ਲਗਭਗ 20 ਮਿਲੀਅਨ ਟਨ ਗ੍ਰੇਫਾਈਟ ਸ਼ਾਮਲ ਹੈ, ਜਿਸਦੀ ਵਰਤੋਂ ਕਾਰ ਬੈਟਰੀਆਂ ਬਣਾਉਣ ਲਈ ਵੀ ਕੀਤੀ ਜਾਂਦੀ ਹੈ। ਯੂਰਪ ਦੇ ਸਾਰੇ ਲਿਥੀਅਮ ਭੰਡਾਰਾਂ ਦਾ ਇੱਕ ਤਿਹਾਈ ਹਿੱਸਾ ਯੂਕ੍ਰੇਨ ਵਿੱਚ ਹੈ।ਰੂਸ ਦੇ ਹਮਲੇ ਤੋਂ ਪਹਿਲਾਂ, ਦੁਨੀਆਂ ਦੇ ਟਾਈਟੇਨੀਅਮ ਉਤਪਾਦਨ ਦਾ 7% ਯੂਕ੍ਰੇਨ ਵਿੱਚ ਹੋ ਰਿਹਾ ਸੀ। ਟਾਈਟੇਨੀਅਮ ਦੀ ਵਰਤੋਂ ਹਵਾਈ ਜਹਾਜ਼ਾਂ ਤੋਂ ਲੈ ਕੇ ਪਾਵਰ ਸਟੇਸ਼ਨਾਂ ਤੱਕ ਹਰ ਚੀਜ਼ ਵਿੱਚ ਕੀਤੀ ਜਾਂਦੀ ਹੈ। ਯੂਕ੍ਰੇਨ ਕੋਲ ਹਥਿਆਰਾਂ, ਵਿੰਡ ਟਰਬਾਈਨਾਂ, ਇਲੈਕਟ੍ਰਾਨਿਕਸ ਅਤੇ ਹੋਰ ਬਹੁਤ ਸਾਰੇ ਮਹੱਤਵਪੂਰਨ ਉਪਕਰਣਾਂ ਵਿੱਚ ਵਰਤੀਆਂ ਜਾਂਦੀਆਂ 17 ਦੁਰਲੱਭ ਧਰਤੀ ਧਾਤਾਂ ਦੇ ਵੱਡੇ ਭੰਡਾਰ ਹਨ। ਇਸ ਤੋਂ ਇਲਾਵਾ ਯੂਕ੍ਰੇਨ ਕੋਲ ਯੂਰੇਨੀਅਮ, ਕੋਲਾ, ਗੈਸ ਅਤੇ ਤੇਲ ਦੇ ਵੱਡੇ ਭੰਡਾਰ ਵੀ ਹਨ।ਹੁਣ ਅਮਰੀਕਾ ਦੀ ਯੂਕ੍ਰੇਨ ਦੇ ਇਹਨਾਂ ਖਣਿਜਾਂ ’ਤੇ ਅੱਖ ਹੈ ਅਤੇ ਟਰੰਪ ਨੇ ਇਹਨਾਂ ਖਣਿਜਾਂ ਦੀ ਅਮਰੀਕਾ ਨੂੰ ਵੱਡੀ ਲੋੜ ਦਸਿਆ ਹੈ।

**ਜੰਗ ਰੋਕਣ ਲਈ ਯੂ.ਐਨ.ਓ. ਸਰਗਰਮ**

ਸੰਯੁਕਤ ਰਾਸ਼ਟਰ ਮਹਾਸਭਾ ’ਚ ਯੂਕ੍ਰੇਨ ਦੇ ਉਸ ਮਤੇ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਜਿਸ ’ਚ ਮੰਗ ਕੀਤੀ ਗਈ ਹੈ ਕਿ ਜੰਗ ਦੇ ਚੌਥੇ ਸਾਲ ’ਚ ਦਾਖ਼ਲ ਹੋਣ ’ਤੇ ਰੂਸੀ ਫੌਜ ਯੂਕ੍ਰੇਨ ’ਚੋਂ ਤੁਰੰਤ ਹਟਾਈ ਜਾਵੇ। ਮਤੇ ਦੇ ਪੱਖ ’ਚ 93 ਜਦਕਿ ਵਿਰੋਧ ’ਚ 18 ਵੋਟਾਂ ਪਈਆਂ। ਭਾਰਤ ਸਮੇਤ 65 ਮੁਲਕਾਂ ਨੇ ਵੋਟਿੰਗ ’ਚ ਹਿੱਸਾ ਨਹੀਂ ਲਿਆ। ਭਾਰਤ ਨੇ ਕਿਹਾ ਹੈ ਕਿ ਜੰਗ ਦਾ ਵਾਰਤਾ ਰਾਹੀਂ ਸ਼ਾਂਤਮਈ ਹੱਲ ਕੱਢਿਆ ਜਾਵੇ।

ਪਿਛਲੇ ਮਤਿਆਂ ’ਚ 140 ਤੋਂ ਵੱਧ ਮੁਲਕਾਂ ਨੇ ਰੂਸ ਦੇ ਹਮਲੇ ਦੀ ਨਿੰਦਾ ਕੀਤੀ ਸੀ ਅਤੇ ਚਾਰ ਯੂਕ੍ਰੇਨੀ ਖ਼ਿੱਤਿਆਂ ’ਤੇ ਉਸ ਵੱਲੋਂ ਕੀਤੇ ਗਏ ਕਬਜ਼ੇ ਨੂੰ ਹਟਾਉਣ ਦੀ ਮੰਗ ਕੀਤੀ ਸੀ। ਸੰਯੁਕਤ ਰਾਸ਼ਟਰ ਮਹਾਸਭਾ ਦਾ ਮਤਾ ਕਾਨੂੰਨੀ ਤੌਰ ’ਤੇ ਲਾਗੂ ਹੋਣਾ ਮੁਸ਼ਕਿਲ ਹੈ ਪਰ ਇਸ ਨਾਲ ਆਲਮੀ ਪੱਧਰ ’ਤੇ ਰੂਸ ਖ਼ਿਲਾਫ਼ ਵਧ ਰਹੇ ਵਿਰੋਧ ਦਾ ਪਤਾ ਲਗਦਾ ਹੈ।

### ਜੰਗ ਕਾਰਨ ਲੱਖਾਂ ਲੋਕ ਉੱਜੜ ਕੇ ਬਣੇ ਸ਼ਰਨਾਰਥੀ

ਇਸ ਜੰਗ ਨੇ ਵੱਡੇ ਪੱਧਰ ’ਤੇ ਲੋਕਾਂ ਨੂੰ ਉਜਾੜਿਆ ਵੀ ਹੈ। ਯੂਕ੍ਰੇਨ ਵਿੱਚ, ਜੰਗ ਕਾਰਨ ਲਗਭਗ ਇੱਕ ਕਰੋੜ ਲੋਕਾਂ ਨੂੰ ਆਪਣੇ ਘਰਾਂ ਨੂੰ ਛੱਡਣਾ ਪਿਆ ਹੈ। ਸ਼ਰਨਾਰਥੀਆਂ ਲਈ ਕੰਮ ਕਰਨ ਵਾਲੀ ਸੰਯੁਕਤ ਰਾਸ਼ਟਰ ਦੀ ਸੰਸਥਾ, ਸੰਯੁਕਤ ਰਾਸ਼ਟਰ ਸ਼ਰਨਾਰਥੀ ਹਾਈ ਕਮਿਸ਼ਨਰ ਦੇ ਅਨੁਸਾਰ, ਯੂਕ੍ਰੇਨ ਦੇ ਅੰਦਰ ਹੀ ਲਗਭਗ 37 ਲੱਖ ਲੋਕਾਂ ਨੂੰ ਉੱਜੜਨਾ ਹੋਣਾ ਪਿਆ ਹੈ ਅਤੇ ਲਗਭਗ 60 ਲੱਖ ਯੂਕ੍ਰੇਨੀ ਲੋਕ ਗੁਆਂਢੀ ਦੇਸ਼ਾਂ ਵਿੱਚ ਸ਼ਰਨਾਰਥੀਆਂ ਵਜੋਂ ਰਹਿ ਰਹੇ ਹਨ।ਆਪਣੀ ਸਵੈ-ਰੱਖਿਆ ਲਈ ਯੂਕ੍ਰੇਨ ਵਿੱਚ ਹੋਈ ਇਸ ਜੰਗ ਨੇ ਬਹੁਤ ਵੱਡੀ ਕੀਮਤ ਚੁਕਾਈ ਹੈ।

### ਜੰਗ ’ਚ ਮਾਰੇ ਗਏ ਕਰੀਬ 2 ਲੱਖ ਲੋਕ

ਜੰਗ ਵਿੱਚ ਸਿਰਫ਼ ਸੈਨਿਕ ਹੀ ਨਹੀਂ ਮਰਦੇ, ਆਮ ਲੋਕ ਵੀ ਮਾਰੇ ਜਾਂਦੇ ਹਨ। ਸਵੀਡਨ ਦੀ ਉੱਪਸਾਲਾ ਯੂਨੀਵਰਸਿਟੀ ਦੇ ਇੱਕ ਖੋਜ ਸਮੂਹ, ਉੱਪਸਾਲਾ ਕਨਫਲਿਕਟ ਡੇਟਾ ਪ੍ਰੋਗਰਾਮ ਦੇ ਅਨੁਸਾਰ, ਯੁੱਧ ਵਿੱਚ ਮਾਰੇ ਗਏ ਲੋਕਾਂ ਦੀ ਕੁੱਲ ਗਿਣਤੀ 1,74,000 ਤੋਂ 4,20,000 ਦੇ ਵਿਚਕਾਰ ਹੋ ਸਕਦੀ ਹੈ। ਯੂਕ੍ਰੇਨ ਵੱਲੋਂ ਜਾਨੀ ਨੁਕਸਾਨ ਬਾਰੇ ਕੋਈ ਠੋਸ ਜਾਣਕਾਰੀ ਨਹੀਂ ਦਿੱਤੀ ਗਈ ਹੈ ਪਰ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਨਿਗਰਾਨੀ ਮਿਸ਼ਨ ਦੇ ਅਨੁਸਾਰ, ਯੂਕ੍ਰੇਨ ਵਿੱਚ 12,500 ਨਾਗਰਿਕ ਮਾਰੇ ਗਏ ਹਨ ਅਤੇ ਲਗਭਗ 28,400 ਲੋਕ ਜ਼ਖਮੀ ਹੋਏ ਹਨ। ਮਾਹਿਰਾਂ ਦੇ ਅਨੁਸਾਰ, 2022 ਵਿੱਚ ਯੂਕ੍ਰੇਨ ਦੇ ਮਾਰੀਉਪੋਲ ਖੇਤਰ ’ਤੇ ਰੂਸ ਦੇ ਕਬਜ਼ੇ ਦੌਰਾਨ ਹਜ਼ਾਰਾਂ ਨਾਗਰਿਕ ਮਾਰੇ ਗਏ ਸਨ। ਯੂਕ੍ਰੇਨੀ ਅਧਿਕਾਰੀਆਂ ਨੇ ਖੁਦ ਮਾਰੇ ਗਏ ਨਾਗਰਿਕਾਂ ਦੀ ਗਿਣਤੀ 20,000 ਤੋਂ 80,000 ਦੇ ਵਿਚਕਾਰ ਦੱਸੀ ਹੈ ਪਰ ਯੂਕ੍ਰੇਨੀ ਸਰਕਾਰ ਦੇ ਅਨੁਸਾਰ, ਨਾਗਰਿਕਾਂ ਦੀ ਮੌਤ ਦੀ ਸਹੀ ਗਿਣਤੀ ਉਦੋਂ ਹੀ ਪਤਾ ਲੱਗੇਗੀ ਜਦੋਂ ਰੂਸ ਦੇ ਕਬਜ਼ੇ ਵਾਲੇ ਇਲਾਕਿਆਂ ਵਿੱਚ ਜਾਣ ਦਾ ਮੌਕਾ ਮਿਲੇਗਾ। ਯੂਕ੍ਰੇਨ ਨੂੰ ਡਰ ਹੈ ਕਿ ਇਨ੍ਹਾਂ ਇਲਾਕਿਆਂ ਵਿੱਚ ਵੱਡੇ ਪੱਧਰ ’ਤੇ ਨਾਗਰਿਕਾਂ ਨੂੰ ਇਕੱਠੇ ਦੱਬਿਆ ਗਿਆ ਹੈ।

## ਯੂਰਪ ਅਤੇ ਕੈਨੇਡਾ ਦੇ ਆਗੂਆਂ ਵੱਲੋਂ ਕੀਵ ਦਾ ਦੌਰਾ

ਯੂਕ੍ਰੇਨ ਜੰਗ ਦੇ ਤਿੰਨ ਵਰ੍ਹੇ ਪੂਰੇ ਹੋਣ ਮੌਕੇ ਯੂਰਪ ਅਤੇ ਕੈਨੇਡਾ ਦੇ ਇੱਕ ਦਰਜਨ ਆਗੂਆਂ ਨੇ ਰਾਜਧਾਨੀ ਕੀਵ ਦਾ ਦੌਰਾ ਕਰਕੇ ਮੁਲਕ ਨੂੰ ਆਪਣੀ ਹਮਾਇਤ ਦਿੱਤੀ। ਯੂਰਪੀਅਨ ਕਮਿਸ਼ਨ ਦੀ ਮੁਖੀ ਉਰਸਲਾ ਵੋਨ ਡੇਰ ਲੇਯੇਨ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸਮੇਤ ਹੋਰ ਆਗੂਆਂ ਦਾ ਟਰੇਨ ਸਟੇਸ਼ਨ ’ਤੇ ਯੂਕ੍ਰੇਨੀ ਵਿਦੇਸ਼ ਮੰਤਰੀ ਆਂਦਰੀ ਸਿਬੀਹਾ ਅਤੇ ਰਾਸ਼ਟਰਪਤੀ ਦੇ ਚੀਫ਼ ਆਫ਼ ਸਟਾਫ ਆਂਦਰੀ ਯੇਰਮਾਕ ਨੇ ਸਵਾਗਤ ਕੀਤਾ। ਲੇਯੇਨ ਨੇ ‘ਐਕਸ’ ’ਤੇ ਲਿਖਿਆ, “ਯੂਕ੍ਰੇਨ ਯੂਰਪ ’ਚ ਪੈਂਦਾ ਹੈ। ਹੋਂਦ ਬਚਾਉਣ ਦੀ ਇਸ ਜੰਗ ’ਚ ਨਾ ਸਿਰਫ਼ ਯੂਕ੍ਰੇਨ ਸਗੋਂ ਯੂਰਪ ਦੀ ਕਿਸਮਤ ਵੀ ਦਾਅ ’ਤੇ ਲੱਗੀ ਹੋਈ ਹੈ।” ਕੀਵ ਪੁੱਜੇ ਹੋਰ ਵਿਦੇਸ਼ੀ ਆਗੂਆਂ ’ਚ ਯੂਰਪੀ ਕੌਂਸਲ ਦੇ ਪ੍ਰਧਾਨ ਅੰਟੋਨੀਓ ਕੋਸਟਾ ਅਤੇ ਸਪੇਨ ਦੇ ਪ੍ਰਧਾਨ ਮੰਤਰੀ ਵੀ ਸ਼ਾਮਲ ਸਨ। ਉਨ੍ਹਾਂ ਜੰਗ ਦੀ ਵਰ੍ਹੇਗੰਢ ਨੂੰ ਸਮਰਪਿਤ ਸਮਾਗਮ ’ਚ ਵੀ ਹਾਜ਼ਰੀ ਭਰੀ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਅਗਵਾਈ ਹੇਠ ਅਮਰੀਕੀ ਨੀਤੀ ’ਚ ਬਦਲਾਅ ਦਰਮਿਆਨ ਆਗੂਆਂ ਨੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨਾਲ ਯੂਕ੍ਰੇਨ ਨੂੰ ਹਮਾਇਤ ਦੇਣ ਬਾਰੇ ਚਰਚਾ ਕੀਤੀ। ਯੂਰਪੀ ਯੂਨੀਅਨ ਦੇ ਸੀਨੀਅਰ ਡਿਪਲੋਮੈਟ ਕਾਜਾ ਕੈਲਸ ਨੇ ਕਿਹਾ ਕਿ ਅਮਰੀਕਾ ਜੰਗ ਖ਼ਤਮ ਕਰਨ



ਲਈ ਯੂਕ੍ਰੇਨ ਜਾਂ ਯੂਰਪ ਤੋਂ ਬਿਨਾਂ ਕਿਸੇ ਸ਼ਾਂਤੀ ਸਮਝੌਤੇ ’ਤੇ ਨਹੀਂ ਪਹੁੰਚ ਸਕਦਾ ਹੈ।ਇਸ ਸਮੇਂ ਯੂਕ੍ਰੇਨ ਅਤੇ ਰੂਸ ਹੁਣ ਆਰਥਿਕ ਦਬਾਅ ਹੇਠ ਹਨ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਪਿਛਲੇ ਦਿਨੀਂ ਇੱਕ ਹੈਰਾਨ ਕਰਨ ਵਾਲਾ ਬਿਆਨ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੇ ਅਸਤੀਫ਼ੇ ਨਾਲ ਯੂਕ੍ਰੇਨ ਵਿੱਚ ਸ਼ਾਂਤੀ ਆ ਸਕਦੀ ਹੈ ਤਾਂ ਉਹ ਅਹੁਦਾ ਛੱਡਣ ਲਈ ਤਿਆਰ ਹਨ। ਉਸਨੇ ਇਹ ਵੀ ਕਿਹਾ ਕਿ ਜੇਕਰ ਬਦਲੇ ਵਿੱਚ ਯੂਕ੍ਰੇਨ ਨੂੰ ਨਾਟੋ ਦੀ ਮੈਂਬਰਸ਼ਿਪ ਮਿਲਦੀ ਹੈ, ਤਾਂ ਉਹ ਤੁਰੰਤ ਆਪਣਾ ਅਹੁਦਾ ਛੱਡਣ ਲਈ ਤਿਆਰ ਹੋਣਗੇ। ਜ਼ੇਲੇਂਸਕੀ ਦੇ ਅਸਤੀਫ਼ੇ ਦੀ ਪੇਸ਼ਕਸ਼, ਟਰੰਪ ਦੀ ਬਦਲੀ ਹੋਈ ਰਣਨੀਤੀ ਅਤੇ ਰੂਸ ਨਾਲ ਨਵੀਂ ਗੱਲਬਾਤ ਤੋਂ ਪਤਾ ਲੱਗਦਾ ਹੈ ਕਿ ਅਗਲੇ ਕੁਝ ਮਹੀਨਿਆਂ ਵਿੱਚ ਯੁੱਧ ਦੇ ਸਮੀਕਰਨ ਬਦਲ ਸਕਦੇ ਹਨ। ਹੁਣ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਕੀ ਟਰੰਪ ਦੀ ਵਿਚੋਲਗੀ ਅਸਲ ਵਿੱਚ ਯੁੱਧ ਨੂੰ ਖਤਮ ਕਰੇਗੀ ਜਾਂ ਯੂਕ੍ਰੇਨ ਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਦੇ ਨਾਲ ਹੀ, ਰੂਸ ਲਈ ਇਹ ਦੇਖਣਾ ਬਾਕੀ ਹੈ ਕਿ ਕੀ ਉਹ ਆਰਥਿਕ ਗਿਰਾਵਟ ਅਤੇ ਫੌਜੀ ਟਕਰਾਅ ਵਿਚਕਾਰ ਸੰਤੁਲਨ ਬਣਾਈ ਰੱਖ ਸਕੇਗਾ। ਭਾਵੇਂ ਰੂਸ ਤੇ ਯੂਕ੍ਰੇਨ ਵਿਚਾਲੇ ਚੱਲ ਰਹੀ ਜੰਗ ਨੂੰ ਰੋਕਣ ਲਈ ਆਲਮੀ ਪੱਧਰ ’ਤੇ ਯਤਨ ਹੋ ਰਹੇ ਹਨ ਪਰ ਇਹ ਜੰਗ ਅਜੇ ਰੁਕਦੀ ਦਿਖਾਈ ਨਹੀਂ ਦੇ ਰਹੀ। ਇਸ ਜੰਗ ਕਾਰਨ ਸਭ ਤੋਂ ਵੱਧ ਨੁਕਸਾਨ ਮਨੁੱਖਤਾ ਦਾ ਹੋਇਆ ਹੈ। ਵੱਡੇ ਦੇਸ਼ਾਂ ਦੀਆਂ ਅੜੀਆਂ ਤੇ ਚੌਧਰ ਵਿਚਾਲੇ ਦੋਵਾਂ ਦੇਸ਼ਾਂ ਦੇ ਆਮ ਲੋਕ ਜੰਗ ਦੀ ਚੱਕੀ ’ਚ ਪੀਸੇ ਜਾ ਰਹੇ ਹਨ। ਇਹਨਾਂ ਲੋਕਾਂ ਦੇ ਗ਼ਮਗੀਨ ਚਿਹਰੇ ਅਤੇ ਅਧਮੀਟੇ ਬੁੱਲ੍ਹ ਸਵਾਲ ਕਰਦੇ ਹਨ ਕਿ “ਸਾਡਾ ਕੀ ਕਸੂਰ ?” ਅਸੀਂ ਦੁਆ ਕਰਦੇ ਹਾਂ ਕਿ ਇਹ ਜੰਗ ਜਲਦੀ ਸਮਾਪਤ ਹੋਵੇ। ਇਸ ਜੰਗ ਵਿੱਚ ਉਜੜੇ ਲੋਕਾਂ ਦਾ ਮੁੜ ਵਸੇਬਾ ਹੋਵੇ। ਜੰਗ ਤੋਂ ਪ੍ਰਭਾਵਿਤ ਲੋਕ ਮੁੜ ਤਕੜੇ ਹੋ ਕੇ ਆਪਣੇ ਕੰਮਾਂ ’ਤੇ ਲੱਗਣ। ਹਰ ਪਾਸੇ ਸ਼ਾਂਤੀ ਦਾ ਪਸਾਰਾ ਹੋਵੇ। ਜੰਗ ਕਾਰਨ ਬਣੇ ਖੰਡਰਾਂ ’ਤੇ ਮੁੜ ਸੁੰਦਰ ਇਮਾਰਤਾਂ ਦੀ ਉਸਾਰੀ ਹੋਵੇ ਅਤੇ ਹਰ ਪਾਸੇ ਰੌਣਕਾਂ ਲੱਗਣ।

# ਦੇਸ਼ ਨਿਕਾਲ਼ਾ: .ਗੈਰ ਕਾਨੂੰਨੀ ਪਰਵਾਸੀਆਂ ਵੱਲੋਂ ਸਾਲ਼ਾ-ਬੱਧੀ ਕੀਤਾ ਸ.ਫਰ ਟਰੰਪ ਨੇ ਕੁਝ ਘੰਟਿਆਂ 'ਚ ਮੁਕਾਇਆ

**ਬਲਰਾਜ ਪੰਨੂ**

ਅਮਰੀਕੀ ਅੰਕੜਿਆਂ ਦੇ ਮੁਤਾਬਿਕ ਅਮਰੀਕਾ ਦੇ ਵਿੱਚ 7 ਲੱਖ .ਗੈਰ ਕਾਨੂੰਨੀ ਭਾਰਤੀ ਰਹਿ ਰਹੇ ਹਨ। ਸਭ ਤੋਂ ਜ਼ਿਆਦਾ ਪੰਜਾਬ ਤੇ ਗੁਜਰਾਤ ਤੋਂ ਨੇ। ਇਸ ਸਮੇਂ 25 ਹਜ਼ਾਰ ਦੇ ਕਰੀਬ .ਗੈਰ ਕਾਨੂੰਨੀ ਭਾਰਤੀਆਂ ਨੂੰ ਹਿਰਾਸਤ ਦੇ ਵਿੱਚ ਲਿਆ ਹੋਇਆ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਉਹ .ਗੈਰ ਕਾਨੂੰਨੀ ਪਰਵਾਸੀ ਨੇ ਅੱਤਵਾਦੀ ਤਾਂ ਨਹੀਂ, ਕਿ ਉਹਨਾਂ ਨੂੰ ਜ਼ੰਜੀਰਾਂ ਦੇ ਵਿੱਚ ਜਕੜ ਕੇ ਵਾਪਸ ਭੇਜਿਆ ਜਾ ਰਿਹਾ ਹੈ? ਕੀ ਇਨਸਾਨੀਅਤ ਦੇ ਨਾਤੇ ਉਹਨਾਂ ਨੂੰ ਥੋੜੇ ਇੱਜ਼ਤ ਮਾਣ ਦੇ ਨਾਲ ਨਹੀਂ ਸੀ ਭੇਜਿਆ ਜਾ ਸਕਦਾ? ਕੀ ਅਮਰੀਕਾ ਨੂੰ ਸਾਡੀਆਂ ਭਾਵਨਾਵਾਂ ਦੀ ਬਿਲਕੁਲ ਕਦਰ ਨਹੀਂ? .ਗੈਰ ਕਾਨੂੰਨੀ ਭਾਰਤੀਆਂ ਨੂੰ ਜ਼ੰਜੀਰਾਂ ਤੇ ਹਥਕੜੀਆਂ ਦੇ ਵਿੱਚ ਜਕੜਨ ਦੀ ਕੋਈ ਜ਼ਰੂਰਤ ਨਹੀਂ ਸੀ ਪਰ ਟਰੰਪ ਸਰਕਾਰ ਆਪਣੇ ਸਮਰਥਕਾਂ ਨੂੰ ਦੱਸਣਾ ਚਾਹੁੰਦੀ ਸੀ ਕਿ ਇਸ ਮਾਮਲੇ ਦੇ ਵਿੱਚ ਉਹ ਕਿੰਨੇ ਕਠੋਰ ਹਨ। ਸ਼ਾਇਦ ਇਸ ਦੇ ਲਈ ਹੀ ਸਾਨੂੰ ਇੰਟਰਨੈਟ ਦੇ ਉੱਤੇ ਵੀਡੀਓ ਵੀ ਵੇਖਣ ਨੂੰ ਮਿਲੀ ਸੀ। ਵੈਸੇ ਅਮਰੀਕਾ ਸਰਕਾਰ ਚਾਹ ਕੇ ਸਾਰੇ .ਗੈਰ ਕਾਨੂੰਨੀ ਭਾਰਤੀਆਂ ਨੂੰ ਵਾਪਸ ਭੇਜ ਨਹੀਂ ਸਕੇਗੀ ਕਿਉਂਕਿ ਇਸ ਦਾ ਕਾਰਨ ਇਹ ਹੈ ਕਿ ਬਹੁਤ ਸਾਰੇ ਲੋਕ ਹੋਟਲ ਦੇ ਕਮਰੇ, ਟਾਇਲਟ ਤੇ ਸਾ.ਫ ਸ.ਫਾਈ ਦਾ ਕੰਮ ਕਰਦੇ ਹਨ। ਦੁਕਾਨਾਂ ਤੇ ਰੈਸਟੋਰੈਂਟਾਂ ਵਿੱਚ ਨਿੱਕੇ ਨਿੱਕੇ ਕੰਮ ਕਰਦੇ ਨੇ। ਉਹ .ਗੈਰ ਕਾਨੂੰਨੀ ਹਨ ਤਾਂ ਹੀ ਉਹ ਘੱਟ ਤਨਖ਼ਾਹਾਂ 'ਤੇ ਕੰਮ ਕਰਦੇ ਨੇ। ਤੇ ਅਮਰੀਕੀ ਬਾਸ਼ਿੰਦੇ ਇਹ ਕੰਮ ਖੁਦ ਆਪ ਕਰਕੇ ਖੁਸ਼ ਨਹੀਂ ਹਨ। ਅਮਰੀਕਾ ਦੇ ਵਿੱਚ ਕਈ ਲੱਖਾਂ ਲੋਕ ਨੇ, ਜਿਨ੍ਹਾਂ ਦੇ ਕੋਲ ਕੋਈ ਦਸਤਾਵੇਜ਼ ਨਹੀਂ ਹੈ। ਲੇਬਰ ਤੋਂ ਬਿਨਾਂ ਅਮਰੀਕਾ ਨਹੀਂ ਚੱਲ ਸਕੇਗਾ, ਡੋਨਾਲਡ ਟਰੰਪ ਜਿੰਨਾ ਮਰਜ਼ੀ ਰੌਲਾ ਪਾਏ। ਖੈਰ ਇਹ ਉਹਨਾਂ ਦਾ ਮਾਮਲਾ ਹੈ ਪਰ ਇਸ ਸਾਰੀ ਘਟਨਾ ਦੇ ਵਿੱਚ ਬਦਨਾਮੀ ਤਾਂ ਭਾਰਤ ਵਾਸੀਆਂ ਦੀ ਹੈ ਨਾ। ਇੱਕ ਪਾਸੇ ਅਸੀਂ ਢਿੰਡੋਰਾ ਪਿੱਟ ਰਹੇ ਹਾਂ ਕਿ ਅਸੀਂ ਦੁਨੀਆਂ ਦੀ ਸਭ ਤੋਂ ਤੇਜ਼ ਗਤੀ ਨਾਲ ਵਿਕਾਸ ਕਰਨ ਵਾਲੀ ਪੰਜਵੀਂ ਅਰਥ ਵਿਵਸਥਾ ਹਾਂ ਤੇ ਦੂਜੇ ਪਾਸੇ ਸਾਡੇ ਲੋਕ ਗਲਤ ਤਰੀਕੇ ਦੇ ਨਾਲ ਜੰਗਲ, ਪਹਾੜਾਂ, ਨਦੀਆਂ ਤੇ ਬਰ.ਫ ਪਾਰ ਕਰਕੇ ਮੈਕਸੀਕੋ ਦੀ ਕੰਧ ਟੱਪਣ ਦੇ ਲਈ ਹਰ ਇੱਕ ਖਤਰਾ ਮੁੱਲ ਲੈ ਲੈਂਦੇ ਹਨ। ਸਾਡੀਆਂ ਸਰਕਾਰਾਂ ਰੁਜ਼ਗਾਰ ਨਹੀਂ ਦੇ ਸਕੀਆਂ, ਇਹੀ ਸਾਡੀ ਦੁਰਗਤੀ ਦਾ ਮੂਲ ਕਾਰਨ ਹੈ। ਰੁਜ਼ਗਾਰ ਦੀ ਕਮੀ ਤੇ ਟ੍ਰੈਵਲ ਏਜੰਟਾਂ ਦੀ ਬੇਈਮਾਨੀ ਦੇਸ਼ ਨੂੰ ਸ਼ਰਮਸਾਰ ਕਰ ਰਹੀ ਹੈ।



ਵਿਦੇਸ਼ ਮੰਤਰੀ ਜੈ ਸ਼ੰਕਰ ਨੇ ਇਸ ਮਸਲੇ 'ਤੇ ਆਪਣਾ ਸਪਸ਼ਟੀਕਰਨ ਦਿੱਤਾ ਸੀ, ਉਸ ਨੇ ਕਿਹਾ ਸੀ ਕਿ ਹਥਕੜੀਆਂ ਲਗਾਉਣਾ ਅਮਰੀਕਾ ਦੀ ਨੀਤੀ ਹੈ ਤੇ ਔਰਤਾਂ ਨੂੰ ਹਥਕੜੀਆਂ ਨਹੀਂ ਲਗਾਈਆਂ ਗਈਆਂ। ਤੇ .ਗੈਰ ਕਾਨੂੰਨੀ ਵਾਪਸ ਆਉਣਾ ਇਹ ਪਹਿਲੀ ਵਾਰ ਨਹੀਂ ਹੈ, ਇਸ ਤੋਂ ਪਹਿਲਾਂ ਵੀ ਕਈ ਭਾਰਤੀ ਡਿਪੋਰਟ ਕੀਤੇ ਜਾ ਚੁੱਕੇ ਹਨ। ਇਹ ਗੱਲ ਉਹਨਾਂ ਦੀ ਸਹੀ ਹੈ ਸਾਲ 2018 ਤੋਂ ਲੈ ਕੇ 2023 ਤੱਕ 5,477 ਭਾਰਤੀ ਵਾਪਸ ਭੇਜੇ ਗਏ। ਅਕਤੂਬਰ 2023 ਤੋਂ ਸਤੰਬਰ 2024 ਤੱਕ 1100 ਭਾਰਤੀਆਂ ਨੂੰ ਅਮਰੀਕਾ ਤੋਂ ਵਾਪਸ ਭੇਜਿਆ ਗਿਆ ਪਰ ਉਹਨਾਂ ਸਭ ਨੂੰ ਇਨਸਾਨਾਂ ਦੀ ਤਰ੍ਹਾਂ ਚਾਰਟਡ .ਫਲਾਈਟ ਦੇ ਵਿੱਚ ਭੇਜਿਆ ਗਿਆ। ਉਹਨਾਂ ਦੇ ਨਾ ਹੀ ਹਥਕੜੀਆਂ ਸੀ ਤੇ ਨਾ ਹੀ ਪੈਰਾਂ ਵਿੱਚ ਬੇੜੀਆਂ ਸਨ। ਪਰ ਇਸ ਵਾਰੀ ਸੈਨਾ ਦੇ ਜਹਾਜ਼ ਭੇਜੇ ਗਏ। ਤੇ ਇੱਕ ਗੱਲ ਹੋਰ, ਅਮਰੀਕਾ ਦੇ ਬਾਰਡਰ ਕੰਟਰੋਲ ਨੇ ਬਾਕਾਇਦਾ 'ਐਕਸ' ਦੇ ਉੱਤੇ ਵੀਡੀਓ ਪਾਇਆ, ਜਿਸ ਦੇ ਵਿੱਚ ਜ਼ੰਜੀਰਾਂ ਦੇ ਵਿੱਚ ਜਕੜੇ ਭਾਰਤੀ ਹੋਲੀ ਹੋਲੀ ਚਲਦੇ ਨਜ਼ਰ ਆਏ। ਸਮਝ ਨਹੀਂ ਆਈ ਕਿ ਉਹ ਸਾਨੂੰ ਚਿਤਾਵਨੀ ਦੇ ਰਹੇ ਸਨ ਜਾਂ ਦੁਨੀਆਂ ਦੇ ਸਾਹਮਣੇ ਸ਼ਰਮਿੰਦਾ ਕਰ ਰਹੇ ਸਨ। ਅਮਰੀਕਾ ਨੇ ਜਦੋਂ ਕੋਲੰਬੀਆਂ ਦੇ .ਗੈਰ ਕਾਨੂੰਨੀ ਪਰਵਾਸੀਆਂ ਨੂੰ ਸੈਨਿਕ ਜਹਾਜ਼ ਦੇ ਰਾਹੀਂ ਵਾਪਸ ਭੇਜਿਆ ਤਾਂ ਉਥੋਂ ਦੇ ਰਾਸ਼ਟਰਪਤੀ ਨੇ ਅਮਰੀਕਾ ਦਾ ਜਹਾਜ਼ ਨਹੀਂ ਸੀ ਉੱਤਰਨ ਦਿੱਤਾ। ਬਾਅਦ ਵਿੱਚ ਆਪਣਾ ਜਹਾਜ਼ ਭੇਜ ਕੇ ਆਪਣੇ ਦੇਸ਼ ਵਾਸੀਆਂ ਨੂੰ ਵਾਪਸ ਬੁਲਾਇਆ ਤੇ ਖੁਦ ਉਹਨਾਂ ਨੂੰ ਰਿਸੀਵ ਕੀਤਾ। ਭਾਰਤ ਸਰਕਾਰ ਅਜਿਹਾ ਕਿਉਂ ਨਹੀਂ ਕਰ ਸਕੀ? ਦੂਜਾ ਵੱਡਾ ਵਿਵਾਦ ਸੈਨਿਕ ਜਹਾਜ਼ਾਂ ਦੇ ਉੱਤਰਨ ਦੀ ਜਗ੍ਹਾ ਤੋਂ ਹੈ। ਹੁਣ ਤੱਕ ਤਿੰਨ ਜਹਾਜ਼ ਅੰਮ੍ਰਿਤਸਰ ਦੇ ਵਿੱਚ ਉਤਾਰੇ ਗਏ। ਪੰਜਾਬ ਦੀ ਧਰਤੀ 'ਤੇ ਜੋ ਲੋਕ ਉਤਾਰੇ ਗਏ, ਉਹ ਗੁਜਰਾਤ ਦੇ ਵੀ ਸਨ ਤੇ ਹਰਿਆਣਾ ਦੇ ਵੀ ਸਨ। ਸਭ ਤੋਂ ਜ਼ਿਆਦਾ 33 .ਗੈਰ ਕਾਨੂੰਨੀ ਭਾਰਤੀ ਗੁਜਰਾਤ ਦੇ ਸਨ ਤੇ .ਫਿਰ ਸਵਾਲ ਇਹ ਉੱਠਦਾ ਹੈ ਕਿ ਜਹਾਜ਼ ਅੰਮ੍ਰਿਤਸਰ ਹੀ ਕਿਉਂ ਉਤਾਰੇ ਗਏ, ਅਹਿਮਦਾਬਾਦ ਕਿਉਂ ਨਹੀਂ? ਹਾਲਾਂ ਕਿ ਭਗਵੰਤ ਮਾਨ ਨੇ ਨਾਰਾਜ਼ਗੀ ਜਤਾਈ ਕਿ ਪੰਜਾਬ ਤੇ ਪੰਜਾਬੀਆਂ ਨੂੰ ਬਦਨਾਮ ਕਰਨ ਦੀ ਕੇਂਦਰ ਸਰਕਾਰ ਦੀ ਸਾਜ਼ਿਸ਼ ਹੈ। ਖ਼ੈਰ ਇਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਿਕਾਇਤ ਬਿਲਕੁਲ ਜਾਇਜ਼ ਹੈ। ਅਸੀਂ ਇਹ ਵੀ ਨਹੀਂ ਕਹਿ ਰਹੇ ਕਿ ਕੇਂਦਰ ਕੋਈ ਸਾਜ਼ਿਸ਼ ਕਰ ਰਿਹਾ ਹੈ ਪਰ ਇਹ ਜ਼ਰੂਰ ਕਹਾਂਗੇ ਕਿ ਪੰਜਾਬੀਆਂ ਦੀਆਂ ਭਾਵਨਾਵਾਂ ਦੇ ਪ੍ਰਤੀ ਲਾਪਰਵਾਹੀ ਵਰਤੀ ਗਈ ਹੈ। ਇਸ ਤਰ੍ਹਾਂ ਦਾ ਮਾਹੌਲ ਸਿਰਜਿਆ ਗਿਆ ਕਿ ਜਿਵੇਂ ਪੰਜਾਬੀ ਹੀ ਦੋਸ਼ੀ ਹੁੰਦੇ ਨੇ। ਖ਼ੈਰ ਭਾਜਪਾ ਨੇ ਤਾਂ ਇਹ ਕਹਿ ਕੇ ਪੱਲਾ ਝਾੜ ਦਿੱਤਾ ਕਿ ਅੰਮ੍ਰਿਤਸਰ ਅਮਰੀਕਾ ਦੇ ਸਭ ਤੋਂ ਨੇੜੇ ਹਵਾਈ ਅੱਡਾ ਪੈਂਦਾ ਹੈ। ਪੰਜਾਬ ਪਹਿਲਾਂ ਹੀ ਬੇਚੈਨ ਹੈ। ਉਸ ਨੂੰ ਸ਼ਾਂਤ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਨਾ ਕਿ ਉਹਨਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਦੀ। ਚਲੋ ਚੌਥਾ ਜਹਾਜ਼ ਦਿੱਲੀ ਉੱਤਰਿਆ ਤੇ ਦੱਸਿਆ ਜਾਂਦਾ ਹੈ ਕਿ .ਗੈਰ ਕਾਨੂੰਨੀ ਪਰਵਾਸੀ ਆਮ ਲੋਕਾਂ ਦੇ ਵਿੱਚ ਬੈਠ ਕੇ ਆਏ ਨੇ।

ਹੁਣ ਅਮਰੀਕਾ ਨੇ ਤਾਂ ਸਪਸ਼ਟ ਕਰ ਦਿੱਤਾ ਕਿ ਉਹ ਸਖ਼ਤੀ ਦੇ ਨਾਲ .ਗੈਰ ਕਾਨੂੰਨੀ ਪਰਵਾਸ 'ਤੇ ਰੋਕ ਲਗਾ ਰਹੇ ਨੇ। ਕੀ ਸਾਡੀ ਸਰਕਾਰਾਂ ਮਾਨਵ ਤਸਕਰੀ ਰੋਕਣ ਦੇ ਲਈ ਤਿਆਰ ਨੇ? ਕੇਂਦਰ ਸਰਕਾਰ ਤੋਂ ਜ਼ਿਆਦਾ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ। ਕੀ ਪੰਜਾਬ, ਹਰਿਆਣਾ ਤੇ ਗੁਜਰਾਤ ਦੀਆਂ ਸਰਕਾਰਾਂ ਇਸ ਘਟਨਾ ਤੋਂ ਬਾਅਦ ਕੋਈ ਪੁਖ਼ਤਾ ਕਦਮ ਚੁੱਕਣਗੀਆਂ? ਬੜੀ ਹਾਸੋਹੀਣੀ ਗੱਲ ਲੱਗੀ ਜਦੋਂ ਪੰਜਾਬ ਦੇ ਡੀ.ਜੀ.ਪੀ. ਨੇ ਇਹ ਬਿਆਨ ਦਾਗਿਆ ਕਿ ਵਾਪਸ ਆਏ ਨੌਜਵਾਨਾਂ ਤੋਂ ਜਾਣਕਾਰੀ ਲੈ ਕੇ ਅਸੀਂ ਟ੍ਰੈਵਲ ਏਜੰਟਾਂ 'ਤੇ ਕਾਰਵਾਈ ਕਰਾਂਗੇ। ਕਿੰਨੀ ਹੈਰਾਨੀ ਹੁੰਦੀ ਹੈ ਕਿ ਇਹ ਧੰਦਾ ਅੱਜ ਤੋਂ ਤਾਂ ਨਹੀਂ ਸ਼ੁਰੂ ਹੋਇਆ, ਇਹ ਤਾਂ ਦਹਾਕਿਆਂ ਤੋਂ ਚੱਲ ਰਿਹਾ ਹੈ। ਅੱਧਾ ਪੰਜਾਬ ਖਾਲੀ ਹੋ ਗਿਆ ਤੇ ਟ੍ਰੈਵਲ ਏਜੰਟਾਂ 'ਤੇ ਕਾਰਵਾਈ ਹੁਣ ਹੋਵੇਗੀ। ਕੀ ਸਰਕਾਰ ਤੇ ਪੁਲਿਸ ਨੂੰ ਜਾਣਕਾਰੀ ਹੀ ਨਹੀਂ ਸੀ? ਇਹ ਤਾਂ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਲਾ ਬਿਆਨ ਹੈ। ਇਹ ਤਾਂ ਧੰਦਾ ਹੈ, ਜੋ ਕਿ ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਨੂੰ ਡੱਸਦਾ ਆ ਰਿਹਾ ਹੈ ਪਰ ਸਰਕਾਰ ਏਨਾ ਤਾਂ ਕਰੇ ਕਿ ਡਾਲਰਾਂ ਦੇ ਸੁਪਨੇ ਦਿਖਾਉਣ ਵਾਲੇ ਠੱਗਾਂ ਨੂੰ ਨੱਥ ਪਾਏ।

ਲਿਖਣ ਨੂੰ ਤਾਂ ਬਹੁਤ ਕੁੱਝ ਹੈ ਪਰ ਮੁੜ ਸਵਾਲ ਜ਼ਿਹਨ ਵਿੱਚ ਇਹੀ ਘੁੰਮ ਰਿਹਾ ਹੈ ਕਿ ਵਾਪਸ ਆਏ ਨੌਜਵਾਨ ਮੌਤ ਦੀ ਘਾਟੀ ਪਾਰ ਵੀ ਕਰ ਗਏ, ਟਿਕਾਣੇ ਵੀ ਲੱਗ ਗਏ ਤੇ ਵਾਪਸ ਵੀ ਆ ਗਏ। ਮੈਕਸੀਕੋ ਦੀ ਕੰਧ ਤੱਕ ਪਹੁੰਚਣ ਦੇ ਲਈ ਸਾਲਾਂ ਬੱਧੀ ਕੀਤਾ ਸ.ਫਰ ਟਰੰਪ ਨੇ ਵਾਪਸ ਭੇਜ ਕੇ ਕੁਝ ਘੰਟਿਆਂ ਵਿੱਚ ਹੀ ਮੁਕਾ ਦਿੱਤਾ। ਦੁੱਖ ਹੁੰਦੈ ਉਹਨਾਂ ਨੌਜਵਾਨਾਂ ਬਾਰੇ ਸੋਚ ਕੇ ਜਿਨ੍ਹਾਂ ਦੇ ਲੱਖਾਂ ਰੁਪਏ ਤੇ ਲੱਖਾਂ ਸੁਪਨੇ ਟੁੱਟ ਗਏ ਤੇ ਉਹਨਾਂ ਨੇ ਇਹ ਰਾਹ ਸੋਚਾਂ ਦੇ ਤਾਣੇ ਬਾਣੇ ਦੇ ਨਾਲ ਕਿਵੇਂ ਕੱਟਿਆ ਹੋਵੇਗਾ। ਸਵਾਲ ਇਹ ਵੀ ਕਸ਼ਟ ਦਿੰਦੈ ਕਿ ਜੇ ਦੂਸਰੇ ਰਾਜਾਂ ਦੇ ਲੋਕ ਜ਼ਿਆਦਾ ਸੀ ਤਾਂ ਅਮਰੀਕੀ ਜਹਾਜ਼ ਅੰਮ੍ਰਿਤਸਰ ਹੀ ਕਿਉਂ ਉਤਾਰੇ ਗਏ?

# ਐਡਵੋਕੇਟ ਧਾਮੀ ਦੇ ਅਸਤੀ.ਫੇ ਬਾਅਦ ਅਕਾਲ ਤ.ਖ਼ਤ ਸਾਹਿਬ, ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਟਕਰਾਅ ਵੱਲ

## ਜਥੇਦਾਰ ਅਕਾਲ ਤ.ਖ਼ਤ ਸਾਹਿਬ ਨੇ ਕਿਹਾ ਕਿ ਧਾਮੀ ਆਪਣਾ ਅਸਤੀ.ਫਾ ਵਾਪਸ ਲੈਣ

ਜਲੰਧਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀ ਕਾਰਜਕਾਰੀ ਕਮੇਟੀ ਨੇ ਆਪਣੇ ਪ੍ਰਧਾਨ, ਹਰਜਿੰਦਰ ਸਿੰਘ ਧਾਮੀ ਦੇ ਅਸਤੀਫ਼ੇ 'ਤੇ .ਫੈਸਲਾ ਨਾ ਮਨਜ਼ੂਰ ਕੀਤਾ ਹੈ। ਕਮੇਟੀ ਨੇ ਹਰਜਿੰਦਰ ਸਿੰਘ ਧਾਮੀ ਨੂੰ ਆਪਣੇ .ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ। ਦੂਜੇ ਪਾਸੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਨੂੰ ਅਸਤੀ.ਫਾ ਵਾਪਸ ਲੈਣ ਲਈ ਕਿਹਾ ਹੈ ਕਿ ਉਨ੍ਹਾਂ ਨੂੰ 7 ਮੈਂਬਰੀ ਕਮੇਟੀ ਦੀ ਜ਼ਿੰਮੇਵਾਰੀ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਆਪਣੀਆਂ ਸੇਵਾਵਾਂ ਸੰਭਾਲਣੀਆਂ ਚਾਹੀਦੀਆਂ ਹਨ। ਹਾਲੇ ਤੱਕ ਧਾਮੀ ਇਸ ਮਾਮਲੇ ਬਾਰੇ ਚੁੱਪ ਹਨ।



ਪੇਸ਼ੇ ਤੋਂ ਵਕੀਲ, ਧਾਮੀ ਨੇ ਪਹਿਲਾਂ ਹੀ ਆਪਣੀ ਕਾਨੂੰਨੀ ਅਭਿਆਸ ਦੁਬਾਰਾ ਸ਼ੁਰੂ ਕਰਨ ਲਈ ਹੁਸ਼ਿਆਰਪੁਰ ਦੀਆਂ ਜ਼ਿਲ੍ਹਾ ਅਦਾਲਤਾਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ। ਧਾਮੀ ਦੇ ਨਜ਼ਦੀਕੀ ਸੂਤਰਾਂ ਨੇ ਕਿਹਾ ਕਿ ਉਹ ਆਪਣਾ ਅਸਤੀ.ਫਾ ਵਾਪਸ ਲੈਣ ਦੇ ਮੂਡ ਵਿੱਚ ਨਹੀਂ ਹਨ। ਇੱਕ ਸੂਤਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਕਾਰਜਕਾਰੀ ਕਮੇਟੀ ਵੱਲੋਂ ਉਨ੍ਹਾਂ ਦੇ ਅਸਤੀ.ਫੇ ਨੂੰ ਰਸਮੀ ਤੌਰ 'ਤੇ ਰੱਦ ਕਰਨ ਨਾਲ ਹੀ ਉਨ੍ਹਾਂ ਨੂੰ ਆਪਣੇ .ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਇਸ ਤੋਂ ਪਹਿਲਾਂ, ਧਾਮੀ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਨੂੰ ਸੂਚਿਤ ਕੀਤਾ ਸੀ ਕਿ ਉਹ ਆਪਣਾ ਅਹੁਦਾ ਨਹੀਂ ਸੰਭਾਲਣਗੇ ਭਾਵੇਂ ਉਨ੍ਹਾਂ ਦਾ ਅਸਤੀ.ਫਾ ਰੱਦ ਕਰ ਦਿੱਤਾ ਜਾਵੇ। ਪਰ, ਹੁਣ, ਅਜਿਹਾ ਲੱਗਦਾ ਹੈ ਕਿ ਅਕਾਲ ਤਖ਼ਤ ਦੇ ਜਥੇਦਾਰ ਦੇ ਤਾਜ਼ਾ ਬਿਆਨ ਅਤੇ ਉਨ੍ਹਾਂ ਵੱਲੋਂ ਇੱਕ ਹੋਰ ਨਿਰਦੇਸ਼ ਅਤੇ ਸ਼੍ਰੋਮਣੀ ਕਮੇਟੀ ਕਾਰਜਕਾਰੀ ਕਮੇਟੀ ਵੱਲੋਂ ਰਸਮੀ ਤੌਰ 'ਤੇ ਉਨ੍ਹਾਂ ਦੇ ਅਸਤੀ.ਫੇ ਨੂੰ ਰੱਦ ਕਰਨ ਨਾਲ, ਧਾਮੀ ਆਪਣੇ .ਫੈਸਲੇ 'ਤੇ ਮੁੜ ਵਿਚਾਰ ਕਰ ਸਕਦੇ ਹਨ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ - ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਭਰਤੀ ਲਈ ਸੱਤ ਮੈਂਬਰੀ ਕਮੇਟੀ ਦੀ ਅਗਵਾਈ ਕਰਨ ਅਤੇ .ਫਿਰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਜਾਂਚ ਅਤੇ ਸੁਖਬੀਰ ਸਿੰਘ ਬਾਦਲ ਦੇ ਅਹਿਸਾਨ ਕਰਨ ਵਿਚਾਲੇ .ਫਸੇ ਹੋਏ ਸਨ। ਦੋਵਾਂ ਮੁੱਦਿਆਂ 'ਤੇ ਵੱਖ-ਵੱਖ ਹਿੱਸਿਆਂ ਤੋਂ ਆਲੋਚਨਾ ਦਾ ਸਾਹਮਣਾ ਕਰਨ ਅਤੇ ਸੱਤ ਮੈਂਬਰੀ ਕਮੇਟੀ ਵਿੱਚ ਬਾਦਲ ਦਲ ਵੱਲੋਂ ਕੋਈ ਸਹਿਯੋਗ ਨਾ ਦੇਣ ਕਾਰਨ ਉਨ੍ਹਾਂ ਨੇ ਅਸਤੀ.ਫਾ ਦੇਣ ਦਾ .ਫੈਸਲਾ ਕੀਤਾ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨੂੰ ਬਰਖਾਸਤ ਕਰਨ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਆਲੋਚਨਾਤਮਕ ਬਿਆਨ ਬਾਅਦ ਧਾਮੀ ਨੂੰ ਅਸਤੀ.ਫਾ ਦੇਣ ਲਈ ਮਜਬੂਰ ਹੋਣਾ ਪਿਆ। ਅਕਾਲੀ ਲੀਡਰਸ਼ਿਪ ਨੇ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਮੈਂਬਰਸ਼ਿਪ ਮੁਹਿੰਮ ਆਪਣੇ ਆਪ ਹੀ ਚਲਾਏਗੀ, ਜਿਵੇਂ ਕਿ ਉਸਦੀ ਵਰਕਿੰਗ ਕਮੇਟੀ ਨੇ .ਫੈਸਲਾ ਕੀਤਾ ਸੀ, (**ਬਾਕੀ ਸ.ਫਾ 30 'ਤੇ**)

## ਸ੍ਰੀ ਅਕਾਲ ਤ.ਖ਼ਤ ਸਾਹਿਬ ਦਾ ਹੁਕਮਨਾਮਾ ਲਾਗੂ ਕਰਾਉਣ ਲਈ ਜਥੇਦਾਰ ਦ੍ਰਿੜ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਚੱਲ ਰਹੇ ਵਿਵਾਦ ਦੌਰਾਨ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਖ਼ਤ ਰੁਖ ਅਪਨਾਇਆ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਹੈ ਕਿ ਟਕਰਾਅ ਦੀ ਨੀਤੀ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 2 ਦਸੰਬਰ ਨੂੰ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਇਆ ਜਾਏਗਾ।

ਦਰਅਸਲ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਸੱਤ ਮੈਂਬਰੀ ਕਮੇਟੀ ਦੇ ਪੰਜ ਮੈਂਬਰਾਂ ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਸਤਵੰਤ ਕੌਰ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ ਤੇ ਇਕਬਾਲ ਸਿੰਘ ਝੂੰਦਾ ਨੇ ਬੀਤੇ ਦਿਨੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ ਸੀ ਤੇ ਉਨ੍ਹਾਂ ਨੂੰ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦਿੱਤੀ ਸੀ ਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਭਰਤੀ ਲਈ ਬਣਾਈ ਗਈ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੋਈ ਸਮਰਥਨ ਨਹੀਂ ਮਿਲ ਰਿਹਾ ਤੇ ਉਹ ਭਰਤੀ ਆਪਣੇ ਆਪ ਕਰਨਾ ਚਾਹੁੰਦੇ ਹਨ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਵਰਕਿੰਗ ਕਮੇਟੀ ਸਹਿਯੋਗ ਨਹੀਂ ਕਰ ਰਹੀ। ਇਸ ਕਾਰਨ ਭਰਤੀ ਪ੍ਰਕਿਰਿਆ ਸਹੀ ਢੰਗ ਨਾਲ ਨਹੀਂ ਚੱਲ ਰਹੀ। ਕਮੇਟੀ ਆਪਣੇ ਪੱਧਰ 'ਤੇ ਕੰਮ ਕਰਨ ਦੇ ਅਯੋਗ ਹੈ। ਮੈਂਬਰਾਂ ਵਿੱਚੋਂ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਕ੍ਰਿਪਾਲ ਸਿੰਘ ਬਡੂੰਗਰ ਨੇ ਅਸਤੀ.ਫਾ ਦੇ ਦਿੱਤਾ ਹੈ। ਜਥੇਦਾਰ ਨੂੰ ਕਿਹਾ ਗਿਆ ਹੈ (**ਬਾਕੀ ਸ.ਫਾ 30 'ਤੇ**)

# ਬਾਇਡੇਨ ਪ੍ਰਸ਼ਾਸਨ ਭਾਰਤ 'ਚ ਕਿਸੇ ਹੋਰ ਨੂੰ ਸੱਤਾ 'ਤੇ ਬਿਠਾਉਣ ਦੀ ਕੋਸ਼ਿਸ਼ ਕਰ ਰਿਹਾ ਸੀ : ਟਰੰਪ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਾਇਡੇਨ ਪ੍ਰਸ਼ਾਸਨ ਵੱਲੋਂ ਵੋਟ ਫ਼ੀਸਦ ਵਧਾਉਣ ਲਈ ਭਾਰਤ ਨੂੰ 2.1 ਕਰੋੜ ਡਾਲਰ ਦੇਣ ਦੇ ਫ਼ੈਸਲੇ 'ਤੇ ਮੁੜ ਸਵਾਲ ਚੁੱਕੇ ਹਨ। ਟਰੰਪ ਨੇ ਕਿਹਾ ਕਿ ਇੰਝ ਜਾਪਦਾ ਹੈ ਕਿ ਬਾਇਡਨ ਪ੍ਰਸ਼ਾਸਨ ਭਾਰਤ 'ਚ ਕਿਸੇ ਹੋਰ ਨੂੰ ਸੱਤਾ 'ਤੇ ਬਿਠਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਟਰੰਪ ਨੇ ਮਿਆਮੀ 'ਚ ਐੱਫ.ਆਈ.ਆਈ. ਤਰਜੀਹੀ ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਇਹ ਟਿੱਪਣੀਆਂ ਕੀਤੀਆਂ। ਉਨ੍ਹਾਂ ਪਹਿਲਾਂ ਵੀ ਅਜਿਹੇ ਫਿਕਰ ਜਤਾਏ ਸਨ ਅਤੇ ਮਾਲੀ ਸਹਾਇਤਾ ਦੇਣ ਦੀ ਲੋੜ 'ਤੇ ਸਵਾਲ ਚੁੱਕੇ ਸਨ।

ਉਨ੍ਹਾਂ ਸੰਮੇਲਨ ਦੌਰਾਨ ਕੁਝ ਮਿਸਾਲਾਂ ਵੀ ਦਿੱਤੀਆਂ ਕਿ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਅਮਰੀਕਾ ਦਾ ਪੈਸਾ ਕਿਥੇ ਜਾ ਰਿਹਾ ਸੀ। ਉਨ੍ਹਾਂ ਕਿਹਾ, "ਭਾਰਤ 'ਚ ਵੋਟ ਫ਼ੀਸਦੀ ਵਧਾਉਣ ਲਈ 2.1 ਅਰਬ ਡਾਲਰ ਖ਼ਰਚ ਕਰਨ ਦੀ ਸਾਨੂੰ ਲੋੜ ਕਿਉਂ ਹੈ? ਮੈਨੂੰ ਜਾਪਦਾ ਹੈ ਕਿ ਬਾਇਡੇਨ ਪ੍ਰਸ਼ਾਸਨ ਕਿਸੇ ਹੋਰ ਨੂੰ ਸੱਤਾ 'ਚ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਾਨੂੰ ਇਹ ਗੱਲ ਭਾਰਤ ਸਰਕਾਰ ਨੂੰ ਦੱਸਣੀ ਪਵੇਗੀ।"

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਤੋਂ ਇਲਾਵਾ ਬੰਗਲਾਦੇਸ਼ 'ਚ ਸਿਆਸਤ ਦੀ ਮਜ਼ਬੂਤੀ ਲਈ 2.9 ਕਰੋੜ ਡਾਲਰ ਦਿੱਤੇ ਗਏ ਪਰ ਏਸ਼ੀਆ ਵਧੀਆ ਕਰ ਰਿਹਾ ਹੈ, ਸਾਨੂੰ ਉਨ੍ਹਾਂ ਨੂੰ ਪੈਸਾ ਦੇਣ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਤਾਂ ਸਿਰਫ਼ ਕੁਝ ਫੰਡਿੰਗ ਹੈ ਪਰ ਸੂਚੀ ਬਹੁਤ ਲੰਮੀ ਹੈ। ਅਮਰੀਕਾ ਦੇ ਅਰਬਪਤੀ ਐਲਨ ਮਸਕ ਦੀ ਅਗਵਾਈ ਹੇਠਲੇ ਯੂ.ਐੱਸ. ਡਿਪਾਰਟਮੈਂਟ ਆਫ਼ ਗਵਰਨਮੈਂਟ ਐਫੀਸ਼ੀਐਂਸੀ (ਡੀ.ਓ.ਜੀ.ਈ.) ਵੱਲੋਂ ਭਾਰਤ ਵਿੱਚ ਵੋਟ ਫ਼ੀਸਦੀ ਵਧਾਉਣ ਲਈ ਦਿੱਤੇ ਗਏ 2.1 ਕਰੋੜ ਡਾਲਰ ਸਮੇਤ ਹੋਰ ਖ਼ਰਚਿਆਂ ਵਿੱਚ ਕਟੌਤੀ ਦਾ ਐਲਾਨ ਕੀਤਾ ਗਿਆ ਸੀ।




## 'ਮਸਕ ਲਈ ਭਾਰਤ 'ਚ ਕਾਰ ਵੇਚਣਾ 'ਅਸੰਭਵ'

ਵਾਸ਼ਿੰਗਟਨ: ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਜੇ ਐਲਨ ਮਸਕ ਦੀ ਟੈਸਲਾ ਕੰਪਨੀ ਭਾਰਤ ਦੇ ਟੈਕਸਾਂ ਤੋਂ ਬਚਣ ਲਈ ਉੱਥੇ ਫੈਕਟਰੀ ਲਗਾਉਂਦੀ ਹੈ ਤਾਂ ਇਹ ਅਮਰੀਕਾ ਨਾਲ ਬੇਇਨਸਾਫ਼ੀ ਹੋਵੇਗੀ। ਟਰੰਪ ਦਾ ਇਹ ਬਿਆਨ ਟੈਕਸਾਂ 'ਚ ਵਾਧਾ ਕਰਨ ਦੇ ਉਨ੍ਹਾਂ ਦੇ ਫ਼ੈਸਲਿਆਂ ਦਰਮਿਆਨ ਆਇਆ ਹੈ। ਟਰੰਪ ਨੇ 'ਫੌਕਸ ਨਿਊਜ਼' ਨਾਲ ਇੰਟਰਵਿਊ ਦੌਰਾਨ ਕਿਹਾ ਕਿ ਮਸਕ ਲਈ ਭਾਰਤ 'ਚ ਕਾਰ ਵੇਚਣਾ 'ਅਸੰਭਵ' ਹੈ। ਉਨ੍ਹਾਂ ਕਿਹਾ, 'ਦੁਨੀਆਂ ਦਾ ਹਰ ਮੁਲਕ ਸਾਡਾ ਫਾਇਦਾ ਚੁੱਕਦਾ ਹੈ ਅਤੇ ਉਹ ਟੈਕਸ ਲਗਾਉਂਦੇ ਹਨ। ਮਿਸਾਲ ਵਜੋਂ ਭਾਰਤ 'ਚ ਕਾਰ ਵੇਚਣਾ ਬਹੁਤ ਮੁਸ਼ਕਿਲ ਹੈ।" ਇੰਟਰਵਿਊ ਦੌਰਾਨ ਟਰੰਪ ਨੇ ਕਿਹਾ, "ਜੇ ਉਹ (ਮਸਕ) ਭਾਰਤ 'ਚ ਫੈਕਟਰੀ ਲਗਾਉਂਦੇ ਹਨ ਤਾਂ ਠੀਕ ਹੈ ਪਰ ਇਹ ਸਾਡੇ ਨਾਲ ਬੇਇਨਸਾਫ਼ੀ ਹੋਵੇਗੀ। ਇਹ ਠੀਕ ਨਹੀਂ ਹੋਵੇਗਾ।" ਜ਼ਿਕਰਯੋਗ ਹੈ ਕਿ ਮਸਕ ਦੀ ਕੰਪਨੀ ਟੈਸਲਾ ਨੇ ਭਾਰਤ 'ਚ ਵੱਖ ਵੱਖ ਅਹੁਦਿਆਂ 'ਤੇ ਭਰਤੀ ਲਈ ਇਸ਼ਤਿਹਾਰ ਦਿੱਤੇ ਹਨ।

## ਕਾਂਗਰਸ ਵੱਲੋਂ ਯੂ.ਐੱਸ.ਏਡ ਸਬੰਧੀ ਵ੍ਹਾਈਟ ਪੇਪਰ ਜਾਰੀ ਕਰਨ ਦੀ ਮੰਗ



ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ 'ਚ ਵੋਟ ਫ਼ੀਸਦ ਵਧਾਉਣ ਲਈ ਯੂ.ਐੱਸ.ਏਡ ਵੱਲੋਂ ਦਿੱਤੇ ਗਏ ਫੰਡ 'ਤੇ ਪੈਦਾ ਹੋਏ ਵਿਵਾਦ ਦਰਮਿਆਨ ਕਾਂਗਰਸ ਨੇ ਮੰਗ ਕੀਤੀ ਕਿ ਇਸ ਸੰਸਥਾ ਵੱਲੋਂ ਭਾਰਤ ਦੇ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰਿਆਂ ਨੂੰ ਦਿੱਤੇ ਗਏ ਸਹਿਯੋਗ ਦਾ ਬਿਓਰਾ ਦਿੰਦਿਆਂ ਵ੍ਹਾਈਟ ਪੇਪਰ ਜਾਰੀ ਕੀਤਾ ਜਾਣਾ ਚਾਹੀਦਾ ਹੈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਦਾਅਵਾ ਕੀਤਾ ਕਿ 'ਯੂ.ਐੱਸ.ਏਡ' ਦੇ ਸੰਦਰਭ 'ਚ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੀਤੇ ਜਾ ਰਹੇ ਦਾਅਵੇ ਬੇਤੁਕੇ ਹਨ। ਉਨ੍ਹਾਂ 'ਐਕਸ' 'ਤੇ ਲਿਖਿਆ ਕਿ ਯੂ.ਐੱਸ.ਏਡ ਵੱਲੋਂ ਦਹਾਕਿਆਂ ਤੋਂ ਦਿੱਤੇ ਗਏ ਫੰਡਾਂ ਦਾ ਜ਼ਿਕਰ ਕਰਦਿਆਂ ਵ੍ਹਾਈਟ ਪੇਪਰ ਕੱਢਿਆ ਜਾਣਾ ਚਾਹੀਦਾ ਹੈ।

## 'ਵਿਦੇਸ਼ੀ ਏਜੰਸੀਆਂ ਦੇ ਹੱਥਠੋਕੇ' ਬਣੇ ਰਾਹੁਲ: ਭਾਜਪਾ

ਭਾਜਪਾ ਦੇ ਆਈ.ਟੀ. ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਕਿਹਾ ਹੈ ਕਿ ਅਮਰੀਕੀ ਰਾਸ਼ਟਰਪਤੀ ਦੇ ਬਿਆਨ ਨਾਲ ਸਾਲ 2024 ਦੀਆਂ ਲੋਕ ਸਭਾ ਚੋਣਾਂ 'ਚ ਪ੍ਰਚਾਰ ਮੁਹਿੰਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਦਾਅਵੇ ਦੀ ਪੁਸ਼ਟੀ ਹੁੰਦੀ ਹੈ ਕਿ ਵਿਦੇਸ਼ੀ ਤਾਕਤਾਂ ਉਨ੍ਹਾਂ ਨੂੰ ਸੱਤਾ 'ਚ ਆਉਣ ਤੋਂ ਰੋਕਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਸਨ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਦੇਸ਼ ਦੇ ਰਣਨੀਤਕ ਅਤੇ ਭੂ-ਸਿਆਸੀ ਹਿੱਤਾਂ ਨੂੰ ਅਣਗੌਲਿਆ ਕਰਕੇ 'ਵਿਦੇਸ਼ੀ ਏਜੰਸੀਆਂ ਦਾ ਹੱਥਠੋਕਾ ਬਣ ਕੇ' ਆਲਮੀ ਨੈੱਟਵਰਕਾਂ ਨਾਲ ਰਲ ਗਏ ਸਨ। ਮਾਲਵੀਆ ਨੇ ਕਿਹਾ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਰਾਹੁਲ ਮਾਰਚ 2023 'ਚ ਲੰਡਨ ਗਏ ਸਨ ਅਤੇ ਉਨ੍ਹਾਂ ਭਾਰਤ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਦੇਣ ਲਈ ਵਿਦੇਸ਼ੀ ਤਾਕਤਾਂ ਨੂੰ ਅਪੀਲ ਕੀਤੀ ਸੀ।

## ਕਮਲਾ ਹੈਰਿਸ ਨੂੰ ਮਿਲਿਆ ਵੱਕਾਰੀ ਚੇਅਰਮੈਨ ਪੁਰਸਕਾਰ



ਲਾਸ ਏਂਜਲਸ/ਏ.ਟੀ.ਨਿਊਜ਼: ਅਮਰੀਕਾ ਦੀ ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਐੱਨ.ਏ.ਏ.ਸੀ.ਪੀ. ਇਮੇਜ ਐਵਾਰਡਜ਼ ਦੇ ਪਲੈਟਫਾਰਮ 'ਤੇ ਇਕ ਗੰਭੀਰ ਸੁਨੇਹੇ ਨਾਲ ਪੁੱਜੀ। ਉਨ੍ਹਾਂ ਨਾਗਰਿਕ ਅਧਿਕਾਰ ਸੰਗਠਨ ਨੂੰ ਸਿਆਹਫਾਮ ਭਾਈਚਾਰੇ ਦਾ ਇੱਕ ਥੰਮ੍ਹ ਕਿਹਾ ਅਤੇ ਲੋਕਾਂ ਨੂੰ ਰਾਸ਼ਟਰਪਤੀ ਡੋਨਲਡ ਟਰੰਪ ਦੇ ਕਾਰਜਕਾਲ ਦੌਰਾਨ ਲਚਕੀਲਾ ਬਣੇ ਰਹਿਣ ਅਤੇ ਆਪਣੇ ਵਿਸ਼ਵਾਸ 'ਤੇ ਕਾਇਮ ਰਹਿਣ ਦੀ ਅਪੀਲ ਕੀਤੀ।

ਹੈਰਿਸ ਨੇ ਨੈਸ਼ਨਲ ਐਸੋਸੀਏਸ਼ਨ ਫਾਰ ਦਿ ਐਡਵਾਂਸਮੈਂਟ ਆਫ਼ ਕਲਰਡ ਪੀਪਲਜ਼ ਚੇਅਰਮੈਨ ਪੁਰਸਕਾਰ ਪ੍ਰਾਪਤ ਕਰਨ ਤੋਂ ਬਾਅਦ ਕਿਹਾ, "ਹਾਲਾਂਕਿ ਅਸੀਂ ਆਪਣੀ ਅਮਰੀਕੀ ਕਹਾਣੀ ਦੇ ਇਸ ਅਧਿਆਏ ਵਿੱਚ ਕਿਸ ਨਾਲ ਮੁਕਾਬਲਾ ਕਰਨਾ ਹੈ, ਇਸ ਬਾਰੇ ਕੋਈ ਭਰਮ ਨਹੀਂ ਹੈ ਪਰ ਇਹ ਅਧਿਆਏ ਸਿਰਫ਼ ਓਵਲ ਆਫ਼ਿਸ ਵਿੱਚ ਬੈਠਣ ਵਾਲੇ ਵਿਅਕਤੀ ਜਾਂ ਸਾਡੇ 'ਚੋਂ ਸਭ ਤੋਂ ਅਮੀਰ ਵਿਅਕਤੀ ਵੱਲੋਂ ਨਹੀਂ, ਬਲਕਿ ਅਮਰੀਕੀ ਕਹਾਣੀ ਤੁਹਾਡੇ ਵੱਲੋਂ ਲਿਖੀ ਜਾਵੇਗੀ। ਸਾਡੇ ਵੱਲੋਂ ਲਿਖੀ ਜਾਵੇਗੀ। ਅਸੀਂ ਲੋਕਾਂ ਵੱਲੋਂ।" ਉਹ ਪਹਿਲਾਂ ਕੈਲੀਫੋਰਨੀਆ ਤੋਂ ਅਮਰੀਕੀ ਸੈਨੇਟਰ ਤੇ ਸੂਬੇ ਦੀ ਅਟਾਰਨੀ ਜਨਰਲ ਰਹਿ ਚੁੱਕੇ ਹਨ। ਅਹੁਦਾ ਛੱਡਣ ਤੋਂ ਬਾਅਦ ਆਪਣੀ ਪਹਿਲੀ ਪ੍ਰਮੁੱਖ ਜਨਤਕ ਹਾਜ਼ਰੀ ਵਿੱਚ ਹੈਰਿਸ ਨੇ ਚੋਣਾਂ 'ਚ ਹੋਈ ਹਾਰ ਜਾਂ ਓਵਲ ਆਫ਼ਿਸ ਵਿੱਚ ਦਾਖ਼ਲ ਹੋਣ ਤੋਂ ਬਾਅਦ ਟਰੰਪ ਦੇ ਕੰਮਾਂ ਦਾ ਜ਼ਿਕਰ ਨਹੀਂ ਕੀਤਾ। ਹਾਲਾਂਕਿ, ਟਰੰਪ ਨੇ ਉਸ ਦਿਨ ਪਹਿਲੀ ਕੰਜ਼ਰਵੇਟਿਵ ਪੌਲੀਟੀਕਲ ਐਕਸ਼ਨ ਕਾਨਫਰੰਸ (**ਬਾਕੀ ਸਫ਼ਾ 30 'ਤੇ**)

## ਐੱਫ.ਬੀ.ਆਈ. ਡਾਇਰੈਕਟਰ ਵਜੋਂ 'ਕਾਸ਼ ਪਟੇਲ' ਨੇ ਚੁੱਕੀ ਸਹੁੰ

ਵਾਸ਼ਿੰਗਟਨ/ਏ.ਟੀ.ਨਿਊਜ਼: ਕਾਸ਼ ਪਟੇਲ ਨੇ ਅਮਰੀਕਾ ਦੀ ਸੰਘੀ ਜਾਂਚ ਏਜੰਸੀ (ਐੱਫ਼.ਬੀ.ਆਈ.) ਦੇ ਡਾਇਰੈਕਟਰ ਵਜੋਂ ਹਲਫ਼ ਲੈ ਲਿਆ ਹੈ। ਇਸ ਮੌਕੇ ਪਟੇਲ ਦੀ ਭੈਣ ਨਿਸ਼ਾ ਪਟੇਲ, ਮਹਿਲਾ ਮਿੱਤਰ ਅਲੈਕਸਿਸ ਵਿਲਕਿਨਸ ਤੇ ਹੋਰ ਸਕੇ ਸਬੰਧੀ ਮੌਜੂਦ ਸਨ। ਪਟੇਲ ਨੇ ਭਗਵਦ ਗੀਤਾ 'ਤੇ ਹੱਥ ਰੱਖ ਕੇ ਹਲਫ਼ ਲਿਆ। ਉਨ੍ਹਾਂ ਨੂੰ ਅਟਾਰਨੀ ਜਨਰਲ ਪੈਮ ਬੌਂਡੀ ਨੇ ਸਹੁੰ ਚੁਕਾਈ। ਦੱਸਣਾ ਬਣਦਾ ਹੈ ਕਿ ਅਮਰੀਕੀ ਸੈਨੇਟ ਨੇ ਬੀਤੇ ਦਿਨੀਂ ਵੋਟਿੰਗ ਦੌਰਾਨ 51-49 ਦੇ ਮਾਮੂਲੀ ਫ਼ਰਕ ਨਾਲ ਅਗਲੇ ਐੱਫ਼.ਬੀ.ਆਈ. ਡਾਇਰੈਕਟਰ ਵਜੋਂ ਕਾਸ਼ ਪਟੇਲ ਦੇ ਨਾਮ 'ਤੇ ਮੋਹਰ ਲਾਈ ਸੀ ਜਿਸ ਦਾ ਕੁਝ ਡੈਮੋਕਰੈਟ ਸੈਨੇਟਰਾਂ ਨੇ ਇਤਰਾਜ਼ ਜਤਾਇਆ ਸੀ। ਉਨ੍ਹਾਂ ਕਿਹਾ ਸੀ ਕਿ ਉਹ ਟਰੰਪ ਦੇ ਹੱਥ ਦੀ ਕੱਠਪੁਤਲੀ ਬਣ ਕੇ ਉਨ੍ਹਾਂ ਦੇ ਵਿਰੋਧੀਆਂ ਨੂੰ ਨਿਸ਼ਾਨਾ ਬਣਾ ਸਕਦੇ ਹਨ। 44 ਸਾਲਾ ਕਾਸ਼ ਪਟੇਲ ਦਾ ਪੂਰਾ ਨਾਮ ਕਸ਼ਯਪ ਪ੍ਰਮੋਦ ਵਿਨੋਦ ਪਟੇਲ ਹੈ ਤੇ ਉਹ ਐੱਫ਼.ਬੀ.ਆਈ. ਦੇ 9ਵੇਂ ਡਾਇਰੈਕਟਰ ਬਣੇ ਹਨ। ਉਹ ਪਹਿਲੇ ਭਾਰਤੀ ਤੇ ਏਸ਼ਿਆਈ ਮੂਲ ਦੇ ਪਹਿਲੇ (**ਬਾਕੀ ਸਫ਼ਾ 30 'ਤੇ**)



## ਐੱਫ.ਬੀ.ਆਈ. ਡਾਇਰੈਕਟਰ ਕਾਸ਼ ਪਟੇਲ ਹੋਣਗੇ ਏ.ਟੀ.ਐੱਫ. ਦੇ ਕਾਰਜਕਾਰੀ ਮੁਖੀ

ਵਾਸ਼ਿੰਗਟਨ/ਏ.ਟੀ.ਨਿਊਜ਼: ਐੱਫ਼.ਬੀ.ਆਈ. ਦੇ ਨਵੇਂ ਡਾਇਰੈਕਟਰ ਕਾਸ਼ ਪਟੇਲ ਨੂੰ ਸ਼ਰਾਬ, ਤੰਬਾਕੂ, ਹਥਿਆਰਾਂ ਤੇ ਵਿਸਫ਼ੋਟਕਾਂ (ਏ.ਟੀ.ਐੱਫ਼.) ਬਾਰੇ ਬਿਊਰੋ ਦਾ ਕਾਰਜਕਾਰੀ ਮੁਖੀ ਲਾਏ ਜਾਣ ਦੀ ਉਮੀਦ ਹੈ। ਇਹ ਦਾਅਵਾ ਨਿਆਂ ਵਿਭਾਗ ਦੇ ਅਧਿਕਾਰੀਆਂ ਨੇ ਕੀਤਾ ਹੈ। ਪਟੇਲ ਇਸ ਅਹੁਦੇ ਦਾ ਹਲਫ਼ ਅਗਲੇ ਹਫ਼ਤੇ ਲੈ ਸਕਦੇ ਹਨ। ਇਸ ਤਰ੍ਹਾਂ ਉਨ੍ਹਾਂ ਕੋਲ ਨਿਆਂ ਵਿਭਾਗ ਦੀਆਂ ਦੋ ਸਭ ਤੋਂ ਵੱਡੀਆਂ ਏਜੰਸੀਆਂ ਦੀ ਕਮਾਨ ਹੋਵੇਗੀ। ਪਟੇਲ ਨੇ ਪਿਛਲੇ ਦਿਨੀਂ ਐੱਫ਼.ਬੀ.ਆਈ. ਡਾਇਰੈਕਟਰ ਵਜੋਂ ਹਲਫ਼ ਲਿਆ ਸੀ।

## ਅਮਰੀਕੀ ਕੌਮਾਂਤਰੀ ਵਿਕਾਸ ਏਜੰਸੀ ਦੇ 1,600 ਮੁਲਾਜ਼ਮਾਂ ਦੀ ਟਰੰਪ ਵੱਲੋਂ ਛੁੱਟੀ

ਵਾਸ਼ਿੰਗਟਨ/ਏ.ਟੀ.ਨਿਊਜ਼: ਟਰੰਪ ਪ੍ਰਸ਼ਾਸਨ ਨੇ ਅਮਰੀਕੀ ਕੌਮਾਂਤਰੀ ਵਿਕਾਸ ਏਜੰਸੀ (ਯੂ.ਐੱਸ.ਏਡ.) ਦੇ 1,600 ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਹੈ। ਪ੍ਰਸ਼ਾਸਨ ਨੇ ਕਿਹਾ ਕਿ ਉਸ ਨੇ ਦੁਨੀਆਂ ਭਰ 'ਚ ਯੂ.ਐੱਸ.ਏਡ. ਦੇ ਕੁਝ ਮੁਲਾਜ਼ਮਾਂ ਨੂੰ ਛੱਡ ਕੇ ਬਾਕੀ ਨੂੰ ਛੁੱਟੀ 'ਤੇ ਭੇਜ ਦਿੱਤਾ ਹੈ। ਇਹ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਲਾਗਤ 'ਚ ਕਟੌਤੀ ਵਿਭਾਗ ਦੇ ਉਨ੍ਹਾਂ ਦੇ ਸਹਿਯੋਗੀ ਐਲਨ ਮਸਕ ਵੱਲੋਂ ਸੰਘੀ ਸਰਕਾਰ ਦੇ ਆਕਾਰ ਨੂੰ ਘੱਟ ਕਰਨ ਦੀ ਦਿਸ਼ਾ ਵੱਲ ਚੁੱਕਿਆ ਗਿਆ ਤਾਜ਼ਾ ਅਤੇ ਸਭ ਤੋਂ ਵੱਡਾ ਕਦਮ ਹੈ। ਦਰਅਸਲ ਪਿਛਲੇ ਦਿਨੀਂ ਸੰਘੀ ਜੱਜ ਨੇ ਟਰੰਪ ਪ੍ਰਸ਼ਾਸਨ ਨੂੰ ਅਮਰੀਕਾ ਅਤੇ ਦੁਨੀਆਂ ਭਰ 'ਚ ਹਜ਼ਾਰਾਂ ਯੂ.ਐੱਸ.ਏਡ. ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾਉਣ ਦੀ ਉਨ੍ਹਾਂ ਦੀ ਯੋਜਨਾ 'ਤੇ ਮੋਹਰ ਲਗਾ ਦਿੱਤੀ ਸੀ, ਜਿਸ ਮਗਰੋਂ ਇਹ ਕਦਮ ਚੁੱਕਿਆ ਗਿਆ ਹੈ। ਅਮਰੀਕੀ ਜ਼ਿਲ੍ਹਾ ਜੱਜ ਕਾਰਲ ਨਿਕੋਲਸ ਨੇ ਮੁਲਾਜ਼ਮਾਂ ਦੀ ਉਸ (**ਬਾਕੀ ਸਫ਼ਾ 30 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh   Sub: Editor: Balwinderpal Singh, Dr. Sarbjeet Kaur Jang   Online Interview Host: Balraj Pannu**

**Designer: A.K.V.   Content Composer: S. Jagmohan Singh   US Distributor: Amritsar Times Inc.   Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਚੀਨੀ ਵਿਗਿਆਨੀਆਂ ਨੂੰ ਚਾਮਚੜਿੱਕ 'ਚ ਨਵਾਂ ਕੋਰੋਨਾ ਵਾਇਰਸ ਮਿਲਿਆ

ਬੀਜਿੰਗ/ਏ.ਟੀ.ਨਿਊਜ਼ : ਚੀਨੀ ਵਿਗਿਆਨੀਆਂ ਦੀ ਟੀਮ ਨੇ ਨਵੀਂ ਕਿਸਮ ਦੇ ਕੋਰੋਨਾ ਵਾਇਰਸ ਦਾ ਪਤਾ ਲਾਇਆ ਹੈ, ਜਿਸ ਦੇ ਤੇਜ਼ੀ ਨਾਲ ਫ਼ੈਲਣ ਦਾ ਜੋਖਮ ਹੋ ਸਕਦਾ ਹੈ। ਇਹ ਵਾਇਰਸ ਵੀ ਪਿਛਲੇ ਵਾਇਰਸ 'ਸਾਰਸ-ਸੀ ਓ ਵੀ-2' ਦੀ ਤਰ੍ਹਾਂ ਚਾਮਚੜਿੱਕਾਂ ਵਿੱਚ ਦੇਖਿਆ ਗਿਆ ਹੈ। 2019 ਦੇ ਆਖਰੀ ਮਹੀਨੇ ਚੀਨ ਤੋਂ ਸ਼ੁਰੂ ਹੋਈ ਨੋਵੇਲ ਕੋਰੋਨਾ ਵਾਇਰਸ ਦੀ ਲਾਗ ਨੇ ਕਰੀਬ ਤਿੰਨ ਸਾਲ ਦੁਨੀਆਂ ਭਰ ਨੂੰ ਬਿਪਤਾ ਪਾਈ ਰੱਖੀ ਸੀ। ਲਾਗ ਦੇ ਮਾਮਲੇ ਫ਼ਿਲਹਾਲ ਕਾਫ਼ੀ ਕੰਟਰੋਲ ਵਿੱਚ ਹਨ, ਹਾਲਾਂ ਕਿ ਸਿਹਤ ਮਾਹਿਰ ਕਹਿੰਦੇ ਹਨ ਕਿ ਜਿਸ ਤਰ੍ਹਾਂ ਵਾਇਰਸ ਦੀ ਪ੍ਰਕਿਰਤੀ ਰਹੀ ਹੈ, ਇਸ ਵਿੱਚ ਨਵੇਂ ਮਿਊਟੇਸ਼ਨ ਹੋਣ ਤੇ ਕਿਸੇ ਨਵੇਂ ਵੈਰੀਐਂਟ ਦੇ ਆਉਣ ਦੇ ਖ਼ਤਰੇ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਮਸਲਨ ਕੋਵਿਡ-19 ਦੇ ਮਾਮਲੇ ਭਾਵੇਂ ਹੁਣ ਸਾਹਮਣੇ ਨਹੀਂ ਆ ਰਹੇ, ਫ਼ਿਰ ਵੀ ਇਸ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਮੰਨਿਆ ਜਾ ਸਕਦਾ।

ਚੀਨੀ ਵਿਗਿਆਨੀਆਂ ਨੇ ਜਿਹੜੇ ਨਵੇਂ ਵਾਇਰਸ ਦਾ ਪਤਾ ਲਾਇਆ ਹੈ, ਉਹ ਵੀ ਪਹਿਲਾਂ ਦੀ ਤਰ੍ਹਾਂ ਲਾਗ ਫ਼ੈਲਾਉਣ ਲਈ ਮਨੁੱਖੀ ਰਿਸੈਪਟਰ ਦੀ ਵਰਤੋਂ ਕਰਦਾ ਹੈ। ਮਾਹਰਾਂ ਨੇ ਸੰਭਾਵਿਤ ਖ਼ਤਰੇ ਨੂੰ ਲੈ ਕੇ ਸਭ ਨੂੰ ਅਲਰਟ ਕੀਤਾ ਹੈ।




ਚੀਨੀ ਵਿਗਿਆਨੀਆਂ ਮੁਤਾਬਕ ਐੱਚ.ਕੇ.ਯੂ. 5-ਕੋਵ-2 ਨਾਂਅ ਦਾ ਨਵਾਂ ਵਾਇਰਸ ਮਨੁੱਖਾਂ ਵਿੱਚ ਤੇਜ਼ੀ ਨਾਲ ਫ਼ੈਲਣ ਤੇ ਗੰਭੀਰ ਰੋਗਾਂ ਦਾ ਖਤਰਾ ਵਧਾਉਣ ਵਾਲਾ ਹੋ ਸਕਦਾ ਹੈ। ਵਾਇਰਸ ਵਿਗਿਆਨੀ ਸ਼ੀ ਜ਼ੇਂਗਲੀ ਦੀ ਅਗਵਾਈ ਵਾਲੀ ਟੀਮ ਨੇ ਵੂਹਾਨ ਇੰਸਟੀਚਿਊਟ ਆਫ਼ ਵਾਇਰੋਲੋਜੀ ਵਿੱਚ ਨਵੇਂ ਵਾਇਰਸ ਦੀ ਖੋਜ ਕੀਤੀ ਹੈ। ਪਹਿਲਾ ਵਾਇਰਸ ਇਸ ਲੈਬੋਰੇਟਰੀ ਵਿਚੋਂ ਹੀ ਲੀਕ ਹੋਣ ਦੇ ਦੋਸ਼ ਲੱਗੇ ਸਨ। ਜ਼ੇਂਗਲੀ ਨੂੰ ਕੋਰੋਨਾ ਵਾਇਰਸ 'ਤੇ ਕੰਮ ਲਈ 'ਬੈਟਵੂਮੈਨ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਮਾਹਿਰਾਂ ਦੀ ਟੀਮ ਨੇ ਦੱਸਿਆ ਕਿ ਨਵਾਂ ਵਾਇਰਸ ਮੈਰਬੇਕੋਵਾਇਰਸ ਸਬ ਜੀਨਜ਼ ਨਾਲ ਸੰਬੰਧਿਤ ਹੈ। ਮਿਡਲ ਈਸਟ ਰੈਸਪੀਰੇਟਰੀ ਸਿੰਡਰੋਮ (ਮਰਸ) ਨੂੰ ਵੀ ਇਸੇ ਨਾਲ ਸੰਬੰਧਿਤ ਮੰਨਿਆ ਜਾਂਦਾ ਰਿਹਾ ਹੈ। ਇਸ ਨਵੇਂ ਵਾਇਰਸ ਦੀ ਪ੍ਰਕਿਰਤੀ ਨੂੰ ਲੈ ਕੇ ਰਸਾਲੇ 'ਸੇਲ' ਵਿੱਚ ਪ੍ਰਕਾਸ਼ਤ ਇੱਕ ਪੇਪਰ 'ਚ ਵਿਗਿਆਨੀਆਂ ਨੇ ਲਿਖਿਆ ਹੈ ਕਿ 'ਬੈਟ ਮੈਰਬੇਕੋਵਾਇਰਸ (ਐੱਚ ਕੇ ਯੂ 5-ਕੋਵ-2), ਜਿਹੜਾ ਜੈਨੇਟਿਕ ਤੌਰ 'ਤੇ ਮਰਸ-ਕੋਵ ਨਾਲ ਸੰਬੰਧਿਤ ਹੈ, ਮਨੁੱਖਾਂ ਵਿੱਚ ਫ਼ੈਲਣ ਦਾ ਉੱਚ ਜੋਖਮ ਪੈਦਾ ਕਰਦਾ ਹੈ। ਵਾਇਰਸ ਦੀ ਸੰਰਚਨਾ ਤੇ ਸਮਰਥਾਵਾਂ ਦੇ ਵਿਸ਼ਲੇਸ਼ਣ ਤੋਂ ਸੰਕੇਤ ਮਿਲਦਾ ਹੈ ਕਿ ਇਹ ਸਾਹ ਤੰਤਰ ਤੇ ਛੋਟੀ ਅੰਤੜੀ ਵਿੱਚ ਸੰਕਰਮਣ ਵਧਾਉਣ ਵਾਲਾ ਹੋ ਸਕਦਾ ਹੈ। ਅਧਿਐਨ ਕਰਤਿਆਂ ਨੇ ਕਿਹਾ ਹੈ ਕਿ ਇਹ ਜ਼ਰੂਰ ਇੱਕ (ਬਾਕੀ ਸਫ਼ਾ 30 'ਤੇ)

# ਚੀਨ ਦੀ ਤੇਲ ਕੰਪਨੀ ਨੇ ਏਸ਼ੀਆ ਦਾ ਸਭ ਤੋਂ ਡੂੰਘਾ ਖੂਹ ਪੁੱਟਿਆ

## ਦੇਸ਼ ਦੇ ਉੱਤਰ-ਪੱਛਮੀ ਮਾਰੂਥਲ 'ਚ 10,910 ਮੀਟਰ ਦੀ ਡੂੰਘਾਈ ਤੱਕ ਪੁਟਾਈ ਕੀਤੀ

ਪੇਈਚਿੰਗ/ਉਰੂਮਕੀ/ਏ.ਟੀ.ਨਿਊਜ਼: ਚੀਨ ਦੀ ਸਰਕਾਰੀ ਕੰਪਨੀ ਸੀ.ਐੱਨ.ਪੀ.ਸੀ. ਨੇ ਦੇਸ਼ ਦੇ ਉੱਤਰ-ਪੱਛਮੀ ਮਾਰੂਥਲ ਵਿੱਚ 10,910 ਮੀਟਰ ਦੀ ਡੂੰਘਾਈ ਤੱਕ ਪਹੁੰਚਦੇ ਹੋਏ ਏਸ਼ੀਆ ਦਾ ਸਭ ਤੋਂ ਡੂੰਘਾ ਲੰਬਕਾਰੀ ਖੂਹ ਪੁੱਟਣ ਦਾ ਦਾਅਵਾ ਕੀਤਾ ਹੈ। ਚੀਨ ਦੇ ਕੌਮੀ ਪੈਟਰੋਲੀਅਮ ਨਿਗਮ (ਸੀ.ਐੱਨ.ਪੀ.ਸੀ.) ਨੇ ਐਲਾਨ ਕੀਤਾ ਕਿ ਸ਼ਿਨਜਿਆਂਗ ਉਯਗੁਰ ਖ਼ੁਦਮੁਖਤਿਆਰ ਖਿੱਤੇ ਦੇ ਤਾਰਿਮ ਬੇਸਿਨ ਵਿੱਚ ਤਕਲੀਮਾਕਨ ਮਾਰੂਥਲ ਦੇ ਕੇਂਦਰ ਵਿੱਚ ਸਥਿਤ 'ਸ਼ੈਂਡੀਟੇਕ 1' ਨਾਮ ਦੇ ਪ੍ਰਾਜੈਕਟ ਨੂੰ ਤੇਲ ਤੇ ਗੈਸ ਸਰੋਤਾਂ ਦੀ ਖੋਜ ਤੋਂ ਇਲਾਵਾ ਧਰਤੀ ਦੇ ਵਿਕਾਸ ਅਤੇ ਡੂੰਘੀ-ਧਰਤੀ ਭੂਵਿਗਿਆਨ ਦੇ ਅਧਿਐਨ ਨੂੰ ਅੱਗੇ ਵਧਾਉਣ ਲਈ ਡਿਜ਼ਾਈਨ ਕੀਤਾ ਗਿਆ ਹੈ। ਇਹ ਦੁਨੀਆਂ ਭਰ ਵਿੱਚ ਦੂਜਾ ਸਭ ਤੋਂ ਵੱਡਾ ਲੰਬਕਾਰੀ ਖੂਹ ਹੈ, ਜਿਸ ਨੇ ਆਲਮੀ ਪੱਧਰ 'ਤੇ ਹੋਰ ਇੰਜਨੀਅਰਿੰਗ ਸਫ਼ਲਤਾਵਾਂ ਵੀ ਹਾਸਲ ਕੀਤੀਆਂ ਹਨ, ਜਿਨ੍ਹਾਂ ਵਿੱਚ ਸਭ ਤੋਂ ਡੂੰਘੀ




ਲਾਈਨਰ ਸੀਮੈਂਟਿੰਗ, ਸਭ ਤੋਂ ਡੂੰਘੀ ਵਾਇਰਲਾਈਨ ਇਮੇਜਿੰਗ ਲੌਗਿੰਗ ਅਤੇ ਸਮੁੰਦਰੀ ਕੰਢੇ 'ਤੇ ਸਭ ਤੋਂ ਤੇਜ਼ 10,000 ਮੀਟਰ ਤੋਂ ਵੱਧ ਦੀ ਡਰਿਲਿੰਗ ਸ਼ਾਮਲ ਹੈ।

ਰੂਸ ਦਾ ਕੋਲਾ ਸੁਪਰਸੀਡ ਬੋਰਹੋਲ ਐੱਸਜੀ-3 ਜਿਸ ਦੀ ਲੰਬਕਾਰੀ ਡੂੰਘਾਈ 12,262 ਮੀਟਰ ਹੈ, 1989 ਵਿੱਚ ਪੂਰਾ ਹੋਇਆ ਸੀ ਅਤੇ ਇਸ ਨੂੰ ਧਰਤੀ 'ਤੇ ਦੁਨੀਆਂ ਦਾ ਮਨੁੱਖ ਵੱਲੋਂ ਬਣਾਈ ਗਈ ਸਭ ਤੋਂ ਡੂੰਘੀ ਮੋਰੀ ਮੰਨਿਆ ਜਾਂਦਾ ਹੈ। ਸੀਐੱਨਪੀਸੀ ਮੁਤਾਬਕ, 30 ਮਈ 2023 ਨੂੰ ਇਸ ਦੀ ਡਰਿਲਿੰਗ ਸ਼ੁਰੂ ਹੋਈ ਸੀ। 10,910 ਮੀਟਰ ਦੀ ਡਰਿਲਿੰਗ ਨੂੰ ਪੂਰਾ ਕਰਨ ਵਿੱਚ 580 ਦਿਨ ਤੋਂ ਵੱਧ ਦਾ ਸਮਾਂ ਲੱਗਾ, ਜਿਸ ਵਿੱਚ ਅੱਧੇ ਤੋਂ ਵੱਧ ਸਮਾਂ -ਲਗਪਗ 300 ਦਿਨ ਆਖ਼ਰੀ 910 ਮੀਟਰ 'ਤੇ ਲੱਗੇ।

# ਪੰਜਾਬ ਦੀ ਧੀ ਰੂਪਨਪ੍ਰੀਤ ਕੌਰ ਕੈਨੇਡਾ ਨੇਵੀ ਪੁਲਿਸ 'ਚ ਹੋਈ ਭਰਤੀ



ਕਪੂਰਥਲਾ/ਏ.ਟੀ.ਨਿਊਜ਼: ਇੱਕ ਪਾਸੇ ਜਦੋਂ ਗ਼ੈਰ ਕਾਨੂੰਨੀ ਦਾਖ਼ਲੇ ਕਾਰਨ ਅਮਰੀਕਾ ਤੋਂ ਕੱਢੇ ਗਏ ਪੰਜਾਬੀਆਂ ਦੀਆਂ ਖ਼ਬਰਾਂ ਆ ਰਹੀਆਂ ਹਨ, ਉਥੇ ਕਪੂਰਥਲਾ ਜ਼ਿਲ੍ਹੇ ਦੀ ਤਹਿਸੀਲ ਸੁਲਤਾਨਪੁਰ ਲੋਧੀ ਦੇ ਪਿੰਡ ਸ਼ਤਾਬਗੜ੍ਹ ਦੀ ਰੂਪਨਪ੍ਰੀਤ ਕੌਰ ਨੇ ਕੈਨੇਡਾ ਦੀ ਨੇਵੀ ਪੁਲਿਸ 'ਚ ਚੁਣੇ ਜਾਣ 'ਤੇ ਅਪਣੇ ਮਾਪਿਆਂ ਦਾ ਮਾਣ ਵਧਾਇਆ ਹੈ ਜਿਸ ਲਈ ਪ੍ਰਵਾਰ ਨੂੰ ਚੁਫ਼ੇਰਿਉਂ ਵਧਾਈਆਂ ਮਿਲ ਰਹੀਆਂ ਹਨ।

ਦਾਦਾ ਗੱਜਣ ਸਿੰਘ ਅਤੇ ਦਾਦੀ ਬਲਵਿੰਦਰ ਕੌਰ ਦੀ ਹੋਣਹਾਰ ਪੋਤਰੀ ਰੂਪਨਪ੍ਰੀਤ ਕੌਰ ਜੋ ਕੈਨੇਡਾ ਨੇਵੀ ਪੁਲਿਸ 'ਚ ਭਰਤੀ ਹੋਈ ਹੈ, ਬਾਰੇ ਕੈਨੇਡਾ ਤੋਂ ਭਰਾ ਜਸ਼ਨ ਸਿੰਘ ਅਤੇ ਇੰਡੀਆ ਤੋਂ ਪਿਤਾ ਮਹਿੰਦਰਪਾਲ ਸਿੰਘ ਸਾਬੀ ਮਹਿਰੋਕ ਅਤੇ ਮਾਤਾ ਚਰਨਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦਸਿਆ ਕਿ ਗੁਰੂ ਨਾਨਕ ਦੇਵ ਮਾਡਲ ਸਕੂਲ, ਸ਼ਤਾਬਗੜ੍ਹ ਤੋਂ ਮੁਢਲੀ ਪੜ੍ਹਾਈ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਸੁਲਤਾਨਪੁਰ ਲੋਧੀ ਤੋਂ +2 ਪਾਸ ਕਰ ਕੇ 2018 'ਚ ਕੈਨੇਡਾ ਗਈ ਧੀ ਰਾਣੀ ਨੇ ਪਹਿਲਾਂ 'ਲੰਗਾਰਾ ਕਾਲਜ, ਸਰੀ' 'ਚ ਪੂਰੀ ਲਗਨ ਅਤੇ ਮਿਹਨਤ ਨਾਲ ਅਪਣੀ ਪੜ੍ਹਾਈ ਪੂਰੀ ਕੀਤੀ ਅਤੇ ਪੀ.ਆਰ. ਹੋਣ ਉਪਰੰਤ ਅਪਣੀ ਜੌਬ ਦੇ ਨਾਲ ਨਾਲ ਕੈਨੇਡਾ ਨੇਵੀ ਲਈ 'ਫ਼ੋਰਸ ਟੈਸਟ ਮਿਲਟਰੀ ਅਤੇ ਇਥੌਸ ਫਿਟਨੈੱਸ ਟੈਸਟ' ਦੀ ਪੜ੍ਹਾਈ ਜਾਰੀ ਰੱਖੀ ਜਿਸ ਦੇ ਫ਼ਲਸਰੂਪ ਉਹ ਅਪਣੀ 'ਕੈਨੇਡਾ ਨੇਵੀ' ਦੀ ਮੰਜ਼ਲ ਨੂੰ ਸਰ ਕਰ ਸਕੀ ਹੈ।

# ਕੈਨੇਡੀਅਨ ਪ੍ਰਧਾਨ ਮੰਤਰੀ ਬਣਨ ਦੀ ਦੌੜ 'ਚੋਂ ਬਾਹਰ ਹੋਈ ਰੂਬੀ ਢੱਲਾ

## ਪਾਰਟੀ ਨੇ 9 ਮਾਰਚ ਨੂੰ ਹੋਣ ਵਾਲੀ ਚੋਣ ਲਈ ਉਮੀਦਵਾਰੀ ਰੱਦ ਕੀਤੀ

## ਭਾਰਤੀ ਮੂਲ ਦੀ ਆਗੂ 'ਤੇ ਚੋਣ 'ਚ ਬਾਹਰੀ ਦਖ਼ਲ, ਅਣ-ਐਲਾਨੇ ਖ਼ਰਚੇ ਤੇ ਮਰਿਆਦਾ ਭੰਗ ਕਰਨ ਦੇ ਦੋਸ਼ ਲੱਗੇ

ਵੈਨਕੂਵਰ/ਏ.ਟੀ.ਨਿਊਜ਼: ਕੈਨੇਡਾ ਦੀ ਸੱਤਾਧਾਰੀ ਲਿਬਰਲ ਪਾਰਟੀ ਦੇ ਨਵੇਂ ਆਗੂ ਦੀ 9 ਮਾਰਚ ਨੂੰ ਹੋਣ ਵਾਲੀ ਚੋਣ ਲਈ ਪਾਰਟੀ ਹਾਈ ਕਮਾਂਡ ਨੇ ਪੰਜਾਬੀ ਮੂਲ ਦੀ ਸਾਬਕਾ ਸੰਸਦ ਮੈਂਬਰ ਰੂਬੀ ਢੱਲਾ ਦੀ ਉਮੀਦਵਾਰੀ ਖਾਰਜ ਕਰ ਦਿੱਤੀ ਹੈ। ਇਸ ਤਰ੍ਹਾਂ ਰੂਬੀ ਢੱਲਾ ਕੈਨੇਡੀਅਨ ਪ੍ਰਧਾਨ ਮੰਤਰੀ ਬਣਨ ਦੀ ਦੌੜ 'ਚੋਂ ਬਾਹਰ ਹੋ ਗਈ ਹੈ। ਰੂਬੀ ਢੱਲਾ ਉੱਤੇ ਅਣਐਲਾਨੇ ਤੇ ਬੇਹਿਸਾਬੇ ਖਰਚੇ ਕਰਨ, ਸ਼ੱਕੀ ਚੋਣ ਫੰਡ, ਬਾਹਰੀ ਹਮਾਇਤ ਅਤੇ ਪਾਰਟੀ ਵੱਲੋਂ ਨਿਰਧਾਰਤ ਚੋਣ ਮਰਿਆਦਾਵਾਂ ਭੰਗ ਕਰਨ ਦੇ ਦੋਸ਼ ਲਗਾਏ ਗਏ ਹਨ। ਰੂਬੀ ਢੱਲਾ ਨੂੰ ਦੌੜ 'ਚੋਂ ਬਾਹਰ ਕੀਤੇ ਜਾਣ ਮਗਰੋਂ ਹੁਣ ਪਾਰਟੀ ਆਗੂ ਦੀ ਦੌੜ ਵਿੱਚ ਚਾਰ ਉਮੀਦਵਾਰ ਮੈਦਾਨ ਵਿੱਚ ਰਹਿ ਗਏ ਹਨ, ਜਿਨ੍ਹਾਂ ਦੀ ਜਨਤਕ ਬਹਿਸ 24 ਤੇ 25 ਫਰਵਰੀ ਨੂੰ ਮੌਂਟਰੀਅਲ ਵਿੱਚ ਅੰਗਰੇਜ਼ੀ ਅਤੇ ਫਰਾਂਸੀਸੀ ਭਾਸ਼ਾ ਵਿੱਚ ਹੋਵੇਗੀ।

ਕਈ ਸਾਲਾਂ ਤੋਂ ਸਿਆਸਤ 'ਚੋਂ ਲਾਂਭੇ ਹੋ ਕੇ ਆਪਣੇ ਵਪਾਰਕ ਅਦਾਰੇ ਸੰਭਾਲ ਰਹੀ ਰੂਬੀ ਅਚਾਨਕ ਮੁੜ ਸਿਆਸਤ ਵਿੱਚ ਕੁੱਦਣ ਅਤੇ ਪਾਰਟੀ ਦੀ ਸਿਖਰਲੀ ਚੋਣ 'ਚ ਉਮੀਦਵਾਰੀ ਜਤਾਉਣ ਕਰਕੇ ਸ਼ੁਰੂਆਤ ਤੋਂ ਹੀ ਸਵਾਲਾਂ ਵਿੱਚ ਘਿਰ ਗਈ ਸੀ, ਜਿਨ੍ਹਾਂ ਦੀ ਪਾਰਟੀ ਜਾਂਚ ਕਰ ਰਹੀ ਸੀ। ਪਾਰਟੀ ਨੇ ਪਿਛਲੇ ਦਿਨੀਂ ਉਸ ਨੂੰ 27 ਸਵਾਲਾਂ ਦੀ ਸੂਚੀ ਭੇਜ ਕੇ ਜਵਾਬ ਮੰਗਿਆ ਸੀ। ਇਹ ਤਾਂ ਪਤਾ ਨਹੀਂ ਲੱਗਾ ਕਿ ਉਸ ਨੇ ਕੋਈ ਜਵਾਬ ਦਿੱਤਾ ਜਾਂ ਨਹੀਂ, ਪਰ ਪਾਰਟੀ ਨੇ ਉਸ ਦੀ ਉਮੀਦਵਾਰੀ ਖਾਰਜ ਕਰਨ ਦਾ ਐਲਾਨ ਕਰ ਦਿੱਤਾ ਹੈ।

ਰੂਬੀ ਢੱਲਾ ਨੇ ਪਾਰਟੀ ਦੇ ਇਸ ਫੈਸਲੇ 'ਤੇ ਆਪਣੀ ਪ੍ਰਤੀਕਿਰਿਆ ਵਿੱਚ ਐਕਸ 'ਤੇ ਪੋਸਟ ਪਾ ਕੇ ਹੈਰਾਨੀ ਪ੍ਰਗਟਾਈ ਹੈ। ਢੱਲਾ ਨੇ ਕਿਹਾ ਕਿ ਉਸ ਨੂੰ ਇਸ ਬਾਰੇ ਸੂਚਿਤ ਕਰਨ ਦੀ ਥਾਂ ਪਾਰਟੀ ਹਾਈ ਕਮਾਂਡ ਨੇ ਇਹ ਗੱਲ ਮੀਡੀਆ ਨੂੰ ਲੀਕ ਕਿਵੇਂ ਕਰ ਦਿੱਤੀ ? ਉਸ ਨੇ ਕਿਹਾ ਕਿ ਉਸ 'ਤੇ ਲੱਗੇ ਦੋਸ਼ਾਂ 'ਚੋਂ ਕੋਈ ਵੀ ਸੱਚਾ ਨਹੀਂ ਸੀ, ਜਿਸ ਬਾਰੇ ਉਸ ਨੇ ਪਾਰਟੀ ਨੂੰ ਦੱਸ ਦਿੱਤਾ ਸੀ। ਰੂਬੀ ਨੇ ਕਿਹਾ ਕਿ ਉਸ 'ਤੇ ਲੱਗੇ ਸਾਰੇ ਦੋਸ਼ ਬੇਬੁਨਿਆਦ ਹਨ। ਉਸ ਨੇ ਖਦਸ਼ਾ ਜਤਾਇਆ ਕਿ ਵਿਦੇਸ਼ੀ ਮੂਲ ਦੀ ਹੋਣ ਕਰਕੇ ਉਸ ਦੀ ਉਮੀਦਵਾਰੀ ਨਕਾਰੀ ਗਈ ਹੈ।

ਰੂਬੀ ਨੇ ਇਸ ਗੱਲ 'ਤੇ ਵਿਸ਼ੇਸ ਜ਼ੋਰ ਦਿੱਤਾ ਕਿ ਪਾਰਟੀ ਨੇ ਬੈਂਕ ਆਫ



ਕੈਨੇਡਾ ਦੇ ਸਾਬਕਾ ਗਵਰਨਰ ਮਾਰਕ ਕਾਰਨੀ ਨੂੰ ਲੀਡਰ ਬਣਾਉਣ ਲਈ ਉਸ ਨੂੰ ਮੁਕਾਬਲੇ 'ਚੋਂ ਬਾਹਰ ਕੀਤਾ ਹੈ। ਰੂਬੀ ਨੇ ਕਿਹਾ ਕਿ ਉਸ ਦੀ ਸੋਚ ਪ੍ਰਗਤੀਵਾਦੀ ਹੈ, ਪਰ ਪਾਰਟੀ ਨਹੀਂ ਚਾਹੁੰਦੀ ਕਿ ਅਜਿਹੀ ਸੋਚ ਵਾਲਾ ਕੋਈ ਵਿਅਕਤੀ ਪਾਰਟੀ ਲੀਡਰ ਬਣ ਕੇ ਦੇਸ਼ ਵਿੱਚ ਪ੍ਰਗਤੀਵਾਦੀ ਲਹਿਰ ਖੜੀ ਕਰੇ। ਉਸ ਨੇ ਕਿਹਾ ਕਿ 24 ਫਰਵਰੀ ਨੂੰ ਮੌਂਟਰੀਅਲ ਵਿੱਚ ਉਮੀਦਵਾਰਾਂ ਦੀ ਹੋਣ ਵਾਲੀ ਬਹਿਸ ਵਿੱਚ ਉਸ ਵੱਲੋਂ ਅਜਿਹੇ ਵਿਚਾਰ ਪ੍ਰਗਟਾਏ ਜਾਣ ਦੇ ਖਦਸ਼ਿਆਂ ਕਾਰਨ ਪਾਰਟੀ ਵੱਲੋਂ ਉਸ ਨੂੰ ਚੋਣ 'ਚੋਂ ਲਾਂਭੇ ਕੀਤਾ ਗਿਆ ਹੈ। ਰੂਬੀ ਨੇ ਕਿਹਾ ਕਿ ਉਹ ਪਾਰਟੀ ਆਗੂ ਦੀ ਦੌੜ 'ਚੋਂ ਬਾਹਰ ਕੀਤੇ ਜਾਣ ਦੇ ਬਾਵਜੂਦ ਉਹ ਦੇਸ਼ ਦੀ ਬਿਹਤਰੀ ਤੇ ਚੰਗੇ ਭਵਿੱਖ ਲਈ ਕੰਮ ਕਰਦੀ ਰਹੇਗੀ। ਉਧਰ ਲਿਬਰਲ ਪਾਰਟੀ ਨੇ ਕਿਹਾ ਕਿ ਲੀਡਰਸ਼ਿਪ ਖਰਚਿਆਂ ਬਾਰੇ 10 ਮੈਂਬਰੀ ਕਮੇਟੀ ਦੀ ਰਿਪੋਰਟ ਸਮੇਤ ਚੋਣ ਪ੍ਰੀਕਿਰਿਆ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਅਤੇ ਬਾਹਰੀ ਲੋਕਾਂ ਦੀ ਹਮਾਇਤ ਜੁਟਾਉਣ ਸਮੇਤ 10 ਬੇਨੇਮੀਆਂ ਕਰਕੇ ਰੂਬੀ ਢੱਲਾ ਦੀ ਉਮੀਦਵਾਰੀ ਰੱਦ ਕੀਤੀ ਗਈ ਹੈ। ਹੁਣ ਪਾਰਟੀ ਆਗੂ ਦੀ ਦੌੜ ਵਿੱਚ ਚਾਰ ਉਮੀਦਵਾਰ ਮੈਦਾਨ 'ਚ ਰਹਿ ਗਏ ਹਨ, ਜਿਨ੍ਹਾਂ ਦੀ ਜਨਤਕ ਬਹਿਸ 24 ਤੇ 25 ਫਰਵਰੀ ਨੂੰ ਮੌਂਟਰੀਅਲ ਵਿੱਚ ਅੰਗਰੇਜ਼ੀ ਅਤੇ ਫਰਾਂਸੀਸੀ ਭਾਸ਼ਾ ਵਿੱਚ ਕਰਵਾਈ ਜਾਣੀ ਹੈ।

# ਇਟਲੀ 'ਚ ਸਿਮਰਤ ਕੌਰ ਨੇ ਜਿੱਤਿਆ 'ਪੱਤਰ' ਮੁਕਾਬਲਾ

ਕਰੇਮੋਨਾ/ਏ.ਟੀ.ਨਿਊਜ਼: ਪ੍ਰਸਿੱਧ ਰਾਜਨੀਤਕ, ਅਰਥ ਸ਼ਾਸ਼ਤਰ ਅਤੇ ਇਟਲੀ ਦੇ ਦੂਸਰੇ ਰਾਸ਼ਟਰਪਤੀ ਲੁਈਜੀ ਈਨਾਉਦੀ ਨੇ 1948 ਤੋਂ 1955 ਤੱਕ ਇਟਲੀ ਦੇ ਦੂਜੇ ਰਾਸ਼ਟਰਪਤੀ ਵਜੋਂ ਸੇਵਾ ਨਿਭਾਈ ਹੈ। ਇਤਾਲਵੀ ਗਣਰਾਜ ਦੇ ਸੰਸਥਾਪਕਾਂ 'ਚੋਂ ਇਕ ਮੰਨੇ ਜਾਂਦੇ ਲੁਈਜੀ ਈਨਾਉਦੀ ਦੇ 150ਵੇਂ ਜਨਮ ਦਿਨ ਮੌਕੇ ਇਟਲੀ ਸਰਕਾਰ ਨੇ ਉਨ੍ਹਾਂ ਨੂੰ ਯਾਦ ਕਰਦਿਆਂ ਵੱਖ-ਵੱਖ ਸਕੂਲਾਂ ਦੇ ਬੱਚਿਆਂ ਦੀ 'ਪੱਤਰ' ਨਾਂਅ ਦੀ ਵਿਸ਼ੇਸ਼ ਪ੍ਰਤੀਯੋਗਤਾ ਕਰਵਾਈ, ਜਿਸ 'ਚ ਸਭ ਬੱਚਿਆਂ ਨੂੰ ਪਛਾੜਦਿਆਂ ਗੁਰਸਿੱਖ ਲੜਕੀ ਸਿਮਰਤ ਕੌਰ ਨੇ ਇਹ ਮੁਕਾਬਲਾ ਜਿੱਤ ਕੇ ਸਿੱਖ ਭਾਈਚਾਰੇ ਦਾ ਨਾਂਅ ਰੌਸ਼ਨ ਕੀਤਾ ਹੈ। ਮਿਲੀ



ਜਾਣਕਾਰੀ ਅਨੁਸਾਰ 18 ਸਾਲਾ ਸਿਮਰਤ ਕੌਰ ਨੇ ਰਾਸ਼ਟਰਪਤੀ ਲੁਈਜੀ ਈਨਾਉਦੀ ਦੀ ਜੀਵਨੀ 'ਤੇ ਲੇਖ ਲਿਖਿਆ, ਜਿਸ ਨੂੰ ਪੂਰੀ ਇਟਲੀ 'ਚ ਪਹਿਲਾ ਸਥਾਨ ਪ੍ਰਾਪਤ ਹੋਇਆ। ਸਿਮਰਤ ਕੌਰ ਕਰੇਮੋਨਾ ਦੇ ਸਕੂਲ 'ਚ ਗ੍ਰਾਫਿਕ ਅਤੇ ਕਮਿਊਨੀਕੇਸ਼ਨ ਦੀ ਪੜ੍ਹਾਈ ਕਰ ਰਹੀ ਹੈ। ਉਸ ਦੇ ਇਸ ਕਮਾਲ ਨੇ ਜਿਥੇ ਇਟਲੀ ਵਾਸੀਆਂ ਨੂੰ ਹੈਰਾਨ ਕਰ ਦਿੱਤਾ ਹੈ, ਉਥੇ ਹੀ ਸਿੱਖ ਅਤੇ ਭਾਰਤੀ ਭਾਈਚਾਰਾ ਬੇਹੱਦ ਮਾਣ ਮਹਿਸੂਸ ਕਰ ਰਿਹਾ ਹੈ। ਗੱਲਬਾਤ ਕਰਦਿਆਂ ਸਿਮਰਤ ਕੌਰ ਦੇ ਪਿਤਾ ਪਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਸਾਰੇ ਪਰਿਵਾਰ ਨਾਲ ਇਟਲੀ ਦੇ ਕਰੇਮੋਨਾ ਜ਼ਿਲ੍ਹੇ ਦੇ ਰਵੇਕੋ ਦੀ ਓਲੀਓ ਵਿਖੇ ਰਹਿੰਦੇ ਹਨ।

# ਖ਼ਤਰਨਾਕ ਬਿਮਾਰੀਆਂ ਕਾਰਨ ਪੰਜਾਬ ’ਚ ਕਾਰਪੋਰੇਟਾਂ ਦੇ ਫ਼ਾਈਵ ਸਟਾਰ ਹਸਪਤਾਲ ਵਧੇ

## ਪੰਜਾਬ ਦੀ ਨਵੀਂ ‘ਹੈਲਥ ਹੱਬ’ ਬਣਿਆ ਬਠਿੰਡਾ

## ਲੋਕਾਂ ਦੇ ਘਰ ਖ਼ਾਲੀ ਕਰ ਰਹੀ ਹੈ ਕਾਲਾ ਪੀਲੀਆ ਅਤੇ ਕੈਂਸਰ ਦੀ ਬਿਮਾਰੀ








ਕਾਰਪੋਰੇਟਾਂ ਦੇ ਪੰਜ ਤਾਰਾ ਹਸਪਤਾਲ ਵਧੇ ਹਨ, ਜੋ ਗਵਾਹ ਹਨ ਕਿ ਬਿਮਾਰੀ ਨੇ ਪੰਜਾਬ ਨੂੰ ਘੇਰ ਲਿਆ ਹੈ। ਫ਼ਾਰਮਾ ਕੰਪਨੀਆਂ ਦਾ ਪੰਜਾਬ ਤੋਂ ਬਾਹਰ ਅਤੇ ਦਵਾਈ ਦੀ ਖਪਤ ਦਾ ਪੰਜਾਬ ’ਚ ਰੋਜ਼ਾਨਾ ਔਸਤਨ 177.53 ਕਰੋੜ ਦਾ ਕਾਰੋਬਾਰ ਹੈ। ਪ੍ਰਾਈਵੇਟ ਫ਼ਾਰਮਾ ਸਨਅਤ ਦਾ ਇਕੱਲੇ ਸਾਲ 2023-24 ’ਚ 64,801.06 ਕਰੋੜ ਰੁਪਏ ਦਾ ਕਾਰੋਬਾਰ ਰਿਹਾ ਹੈ ਜਿਸ ਵਿੱਚ ਪੰਜਾਬ ਤੋਂ ਬਾਹਰ ਗਈ ਮੈਡੀਸਨ ਵੀ ਸ਼ਾਮਲ ਹੈ। ਇਸ ਦੇ ਵੱਡੇ ਹਿੱਸੇ ਦੀ ਖਪਤ ਪੰਜਾਬ ਵਿੱਚ ਰਹੀ ਹੈ।

ਪੰਜਾਬ ’ਚ ਫ਼ਾਰਮਾ ਕਾਰੋਬਾਰ ਸਾਲ 2017-18 ਤੋਂ ਸਾਲ 2023-24 ਤੱਕ 3,23,764 ਕਰੋੜ ਦਾ ਰਿਹਾ ਹੈ। ਕਰੀਬ 50 ਫ਼ੀਸਦੀ ਹਿੱਸੇਦਾਰੀ ਇਕੱਲੇ ਜ਼ਿਲ੍ਹਾ ਮੋਹਾਲੀ ਦੀ ਹੈ ਜਿੱਥੇ ਇੱਕੋ ਜ਼ਿਲ੍ਹੇ ਵਿੱਚ ਮੈਡੀਸਨ ਤੇ ਫ਼ਾਰਮਾ ਕਾਰੋਬਾਰ 1,59,548.14 ਕਰੋੜ ਦਾ ਰਿਹਾ ਹੈ। ਬਠਿੰਡਾ ਪੰਜਾਬ ਦੀ ਨਵੀਂ ਹੈਲਥ ਹੱਬ ਬਣ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਅਨੁਸਾਰ ਭਾਰਤ ਵਿੱਚ ਆਮ ਲੋਕ ਆਪਣੇ ਇਲਾਜ ਲਈ 70 ਫ਼ੀਸਦੀ ਖ਼ਰਚੇ ਪੱਲਿਓਂ ਕਰਦੇ ਹਨ। ਪੰਜਾਬ ਵਿੱਚ ਇਸ ਵੇਲੇ 57,640 ਰਜਿਸਟਰਡ ਫ਼ਾਰਮਾਸਿਸਟ ਹਨ ਜਦਕਿ ਪ੍ਰਚੂਨ ਤੇ ਥੋਕ ਦੇ 34,276 ਲਾਇਸੈਂਸੀ ਹਨ। ਵੇਰਵਿਆਂ ਅਨੁਸਾਰ ਪੰਜਾਬ ਵਿੱਚ ਮੈਡੀਸਨ ਤੇ ਫ਼ਾਰਮਾਸਿਊਟੀਕਲ ਕਾਰੋਬਾਰ ਸਾਲ 2017-18 ’ਚ 20,116.90 ਕਰੋੜ ਸੀ ਜੋ ਸਾਲ 2023-24 ਵਿਚ ਵੱਧ ਕੇ 64,801.06 ਕਰੋੜ ਦਾ ਹੋ ਗਿਆ ਹੈ। ਉਪਰੋਕਤ ਤੋਂ ਇਲਾਵਾ ਪੰਜਾਬ ਵਿੱਚ ਮੈਡੀਕਲ ਕਾਸਮੈਟਿਕ ਟਰੀਟਮੈਂਟ/ਹੇਅਰ ਟਰਾਂਸਪਲਾਂਟ ’ਤੇ ਸਾਲ 2017-18 ਤੋਂ ਸਾਲ 2023-24 ਦੌਰਾਨ 5699.45 ਕਰੋੜ ਦਾ ਕਾਰੋਬਾਰ ਹੋਇਆ ਹੈ ਅਤੇ ਇਸ ਸਮੇਂ ਦੌਰਾਨ ਮਰੀਜ਼ਾਂ ਨੇ ਸਰਜੀਕਲ ਉਤਪਾਦਾਂ, ਟੈਸਟਾਂ ਅਤੇ ਐਕਸ-ਰੇਅ ਆਦਿ ’ਤੇ 1145.72 ਕਰੋੜ ਵੱਖਰੇ ਖ਼ਰਚੇ ਹਨ। ਇਨ੍ਹਾਂ ਸੱਤ ਵਰ੍ਹਿਆਂ ਵਿੱਚ ਪੰਜਾਬ ਦੇ ਲੋਕਾਂ ਨੇ 1301.31 ਕਰੋੜ ਦਾ ਖਰਚਾ ਨਜ਼ਰ ਵਾਲੀਆਂ ਐਨਕਾਂ ਅਤੇ ਬਰਾਂਡਿਡ ਐਨਕਾਂ ’ਤੇ ਖ਼ਰਚ ਕੀਤੇ ਹਨ। ਇਨ੍ਹਾਂ ਸਾਲਾਂ ’ਚ ਹੀ ਮੈਡੀਕਲ ਸੇਵਾਵਾਂ ਤੇ ਹਸਪਤਾਲਾਂ ਦਾ ਕਾਰੋਬਾਰ 15254.95 ਕਰੋੜ ਦਾ ਵੱਖਰਾ ਰਿਹਾ ਹੈ। ਜ਼ਿਲ੍ਹਿਆਂ ’ਤੇ ਨਜ਼ਰ ਮਾਰਦੇ ਹਾਂ ਤਾਂ ਬਠਿੰਡਾ ਜ਼ਿਲ੍ਹੇ ਵਿੱਚ ਸੱਤ ਸਾਲਾਂ ’ਚ ਦਵਾਈਆਂ ਦਾ ਕਾਰੋਬਾਰ 9045.74 ਕਰੋੜ ਰਿਹਾ ਹੈ ਜਦਕਿ ਪਟਿਆਲਾ ਜ਼ਿਲ੍ਹੇ ’ਚ 19063.17 ਕਰੋੜ ਦਾ ਰਿਹਾ ਹੈ। ਇਵੇਂ ਮਾਨਸਾ ਜ਼ਿਲ੍ਹੇ ਵਿੱਚ 1076.42 ਕਰੋੜ ਦਾ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 3928.32 ਕਰੋੜ ਦਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਕੁਝ ਅਰਸਾ ਪਹਿਲਾਂ ਜੈਨੇਰਿਕ ਦਵਾਈਆਂ ’ਤੇ ਅਧਾਰਿਤ ਜਨ ਔਸ਼ਧੀ ਕੇਂਦਰ ਖੋਲ੍ਹੇ ਗਏ ਹਨ ਅਤੇ ਆਯੂਸ਼ਮਾਨ ਭਾਰਤ ਸਕੀਮ ਤਹਿਤ ਲੋਕਾਂ ਨੂੰ ਇਲਾਜ ਦੀ ਸਹੂਲਤ ਦਿੱਤੀ ਗਈ ਹੈ। ਪੰਜਾਬ ’ਚ ਆਮ ਆਦਮੀ ਲਈ ਟੈਸਟਾਂ ਦਾ ਖਰਚਾ ਝੱਲਣਾ ਮੁਸ਼ਕਿਲ ਹੈ, ਇਲਾਜ ਦਾ ਖਰਚਾ ਤਾਂ ਦੂਰ ਦੀ ਗੱਲ ਹੈ। ‘ਆਪ’ ਸਰਕਾਰ ਨੇ ਆਮ ਆਦਮੀ ਕਲੀਨਿਕ ਖੋਲ੍ਹੇ ਹਨ ਜਿਨ੍ਹਾਂ ’ਚ ਟੈਸਟ ਮੁਫ਼ਤ ਹਨ ਤੇ ਦਵਾਈਆਂ ਵੀ ਜਿਸ ਨਾਲ ਗ਼ਰੀਬ ਲੋਕਾਂ ਦੇ ਜ਼ਖ਼ਮਾਂ ’ਤੇ ਥੋੜ੍ਹੀ ਮਲ੍ਹਮ ਲੱਗੀ ਹੈ। ਕਾਲਾ ਪੀਲੀਆ ਅਤੇ ਕੈਂਸਰ ਦੀ ਬਿਮਾਰੀ ਲੋਕਾਂ ਦੇ ਘਰ ਖ਼ਾਲੀ ਕਰ ਰਹੀ ਹੈ। ਕੌਮੀ ਸਿਹਤ ਨੀਤੀ 2017 ਅਨੁਸਾਰ ਸੂਬਿਆਂ ਨੂੰ ਬਜਟ ਦਾ ਅੱਠ ਫ਼ੀਸਦੀ ਹਿੱਸਾ ਸਿਹਤ ਖੇਤਰ ਲਈ ਰਾਖਵਾਂ ਰੱਖਣਾ ਚਾਹੀਦਾ ਹੈ ਜਦਕਿ ਪੰਜਾਬ ਦੇ ਬਜਟ ਖ਼ਰਚ ਦਾ 4.6 ਫ਼ੀਸਦੀ ਬਜਟ ਚਾਲੂ ਵਿੱਤੀ ਦੌਰਾਨ ਸਿਹਤ ਲਈ ਰੱਖਿਆ ਗਿਆ ਹੈ।

**ਸਰਕਾਰੀ ਖ਼ਰੀਦ ’ਤੇ 718 ਕਰੋੜ ਦਾ ਖ਼ਰਚ**

ਪੰਜਾਬ ਸਰਕਾਰ ਨੇ ਸਾਲ 2020-21 ਤੋਂ ਨਵੰਬਰ 2024 (ਪੌਣੇ ਪੰਜ ਸਾਲ) ਤੱਕ ਸਰਕਾਰੀ ਸਿਹਤ ਕੇਂਦਰਾਂ ਲਈ 718.67 ਕਰੋੜ ਰੁਪਏ ਇਕੱਲੀ ਮੈਡੀਸਨ ਦੀ ਖ਼ਰੀਦ ’ਤੇ ਖ਼ਰਚ ਕੀਤੇ ਹਨ। ਚਾਲੂ ਵਿੱਤੀ ਸਾਲ ’ਚ 123.53 ਕਰੋੜ ਤੇ ਸਾਲ 2023-24 ’ਚ 191.37 ਕਰੋੜ ਦੀ ਦਵਾਈ ਸਰਕਾਰ ਨੇ ਖ਼ਰੀਦੀ ਸੀ।

(ਬਾਕੀ ਸਫ਼ਾ 30 ’ਤੇ)

## ਪੰਜਾਬ ਦਾ ਸਿਹਤ ਢਾਂਚਾ ਨਿਘਰਿਆ

ਕੌਮੀ ਪੱਧਰ ਦੀ ਵਿਉਂਤਬੰਦੀ ਹੇਠ ਪੰਜਾਬ ਕੋਲ 2900 ਸਬ ਸੈਂਟਰ ਹਨ ਜਿਨ੍ਹਾਂ ਨੂੰ ਹੁਣ ਵੈਲਨੈੱਸ ਸੈਂਟਰ ਦਾ ਨਾਂ ਦਿੱਤਾ ਜਾ ਰਿਹਾ ਹੈ। ਮੁੱਢਲੇ ਸਿਹਤ ਕੇਂਦਰਾਂ ਦੀ ਗਿਣਤੀ 233 ਅਤੇ ਸਮੂਹਿਕ ਸਿਹਤ ਕੇਂਦਰਾਂ ਦੀ ਗਿਣਤੀ 139 ਹੈ। ਜ਼ਿਲ੍ਹਾ ਅਤੇ ਤਹਿਸੀਲ ਪੱਧਰੀ ਹਸਪਤਾਲ 64 ਹਨ ਅਤੇ ਚਾਰ ਸਰਕਾਰੀ ਮੈਡੀਕਲ ਕਾਲਜ ਹਨ। ਇਹ ਤਸੱਲੀਬਖ਼ਸ਼ ਤਸਵੀਰ ਜਾਪਦੀ ਹੈ ਪਰ ਇਮਾਰਤ ਤੋਂ ਵੱਧ ਜ਼ਰੂਰੀ ਹੁੰਦਾ ਹੈ ਡਾਕਟਰ, ਨਰਸ, ਸਾਜ਼ੋ-ਸਮਾਨ, ਦਵਾਈਆਂ ਆਦਿ। ਇਹ ਕਹਿਣ ਵਿਚ ਕੋਈ ਹਰਜ ਨਹੀਂ ਕਿ ਬਹੁਤੀਆਂ ਸੰਸਥਾਵਾਂ, ਪਿੰਡ ਤੋਂ ਲੈ ਕੇ ਮੈਡੀਕਲ ਕਾਲਜ ਤੱਕ, ਸਹੂਲਤਾਂ ਪੱਖੋਂ ਸੰਪੂਰਨ ਨਹੀਂ ਹਨ।

ਜ਼ਾਹਿਰ ਹੈ ਕਿ ਆਮ ਲੋਕਾਂ ਤੋਂ ਜਨਤਕ ਸਿਹਤ ਸਹੂਲਤਾਂ ਦੂਰ ਜਾ ਰਹੀਆਂ ਹਨ ਤੇ ਲੋਕ ਪ੍ਰਾਈਵੇਟ ਖੇਤਰ ਦੀਆਂ ਮਹਿੰਗੀਆਂ ਸਿਹਤ ਸਹੂਲਤਾਂ ਲੈਣ ਲਈ ਮਜਬੂਰ ਹਨ ਜਿਸ ਕਾਰਨ ਕਰਜ਼ਿਆਂ ਦਾ ਬੋਝ ਵਧਣਾ ਲਾਜ਼ਮੀ ਹੈ। ਅਸਲ ਵਿੱਚ, ਅਜੋਕੀ ਸਿਹਤ ਨੀਤੀ ਬਾਰੇ ਸਰਕਾਰਾਂ ਨੂੰ ਤਬਦੀਲੀ ਦੀ ਦਿਸ਼ਾ ਵੱਲ ਕਦਮ ਵਧਾਉਣਾ ਚਾਹੀਦਾ ਹੈ।

## ਅਸਲ ਹਾਲਾਤ ਕੀ ਨੇ ?

ਅਨੇਕਾਂ ਪੱਖਾਂ ਤੋਂ ਮੋਹਰੀ ਰਹਿਣ ਵਾਲਾ ਪੰਜਾਬ ਅੱਜ ਤਾਮਿਲ, ਕੇਰਲ, ਕਰਨਾਟਕ, ਤਿਲੰਗਾਨਾ ਆਦਿ ਰਾਜਾਂ ਤੋਂ ਪਿੱਛੇ ਪੈ ਗਿਆ ਹੈ। ਇਸ ਦਾ ਕਾਰਨ ਇਹ ਨਹੀਂ ਹੈ ਕਿ ਇਹ ਰਾਜ ਪੰਜਾਬ ਤੋਂ ਵੱਧ ਅਮੀਰ ਹੋ ਗਏ ਹਨ ਤੇ ਨਿੱਤ ਨਵੀਆਂ ਤਕਨੀਕਾਂ ਰਾਹੀਂ ਰਾਜਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ। ਜਦੋਂ ਸਿਹਤ ਸਿਆਸੀ ਜ਼ਿੰਮੇਵਾਰੀ ਬਣਦੀ ਹੈ ਤਾਂ ਇਹ ਸੱਤਾ ਵਿੱਚ ਬੈਠੀ ਸਰਕਾਰ ’ਤੇ ਨਿਰਭਰ ਕਰਦਾ ਹੈ। ਸਰਕਾਰਾਂ ਆਪਣੇ ਲੋਕਾਂ ਪ੍ਰਤੀ ਕਿੰਨੀਆਂ ਫ਼ਿਕਰਮੰਦ ਹਨ, ਇਹ ਤੈਅ ਕਰਦਾ ਹੈ ਕਿ ਵਿਵਸਥਾ ਕਿਸ ਤਰ੍ਹਾਂ ਦੀ ਹੈ ਜਾਂ ਹੋਵੇਗੀ।

ਇਸ ਹਾਲਤ ਦਾ ਜਾਇਜ਼ਾ ਇਸ ਪੱਖ ਤੋਂ ਲਾਇਆ ਜਾ ਸਕਦਾ ਹੈ ਕਿ ਆਜ਼ਾਦੀ ਮਗਰੋਂ ਸ਼ੁਰੂ ਤੋਂ ਹੀ ਕੇਂਦਰ ਨੇ ਸਿਹਤ ਨੂੰ ਕਦੇ ਵੀ ਪਹਿਲਕਦਮੀ ਵਾਲਾ ਮੁੱਦਾ ਨਹੀਂ ਸਮਝਿਆ। ਕਈ ਸਿਹਤ ਪ੍ਰੋਗਰਾਮ ਭਾਵੇਂ ਚੱਲ ਰਹੇ ਹਨ ਪਰ ਇਸ ਦੀ ਝਲਕ ਸਿਹਤ ਬਜਟ ਤੋਂ ਦੇਖੀ ਜਾ ਸਕਦੀ ਹੈ ਜੋ ਕਦੇ ਵੀ ਦੋ ਫ਼ੀਸਦੀ (2%) ਵੀ ਨਹੀਂ ਹੋਇਆ ਜਦੋਂ ਕਿ ਸੰਸਾਰ ਸਿਹਤ ਸੰਸਥਾ ਦੇ ਮਾਪਦੰਡਾਂ ਅਨੁਸਾਰ ਇਹ ਘੱਟੋ-ਘੱਟ ਛੇ ਫ਼ੀਸਦੀ ਹੋਣਾ ਚਾਹੀਦਾ ਹੈ। ਭਾਰਤ ਦੀ 62 ਫ਼ੀਸਦੀ ਆਬਾਦੀ ਸਿਹਤ ਦੇ ਪੱਖ ਤੋਂ ਆਪਣੀ ਜੇਬ ਵਿਚੋਂ ਪੈਸੇ ਖਰਚ ਕਰਦੀ ਹੈ ਅਤੇ ਇਸ ਕਾਰਜ ਲਈ ਕਰਜ਼ਾ ਵੀ ਲੈਂਦੀ ਹੈ। ਪੰਜਾਬ ਵਿੱਚ ਹਾਲਾਤ ਇਸ ਤੋਂ ਵੀ ਅੱਗੇ ਹਨ ਜਿੱਥੇ 75% ਲੋਕ ਆਪਣੇ ਸਿਹਤ ਮਾਮਲਿਆਂ ਲਈ ਜੇਬੋਂ ਪੈਸੇ ਖਰਚ ਕਰਦੇ ਹਨ। ਇਸ ਦੇ ਮੱਦੇ-ਨਜ਼ਰ ਸਰਕਾਰੀ ਸਿਹਤ ਸੰਸਥਾਵਾਂ ਅਤੇ ਪ੍ਰਾਈਵੇਟ ਸਿਹਤ ਅਦਾਰਿਆਂ ਦੀ ਗੱਲ ਕਰੀਏ ਤਾਂ 85 ਫ਼ੀਸਦੀ ਰੋਜ਼ਾਨਾ ਓਪੀਡੀ ਅਤੇ 45 ਫ਼ੀਸਦੀ ਦਾਖ਼ਲੇ ਲਈ ਪ੍ਰਾਈਵੇਟ ਸਿਹਤ ਸੰਸਥਾਵਾਂ ਕੋਲ ਜਾਂਦੇ ਹਨ।ਪੰਜਾਬ ਦਾ ਇੱਕ ਹੋਰ ਪਹਿਲੂ ਹੈ। ਇੱਥੇ ਮੁੱਢਲੀਆਂ ਪੇਂਡੂ ਸਿਹਤ ਸੇਵਾਵਾਂ ਲਈ ਪੰਚਾਇਤੀ ਰਾਜ ਪ੍ਰਬੰਧ ਜ਼ਿੰਮੇਵਾਰ ਹੈ। ਮੁੱਢਲੇ ਸਿਹਤ ਕੇਂਦਰ ਅਤੇ ਕਾਫ਼ੀ ਜ਼ਿਲ੍ਹਾ ਹਸਪਤਾਲ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਚਲਾਉਂਦੀ ਹੈ ਤੇ ਕੁਝ ਸਿਹਤ ਸੰਸਥਾਵਾਂ ਸਿਹਤ ਸੇਵਾਵਾਂ ਮਹਿਕਮਾ। ਤੀਸਰੇ ਪੱਧਰ ਦੀਆਂ ਸਿਹਤ ਸੇਵਾਵਾਂ, ਮੈਡੀਕਲ ਕਾਲਜ ਪੱਧਰੀ ਸੇਵਾਵਾਂ ਦਾ ਵਿਭਾਗ ਵੱਖਰਾ ਹੈ। ਕੰਮ ਵੰਡ ਵਧੀਆ ਗੱਲ ਹੁੰਦੀ ਹੈ ਪਰ ਤਾਲਮੇਲ ਦੀ ਘਾਟ ਉਸ ਮਕਸਦ ਨੂੰ ਪੂਰਾ ਨਹੀਂ ਕਰਦੇ ਜਾਂ ਬਹੁਤੀ ਵਾਰੀ ਅੜਿੱਕਾ ਬਣਦੇ ਹਨ।

# ਪੰਜਾਬ ’ਚ ਕਣਕ ਜ਼ਹਿਰੀਲੀ ਪੈਦਾ ਹੋਣ ਲੱਗੀ ?

## ਕੁਝ ਕਿਸਾਨਾਂ ਨੇ ਆਪਣੇ ਘਰਾਂ ’ਚ ਖਾਣ ਲਈ ਜ਼ਹਿਰ ਮੁਕਤ ਕਣਕ ਦੀ ਬਿਜਾਈ ਕੀਤੀ



## ਪੰਜਾਬੀ ਦੂਜੇ ਸੂਬਿਆਂ ਦੀ ਕਣਕ ਦੀ ਵਰਤੋਂ ਕਰਨ ਲੱਗੇ

ਭਾਵੇਂ ਕਿ ਪੰਜਾਬ ਪੂਰੇ ਦੇਸ਼ ਦਾ ਢਿੱਡ ਭਰਨ ਲਈ ਜਾਣਿਆ ਜਾਂਦਾ ਹੈ ਪਰ ਅਜੋਕੇ ਸਮੇਂ ਦੌਰਾਨ ਪੈਸਾ ਕਮਾਉਣ ਦੀ ਹੋੜ ਨੇ ਪੰਜਾਬ ਵਿੱਚ ਪੈਦਾ ਹੋਣ ਵਾਲੀ ਕਣਕ ਨੂੰ ਏਨਾ ਜ਼ਹਿਰੀਲਾ ਕਰ ਦਿੱਤਾ ਹੈ ਕਿ ਪੰਜਾਬੀ ਹੁਣ ਪੰਜਾਬ ਨੂੰ ਛੱਡ ਹੋਰਨਾਂ ਸੂਬਿਆਂ ਤੋਂ ਜਿਥੇ ਕਣਕ ਮੰਗਵਾਉਣ ਨੂੰ ਤਰਜੀਹ ਦੇਣ ਲੱਗੇ ਹਨ ਉਥੇ ਹੀ ਕਈ ਕਿਸਾਨ ਤਾਂ ਹੁਣ ਆਪਣੇ ਘਰ ਵਾਸਤੇ ਖਾਣ ਲਈ ਵੱਖਰੇ ਤੌਰ ’ਤੇ ਕਣਕ ਦੀ ਬਿਜਾਈ ਕਰ ਰਹੇ ਹਨ ਤਾਂ ਜੋ ਜ਼ਹਿਰ ਮੁਕਤ ਕਣਕ ਦੀ ਪੈਦਾਵਾਰ ਕਰਕੇ ਭਿਆਨਕ ਬਿਮਾਰੀਆਂ ਤੋਂ ਬਚਿਆ ਜਾ ਸਕੇ। ਪੰਜਾਬ ਵਿੱਚ ਪਿਛਲ਼ੇ ਕੁਝ ਸਾਲਾਂ ਤੋਂ ਕਿਸੇ ਵੀ ਫਸਲ ਦੀ ਗੁਣਵੱਤਾ ਦੀ ਬਜਾਏ ਫਸਲ ਦਾ ਝਾੜ ਵਧਾਉਣ ਦਾ ਰੁਝਾਨ ਵਧਿਆ ਹੈ, ਜਿਸ ਵਿੱਚ ਸਭ ਤੋਂ ਜ਼ਿਆਦਾ ਯੋਗਦਾਨ ਦਵਾਈਆਂ ਵੇਚਣ ਵਾਲੀਆਂ ਕੰਪਨੀਆਂ ਵੱਲੋਂ ਪਾਇਆ ਜਾ ਰਿਹਾ ਹੈ। ਝਾੜ ਦੇ ਲਾਲਚ ਵਿੱਚ ਕਿਸਾਨਾਂ ਨੂੰ ਡੀ. ਏ. ਪੀ. ਅਤੇ ਯੂਰੀਆ ਖਾਦ ਦੇ ਨਾਲ ਨਾਲ ਹੋਰ ਕਈ ਪ੍ਰਕਾਰ ਦੀਆਂ ਬੇਲੋੜੀਆਂ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਵਿੱਚ ਮਿਲਾਵਟ ਅਤੇ ਜ਼ਹਿਰ ਯੁਕਤ ਖੁਰਾਕ ਕਾਰਨ ਨਾਮੁਰਾਦ ਬਿਮਾਰੀਆਂ ਦਾ ਘੇਰਾ ਲਗਾਤਾਰ ਵਧਦਾ ਜਾ ਰਿਹਾ ਹੈ। ਪਿਛਲ਼ੇ ਸਮੇਂ ਦੌਰਾਨ ਸਰਕਾਰ ਨੇ ਕਿਸਾਨਾਂ ਨੂੰ ਆਮ ਨਾਲੋਂ ਵੱਧ ਭਾਅ ਦੇਣ ਦਾ ਭਰੋਸਾ ਦਿੰਦੇ ਹੋਏ ਜ਼ਹਿਰ ਮੁਕਤ ਫਸਲਾਂ ਦੀ ਪੈਦਾਵਾਰ ਲਈ ਪਾਇਲਟ ਪ੍ਰੋਜੈਕਟ ਵੀ ਸ਼ੁਰੂ ਕਰਵਾਏ ਪਰ ਹਰ ਵਾਰ ਦੀ ਤਰ੍ਹਾਂ ਸਰਕਾਰ ਦੀ ਵਾਅਦਾ ਖਿਲਾਫੀਆਂ ਨੇ ਕਿਸਾਨਾਂ ਨੂੰ ਨਿਰਾਸ਼ ਕੀਤਾ ਅਤੇ ਉਹ ਮੁੜ ਉਸੇ ਲਕੀਰ ਦੇ ਫਕੀਰ ਬਣ ਗਏ ।

ਇਸ ਦੌਰਾਨ ਭਾਵੇਂ ਕਿ ਖੇਤੀਬਾੜੀ ਵਿਭਾਗ ਵੱਲੋਂ ਸਮੇਂ ਸਮੇਂ ਦੌਰਾਨ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸ਼ਿਫਾਰਸ਼ਾਂ ਅਨੁਸਾਰ ਖਾਦ ਅਤੇ ਦਵਾਈਆਂ ਦੀ ਲੋੜੀਂਦੀ ਮਾਤਰਾ ਹੀ ਪਾਉਣ ਦਾ ਹੋਕਾ ਦਿੱਤਾ ਜਾਂਦਾ ਹੈ ਪਰ ਜ਼ਿਆਦਾਤਰ ਕਿਸਾਨ ਖੇਤੀਬਾੜੀ ਮਹਿਕਮੇ ਨਾਲ ਘੱਟ ਅਤੇ ਡੀਲਰਾਂ (ਦਵਾਈ ਵਿਕ੍ਰੇਤਾ) ਨਾਲ ਜ਼ਿਆਦਾ ਸੰਪਰਕ ਵਿੱਚ ਰਹਿੰਦੇ ਹਨ, ਜਿਸ ਦਾ ਸਿੱਧਾ ਅਸਰ ਇਨਸਾਨੀ ਜ਼ਿੰਦਗੀਆਂ ’ਤੇ ਦੇਖਣ ਨੂੰ ਮਿਲ ਰਿਹਾ ਹੈ। ਸੂਬੇ ਦੇ ਕੁਝ ਜਾਗਰੂਕ ਕਿਸਾਨਾਂ ਵੱਲੋਂ ਆਪਣੀ ਤੇ ਆਪਣੇ ਪਰਿਵਾਰ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਆਪਣੇ ਘਰਾਂ ਵਿੱਚ ਖਾਣ ਵਾਸਤੇ ਕਣਕ ਅਤੇ ਝੋਨਾ ਵੱਖਰਾ ਲਗਾਇਆ ਜਾ ਰਿਹਾ ਹੈ, ਜਿਸ ’ਚ ਖਾਦਾਂ ਅਤੇ ਦਵਾਈਆਂ ਦੀ ਵਰਤੋਂ ਨਾਮਾਤਰ ਕੀਤੀ ਜਾ ਰਹੀ ਹੈ ਉਥੇ ਹੀ ਜਿਨ੍ਹਾਂ ਲੋਕਾਂ ਕੋਲ ਆਪਣੀ ਜ਼ਮੀਨ ਨਹੀਂ ਹੈ ਉਹ ਆਪਣੇ ਖਾਣ ਲਈ ਕਣਕ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਅਤੇ ਮਹਾਂਰਾਸ਼ਟਰ ਆਦਿ ਸੂਬਿਆਂ ਤੋਂ ਮੰਗਵਾ ਰਹੇ ਹਨ, ਜਿਸ ਲਈ ਹੁਣ ਤੋਂ ਹੀ ਐਡਵਾਂਸ ਬੁਕਿੰਗ ਕਰਵਾਈ ਜਾ ਰਹੀ ਹੈ। ਇਸ ਬਾਰੇ ਤਰਕ ਦਿੱਤਾ ਜਾ ਰਿਹਾ ਹੈ ਕਿ ਪੰਜਾਬ ਦੀ ਬਜਾਏ ਇਨ੍ਹਾਂ ਸੂਬਿਆਂ ਵਿੱਚ ਪੈਦਾ ਹੋਣ ਵਾਲੀ ਕਣਕ ਦੀ ਗੁਣਵਤਾ ਬਿਹਤਰ ਹੈ । ਇਥੋਂ ਤੱਕ ਕਿ ਆਪਣੇ ਲਈ ਵੱਖਰੀ ਲਗਾਈ ਜਾ ਰਹੀ ਅਤੇ ਬਾਹਰੋਂ ਮੰਗਵਾਈ ਜਾ ਰਹੀ ਕਣਕ ਨੂੰ ਪੀਸਣ ਵਾਸਤੇ ਘਰਾਂ ਵਿੱਚ ਬਿਜਲਈ ਮਸ਼ੀਨਾਂ ਲਗਾ ਕੇ ਲੋੜ ਅਨੁਸਾਰ ਆਟਾ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਬਾਜ਼ਾਰੀ ਚੱਕੀਆਂ ਤੋਂ ਕਣਕ ਪੀਸਣ ਦੌਰਾਨ ਉਨ੍ਹਾਂ ਦੇ ਆਟੇ ਵਿੱਚ ਰਲਾ ਨਾ ਹੋ ਜਾਵੇ। ਇਸ ਤੋਂ ਇਲਾਵਾ ਪੰਜਾਬ ਦੇ ਕੁਝ ਇਲਾਕਿਆਂ ਵਿੱਚ ਸ਼ੂਗਰ ਫਰੀ ਦੇ ਤਰਕ ਹੇਠ ਕਈ ਕਿਸਾਨਾਂ ਵੱਲੋਂ ਕਾਲੀ ਕਣਕ ਅਤੇ ਕਾਲੇ ਝੋਨੇ ਦੀ ਪੈਦਾਵਾਰ ਵੀ ਕੀਤੀ ਜਾ ਰਹੀ ਹੈ।

ਕੇਂਦਰੀ ਖੇਤੀ ਮੰਤਰੀ ਨੇ ਖੇਤੀ ਸੈਕਟਰ ਵਿੱਚ ਸੁਧਾਰ ਲਿਆਉਣ ਦੀ ਗੱਲ ਆਖੀ ਹੈ। ਉਨ੍ਹਾਂ ਕਿਹਾ ਕਿ ਰਸਾਇਣਕ ਖੇਤੀ ਨੁਕਸਾਨਦਾਇਕ ਹੈ ਜਿਸ ਕਾਰਨ ਪੰਜਾਬ ਦਾ ਕਿਸਾਨ ਆਪਣੀ ਬੀਜੀ ਫ਼ਸਲ ਹੋਰਾਂ ਨੂੰ ਤਾਂ ਵੇਚਦਾ ਹੈ ਪਰ ਉਹ ਖ਼ੁਦ ਇਸ ਦੀ ਵਰਤੋਂ ਨਹੀਂ ਕਰਦਾ ਹੈ। ਤੋਮਰ ਨੇ ਕਿਹਾ ਕਿ ਕੁਦਰਤੀ ਤਰੀਕੇ ਅਪਣਾ ਕੇ ਰਸਾਇਣਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਦੇ ਰੁਝਾਨ ਨੂੰ ਬਦਲਣਾ ਪਵੇਗਾ।

ਖੇਤੀ ਵਿਗਿਆਨੀ ਰਣਜੀਤ ਸਿੰਘ ਘੁੰਮਣ ਦਾ ਕਹਿਣਾ ਹੈ ਕਿ ਪੰਜਾਬ ਦਾ ਖੇਤੀ ਮਾਡਲ ਮੁੱਖ ਤੌਰ ’ਤੇ ਕਰੋੜਾਂ ਲੋਕਾਂ ਦਾ ਢਿੱਡ ਭਰਨ ਲਈ ਵਧੇਰੇ ਅਨਾਜ ਉਗਾਉਣ ਦੇ ਟੀਚੇ ਨਾਲ ਵਿਕਸਤ ਕੀਤਾ ਗਿਆ ਸੀ ਜੋ ਇਸ ਮੰਤਵ ਵਿੱਚ ਬਹੁਤ ਕਾਮਯਾਬ ਵੀ ਰਿਹਾ ਅਤੇ ਇਸ ਸਦਕਾ ਮੁਲਕ ਨੂੰ ਅੰਨ ਦੀ ਕਮੀ ਦੀ ਸਮੱਸਿਆ ਤੋਂ ਛੁਟਕਾਰਾ ਮਿਲਿਆ।

(ਬਾਕੀ ਸਫ਼ਾ 30 ’ਤੇ)

# ਇਜ਼ਰਾਇਲ ਮੁੜ ਕਰ ਸਕਦੈ ਗਾਜ਼ਾ 'ਤੇ ਹਮਲਾ

## ਟਰੰਪ ਨੇ ਕਿਹਾ-ਅਸੀਂ ਨੇਤਨਯਾਹੂ ਦੇ ਫ਼ੈਸਲੇ ਨਾਲ ਸਹਿਮਤ ਹਾਂ

## ਅਮਰੀਕਾ ਦੀ ਫ਼ਲਸਤੀਨ ਉੱਪਰ ਕਬਜ਼ਾ ਕਰਨ ਦੀ ਯੋਜਨਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਕਿਹਾ ਹੈ ਕਿ ਜੇਕਰ ਇਜ਼ਰਾਇਲ ਗਾਜ਼ਾ ਵਿੱਚ ਦੁਬਾਰਾ ਜੰਗ ਸ਼ੁਰੂ ਕਰਦਾ ਹੈ ਤਾਂ ਉਹ ਇਸਦਾ ਸਮਰਥਨ ਕਰਨਗੇ। ਟਰੰਪ ਨੇ ਕਿਹਾ ਕਿ ਭਾਵੇਂ ਇਜ਼ਰਾਇਲ ਗਾਜ਼ਾ ਬੰਧਕ ਸਮਝੌਤੇ ਦੇ ਦੂਜੇ ਪੜਾਅ ਨਾਲ ਅੱਗੇ ਵਧਣਾ ਚਾਹੁੰਦਾ ਹੈ ਜਾਂ ਦੁਬਾਰਾ ਲੜਾਈ ਸ਼ੁਰੂ ਕਰਨਾ ਚਾਹੁੰਦਾ ਹੈ, ਅਮਰੀਕਾ ਦੋਵਾਂ ਸਥਿਤੀਆਂ ਵਿੱਚ ਇਸਦਾ ਸਮਰਥਨ ਕਰੇਗਾ। ਡੋਨਾਲਡ ਟਰੰਪ ਦੇ ਬਿਆਨ ਨੇ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਕਿਉਂਕਿ ਉਨ੍ਹਾਂ ਨੇ ਹਾਲ ਹੀ ਵਿੱਚ ਲਗਾਤਾਰ ਜੰਗ ਵਿਰੋਧੀ ਰੁਖ਼ ਦਿਖਾਇਆ ਹੈ। ਗਾਜ਼ਾ ਵਿੱਚ ਜੰਗਬੰਦੀ ਲਾਗੂ ਕਰਨ ਵਿੱਚ ਵੀ ਉਨ੍ਹਾਂ ਦੀ ਭੂਮਿਕਾ ਨੂੰ ਮਹੱਤਵਪੂਰਨ ਮੰਨਿਆ ਗਿਆ। ਹਾਲਾਂਕਿ, ਉਨ੍ਹਾਂ ਦੇ ਬਿਆਨ ਤੋਂ ਬਾਅਦ, ਇਹ ਡਰ ਹੈ ਕਿ ਗਾਜ਼ਾ ਵਿੱਚ ਦੁਬਾਰਾ ਜੰਗ ਸ਼ੁਰੂ ਹੋ ਸਕਦੀ ਹੈ।

ਟਾਈਮਜ਼ ਆਫ਼ ਇਜ਼ਰਾਇਲ ਦੀ ਰਿਪੋਰਟ ਦੇ ਅਨੁਸਾਰ, ਫ਼ੌਕਸ ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ, ਟਰੰਪ ਤੋਂ ਪੁੱਛਿਆ ਗਿਆ ਸੀ ਕਿ ਕੀ ਉਨ੍ਹਾਂ ਨੂੰ ਬੰਧਕਾਂ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਕਰਨ ਲਈ ਗਾਜ਼ਾ ਵਿੱਚ ਜੰਗਬੰਦੀ ਵਧਾਉਣੀ ਚਾਹੀਦੀ ਹੈ ਜਾਂ ਦੁਬਾਰਾ ਯੁੱਧ ਸ਼ੁਰੂ ਕਰਨਾ ਚਾਹੀਦਾ ਹੈ। ਇਸ 'ਤੇ ਟਰੰਪ ਨੇ ਕਿਹਾ, 'ਮੈਂ ਇਜਰਾਈਲ ਦੇ ਨਾਲ ਹਾਂ।' ਜਦੋਂ ਤੁਸੀਂ ਦੇਖ ਰਹੇ ਹੋ ਕਿ ਬਾਹਰ ਕੀ ਹੋ ਰਿਹਾ ਹੈ। ਬੰਧਕਾਂ ਦਾ ਇੱਕ ਸਮੂਹ ਇੰਨੀ ਬੁਰੀ ਹਾਲਤ ਵਿੱਚ ਪਹੁੰਚਿਆ, ਇਹ ਇਸ ਤਰ੍ਹਾਂ ਸੀ ਜਿਵੇਂ ਉਹ ਜਰਮਨੀ ਦੇ ਕਿਸੇ ਤਸ਼ੱਦਦ ਕੈਂਪ ਤੋਂ ਆਏ ਹੋਣ। ਕਈ ਵਾਰ ਤੁਹਾਨੂੰ ਔਖੇ ਫ਼ੈਸਲੇ ਵੀ ਲੈਣੇ ਪੈਂਦੇ ਹਨ। ਇਜ਼ਰਾਇਲ ਜੋ ਵੀ ਫ਼ੈਸਲਾ ਲਵੇਗਾ, ਅਸੀਂ ਉਸਦਾ ਸਮਰਥਨ ਕਰਾਂਗੇ।

**ਨੇਤਨਯਾਹੂ ਦਾ ਗੁੱਸਾ ਜਾਇਜ਼ ਹੈ: ਟਰੰਪ**

ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਬਾਰੇ ਪੁੱਛੇ ਜਾਣ 'ਤੇ ਟਰੰਪ ਨੇ ਕਿਹਾ ਕਿ ਉਹ ਬਹੁਤ ਗੁੱਸੇ ਵਿੱਚ ਹਨ, ਖਾਸ ਕਰਕੇ ਬੀਤੇ ਦਿਨੀਂ ਬੱਚਿਆਂ ਨਾਲ ਜੋ ਹੋਇਆ, ਉਸ ਨੇ ਇਜਰਾਇਲ ਨੂੰ ਬਹੁਤ ਨਰਾਜ਼ ਕੀਤਾ ਹੈ। ਬੱਚਿਆਂ ਏਰੀਅਲ ਅਤੇ ਕੀਫ਼ਰ ਬਿਬਾਸ ਦੀ ਮੌਤ ਦਾ ਹਵਾਲਾ ਦਿੰਦੇ ਹੋਏ, ਟਰੰਪ ਨੇ ਕਿਹਾ ਕਿ ਇਹ ਜ਼ਲਮ ਤੇ ਦਰਿੰਦਗੀ ਸੀ। ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ ਕਿ ਆਧੁਨਿਕ ਯੁੱਗ ਵਿੱਚ ਅਜਿਹਾ ਹੋਵੇਗਾ, ਪਰ ਇਹ ਹੋਇਆ ਹੈ। ਅਜਿਹੀ ਸਥਿਤੀ ਵਿੱਚ, ਨੇਤਨਯਾਹੂ ਦੀਆਂ ਭਾਵਨਾਵਾਂ ਨੂੰ ਵੀ ਸਮਝਣਾ ਚਾਹੀਦਾ ਹੈ।

ਹਮਾਸ ਨੇ ਗਾਜ਼ਾ ਛੱਡਣ ਦਾ ਫ਼ੈਸਲਾ ਕੀਤਾ, ਇਸਨੂੰ ਫ਼ਲਸਤੀਨੀ ਅਥਾਰਟੀ ਨੂੰ ਸੌਂਪਣ ਦਾ ਐਲਾਨ ਕੀਤਾ।

ਟਰੰਪ ਦੇ ਬਿਆਨ ਤੋਂ ਇਹ ਸਪੱਸ਼ਟ ਹੈ ਕਿ ਉਹ ਇਜ਼ਰਾਇਲ ਦੇ ਫ਼ੈਸਲੇ ਦਾ ਸਮਰਥਨ ਕਰਨਗੇ। ਕੀ ਇਜ਼ਰਾਇਲ ਗੱਲਬਾਤ ਰਾਹੀਂ ਬੰਧਕਾਂ ਨੂੰ ਵਾਪਸ ਭੇਜਣਾ ਜਾਰੀ ਰੱਖਦਾ ਹੈ ਜਾਂ ਗਾਜ਼ਾ 'ਤੇ ਦੁਬਾਰਾ ਹਮਲਾ ਕਰਦਾ ਹੈ ਅਤੇ ਹਮਾਸ ਨਾਲ ਲੜਾਈ ਸ਼ੁਰੂ ਕਰਦਾ ਹੈ। ਇਹ ਇਜ਼ਰਾਇਲ ਲਈ ਅਮਰੀਕਾ ਦੇ ਮਜ਼ਬੂਤ ਸਮਰਥਨ ਨੂੰ ਵੀ ਦਰਸਾਉਂਦਾ ਹੈ। ਅਮਰੀਕਾ ਨੇ ਇਜ਼ਰਾਇਲ ਦੀ ਲਗਾਤਾਰ ਮਦਦ ਕੀਤੀ ਹੈ।





**ਅਮਰੀਕਾ-ਇਜਰਾਇਲੀ ਗੱਠਜੋੜ ਦੀ ਫ਼ਲਸਤੀਨੀਆਂ ਦੇ ਮੁਕੰਮਲ ਉਜਾੜੇ ਦੀ ਸਾਜਿਸ਼**

ਇਥੇ ਜ਼ਿਕਰਯੋਗ ਹੈ ਕਿ ਇਸ ਸਮੇਂ ਦੌਰਾਨ ਇਜਰਾਇਲੀ ਫ਼ੌਜਾਂ ਨੇ ਅਮਰੀਕਾ ਅਤੇ ਹੋਰ ਪੱਛਮੀ ਸਾਮਰਾਜੀ ਮੁਲਕਾਂ ਦੀ ਖੁੱਲ੍ਹੀ ਹਮਾਇਤ ਦੇ ਨਾਲ਼ ਹਜ਼ਾਰਾਂ ਫ਼ਲਸਤੀਨੀ ਲੋਕਾਂ ਨੂੰ ਸਿੱਧੇ ਤੌਰ 'ਤੇ ਕਤਲ ਕੀਤਾ ਸੀ। ਇਹ ਅੰਕੜਾ 70,000 ਤੋਂ ਲੈ ਕੇ 2 ਲੱਖ ਦੇ ਨਜਦੀਕ ਹੋਣ ਦੀ ਸੰਭਾਵਨਾ ਹੈ। ਗਾਜਾ ਵਿੱਚ 90% ਇਮਾਰਤਾਂ ਜਾਂ ਤਾਂ ਬਿਲਕੁਲ ਤਬਾਹ ਹੋ ਚੁਕੀਆਂ ਹਨ ਜਾਂ ਫ਼ਿਰ ਬਹੁਤ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਨ। ਲੱਗਭੱਗ ਸਾਰੇ ਹਸਪਤਾਲ, ਵਿੱਦਿਅਕ ਸੰਸਥਾਵਾਂ, ਪੀਣ ਵਾਲ਼ੇ ਪਾਣੀ ਦੇ ਸਰੋਤ ਅਤੇ ਢਾਂਚਾ, ਇੱਕ ਤਿਹਾਈ ਤੋਂ ਵੱਧ ਖੇਤੀ ਯੋਗ ਜ਼ਮੀਨ ਤਬਾਹ ਹੋ ਚੁਕੇ ਹਨ। ਟਰੰਪ ਨੇ ਇੱਕ ਮੀਡੀਆ ਚੈਨਲ ਨੂੰ ਦਿੱਤੇ ਗਏ ਇੰਟਰਵਿਊ ਵਿੱਚ ਕਿਹਾ ਸੀ ਕਿ ਪਿਛਲੇ ਕੁਝ ਸਮੇਂ ਵਿੱਚ ਗਾਜਾ ਵਿੱਚ ਇੱਕ ਪੂਰੀ ਸੱਭਿਅਤਾ ਤਬਾਹ ਹੋ ਗਈ ਹੈ। ਕੁਝ ਦਿਨ ਪਹਿਲਾਂ ਹੀ ਟਰੰਪ ਨੇ ਗਾਜਾ ਦੀ ਸਾਰੀ ਵਸੋਂ ਨੂੰ ਸਥਾਈ ਤੌਰ 'ਤੇ ਉਜਾੜ ਕੇ ਉੱਥੇ ਆਲੀਸ਼ਾਨ ਹੋਟਲ ਅਤੇ ਹੋਰ ਉਸਾਰੀ ਕਰਨ ਦੀ ਯੋਜਨਾ ਬਾਰੇ ਐਲਾਨ ਕਰ ਦਿੱਤਾ ਹੈ। ਟਰੰਪ ਨੇ ਕਿਹਾ ਹੈ ਕਿ ਮਿਸਰ ਅਤੇ ਜਾਰਡਨ ਵਰਗੇ ਅਰਬ ਮੁਲਕਾਂ ਵਿੱਚ ਫ਼ਲਸਤੀਨ ਦੇ ਲੋਕਾਂ ਨੂੰ ਅਸਥਾਈ ਕੈਂਪਾਂ ਵਿੱਚ ਵਸਾਇਆ ਜਾਵੇਗਾ। ਇਸ ਤੋਂ ਵੀ ਵੱਧ, ਖੁਦ ਅਮਰੀਕਾ ਸਿੱਧੇ ਤੌਰ 'ਤੇ ਗਾਜਾ ਉੱਪਰ ਕਬਜਾ ਕਰੇਗਾ। ਭਾਵੇਂ ਇਸ ਬਿਆਨ ਦਾ ਸਾਰੇ ਅਰਬ ਮੁਲਕਾਂ ਸਮੇਤ ਅਮਰੀਕਾ ਦੇ ਪੱਛਮੀ ਭਾਈਵਾਲਾਂ ਨੇ ਵੀ ਵਿਰੋਧ ਕੀਤਾ ਸੀ ਪਰ ਇਸ ਬਿਆਨ ਤੋਂ ਨੇਤਨਯਾਹੂ ਕਾਫ਼ੀ ਖੁਸ਼ ਸੀ ਅਤੇ ਇਜ਼ਰਾਇਲ ਦੇ ਰੱਖਿਆ ਮੰਤਰੀ ਨੇ ਤਾਂ ਇਸ ਯੋਜਨਾ ਉੱਪਰ ਅਮਲ ਕਰਨ ਦੀਆਂ ਤਿਆਰੀਆਂ ਵੀ ਵਿੱਢ ਦਿੱਤੀਆਂ ਹਨ। ਇਜ਼ਰਾਇਲ-ਹਮਾਸ ਵਿੱਚ ਹੋਈ ਜੰਗਬੰਦੀ ਦੀ ਵੀ ਇਜ਼ਰਾਇਲ ਵਾਰ-ਵਾਰ ਉਲੰਘਣਾ ਕਰ ਰਿਹਾ ਹੈ ਜਿਸ ਕਾਰਨ ਹੁਣ ਹਮਾਸ ਨੇ ਕੁਝ ਸਮੇਂ ਲਈ ਜੰਗਬੰਦੀ ਦੇ ਪਹਿਲੇ ਗੇੜ ਵਿੱਚ ਕੀਤੀ ਜਾ ਰਹੀ ਬੰਧਕਾਂ ਦੀ ਰਿਹਾਈ ਦੇ ਅਮਲ ਨੂੰ ਫ਼ਿਲਹਾਲ ਰੋਕ ਦਿੱਤਾ ਹੈ।

ਦੋ ਸਾਲ ਦੀ ਭਿਆਨਕ ਨਸਲਕੁਸ਼ੀ ਦੇ ਬਾਵਜੂਦ ਇਜ਼ਰਾਇਲ ਹਮਾਸ ਅਤੇ ਫ਼ਲਸਤੀਨੀ ਵਿਰੋਧ ਨੂੰ ਕੁਚਲਣ ਵਿੱਚ ਬੁਰੀ ਤਰ੍ਹਾਂ ਅਸਫ਼ਲ ਰਿਹਾ। ਫ਼ਲਸਤੀਨ ਦੇ ਲੜਾਕਿਆਂ ਨੂੰ ਕੁਚਲਣ ਵਿੱਚ ਅਸਫ਼ਲ ਰਹਿਣ ਤੋਂ ਬਾਅਦ ਇਜ਼ਰਾਇਲ ਸਾਮਰਾਜੀ ਅਮਰੀਕਾ ਤੇ ਹੋਰ ਪੱਛਮੀ ਧੜੇ ਦੇ ਮੁਲਕਾਂ ਦੀ ਪੂਰੀ ਹਮਾਇਤ ਦੇ ਨਾਲ਼ ਗਜਾ ਦੀ ਕੁੱਲ ਵਸੋਂ ਦੀ ਨਸਲਕੁਸ਼ੀ ਕਰਕੇ, ਗਜਾ ਨੂੰ ਪੂਰੀ ਤਰ੍ਹਾਂ ਨਾਲ਼ ਉਜਾੜਣ ਦੇ ਕੰਮ ਵਿੱਚ ਲੱਗ ਗਿਆ। ਇਸੇ ਦੌਰਾਨ ਉਸਨੇ ਲਿਬਨਾਨ ਉੱਪਰ ਵੀ ਹਮਲਾ ਕਰਕੇ ਕੁਝ ਇਲਾਕਿਆਂ ਉੱਪਰ ਕਬਜੇ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਜੋ ਹਿਜਬੁਲਾ ਨੂੰ ਖਤਮ ਕਰਕੇ, ਪੱਛਮੀ ਕੰਢੇ ਵਿੱਚ ਆਪਣੇ ਸੈਟਲਰ ਬਸਤੀਵਾਦੀਆਂ ਦੇ ਵਸੇਬੇ ਹੋਰ ਵਧਾ ਸਕੇ ਪਰ ਇਸ ਵਿੱਚ ਵੀ ਉਸਨੂੰ ਮੂੰਹ ਦੀ ਖਾਣੀ ਪਈ। ਇਜ਼ਰਾਇਲ ਵਿੱਚ ਵੀ ਉਹ ਲੋਕ ਜਿਹਨਾਂ ਦੇ ਪਰਿਵਾਰ ਦੇ ਲੋਕ ਹਮਾਸ ਕੋਲ ਬੰਧਕ ਸਨ, ਉਹਨਾਂ ਨੇ ਨੇਤਨਯਾਹੂ ਸਰਕਾਰ ਵਿਰੁੱਧ ਰੋਸ-ਮੁਜਾਹਰੇ ਸ਼ੁਰੂ ਕਰ ਦਿੱਤੇ। ਇਸ ਜੰਗ ਦੌਰਾਨ ਇਜ਼ਰਾਇਲ ਦਾ ਫ਼ੌਜੀ ਨੁਕਸਾਨ ਵੀ ਕਾਫ਼ੀ ਵੱਡੀ ਮਾਤਰਾ ਵਿੱਚ ਹੋਇਆ। ਵੱਡੀ ਗਿਣਤੀ ਵਿੱਚ ਅਫ਼ਸਰ ਅਤੇ ਜਵਾਨ ਫ਼ੌਜੀ ਮਾਰੇ ਗਏ।

**ਸਮਝੌਤਾ ਲਾਗੂ ਨਹੀਂ ਕਰ ਰਿਹਾ ਇਜ਼ਰਾਇਲ**

ਇਹ ਸਮਝੌਤਾ ਤਿੰਨ ਗੇੜਾਂ ਵਿੱਚ ਲਾਗੂ ਕੀਤਾ ਜਾਣਾ ਸੀ। ਪਹਿਲਾ ਪੜਾਅ ਕੈਦੀਆਂ ਦੇ ਵਟਾਂਦਰੇ 'ਤੇ ਕੇਂਦਰਤ ਹੈ, ਜਿਸ ਵਿੱਚ ਲੱਗਭੱਗ 1,700 ਫ਼ਲਸਤੀਨੀਆਂ ਦੇ ਬਦਲੇ 33 ਇਜ਼ਰਾਇਲੀਆਂ ਨੂੰ ਰਿਹਾਅ ਕੀਤਾ ਜਾਵੇਗਾ। ਰਿਹਾਅ ਕੀਤੇ ਜਾਣ ਵਾਲ਼ਿਆਂ ਵਿੱਚ 7 ਅਕਤੂਬਰ, 2023 ਤੋਂ ਬਾਅਦ ਬਿਨਾਂ ਕਿਸੇ ਦੋਸ਼ ਜਾਂ ਮੁਕੱਦਮੇ ਦੇ, ਇਜ਼ਰਾਇਲ ਦੀਆਂ ਜੇਲ੍ਹਾਂ ਵਿੱਚ ਬੰਦ 1000 ਤੋਂ ਵੱਧ ਫ਼ਲਸਤੀਨੀ ਹਨ। ਦੂਜੇ ਪੜਾਅ ਵਿੱਚ, ਗਜਾ ਤੋਂ ਪੂਰੀ ਤਰ੍ਹਾਂ ਨਾਲ਼ ਇਜ਼ਰਾਇਲ ਦੀਆਂ ਫ਼ੌਜਾਂ ਦੀ ਵਾਪਸੀ ਅਤੇ ਬਾਕੀ ਦੇ ਸਾਰੇ ਇਜ਼ਰਾਇਲੀ ਬੰਧਕਾਂ ਦੀ ਰਿਹਾਈ ਹੋਵੇਗੀ। ਜੇਕਰ ਇਹ ਸਮਝੌਤਾ ਤੀਜੇ ਅਤੇ ਆਖਰੀ ਪੜਾਅ ਤੱਕ ਪਹੁੰਚਦਾ ਹੈ, ਜਿਸ ਤੱਕ ਪਹੁੰਚਣ ਦੀਆਂ ਸੰਭਾਵਨਾਵਾਂ ਫ਼ਿਲਹਾਲ ਕਾਫ਼ੀ ਘੱਟ ਨਜਰ ਆ ਰਹੀਆਂ ਹਨ,

(ਬਾਕੀ ਸਫ਼ਾ 31 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਕੰਗਨਾ ਰਣੌਤ ਭਾਜਪਾ ਗਤੀਵਿਧੀਆਂ ’ਚੋਂ .ਗਾਇਬ ਕਿਉਂ ?

## ਉਹ ਭਾਜਪਾ ਦੀ ਪਸੰਦੀਦਾ ਸੰਸਦ ਮੈਂਬਰ ਕਿਵੇਂ ਬਣੀ ?

## ਭਾਜਪਾ ਦੀ ਸੀਨੀਅਰ ਲੀਡਰਸ਼ਿਪ ਨੇ ਕੰਗਨਾ ਦੇ ਬੜਬੋਲੇਪਨ ਕਾਰਨ ਦੂਰੀ ਬਣਾਈ

ਇੱਕ ਸਾਲ ਤੋਂ ਵੀ ਘੱਟ ਸਮਾਂ ਪਹਿਲਾਂ ਹੋਈਆਂ ਆਮ ਚੋਣਾਂ ਤੱਕ, ਕੰਗਨਾ ਰਣੌਤ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਪੋਸਟਰ ਗਰਲ ਸੀ। ਅਦਾਕਾਰਾ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ, ਪਾਰਟੀ ਨੇ 18ਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦਾ ਮਜ਼ਾਕ ਉਡਾਉਣ ਲਈ ਕੰਗਨਾ ਦੀ ਪ੍ਰਸ਼ੰਸਾ ਕੀਤੀ, ਪਰ ਪਿਛਲੇ ਕੁਝ ਮਹੀਨਿਆਂ ਦੌਰਾਨ, ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਪਾਰਟੀ ਸੰਸਦ ਮੈਂਬਰ ਆਪਣੇ ਹਲਕੇ ਅਤੇ ਸੰਸਦ ਦੋਵਾਂ ਤੋਂ ਲਗਾਤਾਰ ਗਾਇਬ ਹੈ।

ਪੀ.ਆਰ.ਐਸ. ਲੈਜਿਸਲੇਟਿਵ ਰਿਸਰਚ ਦੇ ਅੰਕੜਿਆਂ ਅਨੁਸਾਰ, 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਆਪਣੇ ਪਹਿਲੇ ਸੰਸਦੀ ਸੈਸ਼ਨ ਵਿੱਚ 100 ਪ੍ਰਤੀਸ਼ਤ ਹਾਜ਼ਰੀ ਦਰਜ ਕਰਾਉਣ ਤੋਂ ਬਾਅਦ, ਕੰਗਨਾ ਦੀ 2025 ਦੇ ਬਜਟ ਸੈਸ਼ਨ ਵਿੱਚ ਜ਼ੀਰੋ ਹਾਜ਼ਰੀ ਸੀ। ਪਿਛਲੇ ਸਾਲ ਦੇ ਬਜਟ ਸੈਸ਼ਨ ਵਿੱਚ ਉਨ੍ਹਾਂ ਦੀ ਹਾਜ਼ਰੀ 80 ਪ੍ਰਤੀਸ਼ਤ ਅਤੇ ਸਰਦੀਆਂ ਦੇ ਸੈਸ਼ਨ ਵਿੱਚ 90 ਪ੍ਰਤੀਸ਼ਤ ਸੀ।

ਕੰਗਨਾ ਨਾ ਸਿਰਫ਼ ਸੰਸਦ ਤੋਂ ਗਾਇਬ ਸੀ, ਸਗੋਂ ਦਿੱਲੀ ਵਿਧਾਨ



ਸਭਾ ਚੋਣਾਂ ਲਈ ਭਾਜਪਾ ਦੀ ਹਾਈ-ਵੋਲਟੇਜ ਮੁਹਿੰਮ ਤੋਂ ਵੀ ਗਾਇਬ ਸੀ। ਇਸ ਤੋਂ ਇਲਾਵਾ, ਉਹ ਅਦਾਲਤੀ ਸੁਣਵਾਈਆਂ ਤੋਂ ਵੀ ਦੂਰ ਰਹੀ ਅਤੇ ਆਪਣੇ ਹਲਕੇ ਤੋਂ ਵੀ ਗੈਰਹਾਜ਼ਰ ਰਹੀ। ਭਾਜਪਾ ਦੇ ਮੰਡੀ ਜ਼ਿਲ੍ਹਾ ਮੁਖੀ ਨਿਹਾਲ ਚੰਦ ਸ਼ਰਮਾ ਦਾ ਕਹਿਣਾ ਹੈ ਕਿ ਉਹ ਆਪਣੇ ਹਲਕੇ ਵਿੱਚ ਬਹੁਤ ਘੱਟ ਆਉਂਦੀ ਹੈ।

ਕੰਗਨਾ 5 ਫ਼ਰਵਰੀ ਨੂੰ ਮੁੰਬਈ ਵਿੱਚ ਗੀਤਕਾਰ ਅਤੇ ਲੇਖਕ ਜਾਵੇਦ ਅਖਤਰ ਵੱਲੋਂ ਦਾਇਰ ਮਾਣਹਾਨੀ ਦੇ ਮਾਮਲੇ ਵਿੱਚ ਅਦਾਲਤ ਦੀ ਸੁਣਵਾਈ ਵਿੱਚ ਵੀ ਸ਼ਾਮਲ ਨਹੀਂ ਹੋਈ। ਉਸਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਹ ਆਪਣੀਆਂ “ਸੰਸਦੀ ਵਚਨਬੱਧਤਾਵਾਂ” ਕਾਰਨ ਪੇਸ਼ ਨਹੀਂ ਹੋ ਸਕਦੀ, ਪਰ ਅਖਤਰ ਦੇ ਵਕੀਲ ਜੈ ਭਾਰਦਵਾਜ ਦੁਆਰਾ ਦਾਇਰ ਕੀਤੀ ਗਈ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਉਹ ਪਹਿਲਾਂ ਹੀ 40 ਅਦਾਲਤੀ ਤਾਰੀਖਾਂ ਉਪਰ ਹਾਜ਼ਰ ਨਹੀਂ ਹੋਈ ।

**ਬਹੁਤ ਸਾਰੇ ਲੋਕ ਪੁੱਛ ਰਹੇ ਹਨ: ਕੰਗਨਾ ਰਣੌਤ ਕਿੱਥੇ ਹੈ ?**

ਉਸਦੇ ਦਫ਼ਤਰ ਨੇ ਕਿਹਾ ਕਿ ਉਹ ਪਿਛਲੇ ਕੁਝ ਮਹੀਨਿਆਂ ਤੋਂ ਮੁੰਬਈ ਅਤੇ ਮਨਾਲੀ ਵਿਚਕਾਰ ਆ-ਜਾ ਰਹੀ ਹੈ। ਜਨਵਰੀ ਵਿੱਚ, ਕੰਗਨਾ ਆਪਣੀ ਬਹੁਤ-ਉਡੀਕੀ ਜਾ ਰਹੀ ਫ਼ਿਲਮ ਐਮਰਜੈਂਸੀ ਦੀ ਰਿਲੀਜ਼ ਵਿੱਚ ਰੁੱਝੀ ਹੋਈ ਸੀ, ਜੋ - ਭਾਵੇਂ ਉਸਦੀਆਂ ਪਿਛਲੀਆਂ ਕੁਝ ਫ਼ਿਲਮਾਂ ਨਾਲੋਂ ਘੱਟ ਫ਼ਲਾਪ ਸੀ - ਬਾਕਸ ਆਫ਼ਿਸ ’ਤੇ ਉਮੀਦ ਅਨੁਸਾਰ ਪ੍ਰਦਰਸ਼ਨ ਕਰਨ ਵਿੱਚ ਅਸਫ਼ਲ ਰਹੀ।

ਫ਼ਿਰ, ਜਦੋਂ ਫ਼ਰਵਰੀ ਵਿੱਚ ਬਜਟ ਸੈਸ਼ਨ ਸ਼ੁਰੂ ਹੋਇਆ, ਕੰਗਨਾ ਬਚਪਨ ਦੇ ਸੁਪਨੇ ਨੂੰ ਪੂਰਾ ਕਰਨ ਵਿੱਚ ਰੁੱਝੀ ਹੋਈ ਸੀ, ਮਨਾਲੀ ਵਿੱਚ ਆਪਣਾ ਪਹਿਲਾ ਰੈਸਟੋਰੈਂਟ, ਮਾਊਂਟੇਨ ਸਟੋਰੀ, ਖੋਲ੍ਹ ਰਹੀ ਸੀ।

**ਭਾਜਪਾ ਦੀ ਸਟਾਰ ਉਮੀਦਵਾਰ**

ਜਦੋਂ ਪਿਛਲੇ ਸਾਲ ਕੰਗਨਾ ਰਣੌਤ ਨੂੰ ਮੰਡੀ ਸੀਟ ਤੋਂ ਲੋਕ ਸਭਾ ਚੋਣਾਂ ਲੜਨ ਲਈ ਚੁਣਿਆ ਗਿਆ ਸੀ। ਇਹ ਸੀਟ ਲੰਬੇ ਸਮੇਂ ਤੋਂ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਵੀਰਭੱਦਰ ਸਿੰਘ ਦੇ ਪਰਿਵਾਰ ਦਾ ਗੜ੍ਹ ਰਹੀ ਹੈ। ਉਨ੍ਹਾਂ ਦੀ ਪਤਨੀ, ਕਾਂਗਰਸ ਨੇਤਾ ਪ੍ਰਤਿਭਾ ਸਿੰਘ ਨੇ ਇਸ ਸੀਟ ਦੀ ਨੁਮਾਇੰਦਗੀ ਕੀਤੀ ਸੀ। ਕੰਗਨਾ ਨੇ ਵੀਰਭੱਦਰ ਸਿੰਘ ਦੇ ਪੁੱਤਰ ਵਿਕਰਮਾਦਿੱਤਿਆ ਸਿੰਘ ਨੂੰ 74,755 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ ਸੀ, ਜਿਸ ਨਾਲ ਭਾਜਪਾ ਨੂੰ ਹਿਮਾਚਲ ਪ੍ਰਦੇਸ਼ ਵਿੱਚ ਇੱਕ ਮਹੱਤਵਪੂਰਨ ਜਿੱਤ ਮਿਲੀ।

(ਬਾਕੀ ਸਫ਼ਾ 30 ’ਤੇ)

### ਭਾਜਪਾ ਨੇ ਕੰਗਨਾ ਤੋਂ ਦੂਰੀ ਕਿਉਂ ਬਣਾਈ ?

ਭਾਜਪਾ ਨੇ ਕੰਗਨਾ ਤੋਂ ਅਚਾਨਕ ਦੂਰੀ ਨਹੀਂ ਬਣਾਈ, ਸਗੋਂ ਲੋਕ ਸਭਾ ਚੋਣਾਂ ਤੋਂ ਨੌਂ ਮਹੀਨੇ ਬਾਅਦ ਇਹ ਕਦਮ ਚੁੱਕਿਆ। ਇਸਦਾ ਇੱਕ ਮੁੱਖ ਕਾਰਨ ਪਾਰਟੀ ਦਾ ਉਨ੍ਹਾਂ ਦੇ ਵਾਰ-ਵਾਰ ਵਿਵਾਦਪੂਰਨ ਬਿਆਨਾਂ, ਖਾਸ ਕਰਕੇ ਕਿਸਾਨਾਂ ਅਤੇ ਸਿੱਖਾਂ ਨਾਲ ਸਬੰਧਤ ਬਿਆਨਾਂ ਤੋਂ ਨਾਰਾਜ਼ ਹੋਣਾ ਸੀ। ਉਹ ਉਦੋਂ ਮੁਸੀਬਤ ਵਿੱਚ ਫ਼ਸ ਗਈ ਜਦੋਂ ਉਸਨੇ ਹਰਿਆਣਾ ਵਿੱਚ ਵਿਧਾਨ ਸਭਾ ਚੋਣਾਂ ਦੇ ਵਿਚਕਾਰ ਕਿਸਾਨਾਂ ਦੇ ਮੁੱਦਿਆਂ ’ਤੇ ਗੱਲ ਕੀਤੀ, ਜਿੱਥੇ ਕਿਸਾਨ ਵਿਰੋਧ ਪ੍ਰਦਰਸ਼ਨ ਇੱਕ ਰਾਜਨੀਤਿਕ ਤੌਰ ’ਤੇ ਸੰਵੇਦਨਸ਼ੀਲ ਮੁੱਦਾ ਸੀ ਅਤੇ ਸਿੱਖ ਆਬਾਦੀ ਦਾ ਪੰਜ ਪ੍ਰਤੀਸ਼ਤ ਤੋਂ ਵੱਧ ਹਨ।ਅਗਸਤ ਵਿੱਚ, ਕੰਗਨਾ ਨੇ ਇੱਕ ਹਿੰਦੀ ਅਖਬਾਰ ਨੂੰ ਦਿੱਤੀ ਇੰਟਰਵਿਊ ਵਿੱਚ ਕਿਹਾ ਸੀ ਕਿ 2020-2021 ਦੇ ਕਿਸਾਨ ਅੰਦੋਲਨ ਦੌਰਾਨ, “ਲਾਸ਼ਾਂ ਲਟਕ ਰਹੀਆਂ ਸਨ ਅਤੇ ਬਲਾਤਕਾਰ ਹੋ ਰਹੇ ਸਨ” ਅਤੇ “ਭਾਰਤ ਵਿੱਚ



ਬੰਗਲਾਦੇਸ਼ ਵਰਗੀ ਸਥਿਤੀ ਪੈਦਾ ਕਰਨ ਦੀ ਯੋਜਨਾ ਸੀ।” ਉਨ੍ਹਾਂ ਦੀਆਂ ਟਿੱਪਣੀਆਂ ਨੇ ਇੱਕ ਰਾਜਨੀਤਿਕ ਤੂਫ਼ਾਨ ਖੜ੍ਹਾ ਕਰ ਦਿੱਤਾ, ਜਿਸ ਨਾਲ ਹਰਿਆਣਾ ਅਤੇ ਪੰਜਾਬ ਦੇ ਭਾਜਪਾ ਨੇਤਾਵਾਂ ਨੇ ਹਾਈਕਮਾਨ ਕੋਲ ਆਪਣੀਆਂ ਚਿੰਤਾਵਾਂ ਦਰਜ ਕਰਵਾਈਆਂ। ਵਿਰੋਧੀ ਧਿਰ ਨੇ ਕੰਗਨਾ ਦੀ ਟਿੱਪਣੀ ਨੂੰ ਕਿਸਾਨਾਂ ਦਾ ਘੋਰ ਅਪਮਾਨ ਕਿਹਾ।

(ਬਾਕੀ ਸਫ਼ਾ 30 ’ਤੇ)

# ਸੱਜਣ ਕੁਮਾਰ ਨੂੰ ਹੋਣੀ ਚਾਹੀਦੀ ਸੀ ਫ਼ਾਂਸੀ ਦੀ ਸਜ਼ਾ: ਭਾਈ ਜਤਿੰਦਰਪਾਲ ਸਿੰਘ ਜੇ. ਪੀ.

ਐਸ ਏ ਐਸ ਨਗਰ/ਮੋਹਾਲੀ: ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਸਮਾਜ ਵੱਲੋਂ ਸਾਂਝੇ ਰੂਪ ਵਿੱਚ ਐਸ.ਏ.ਐਸ.ਨਗਰ/ਮੋਹਾਲੀ ਹਲਕੇ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲੜ ਚੁੱਕੇ ਭਾਈ ਜਤਿੰਦਰਪਾਲ ਸਿੰਘ ਜੇ.ਪੀ. ਨੇ ਕਿਹਾ ਹੈ ਕਿ ਦਿੱਲੀ ਦੀ ਇੱਕ ਅਦਾਲਤ ਵੱਲੋਂ 1984 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਸਬੰਧਿਤ ਇੱਕ ਕਤਲ ਕੇਸ ਵਿੱਚ ਸਾਬਕਾ ਕਾਂਗਰਸੀ ਸਾਂਸਦ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਜੋ ਕਿ ਘੱਟ ਹੈ। ਉਸ ਨੂੰ ਫ਼ਾਂਸੀ ਦੀ ਸਜ਼ਾ ਦੇਣੀ ਚਾਹੀਦੀ ਸੀ। ਇੱਕ



ਬਿਆਨ ਵਿੱਚ ਭਾਈ ਜਤਿੰਦਰਪਾਲ ਸਿੰਘ ਜੇ. ਪੀ. ਨੇ ਕਿਹਾ ਕਿ ਮਾਣਯੋਗ ਅਦਾਲਤ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਦੇਣ ਨਾਲ ਪੀੜਤ ਸਿੱਖ ਹਿਰਦਿਆਂ ਨੂੰ ਕੁਝ ਰਾਹਤ ਮਿਲੀ ਹੈ। ਇਸ ਨੂੰ ‘ਦੇਰ ਨਾਲ ਸਹੀ ਪਰ ਨਿਆਂ ਮਿਲਿਆ ਤਾਂ ਹੈ,’ ਕਿਹਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਸਾਲ 1984 ਵਿੱਚ

(ਬਾਕੀ ਸਫ਼ਾ 30 ’ਤੇ)

# ਦਿੱਲੀ ’ਚ 71 ਫ਼ੀਸਦੀ ਮੰਤਰੀਆਂ ਖ਼ਿਲਾਫ਼ ਹਨ ਅਪਰਾਧਕ ਮਾਮਲੇ: ਏ.ਡੀ.ਆਰ.

ਨਵੀਂ ਦਿੱਲੀ/ਏ.ਟੀ.ਨਿਊਜ਼ : ਚੋਣ ਅਧਿਕਾਰ ਸੰਸਥਾ ਐਸੋਸੀਏਸ਼ਨ ਫ਼ਾਰ ਡੈਮੋਕ੍ਰੇਟਿਕ ਰਿਫ਼ਾਰਮਜ਼ (ਏ.ਡੀ.ਆਰ.) ਮੁਤਾਬਕ ਦਿੱਲੀ ਵਿੱਚ ਮੁੱਖ ਮੰਤਰੀ ਰੇਖਾ ਗੁਪਤਾ ਸਣੇ ਸਹੁੰ ਚੁੱਕਣ ਵਾਲੇ ਸੱਤ ਨਵੇਂ ਮੰਤਰੀਆਂ ਵਿੱਚੋਂ ਮੁੱਖ ਮੰਤਰੀ ਸਮੇਤ ਪੰਜ ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲਿਆਂ ਚੱਲਦੇ ਹੋਣ ਦਾ ਹਲਫ਼ਨਾਮਾ ਦਿੱਤਾ ਹੈ। ਸੰਸਥਾ ਦੇ ਇਹ ਸਿੱਟੇ ਇਨ੍ਹਾਂ ਮੰਤਰੀਆਂ ਵਲੋਂ 2025 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਲੜਨ ਲਈ ਜਮ੍ਹਾਂ ਕੀਤੇ ਗਏ ਹਲਫ਼ਨਾਮਿਆਂ ’ਤੇ ਅਧਾਰਤ ਹਨ।

ਏ.ਡੀ.ਆਰ. ਦੇ ਵਿਸ਼ਲੇਸ਼ਣ ਅਨੁਸਾਰ ਸੱਤ ਮੰਤਰੀਆਂ ਵਿੱਚੋਂ ਪੰਜ (71 ਫ਼ੀਸਦੀ) ਨੇ ਆਪਣੇ ਵਿਰੁੱਧ



ਅਪਰਾਧਿਕ ਮਾਮਲਿਆਂ ਦਾ ਐਲਾਨ ਕੀਤਾ ਹੈ, ਜਦੋਂ ਕਿ ਦੋ ਮੰਤਰੀ (29 ਫ਼ੀਸਦੀ) ਅਰਬਪਤੀ ਹਨ। ਰਿਪੋਰਟ ਵਿੱਚ ਇਹ ਗੱਲ ਉਜਾਗਰ ਕੀਤੀ ਗਈ ਹੈ ਕਿ ਮੁੱਖ ਮੰਤਰੀ ਰੇਖਾ ਗੁਪਤਾ ਸਮੇਤ ਪੰਜ ਮੰਤਰੀਆਂ ਨੇ ਆਪਣੇ ਵਿਰੁੱਧ ਅਪਰਾਧਿਕ ਮੁਕੱਦਮੇ ਚੱਲਦੇ ਹੋਣ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚੋਂ ਇੱਕ ਮੰਤਰੀ ਆਸ਼ੀਸ਼ ਸੂਦ ਸੰਗੀਨ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

ਵਿੱਤੀ ਮੋਰਚੇ ’ਤੇ ਦੋ ਮੰਤਰੀ, ਜੋ ਕਿ ਕੈਬਨਿਟ ਦਾ 29 ਫ਼ੀਸਦੀ ਹਨ, ਅਰਬਪਤੀ ਹਨ। ਸਭ ਤੋਂ ਵੱਧ ਘੋਸ਼ਿਤ ਕੁੱਲ ਜਾਇਦਾਦ ਵਾਲੇ ਮੰਤਰੀ ਰਾਜੌਰੀ ਗਾਰਡਨ ਹਲਕੇ ਤੋਂ ਮਨਜਿੰਦਰ ਸਿੰਘ ਸਿਰਸਾ ਹਨ, ਜਿਨ੍ਹਾਂ ਦੀ ਜਾਇਦਾਦ 248.85 ਕਰੋੜ ਰੁਪਏ ਹੈ।

ਛੇ ਮੰਤਰੀਆਂ (86 ਫ਼ੀਸਦੀ) ਨੇ ਗ੍ਰੈਜੂਏਟ ਪੱਧਰ ਜਾਂ ਇਸ ਤੋਂ ਵੱਧ ਦੀ ਵਿਦਿਅਕ ਯੋਗਤਾ ਐਲਾਨੀ ਹੈ, ਜਦੋਂ ਕਿ ਇੱਕ ਮੰਤਰੀ ਨੇ ਸਿਰਫ਼ 12ਵੀਂ ਜਮਾਤ ਤੱਕ ਪੜ੍ਹਾਈ ਕੀਤੀ ਹੈ।

ਉਮਰ ਦੇ ਮਾਮਲੇ ਵਿੱਚ, ਪੰਜ ਮੰਤਰੀ (71 ਫ਼ੀਸਦੀ) 41 ਤੋਂ 50 ਸਾਲ ਦੇ ਵਿਚਕਾਰ ਹਨ, ਜਦੋਂ ਕਿ ਬਾਕੀ ਦੋ (29 ਫ਼ੀਸਦੀ) 51 ਤੋਂ 60 ਸਾਲ ਦੇ ਵਿਚਕਾਰ ਹਨ। ਕੈਬਨਿਟ ਵਿੱਚ ਸਿਰਫ਼ ਇੱਕ ਮਹਿਲਾ ਮੰਤਰੀ ਸ਼ਾਮਲ ਹੈ ਜੋ ਖੁਦ ਮੁੱਖ ਮੰਤਰੀ ਹੈ।

# ਮਨਜਿੰਦਰ ਸਿੰਘ ਸਿਰਸਾ ਨੇ ਪੰਜਾਬੀ ’ਚ ਚੁੱਕੀ ਕੈਬਨਿਟ ਮੰਤਰੀ ਵਜੋਂ ਸਹੁੰ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਜਪਾ ਦੀ ਨਵੀਂ ਸਰਕਾਰ ’ਚ ਸੀਨੀਅਰ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਵੀ ਪਿਛਲੇ ਦਿਨੀਂ ਮੰਤਰੀ ਅਹੁਦੇ ਦੀ ਸਹੁੰ ਚੁੱਕੀ। ਰਾਜੌਰੀ ਗਾਰਡਨ ਤੋਂ ਵਿਧਾਇਕ ਚੁਣੇ ਗਏ ਭਾਜਪਾ ਦੇ ਕੌਮੀ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਵਿੱਚ ਕੈਬਨਿਟ ਮੰਤਰੀ ਦੀ ਸਹੁੰ ਪੰਜਾਬੀ ਵਿੱਚ ਚੁੱਕੀ। ਇੰਨਾ ਹੀ ਨਹੀਂ ਉਨ੍ਹਾਂ ਨੇ ਮੰਚ ’ਤੇ ਫ਼ਤਿਹ ਵੀ ਬੁਲਾਈ।

ਮਨਜਿੰਦਰ ਸਿੰਘ ਸਿਰਸਾ ਨੂੰ ਰਾਜੌਰੀ ਗਾਰਡਨ ਤੋਂ ਭਾਜਪਾ ਦਾ ਉਮੀਦਵਾਰ ਬਣਾਇਆ ਸੀ, ਜਿੱਥੇ ਉਨ੍ਹਾਂ ਨੇ ਜਿੱਤ ਦਰਜ ਕਰਕੇ ਭਾਜਪਾ ਹਾਈਕਮਾਂਡ ਦੇ ਫ਼ੈਸਲੇ ਨੂੰ ਸਹੀ ਠਹਿਰਾਇਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਹੁਣ ਉਨ੍ਹਾਂ ਨੂੰ ਕੈਬਨਿਟ ਵਿੱਚ ਸਿੱਧੀ ਐਂਟਰੀ ਮਿਲ ਗਈ ਹੈ। ਇਹ ਪਹਿਲੀ ਵਾਰ ਨਹੀਂ ਹੈ, ਇਸ ਤੋਂ ਪਹਿਲਾਂ ਵੀ ਮਨਜਿੰਦਰ ਸਿੰਘ ਸਿਰਸਾ ਨੇ ਪੰਜਾਬੀਆਂ ਨੇ ਕਈ ਮੁੱਦੇ ਚੁੱਕੇ ਹਨ।

## ਆਖ਼ਿਰਕਾਰ 12 ਸਾਲਾਂ ਬਾਅਦ ਦਿੱਲੀ ਨੂੰ ਮਿਲਿਆ ਸਿੱਖ ਕੈਬਨਿਟ ਮੰਤਰੀ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਵਿੱਚ ਰੇਖਾ ਗੁਪਤਾ ਵਜ਼ਾਰਤ ਦੇ ਸਹੁੰ ਚੁੱਕ ਸਮਾਗਮ ਵਿੱਚ ਕੌਮੀ ਰਾਜਧਾਨੀ ਨੂੰ 12 ਸਾਲਾਂ ਬਾਅਦ ਸਿੱਖ ਕੈਬਨਿਟ ਮੰਤਰੀ ਮਿਲਿਆ ਹੈ। ਮਨਜਿੰਦਰ ਸਿੰਘ ਸਿਰਸਾ ਨੇ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕੀ ਹੈ।



2013 ਤੋਂ ਪਹਿਲਾਂ ਦਿੱਲੀ ਵਿੱਚ ਅਰਵਿੰਦ ਲਵਲੀ ਸ਼ੀਲਾ ਦੀਕਸ਼ਿਤ ਵਜ਼ਾਰਤ ਵਿੱਚ ਸਿੱਖ ਮੰਤਰੀ ਸਨ। 2013 ਤੋਂ ਆਮ ਆਦਮੀ ਪਾਰਟੀ ਸਰਕਾਰ ਦਿੱਲੀ ਵਿੱਚ ਰਹੀ ਜਿਸ ਦੌਰਾਨ ਭਾਵੇਂ ਜਰਨੈਲ ਸਿੰਘ ਵਰਗੇ ਨੇਤਾ ਸੱਤਾਧਾਰੀ ਪਾਰਟੀ ਦੇ ਐਮ ਐਲ ਏ ਰਹੇ ਪਰ ਦਿੱਲੀ ਨੂੰ ਸਿੱਖ ਮੰਤਰੀ ਨਹੀਂ ਮਿਲਿਆ। ਇਸ ਵਾਰ 2025 ਦੀਆਂ ਚੋਣਾਂ ਵਿੱਚ ਪੰਜਾਬੀਆਂ ਖਾਸ ਤੌਰ ’ਤੇ ਸਿੱਖਾਂ ਨੇ ਭਾਜਪਾ ਦੇ ਹੱਕ ਵਿੱਚ ਡੱਟ ਕੇ ਵੋਟਾਂ ਪਾਈਆਂ ਹਨ। ਇਨ੍ਹਾਂ ਵਿੱਚ ਮਨਜਿੰਦਰ ਸਿੰਘ ਸਿਰਸਾ ਦੀ ਵੱਡੀ ਭੂਮਿਕਾ ਰਹੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਵੀ ਭਾਜਪਾ ਉਮੀਦਵਾਰਾਂ ਦੇ ਹੱਕ ਵਿੱਚ ਡੱਟ ਕੇ ਪ੍ਰਚਾਰ ਕਰਦੇ ਨਜ਼ਰ ਆਏ ਹੁਣ ਭਾਜਪਾ ਨੇ ਇਨ੍ਹਾਂ ਵੋਟਾਂ ਦਾ ਮੁੱਲ ਮੋੜਦਿਆਂ ਮਨਜਿੰਦਰ ਸਿੰਘ ਸਿਰਸਾ ਦੇ ਰੂਪ ਵਿੱਚ ਦਿੱਲੀ ਨੂੰ ਸਿੱਖ ਕੈਬਨਿਟ ਮੰਤਰੀ ਦਿੱਤਾ ਹੈ।

# ਅ.ਫ਼ੀਮ ਦੇ ਸ਼ੌਕੀਨ ਝਾਰਖੰਡ ਵਾਸੀਆਂ ਨੇ 19 ਹਜ਼ਾਰ ਤੋਂ ਵੱਧ ਰਕਬੇ ’ਚ ਕੀਤੀ .ਗੈਰ-ਕਾਨੂੰਨੀ ਖੇਤੀ

ਰਾਂਚੀ/ਏ.ਟੀ.ਨਿਊਜ਼: ਝਾਰਖੰਡ ਵਿੱਚ ਪਿਛਲੇ ਦੋ ਮਹੀਨਿਆਂ ਵਿੱਚ ਕਰੀਬ 19,000 ਏਕੜ ਜ਼ਮੀਨ ’ਤੇ ਕੀਤੀ ਗਈ ਅਫ਼ੀਮ ਦੀ ਗ਼ੈਰ-ਕਾਨੂੰਨੀ ਖੇਤੀ ਨੂੰ ਨਸ਼ਟ ਕਰ ਦਿੱਤਾ ਗਿਆ ਅਤੇ ਇਸ ਸਬੰਧੀ 190 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇੱਕ ਅਧਿਕਾਰੀ ਨੇ ਇੱਥੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬੇ ਭਰ ਵਿੱਚ ਅਫ਼ੀਮ ਦੀ ਗ਼ੈਰ-ਕਾਨੂੰਨੀ ਖੇਤੀ ਖ਼ਿਲਾਫ਼ ਜਨਵਰੀ ਤੋਂ ਵੱਡੇ ਪੱਧਰ ’ਤੇ ਮੁਹਿੰਮ ਚਲਾਈ ਜਾ ਰਹੀ ਹੈ।ਮੁੱਖ ਸਕੱਤਰ ਦੇ ਸਾਹਮਣੇ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ ਸੂਬੇ ਵਿੱਚ 19,086 ਏਕੜ ਜ਼ਮੀਨ ’ਤੇ ਅਫ਼ੀਮ ਦੀ ਗ਼ੈਰ-ਕਾਨੂੰਨੀ ਖੇਤੀ ਨੂੰ ਨਸ਼ਟ ਕੀਤਾ ਗਿਆ, ਜੋ ਪਿਛਲੇ ਸਾਲ ਦੀ ਤੁਲਨਾ ਵਿੱਚ ਚਾਰ ਗੁਣਾ ਵੱਧ ਹੈ।ਇੱਕ ਅਧਿਕਾਰਕ ਬਿਆਨ ਵਿੱਚ ਕਿਹਾ ਗਿਆ ਕਿ ਅਫ਼ੀਮ ਦੀ ਗ਼ੈਰ-ਕਾਨੂੰਨੀ ਖੇਤੀ ਸਬੰਧੀ ਹੁਣ ਤੱਕ 283 ਮਾਮਲੇ ਦਰਜ ਕੀਤੇ ਗਏ ਹਨ ਅਤੇ 190 ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਵਿੱਚ ਕਿਹਾ ਗਿਆ ਕਿ ਚਤਰਾ, ਖੂੰਟੀ, ਲਾਤੇਹਾਰ, ਰਾਂਚੀ,



ਪਲਾਮੂ, ਚਾਈਬਾਸਾ, ਸਰਾਏਕੇਲਾ ਅਤੇ ਹਜ਼ਾਰੀਬਾਗ ਜ਼ਿਲ੍ਹਿਆਂ ਵਿੱਚ ਅਫ਼ੀਮ ਦੀ ਖੇਤੀ ਕੀਤੀ ਗਈ।ਝਾਰਖੰਡ ਦੀ ਮੁੱਖ ਸਕੱਤਰ ਅਲਕਾ ਤਿਵਾੜੀ ਨੇ ਸਬੰਧਿਤ ਅਧਿਕਾਰੀਆਂ ਨੂੰ ਅਫ਼ੀਮ ਦੀ ਖੇਤੀ ਨੂੰ ਪੂਰੀ ਤਰ੍ਹਾਂ ਨਸ਼ਟ ਕਰਨ ਅਤੇ 15 ਮਾਰਚ ਤੱਕ ਮੁਹਿੰਮ ਜਾਰੀ ਰੱਖਣ ਲਈ ਕਿਹਾ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ, “ਅਫ਼ੀਮ ਦੀ ਖੇਤੀ ਖ਼ਿਲਾਫ਼ ਮੁਹਿੰਮ ਦੇ ਸਾਕਾਰਤਮਕ ਨਤੀਜੇ ਸਾਹਮਣੇ ਆ ਰਹੇ ਹਨ ਪਰ ਅਫ਼ੀਮ ਦੀ ਫ਼ਸਲ ਨੂੰ ਸੌ ਫ਼ੀਸਦੀ ਨਸ਼ਟ ਕੀਤਾ ਜਾਣਾ ਯਕੀਨੀ ਬਣਾਇਆ ਜਾਣਾ ਚਾਹੀਦਾ।

**ਦਰਪਣ ਝੂਠ ਨਹੀਂ ਬੋਲਦਾ**

# ਕੀ ਪੰਜਾਬ ’ਚ ਆਪ ਸਰਕਾਰ ਬ਼ਗਾਵਤ ਕਾਰਨ ਟੁੱਟ ਜਾਵੇਗੀ ?

## ਬਾਜਵਾ ਨੇ ਕਿਹਾ ਕਿ ਆਪ ਦੇ ਤੀਹ ਵਿਧਾਇਕ ਉਨ੍ਹਾਂ ਦੇ ਸੰਪਰਕ ਵਿੱਚ ਤੇ ਭਗਵੰਤ ਮਾਨ ਭਾਜਪਾ ਦੇ ਸੰਪਰਕ ਵਿੱਚ

### ਕੀ ਸੋਚਿਆ ਹੈ ਸਿਆਸੀ ਪਾਰਟੀਆਂ ਤੇ ਸਰਕਾਰ ਨੇ ਵਿਦੇਸ਼ਾਂ ਤੋਂ ਉਜੜ ਕੇ ਆ ਰਹੇ ਪੰਜਾਬੀਆਂ ਬਾਰੇ ?

ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਦੋ ਰੋਜ਼ਾ ਵਿਸ਼ੇਸ਼ ਇਜਲਾਸ ਤੋਂ ਪਹਿਲਾਂ ਕਿਹਾ ਸੀ ਕਿ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਦੇ 32 ਵਿਧਾਇਕ ਉਨ੍ਹਾਂ ਦੇ ਸੰਪਰਕ ਵਿੱਚ ਹਨ, ਜੋ ਪਾਲਾ ਬਦਲ ਕੇ ਕਾਂਗਰਸ ਵਿੱਚ ਆਉਣਾ ਚਾਹੁੰਦੇ ਹਨ। ਉਹ ਇੱਥੇ ਹੀ ਨਹੀਂ ਰੁਕੇ, ਸਗੋਂ ਉਨ੍ਹਾਂ ਇਹ ਵੀ ਕਿਹਾ ਕਿ ਵਿਧਾਇਕਾਂ ਦੇ ਨਾਲ-ਨਾਲ ਕੁਝ ਮੰਤਰੀ ਵੀ ਮੇਰੇ ਸੰਪਰਕ ਵਿੱਚ ਹਨ। ਇਸ ਬਿਆਨ ਵਿੱਚ ਕਿੰਨੀ ਸੱਚਾਈ ਹੈ ? ਇਸ ਸੰਬੰਧੀ ਸਵਾਲ ਕੀਤੇ ਜਾਣ ’ਤੇ ਉਨ੍ਹਾਂ ਕਿਹਾ ਕਿ ਮੇਰਾ 40 ਸਾਲ ਦਾ ਸਿਆਸਤ ਦਾ ਤਜ਼ਰਬਾ ਹੈ, ਮੈਂ ਅੱਜ ਤੱਕ ਕੋਈ ਅਜਿਹਾ ਬਿਆਨ ਨਹੀਂ ਦਿੱਤਾ ਜਿਸ ਦਾ ਕੋਈ ਆਧਾਰ ਨਾ ਹੋਵੇ ਅਤੇ ਇਸ ਗੱਲ ਦਾ ਪਤਾ ਸਾਰੀਆਂ ਸਿਆਸੀ ਪਾਰਟੀਆਂ ਨੂੰ ਹੈ ਕਿ ਜੇਕਰ ਮੈਂ ਇਹ ਬਿਆਨ ਦੇ ਰਿਹਾ ਹਾਂ ਤਾਂ ਇਸ ਦੇ ਪਿੱਛੇ ਵੱਡਾ ਆਧਾਰ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪ੍ਰਸਿੱਧ ਗਾਇਕ ਦਲਜੀਤ ਦੋਸਾਂਝ ਦੇ ਅਗਲੇ ਸਾਲ ਹੋਣ ਵਾਲੇ ਸ਼ੋਅ ਦੀਆਂ ਅਗਾਊਂ ਟਿਕਟਾਂ ਬੁੱਕ ਹੋ ਗਈਆਂ ਹਨ, ਉਵੇਂ ਹੀ ਸਾਡੇ ਕੋਲ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਵੀ ਅਗਾਊਂ ਬੁਕਿੰਗ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਮੈਂ ਸਿਰਫ਼ ਗਿਣਤੀ ਦੱਸ ਸਕਦਾ ਹਾਂ ਕਿਸੇ ਵਿਧਾਇਕ ਦਾ ਨਾਮ ਨਹੀਂ ਅਤੇ ਇਹ ਗਿਣਤੀ ਆਉਂਦੇ ਦਿਨਾਂ ਵਿੱਚ ਵੱਧ ਸਕਦੀ ਹੈ। ਇਸ ਦੇ ਇਲਾਵਾ ਉਨ੍ਹਾਂ ਕਿਹਾ ਕਿ ਭਾਜਪਾ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਜ਼ਰੀਏ ਪੰਜਾਬ ਦੇ ਮੁੱਖ ਮੰਤਰੀ ਨਾਲ ਲਗਾਤਾਰ ਸੰਪਰਕ ਵਿੱਚ ਹਨ ਅਤੇ ਉਨ੍ਹਾਂ ਦਾਅਵਾ ਕੀਤਾ ਕਿ ਬਿੱਟੂ ਦੀ ਮੁੱਖ ਮੰਤਰੀ ਨਾਲ ਤਿੰਨ ਚਾਰ ਵਾਰ ਗੱਲ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਮੇਰੇ ਸੰਪਰਕ ਵਿੱਚ ਹਨ ਉਸੇ ਤਰ੍ਹਾਂ ਭਾਜਪਾ ਦੇ ਸੰਪਰਕ ਵਿੱਚ ਵੀ ਹਨ। ਉਧਰ ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਬੜਾ ਅਫ਼ਸੋਸ ਹੈ ਕਿ ਪੰਜਾਬ ਸਰਕਾਰ ਲੰਬੇ ਸੈਸ਼ਨ ਕਰਵਾਉਣ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ‘ਆਪ’ ਵੱਲੋਂ ਜਲਦੀ ਹੀ ਮੁੱਖ ਮੰਤਰੀ ਭਗਵੰਤ ਮਾਨ



ਨੂੰ ਬਦਲ ਦਿੱਤਾ ਜਾਵੇਗਾ।

ਬਾਜਵਾ ਦੇ ਇਸ ਬਿਆਨ ਮਗਰੋਂ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਨ ਅਰੋੜਾ ਨੇ ਪਲਟਵਾਰ ਕਰਦਿਆਂ ਕਿਹਾ ਕਿ ਪਹਿਲੀ ਗੱਲ ਤਾਂ ਪ੍ਰਤਾਪ ਸਿੰਘ ਬਾਜਵਾ ਦੇ ਬਿਆਨ ਵਿੱਚ ਕੋਈ ਸੱਚਾਈ ਨਹੀਂ ਹੈ ਪਰ ਜੇਕਰ ਇਹ ਸੱਚ ਵੀ ਹੋਵੇ ਤਾਂ 32 ਵਿਧਾਇਕਾਂ ਨੂੰ ਆਪਣੇ ਨਾਲ ਰਲਾ ਕੇ ਪ੍ਰਤਾਪ ਸਿੰਘ ਬਾਜਵਾ ਸਰਕਾਰ ਨਹੀਂ ਬਣਾ ਸਕਦੇ ਨਾ ਹੀ ਸਾਡੀ ਸਰਕਾਰ ਨੂੰ ਕੋਈ ਖ਼ਤਰਾ ਹੈ। ਉਨ੍ਹਾਂ ਕਿਹਾ ਕਿ ਉਹ ਇਹ ਜ਼ਰੂਰ ਦਾਅਵਾ ਕਰਦੇ ਹਨ ਅਤੇ ਚੈਲਿੰਜ ਕਰਦੇ ਹਨ ਕਿ ਪ੍ਰਤਾਪ ਸਿੰਘ ਬਾਜਵਾ ਖ਼ੁਦ ਭਾਜਪਾ ਦੇ ਸੰਪਰਕ ਵਿੱਚ ਹਨ ਅਤੇ ਕਾਂਗਰਸੀ ਨੇਤਾ ਰਾਹੁਲ ਗਾਂਧੀ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਪ੍ਰਤਾਪ ਸਿੰਘ ਬਾਜਵਾ ਬੈਂਗਲੁਰੂ ਵਿੱਚ ਪਿਛਲੇ ਦਿਨੀਂ ਕਿਸ ਨਾਲ ਮੁਲਾਕਾਤ ਕਰਕੇ ਆਏ ਹਨ। ਉਨ੍ਹਾਂ ਕਿਹਾ ਕਿ ਪ੍ਰਤਾਪ ਸਿੰਘ ਬਾਜਵਾ ਆਪਣੇ ਬਿਆਨ ਨੂੰ ਸਾਬਤ ਕਰਨ ਜਾਂ ਫ਼ਿਰ ਰੋਜ਼-ਰੋਜ਼ ਅਜਿਹੀ ਬਿਆਨਬਾਜ਼ੀ ਕਰਨਾ ਬੰਦ ਕਰ ਦੇਣ। ਉਨ੍ਹਾਂ ਕਿਹਾ ਕਿ ਆਪਣੇ ਕਾਂਗਰਸ ਵਿਧਾਇਕਾਂ ਨੂੰ ਸੰਪਰਕ ਵਿੱਚ ਰੱਖਣ ਅਤੇ ਚੰਗਾ ਹੁੰਦਾ ਜੇ ਆਪਣੇ ਭਰਾ ਨੂੰ ਸੰਪਰਕ ਵਿੱਚ ਰੱਖਦੇ ਜੋ ਭਾਜਪਾ ’ਚ ਸ਼ਾਮਿਲ ਹੋ ਗਿਆ।

ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਕੱਲ੍ਹਾ-ਕੱਲ੍ਹਾ ਵਿਧਾਇਕ ਅਰਵਿੰਦ ਕੇਜਰੀਵਾਲ ਦੇ ਨਾਲ ਖੜ੍ਹਾ ਹੈ ਅਤੇ ਪ੍ਰਤਾਪ ਸਿੰਘ ਬਾਜਵਾ ਜੋ ਬਿਆਨਬਾਜ਼ੀ ਕਰ ਰਹੇ ਹਨ ਉਸ ਵਿੱਚ ਕੋਈ ਸੱਚਾਈ ਨਹੀਂ ਪਰ ਕਾਂਗਰਸ ਦੇ ਅੱਧੇ ਤੋਂ ਜ਼ਿਆਦਾ ਵਿਧਾਇਕ ਭਾਜਪਾ ਦੇ ਸੰਪਰਕ ਵਿੱਚ ਹਨ ਅਤੇ ਕਿਸੇ ਵੇਲੇ ਵੀ ਕਾਂਗਰਸ ਛੱਡ ਕੇ ਭਾਜਪਾ ਵਿੱਚ ਜਾ ਸਕਦੇ ਹਨ। ਇਸ ਲਈ ਬਾਜਵਾ ਨੂੰ ਆਪਣੇ ਵਿਧਾਇਕਾਂ ਦੀ ਫ਼ਿਕਰ ਕਰਨੀ ਚਾਹੀਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਆਉਂਦੇ ਸਮੇਂ ਵਿੱਚ ਪ੍ਰਤਾਪ ਸਿੰਘ ਬਾਜਵਾ ਖ਼ੁਦ ਕਾਂਗਰਸ ਛੱਡ ਕੇ ਭਾਜਪਾ ’ਚ ਸ਼ਾਮਿਲ ਹੋਣਗੇ।

# ਇੰਗਲੈਂਡ ਦਾ ਵਰਕ ਪਰਮਿਟ ਛੱਡ ਕੇ ਪੰਜਾਬ ’ਚ ਫ਼ੁੱਲਾਂ ਦੀ ਖੇਤੀ ਕਰਨ ਲੱਗਾ ਕਿਸਾਨ

## 13 ਏਕੜ ਜ਼ਮੀਨ ’ਤੇ ਫ਼ੁੱਲਾਂ ਦੀ ਖੇਤੀ ਕਰਕੇ ਲੱਖਾਂ ਦੀ ਕਮਾਈ ਕਰ ਰਿਹੈ ਬਲਬੀਰ ਸਿੰਘ

ਅੰਮ੍ਰਿਤਸਰ ਦੇ ਕੋਟ ਖ਼ਾਲਸਾ ਖੇਤਰ ਦੇ ਬਲਬੀਰ ਸਿੰਘ ਨੇ ਇੰਗਲੈਂਡ ਦਾ ਵਰਕ ਪਰਮਿਟ ਛੱਡ ਕੇ ਪੰਜਾਬ ਪਰਤਣ ਤੋਂ ਬਾਅਦ ਆਪਣੀ 13 ਏਕੜ ਜ਼ਮੀਨ ’ਤੇ ਫ਼ੁੱਲਾਂ ਦੀ ਖੇਤੀ ਕਰਨੀ ਸ਼ੁਰੂ ਕੀਤੀ। 2014 ਤੱਕ ਇੰਗਲੈਂਡ ਵਿੱਚ ਵੇਟਰ ਸਨ। ਅੰਮ੍ਰਿਤਸਰ ਵਾਪਸ ਆਉਂਦੇ ਹੀ ਖੇਤੀ ਸ਼ੁਰੂ ਕੀਤੀ ਅਤੇ ਹੁਣ ਸਲਾਨਾ 8 ਲੱਖ ਰੁਪਏ ਕਮਾਈ ਕਰ ਰਹੇ ਹਨ। ਇਸ ਦੇ ਨਾਲ ਹੀ 7 ਪਰਿਵਾਰਾਂ ਨੂੰ ਰੁਜ਼ਗਾਰ ਵੀ ਦਿੱਤਾ। ਜਦੋਂ ਉਨ੍ਹਾਂ ਨੇ ਗੇਂਦੇ ਦੇ ਫ਼ੁੱਲਾਂ ਦੀ ਖੇਤੀ ਸ਼ੁਰੂ ਕੀਤੀ ਤਾਂ ਉਨ੍ਹਾਂ ਪਰਿਵਾਰ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ ਪਰ ਉਸ ਨੇ ਹਿੰਮਤ ਨਹੀਂ ਹਾਰੀ। ਹੁਣ ਪਰਿਵਾਰ ਵੀ ਸਾਥ ਦੇ ਰਿਹਾ ਹੈ। ਪਹਿਲਾਂ ਇਹ ਗੇਂਦੇ ਅਤੇ ਗੇਂਦੇ ਦੇ ਫ਼ੁੱਲ ਕੋਲਕਾਤਾ ਤੋਂ ਪੰਜਾਬ ਲਿਆਂਦੇ ਜਾਂਦੇ ਸਨ। ਉਹ ਵੀ 8 ਗ੍ਰਾਮ ਤੋਂ ਵੱਡਾ ਨਹੀਂ ਹੁੰਦਾ ਸੀ ਅਤੇ ਉੱਥੋਂ ਲਿਆਉਣ ਨਾਲ ਇਸ ਦੀ ਤਾਜ਼ਗੀ ਵੀ ਖ਼ਤਮ ਹੋ ਜਾਂਦੀ ਸੀ। ਉਥੇ ਹੀ ਬਲਬੀਰ 28 ਗ੍ਰਾਮ ਗੇਂਦੇ ਦਾ ਫ਼ੁੱਲ ਉਗਾਉਣ ਵਿੱਚ ਸਫ਼ਲ ਹੋਇਆ, ਜਿਸ ਨੂੰ ਇਕ ਪੁਰਸਕਾਰ ਵੀ ਮਿਲਿਆ ਹੈ। ਉਹ ਹੁਣ ਝੋਨੇ ਦੀ ਖੇਤੀ ਨੂੰ ਅਲਵਿਦਾ ਕਹਿ ਕੇ ਦੁੱਗਣੀ ਕਮਾਈ ਕਰ ਰਿਹਾ ਹੈ।

ਇਥੇ ਜ਼ਿਕਰਯੋਗ ਹੈ ਕਿ ਫ਼ੁੱਲਾਂ ਦੀ ਖੇਤੀ ਕਰਨਾ ਬਹੁਤ ਲਾਭਦਾਇਕ ਹੈ। ਇਸ ਧੰਦੇ ਨੂੰ ਛੋਟੇ ਤੋਂ ਛੋਟੇ ਕਿਸਾਨ ਵੀ ਅਪਣਾ ਸਕਦੇ ਹਨ। ਕਿਹਾ ਜਾਂਦਾ ਹੈ ਕਿ ਇਸ ਛੋਟੇ ਧੰਦੇ ਨਾਲ ਵਧੇਰੇ ਮੁਨਾਫ਼ਾ ਕਮਾਇਆ ਜਾ ਸਕਦਾ ਹੈ ਕਿਉਂਕਿ ਫ਼ੁੱਲਾਂ ਦਾ ਨਿਰਯਾਤ ਕਾਫ਼ੀ ਵੱਡੇ ਪੱਧਰ ’ਤੇ ਕੀਤਾ ਜਾਂਦਾ ਹੈ। ਫ਼ਲੋਰੀਕਲਚਰ, ਜਾਂ ਫ਼ੁੱਲਾਂ ਦੀ ਕਾਸ਼ਤ, ਬਗੀਚੇ ਅਤੇ ਬਾਗ ਲਈ ਫ਼ੁੱਲਾਂ ਅਤੇ ਸਜਾਵਟੀ ਪੌਦਿਆਂ ਦੀ ਖੇਤੀ ਅਤੇ ਫ਼ਲੋਰਿਸਟਰੀ ਲਈ ਅਨੁਸ਼ਾਸਨ ਹੈ, ਜਿਸ ਵਿੱਚ ਫ਼ੁੱਲਾਂ ਦੇ ਉਦਯੋਗ ਸ਼ਾਮਲ ਹਨ। ਫ਼ੁੱਲਾਂ ਦੀਆਂ ਨਵੀਆਂ ਕਿਸਮਾਂ ਦੇ ਪਲਾਂਟ ਪ੍ਰਜਨਨ ਦੇ ਦੁਆਰਾ ਵਿਕਾਸ, ਫ਼ੁੱਲਾਂ ਦੀ ਖੇਤੀ ਦੇ ਮੁੱਖ ਕਿੱਤੇ ਹਨ।



ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਕੀਤੇ ਜਾ ਰਹੇ ਸਾਂਝੇ ਉੱਪਰਾਲਿਆਂ ਸਦਕਾ, ਪੰਜਾਬ ਦੇ ਕਿਸਾਨਾਂ ਦਾ ਰੁਝਾਨ ਸਤਰੰਗੇ ਇਨਕਲਾਬ ਭਾਵ ‘ਫ਼ੁੱਲਾਂ ਦੀ ਕਾਸ਼ਤ’ ਵੱਲ ਵੱਧ ਰਿਹਾ ਹੈ। ਫ਼ੁੱਲਾਂ ਦਾ ਵਪਾਰ ਵਿਸ਼ਵ ਪੱਧਰ ’ਤੇ ਸਨਅਤੀ ਦਰਜਾ ਰੱਖਦਾ ਹੈ। ਘਰੇਲੂ ਮੰਡੀਆਂ ਵਿੱਚ ਵੀ ਫ਼ੁੱਲਾਂ ਦੀ ਖਪਤ ਕਾਫ਼ੀ ਜ਼ਿਆਦਾ ਰਹਿੰਦੀ ਹੈ ਜਿਸ ਕਰ ਕੇ ਫ਼ੁੱਲਾਂ ਦੀ ਖੇਤੀ ਦੀਆਂ ਕਾਫ਼ੀ ਜ਼ਿਆਦਾ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਪੰਜਾਬ ਦਾ ਪੌਣ ਪਾਣੀ ਫ਼ੁੱਲਾਂ ਦੀ ਕਾਸ਼ਤ ਲਈ ਬਹੁਤ ਅਨੁਕੂਲ ਹੋਣ ਕਰ ਕੇ ਪੰਜਾਬ ਦੇ ਹੋਰ ਕਿਸਾਨ ਵੀਰਾਂ ਨੂੰ ਵੀ ਚਾਹੀਦਾ ਹੈ ਕਿ ਆਪਣੀ ਖੇਤੀ ਹੇਠੋਂ ਕੁੱਝ ਰਕਬਾ ਘਟਾ ਕੇ ਫ਼ੁੱਲਾਂ ਦੀ ਕਾਸ਼ਤ ਜ਼ਰੂਰ ਕਰਨੀ ਚਾਹੀਦੀ ਹੈ। ਬਲਬੀਰ ਸਿੰਘ ਦਾ ਕਹਿਣਾ ਹੈ ਕਿ ਇਹ ਇੱਕ ਬਹੁਤ ਲਾਹੇਵੰਦ ਸੌਦਾ ਹੈ ਕਿਉਂਕਿ ਫ਼ੁੱਲਾਂ ਦੀ ਕਾਸ਼ਤ ਕਰ ਕੇ ਤਾਜੇ-ਫ਼ੁੱਲ, ਸੁਕਾਏ ਹੋਏ ਫ਼ੁੱਲ, ਫ਼ੁੱਲਾਂ ਦੇ ਬੀਜ਼, ਫ਼ੁੱਲਾਂ ਦੇ ਗੰਢੇ, ਟਿਸ਼ੂ ਕਲਚਰ ਰਾਹੀਂ ਤਿਆਰ ਜਾਂ ਗਮਲਿਆਂ ਵਿੱਚ ਵੀ ਫ਼ੁੱਲਾਂ ਦੇ ਪੌਦੇ ਤਿਆਰ ਕਰ ਕੇ ਵੇਚੇ ਜਾ ਸਕਦੇ ਹਨ। ਫ਼ੁੱਲਾਂ ਤੋਂ ਤਿਆਰ ਕੀਤਾ ਇਤਰ ਵੀ ਬਹੁਤ ਮਹਿੰਗਾ ਵਿਕਦਾ ਹੈ ਅਤੇ ਚੋਖਾ ਮੁਨਾਫ਼ਾ ਦੇ ਦਿੰਦਾ ਹੈ। ਪੰਜਾਬ ਵਿੱਚ ਪੈਦਾ ਕੀਤੇ ਹੋਏ ਫ਼ੁੱਲਾਂ ਦੇ ਬੀਜ਼ ਹਾਲੈਂਡ, ਅਮਰੀਕਾ, ਜਾਪਾਨ ਆਦਿ ਦੇਸ਼ਾਂ ਵਿੱਚ ਭੇਜੇ ਜਾ ਰਹੇ ਹਨ। ਸੋ, ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਖੇਤੀ ਦੀ ਨਵਾਂ ਉਭਰਦਾ ਰੂਪ ‘ਫ਼ੁੱਲਾਂ ਦੀ ਕਾਸ਼ਤ’ ਵੱਲ ਵੀ ਉਚੇਚਾ ਧਿਆਨ ਦੇਣ।

# ਯੂਕ੍ਰੇਨ-ਰੂਸ ਯੁੱਧ: ਕੀ ਨਿਊ ਵਰਲਡ ਆਰਡਰ ਦੀ ਸ਼ੁਰੂਆਤ ਹੋ ਚੁੱਕੀ ਹੈ ?

ਨਿਊ ਵਰਲਡ ਆਰਡਰ ਨੂੰ ਹੁਣ ਤੱਕ ਇੱਕ ਕਲਪਨਾ ਵਜੋਂ ਖਾਰਜ ਕੀਤਾ ਜਾਂਦਾ ਰਿਹਾ ਹੈ। ਇਸਨੂੰ ਸਿਰਫ਼ ਇੱਕ ਥਿਊਰੀ ਕਿਹਾ ਗਿਆ ਹੈ। ਪਰ ਹੁਣ ਇਹ ਹਕੀਕਤ ਵਿੱਚ ਬਦਲਦਾ ਜਾਪਦਾ ਹੈ। ਅਮਰੀਕਾ ਅਤੇ ਰੂਸ ਪਿਛਲੇ ਦਿਨੀਂ ਸੰਯੁਕਤ ਰਾਸ਼ਟਰ (ਯੂ.ਐਨ.) ਵਿੱਚ ਯੂਕ੍ਰੇਨ ਯੁੱਧ ’ਤੇ ਮਤੇ ਦੇ ਵਿਰੁੱਧ ਇਕੱਠੇ ਹੋਏ। ਇਹ ਪ੍ਰਸਤਾਵ ਰੂਸ ਦੀ ਨਿੰਦਾ ਕਰਨ ਲਈ ਸੰਯੁਕਤ ਰਾਸ਼ਟਰ ਵਿੱਚ ਲਿਆਂਦਾ ਗਿਆ ਸੀ। ਹੁਣ ਤੱਕ ਅਮਰੀਕਾ ਇਸ ਯੁੱਧ ਵਿੱਚ ਯੂਕ੍ਰੇਨ ਦੀ ਮਦਦ ਕਰਦਾ ਆ ਰਿਹਾ ਹੈ। ਪਰ ਟਰੰਪ ਦੇ ਆਉਣ ਤੋਂ ਬਾਅਦ ਸਥਿਤੀ ਪੂਰੀ ਤਰ੍ਹਾਂ ਬਦਲ ਗਈ। ਭਾਰਤ ਇਸ ਪ੍ਰਸਤਾਵ ’ਤੇ ਵੋਟਿੰਗ ਤੋਂ ਦੂਰ ਰਿਹਾ। ਇਸਦਾ ਮਤਲਬ ਹੈ ਕਿ ਉਹ ਗੈਰ ਹਾਜ਼ਰ ਸੀ।

ਬੀਤੇ ਦਿਨੀਂ ਯੂਕ੍ਰੇਨ ਦੀ ਖੇਤਰੀ ਅਖੰਡਤਾ ਦਾ ਸਮਰਥਨ ਕਰਨ ਵਾਲੇ ਮਤੇ ਦੇ ਵਿਰੁੱਧ ਵੋਟ ਪਾਉਣ ਵਿੱਚ ਅਮਰੀਕਾ ਨੇ ਰੂਸ ਦਾ ਸਾਥ ਦਿੱਤਾ ਸੀ ਅਤੇ 16 ਹੋਰ ਦੇਸ਼ਾਂ ਨੇ ਅਮਰੀਕਾ ਦਾ ਸਹਿਯੋਗ ਕੀਤਾ ਸੀ।

ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸ਼ਾਂ ਨੇ ਇਸ ਮਤੇ ਦਾ ਸਮਰਥਨ ਕੀਤਾ ਸੀ, ਪਰ ਅਮਰੀਕਾ ਨੇ ਇਸਦਾ ਸਖ਼ਤ ਵਿਰੋਧ ਕੀਤਾ ਸੀ। ਸੰਯੁਕਤ ਰਾਜ ਅਮਰੀਕਾ ਨੇ ਇੱਕ ਬਦਲਵਾਂ ਮਤਾ ਪੇਸ਼ ਕੀਤਾ ਜਿਸ ਵਿੱਚ ਯੁੱਧ ਲਈ



ਰੂਸ ਨੂੰ ਦੋਸ਼ੀ ਠਹਿਰਾਉਣ ਜਾਂ ਯੂਕ੍ਰੇਨ ਦੀਆਂ ਸਰਹੱਦਾਂ ਦਾ ਜ਼ਿਕਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਅਮਰੀਕਾ ਦਾ ਇਹ ਕਦਮ ਉਸਦੀਆਂ ਨੀਤੀਆਂ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਨੂੰ ਦਰਸਾਉਂਦਾ ਹੈ। ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੇ ਕਾਰਜਕਾਲ ਦੌਰਾਨ, ਵਾਸ਼ਿੰਗਟਨ ਨੇ ਸੰਯੁਕਤ ਰਾਸ਼ਟਰ ਵਿੱਚ ਪਾਸ ਕੀਤੇ ਗਏ ਸਾਰੇ ਮਤਿਆਂ ਵਿੱਚ ਯੂਕ੍ਰੇਨ ਦਾ ਪੂਰਾ ਸਮਰਥਨ ਕੀਤਾ ਗਿਆ ਸੀ। ਬਾਇਡੇਨ ਨੇ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਸਪਲਾਈ ਯਕੀਨੀ ਬਣਾ ਕੇ ਜੰਗ ਦੇ ਮੈਦਾਨ ਵਿੱਚ ਕੀਵ ਦੀ ਮਦਦ ਵੀ ਕੀਤੀ ਸੀ। ਅਮਰੀਕਾ ਦੁਆਰਾ ਪੇਸ਼ ਕੀਤੇ ਗਏ ਜਵਾਬੀ ਪ੍ਰਸਤਾਵ ਵਿੱਚ ਯੂਕਰੇਨ ਸੰਘਰਸ਼ ਦੇ ਜਲਦੀ ਅੰਤ ਦੀ ਮੰਗ ਕੀਤੀ ਗਈ ਸੀ ਪਰ ਯੂਕ੍ਰੇਨ ਦੀ ਖੇਤਰੀ ਅਖੰਡਤਾ ਦਾ ਕੋਈ ਜ਼ਿਕਰ ਨਹੀਂ ਸੀ। ਇਸਨੂੰ ਸੰਯੁਕਤ ਰਾਸ਼ਟਰ ਮਹਾਸਭਾ ਦੇ ਮੈਂਬਰਾਂ ਦਾ ਸਮਰਥਨ ਨਹੀਂ ਮਿਲਿਆ। ਇਸ ਪ੍ਰਸਤਾਵ ਵਿੱਚ ਇੰਨੇ ਬਦਲਾਅ ਕੀਤੇ ਗਏ ਸਨ ਕਿ ਜਦੋਂ ਸੋਧੇ ਹੋਏ ਪ੍ਰਸਤਾਵ ’ਤੇ ਵੋਟਿੰਗ ਹੋਈ ਤਾਂ ਅਮਰੀਕਾ ਨੇ ਖੁਦ ਇਸ ਤੋਂ ਦੂਰੀ ਬਣਾ ਲਈ ਸੀ। ਸੋਧੇ ਹੋਏ ਅਮਰੀਕੀ ਮਤੇ ਨੂੰ 93 ਵੋਟਾਂ ਮਿਲੀਆਂ, ਜਦੋਂ ਕਿ 73 ਦੇਸ਼ ਵੋਟਿੰਗ ਤੋਂ ਦੂਰ ਰਹੇ ਅਤੇ ਅੱਠ ਦੇਸ਼ਾਂ ਨੇ ਵਿਰੋਧ ਕੀਤਾ ਸੀ।

# ਪੰਜਾਬ ’ਚ ਹੁਣ ਸ਼ੁਰੂ ਹੋਈ ‘ਮੈਰਿਜ ਪੋਲਟਿਕਸ’

## ਵਿਆਹ ਸਮਾਗਮਾਂ ’ਚ ਸ਼ਮੂਲੀਅਤ ਨੂੰ ਲੈ ਕੇ ਸਿਆਸੀ ਆਗੂ ਹੋਣ ਲੱਗੇ ਮੇਹਣੋ-ਮੇਹਣੀ



ਚੰਡੀਗੜ੍ਹ/ਏ.ਟੀ.ਨਿਊਜ਼ : ਭਾਜਪਾ ਨੇਤਾ ਸੁਨੀਲ ਜਾਖੜ ਦੇ ਪੋਤੇ ਜੈਵੀਰ ਜਾਖੜ ਅਤੇ ਅਕਾਲੀ ਨੇਤਾ ਸੁਖਬੀਰ ਬਾਦਲ ਦੀ ਪੁੱਤਰੀ ਹਰਕੀਰਤ ਕੌਰ ਦੇ ਵਿਆਹ ਸਮਾਗਮ ਵਿੱਚ ਵੱਖ- ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਸ਼ਮੂਲੀਅਤ ਨੂੰ ਲੈ ਕੇ ਆਗੂਆਂ ਵਿੱਚ ਸਿਆਸੀ ਨੋਕਝੋਕ ਸ਼ੁਰੂ ਹੋ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੀ ਗਈ ਟਿੱਪਣੀ ਤੋਂ ਬਾਅਦ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਕਾਂਗਰਸੀਆਂ ਆਗੂਆਂ ਵੱਲੋਂ ਸੁਖਬੀਰ ਬਾਦਲ ਅਤੇ ਸੁਨੀਲ ਜਾਖੜ ਦੇ ਪਰਿਵਾਰਕ ਸਮਾਗਮ ਵਿੱਚ ਸ਼ਾਮਲ ਹੋਣ ’ਤੇ ਸਖ਼ਤ ਨੁਕਤਾਚੀਨੀ ਕੀਤੀ ਹੈ। ਰਾਜਾ ਵੜਿੰਗ ਨੇ ਇਹ ਸਿਆਸੀ ਟਕੋਰ ਕਪੂਰਥਲਾ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ ਵੱਲੋਂ ਰਾਜਾ ਵੜਿੰਗ ਦੀ ਆਲੋਚਨਾ ਕਰਨ ਤੋਂ ਬਾਅਦ ਕੀਤੀ ਹੈ। ਹਾਲਾਂ ਕਿ ਰਾਣਾ ਗੁਰਜੀਤ ਸਿੰਘ ਨੇ ਕੋਈ ਜਵਾਬ ਨਹੀਂ ਦਿੱਤਾ ਪਰ ਜਲੰਧਰ ਦੇ ਵਿਧਾਇਕ ਪ੍ਰਗਟ ਸਿੰਘ ਮੈਦਾਨ ਵਿੱਚ ਆ ਗਏ ਹਨ। ਰਾਜਾ ਵੜਿੰਗ ਨੇ ਰਾਣਾ ਗੁਰਜੀਤ ਸਿੰਘ ਦਾ ਨਾਮ ਲਏ ਬਗੈਰ ਕਿਹਾ ਕਿ ਕੋਈ ਵੀ ਪ੍ਰਧਾਨ ਬਣ ਸਕਦਾ ਹੈ। ਜੇਕਰ ਕੋਈ ਪ੍ਰਧਾਨ ਬਣਨਾ ਚਾਹੁੰਦਾ ਉਹ ਦਿੱਲੀ ਜਾ ਕੇ ਆਪਣੀ ਪੈਰਵੀ ਕਰੇ, ਪਰ ਘੱਟੋ ਘੱਟ ਮੀਡੀਆ ਵਿੱਚ ਬਿਆਨਬਾਜ਼ੀ ਨਾ ਕਰੇ। ਵੜਿੰਗ ਨੇ ਕਿਹਾ ਕਿ ਉਹ ਤਾਂ ਬਾਦਲ ਤੇ ਜਾਖੜ ਦੇ ਵਿਆਹ ਸਮਾਗਮ ਵਿੱਚ ਨਹੀਂ ਗਿਆ। ਉਹ ਕਾਂਗਰਸੀ ਹੈ ਤੇ ਕਾਂਗਰਸੀਆਂ ਦੇ ਸਮਾਗਮਾਂ ਵਿੱਚ ਜਾਣਗੇ। ਉਹਨਾਂ ਕਿਹਾ ਕਿ ਹੇਠਲੇ ਪੱਧਰ ’ਤੇ ਵਰਕਰ ਹੈਰਾਨ ਤੇ ਪਰੇਸ਼ਾਨ ਹਨ ਕਿਉਂਕਿ ਲੀਡਰ ਖੁਦ ਦੂਜੀਆਂ ਪਾਰਟੀਆਂ ਦੇ ਆਗੂਆਂ ਦੇ ਵਿਆਹ ਸਮਾਗਮਾਂ ਵਿੱਚ ਹਾਜ਼ਰ ਹੁੰਦੇ ਹਨ। ਭਾਵੇਂ ਰਾਣਾ ਗੁਰਜੀਤ ਸਿੰਘ ਅਜੇ ਚੁੱਪ ਹਨ, ਪਰ ਜਲੰਧਰ ਦੇ ਵਿਧਾਇਕ ਪ੍ਰਗਟ ਸਿੰਘ ਨੇ ਆਪਣੇ ਫੇਸਬੁੱਕ ਪੇਜ਼ ’ਤੇ ਮੁੱਖ ਮੰਤਰੀ ਅਤੇ ਰਾਜਾ ਵੜਿੰਗ ਦਾ ਨਾਮ ਲਏ ਬਗੈਰ ਟਿੱਪਣੀ ਕਰਦਿਆਂ ਕਿਹਾ ਕਿ ਪੰਜਾਬ ਦੇ ਕੁਝ ਆਗੂ ਖੁਸ਼ੀ ਅਤੇ ਗਮੀ ਦੇ ਪਰਿਵਾਰਕ ਜਸ਼ਨਾਂ ’ਤੇ ਟਿੱਪਣੀ ਕਰਕੇ ਸਾਡੇ ਸੱਭਿਆਚਾਰ ਪ੍ਰਤੀ ਆਪਣੀ ਨੀਵੀਂ ਸੋਚ ਦਾ ਪ੍ਰਦਰਸ਼ਨ ਕਰ ਰਹੇ ਹਨ। ਅੱਜ ਜਦੋਂ ਪੰਜਾਬ ਵਿੱਚ ਹਰ ਮੁੱਦੇ ’ਤੇ ਡੂੰਘਾਈ ਨਾਲ ਵਿਚਾਰ-ਵਟਾਂਦਰੇ ਦੀ ਲੋੜ ਹੈ ਤਾਂ ਅਜਿਹੇ ਬਿਆਨਾਂ ਰਾਹੀਂ ਲੋਕਾਂ ਦਾ ਧਿਆਨ ਗੰਭੀਰ ਮੁੱਦਿਆਂ ਤੋਂ ਹਟਾਉਣ ਦੇ ਇਸ ਮਾੜੇ ਇਰਾਦੇ ਨੂੰ ਸਮਝਣ ਅਤੇ ਪੂਰੀ ਤਰ੍ਹਾਂ ਰੱਦ ਕਰਨ ਦੀ ਲੋੜ ਹੈ। ਇੱਥੇ ਦੱਸਿਆ ਜਾਂਦਾ ਹੈ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੋਤੇ ਜੈਵੀਰ ਜਾਖੜ ਅਤੇ ਅਕਾਲੀ ਨੇਤਾ ਸੁਖਬੀਰ ਸਿੰਘ ਬਾਦਲ ਨੇ ਆਪਣੀ ਧੀ ਹਰਕੀਰਤ ਕੌਰ ਦੇ ਵਿਆਹ ਸਬੰਧੀ ਪਤਵੰਤਿਆਂ ਲਈ ਇੱਕ ਪਾਰਟੀ ਦੀ ਮੇਜ਼ਬਾਨੀ ਕੀਤੀ ਸੀ। ਇਨ੍ਹਾਂ ਸਮਾਗਮਾਂ ਵਿੱਚ ਵੱਖ- ਵੱਖ ਸਿਆਸੀ ਪਾਰਟੀਆਂ ਤੋ ਬਿਨਾਂ ਧਾਰਮਿਕ, ਸਮਾਜਿਕ ਆਗੂ ਸ਼ਾਮਲ ਹੋਏ ਸਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨ ਇੱਕ ਸਮਾਗਮ ਦੌਰਾਨ ਟਿੱਪਣੀ ਕਰਦਿਆਂ ਕਿਹਾ ਕਿ ਅੰਨਦਾਤਾ ਭੁੱਖ ਹੜਤਾਲ ’ਤੇ ਹੈ, ਉੱਥੇ ਸੁਖਬੀਰ ਬਾਦਲ ਅਤੇ ਸੁਨੀਲ ਜਾਖੜ ਦਾਅਵਤਾਂ ਦੇ ਰਹੇ ਹਨ। ਉਨ੍ਹਾਂ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਇਨ੍ਹਾਂ ਕਰਕੇ ਲੋਕ ਹੇਠਲੇ ਪੱਧਰ ’ਤੇ ਲੜਦੇ ਰਹਿੰਦੇ ਹਨ, ਕਿਸੇ ਸਮਾਗਮ ਵਿੱਚ ਨਹੀਂ ਜਾਂਦੇ ਪਰ ਇਹ ਖੁਦ ਜੱਫੀਆਂ ਪਾਉਂਦੇ ਹਨ। ਇੱਕ ਦੂਜੇ ਦੇ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਆਗੂ ਆਪਣੇ ਮੰਚਾਂ ਤੋਂ ਇੱਕ ਦੂਜੇ ਵਿਰੁੱਧ ਜ਼ਹਿਰ ਉਗਲਦੇ ਹਨ ਪਰ ਨਿੱਜੀ ਸਮਾਗਮਾਂ ਵਿੱਚ ਇੱਕ ਦੂਜੇ ਨੂੰ ਜੱਫੀ ਪਾਉਂਦੇ ਹਨ, ਜਿਸ ਨਾਲ ਉਨ੍ਹਾਂ ਦਾ ਸ਼ੱਕੀ ਚਿਹਰਾ ਨੰਗਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਬਾਦਲ ਤੇ ਜਾਖੜ ਦੇ ਸਮਾਗਮ ਵਿੱਚ ਸਾਰੇ ਲੀਡਰ ਸਨ ਪਰ ਉਹ ਨਹੀਂ ਸਨ ਕਿਉਂਕਿ ਉਨ੍ਹਾਂ ਨੂੰ ਬੁਲਾਇਆ ਨਹੀਂ ਗਿਆ ਅਤੇ ਨਾ ਹੀ ਉਹ ਜਾਂਦੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਅਰਸ਼ਦੀਪ ਕਲੇਰ ਨੇ ਮੁੱਖ ਮੰਤਰੀ ਦੀ ਟਿੱਪਣੀ ’ਤੇ ਪਲਟਵਾਰ ਕਰਦਿਆਂ ਕਿਹਾ ਕਿ ਇਹ ਇੱਕ ਸ਼ੁੱਧ ਸ਼ਾਕਾਹਾਰੀ ਵਿਆਹ ਸੀ। ਇਸ ਲਈ ਤੁਹਾਨੂੰ (ਮੁੱਖ ਮੰਤਰੀ) ਸੱਦਾ ਨਹੀਂ ਦਿੱਤਾ ਸੀ ਕਿਉਂਕਿ ਇਹ ਵਿਆਹ ਏ.ਐੱਮ. ਸੀ ਪੀ.ਐੱਮ. ਨਹੀਂ।

# ਕੇਂਦਰ ਤੇ ਕਿਸਾਨਾਂ ਵਿਚਾਲੇ ਹੋਈ ਛੇਵੇਂ ਗੇੜ ਦੀ ਮੀਟਿੰਗ ’ਚ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਬਾਰੇ ਨਾ ਹੋਇਆ ਕੋਈ ਫ਼ੈਸਲਾ

## ਕੇਂਦਰੀ ਮੰਤਰੀਆਂ ਅਤੇ ਕਿਸਾਨਾਂ ਵਿਚਾਲੇ ਅਗਲੀ ਮੀਟਿੰਗ 19 ਮਾਰਚ ਨੂੰ



ਚੰਡੀਗੜ੍ਹ/ਏ.ਟੀ.ਨਿਊਜ਼: ਫ਼ਸਲਾਂ ’ਤੇ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹੋਰ ਮੰਗਾਂ ਬਾਰੇ ਕੇਂਦਰ ਤੇ ਕਿਸਾਨਾਂ ਵਿਚਕਾਰ ਪਿਛਲੇ ਦਿਨੀਂ ਚੰਡੀਗੜ੍ਹ ਵਿੱਚ ਹੋਈ ਛੇਵੇਂ ਗੇੜ ਦੀ ਮੀਟਿੰਗ ਵਿੱਚ ਫ਼ਸਲਾਂ ’ਤੇ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਬਾਰੇ ਗੱਲ ਅੱਗੇ ਤੁਰ ਪਈ। ਹਾਲਾਂਕਿ ਇਸ ਮੀਟਿੰਗ ਵਿੱਚ ਕੋਈ ਫ਼ੈਸਲਾ ਨਹੀਂ ਲਿਆ ਗਿਆ ਪਰ ਕੇਂਦਰੀ ਮੰਤਰੀਆਂ ਨੇ ਕਿਸਾਨਾਂ ਨਾਲ ਅਗਲੀ ਮੀਟਿੰਗ 19 ਮਾਰਚ ਨੂੰ ਚੰਡੀਗੜ੍ਹ ਵਿੱਚ ਹੀ ਨਿਰਧਾਰਿਤ ਕਰ ਦਿੱਤੀ ਹੈ। ਮੀਟਿੰਗ ਵਿੱਚ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ, ਪਿਊਸ਼ ਗੋਇਲ ਤੇ ਪ੍ਰਹਿਲਾਦ ਜੋਸ਼ੀ ਨੇ ਸੰਯੁਕਤ ਕਿਸਾਨ ਮੋਰਚਾ (ਗ਼ੈਰ ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਦੇ 28 ਮੈਂਬਰੀ ਵਫ਼ਦ ਨਾਲ ਗੱਲਬਾਤ ਕੀਤੀ। ਇਹ ਮੀਟਿੰਗ ਤਿੰਨ ਘੰਟੇ ਤੋਂ ਵੱਧ ਸਮਾਂ ਚੱਲੀ। ਇਸ ਦੌਰਾਨ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਗੁਰਮੀਤ ਸਿੰਘ ਖੁੱਡੀਆਂ ਅਤੇ ਲਾਲਚੰਦ ਕਟਾਰੂਚੱਕ ਵੀ ਮੌਜੂਦ ਸਨ। ਚੰਡੀਗੜ੍ਹ ਦੇ ਸੈਕਟਰ-26 ਦੇ ਮਗਸੀਪਾ ਵਿੱਚ ਹੋਈ ਮੀਟਿੰਗ ਦੌਰਾਨ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਨੇ ਆਉਂਦਿਆਂ ਹੀ ਸਭ ਤੋਂ ਪਹਿਲਾਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ। ਇਸ ਤੋਂ ਬਾਅਦ ਕੇਂਦਰੀ ਮੰਤਰੀਆਂ ਨੇ ਕਿਸਾਨਾਂ ਦੇ ਵੱਖ-ਵੱਖ ਮੁੱਦਿਆਂ ’ਤੇ ਗੱਲਬਾਤ ਕੀਤੀ। ਇਸ ਮੀਟਿੰਗ ਵਿੱਚ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਨੇ ਸਾਰੀਆਂ ਫ਼ਸਲਾਂ ਦੀ ਐੱਮ.ਐੱਸ.ਪੀ. ’ਤੇ ਖਰੀਦ ਦੀ ਕਾਨੂੰਨੀ ਗਾਰੰਟੀ ਦੇਣ ਦੀ ਮੰਗ ਕੀਤੀ। ਇਸ ਦੌਰਾਨ ਕਿਸਾਨਾਂ ਨੇ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਖਰੀਦੀਆਂ ਜਾਣ ਵਾਲੀਆਂ ਫ਼ਸਲਾਂ ਅਤੇ ਐੱਮ. ਐੱਸ. ਪੀ. ਤੋਂ ਘੱਟ ਭਾਅ ’ਤੇ ਖਰੀਦੀਆਂ ਜਾਣ ਵਾਲੀਆਂ ਫ਼ਸਲਾਂ ਦੇ ਅੰਕੜੇ ਪੇਸ਼ ਕੀਤੇ। ਇਸ ਦੇ ਨਾਲ ਹੀ ਕਿਸਾਨਾਂ ਨੇ ਦਾਅਵਾ ਕੀਤਾ ਕਿ ਕੇਂਦਰ ਸਰਕਾਰ 25 ਤੋਂ 30 ਹਜ਼ਾਰ ਕਰੋੜ ਰੁਪਏ ਦੇ ਬਜਟ ਨਾਲ ਫ਼ਸਲਾਂ ਦੀ ਐੱਮ.ਐੱਸ.ਪੀ. ’ਤੇ ਯਕੀਨੀ ਖਰੀਦ ਕਰ ਸਕਦੀ ਹੈ।

### ਕਿਸਾਨਾਂ ਨਾਲ ਚੰਗੇ ਮਾਹੌਲ ਵਿੱਚ ਗੱਲਬਾਤ ਹੋਈ: ਖੇਤੀ ਮੰਤਰੀ

ਕਿਸਾਨਾਂ ਨਾਲ ਮੀਟਿੰਗ ਤੋਂ ਬਾਅਦ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨਾਂ ਨਾਲ ਗੱਲਬਾਤ ਬਹੁਤ ਹੀ ਚੰਗੇ ਮਾਹੌਲ ਵਿੱਚ ਹੋਈ ਹੈ। ਉਨ੍ਹਾਂ ਨੇ ਮੋਦੀ ਸਰਕਾਰ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਕੀਤੇ ਜਾ ਰਹੇ ਕੰਮਾਂ ਬਾਰੇ ਵੀ ਕਿਸਾਨਾਂ ਨੂੰ ਜਾਣੂੰ ਕਰਵਾਇਆ ਅਤੇ ਉਸ ਤੋਂ ਬਾਅਦ ਕਿਸਾਨਾਂ ਦੀਆਂ ਮੰਗਾਂ ਨੂੰ ਵੀ ਧਿਆਨ ਨਾਲ ਸੁਣਿਆ। ਉਨ੍ਹਾਂ ਕਿਹਾ ਕਿ 19 ਮਾਰਚ ਨੂੰ ਕਿਸਾਨਾਂ ਨਾਲ ਅਗਲੀ ਮੀਟਿੰਗ ਕੀਤੀ ਜਾਵੇਗੀ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੀਟਿੰਗ ਦੌਰਾਨ ਕਿਸਾਨਾਂ ਨੇ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਦੇਣ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਵੀ ਕਿਸਾਨਾਂ ਦਾ ਪੱਖ ਪੂਰਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ 19 ਮਾਰਚ ਨੂੰ ਹੋਣ ਵਾਲੀ ਮੀਟਿੰਗ ਦੇ ਚੰਗੇ ਨਤੀਜੇ ਸਾਹਮਣੇ ਆ ਸਕਦੇ ਹਨ। ਜ਼ਿਕਰਯੋਗ ਹੈ ਕਿ ਇਸ ਮੀਟਿੰਗ ਵਿੱਚ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਐਂਬੂਲੈਂਸ ਰਾਹੀਂ ਪਹੁੰਚੇ।

# ਅਸੀਂ ਕਿਸਾਨਾਂ ਦੀ ਭਲਾਈ ਲਈ ਸਾਰੇ ਅਹਿਮ ਫ਼ੈਸਲੇ ਲਵਾਂਗੇ: ਚੌਹਾਨ



ਨਵੀਂ ਦਿੱਲੀ : ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਉਣ ਦੇ ਉਪਾਅ ਕਰ ਰਹੀ ਹੈ ਕਿ ਕਿਸਾਨਾਂ ਨੂੰ ਆਪਣੀ ਫ਼ਸਲ, ਖ਼ਾਸ ਤੌਰ ’ਤੇ ਫ਼ਲਾਂ ਤੇ ਸਬਜ਼ੀਆਂ ਨਾਮਾਤਰ ਕੀਮਤਾਂ ’ਤੇ ਨਾ ਵੇਚਣੀਆਂ ਪੈਣ। ਉਨ੍ਹਾਂ ਕੌਮੀ ਰਾਜਧਾਨੀ ਵਿੱਚ ‘ਪੂਸਾ ਖੇਤੀ ਵਿਗਿਆਨ ਮੇਲਾ’ 2025 ਦਾ ਉਦਘਾਟਨ ਕਰਨ ਤੋਂ ਬਾਅਦ ਇਹ ਗੱਲ ਆਖੀ। ਚੌਹਾਨ ਨੇ ਲੈਬਾਰਟਰੀਆਂ ਤੋਂ ਬੀਜਾਂ ਦੀਆਂ ਨਵੀਆਂ ਕਿਸਮਾਂ ਤੇ ਤਕਨਾਲੋਜੀ ਜਲਦੀ ਤੋਂ ਜਲਦੀ ਕਿਸਾਨਾਂ ਤੱਕ ਪਹੁੰਚਾਉਣ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰ ਸਮੱਸਿਆਵਾਂ ਨੂੰ ਸਮਝਣ ਲਈ ਕਿਸਾਨਾਂ ਦੇ ਨਾਲ ਉਨ੍ਹਾਂ ਦੀਆਂ ਜਥਬੰਦੀਆਂ ਰਾਹੀਂ ਸਿੱਧੀ ਚਰਚਾ ਕਰ ਰਹੀ ਹੈ ਅਤੇ ਫ਼ਿਰ ਹੱਲ ਲਈ ਯੋਜਨਾਵਾਂ ਬਣਾ ਰਹੀ ਹੈ। ਮੰਤਰੀ ਨੇ ਕਿਹਾ, “ਜਿੱਥੇ-ਜਿੱਥੇ ਸਮੱਸਿਆਵਾਂ ਦਿਖ ਰਹੀਆਂ ਹਨ, ਅਸੀਂ ਯੋਜਨਾਵਾਂ ਬਣਾ ਰਹੇ ਹਾਂ।” ਉਨ੍ਹਾਂ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਪਿਛਲੇ ਕੁਝ ਸਾਲਾਂ ਵਿੱਚ ਸਰਕਾਰ ਵੱਲੋਂ ਉਠਾਏ ਗਏ ਕਦਮਾਂ ਦਾ ਜ਼ਿਕਰ ਕੀਤਾ। ਚੌਹਾਨ ਨੇ ਕਿਹਾ ਕਿ ਸਰਕਾਰ ਨੇ ਚੌਲ ਤੇ ਪਿਆਜ਼ ਦੀ ਬਰਾਮਦ ਤੋਂ ਰੋਕ ਹਟਾ ਦਿੱਤੀ ਹੈ ਜਦਕਿ ਖੁਰਾਕੀ ਤੇਲਾਂ ’ਤੇ ਦਰਾਮਦ ਫ਼ੀਸ ਵਧਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਟਮਾਟਰ ਦੀਆਂ ਕੀਮਤਾਂ ਵਿੱਚ ਨਿਘਾਰ ਨੂੰ ਦੇਖਦੇ ਹੋਏ ਕਿਸਾਨਾਂ ਦੀ ਮਦਦ ਲਈ ਕਦਮ ਉਠਾਏ ਜਾਣਗੇ। ਉਨ੍ਹਾਂ ਕਿਹਾ, “ਮੈਂ ਆਪਣੇ ਕਿਸਾਨੀ ਭਾਈਚਾਰੇ ਨੂੰ ਭਰੋਸਾ ਦੇਣਾ ਚਾਹੁੰਦਾ ਹਾਂ ਕਿ ਅਸੀਂ ਕਿਸਾਨਾਂ ਦੀ ਭਲਾਈ ਲਈ ਸਾਰੇ ਅਹਿਮ ਫ਼ੈਸਲੇ ਲਵਾਂਗੇ। ਚਿੰਤਾ ਨਾ ਕਰੋ।” ਉਨ੍ਹਾਂ ਕਿਹਾ, “ਕੁਝ ਮੁੱਦੇ ਹਨ, ਜਿਨ੍ਹਾਂ ’ਤੇ ਵਿਚਾਰ ਕੀਤਾ ਜਾ ਰਿਹਾ ਹੈ। ਖੇਤ ਪੱਧਰ ’ਤੇ ਕੀਮਤਾਂ ਘੱਟ ਹਨ ਅਤੇ ਖ਼ਪਤਕਾਰ ਵਾਧੂ ਕੀਮਤਾਂ ਦੇ ਰਹੇ ਹਨ। ਵਿਚਾਲੇ ਫ਼ਾਇਦਾ ਕੌਣ ਲੈਂਦਾ ਹੈ? ਲਾਭ ਦਾ ਮਾਰਜਨ ਘੱਟ ਹੋਣਾ ਚਾਹੀਦਾ ਹੈ।” ਮੰਤਰੀ ਨੇ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ ਕਿ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਨਾਮਾਤਰ ਕੀਮਤਾਂ ’ਤੇ ਨਾ ਵੇਚਣੀਆਂ ਪੈਣ। ਖੁਰਾਕ ਉਤਪਾਦਨ ਵਿੱਚ ਭਾਰਤ ਨੂੰ ਆਤਮਨਿਰਭਰ ਬਣਾਉਣ ਲਈ ਭਾਰਤੀ ਖੇਤੀ ਖੋਜ ਕੌਂਸਲ (ਆਈ.ਸੀ.ਏ.ਆਰ.) ਦੇ ਵਿਗਿਆਨੀਆਂ ਦੀ ਸ਼ਲਾਘਾ ਕਰਦੇ ਹੋਏ ਚੌਹਾਨ ਨੇ ਕਿਹਾ ਕਿ ਕਿਸਾਨਾਂ ਨੂੰ ਫ਼ਾਇਦਾ ਪਹੁੰਚਾਉਣ ਲਈ ਨਵੀਆਂ ਕਿਸਮਾਂ ਤੇ ਤਕਨਾਲੋਜੀ ਨੂੰ ਜਲਦੀ ਤੋਂ ਜਲਦੀ ਖੇਤਾਂ ਤੱਕ ਪਹੁੰਚਾਉਣ ਦੀ ਲੋੜ ਹੈ। ਉਨ੍ਹਾਂ ਕਿਹਾ, “ਚੰਗੀ ਕਿਸਮ ਦੇ ਬੀਜ ਮੁਹੱਈਆ ਕਰਵਾਉਣਾ ਬਹੁਤ ਜ਼ਰੂਰੀ ਹੈ। ਕਿਸਾਨਾਂ ਨੂੰ ਇਸ ਦੀ ਲੋੜ ਹੈ। ਆਈ.ਸੀ.ਏ.ਆਰ. ਇਨ੍ਹਾਂ ਬੀਜਾਂ ਨੂੰ ਵਿਕਸਤ ਕਰ ਰਿਹਾ ਹੈ। ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਇਹ ਬੀਜ ਜਲਦੀ ਤੋਂ ਜਲਦੀ ਕਿਸਾਨਾਂ ਤੱਕ ਪਹੁੰਚਣ।” ਚੌਹਾਨ ਨੇ ਕਿਹਾ ਕਿ ਉਹ ਦਿੱਲੀ ਵਿੱਚ ਸਥਿਤ ਕ੍ਰਿਸ਼ੀ ਭਵਨ ਵਿੱਚ ਬੈਠਣ ਦੀ ਥਾਂ ਖੇਤਾਂ ਵਿੱਚ ਜਾ ਕੇ ਕਿਸਾਨਾਂ ਦੀਆਂ ਸਮੱਸਿਆਵਾਂ ਸਮਝਦੇ ਹਨ। ਉਹ ਆਪਣੇ ਮੰਤਰਾਲੇ ਦੇ ਅਧਿਕਾਰੀਆਂ ਤੇ ਆਈਸੀਏਆਰ ਦੇ ਵਿਗਿਆਨੀਆਂ ਨੂੰ ਵੀ ਅਜਿਹਾ ਕਰਨ ਵਾਸਤੇ ਕਹਿੰਦੇ ਹਨ। ਉਨ੍ਹਾਂ ਦੁਹਰਾਇਆ ਕਿ ਸਰਕਾਰ ਫ਼ਸਲਾਂ ਵਿੱਚ ਸੁਧਾਰ ਰਾਹੀਂ ਖੇਤੀ ਉਤਪਾਦਨ ਵਧਾਉਣ, ਉਤਪਾਦਨ ਲਾਗਤ ਘਟਾਉਣ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦਾ ਸਹੀ ਮੁੱਲ ਦਿਵਾਉਣ ’ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਸਰਕਾਰ ਕਣਕ ਤੇ ਝੋਨਾ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ’ਤੇ ਖ਼ਰੀਦ ਰਹੀ ਹੈ।

ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਵੱਲੋਂ ਮਸਰੀ, ਮਾਂਹ ਤੇ ਅਰਹਰ ਦੀਆਂ ਦਾਲਾਂ ਦੀ ਸਾਰੀ ਫ਼ਸਲ ਖ਼ਰੀਦੇਗੀ ਤਾਂ ਜੋ ਕਿਸਾਨਾਂ ਨੂੰ ਹੋਰ ਵਧੇਰੇ ਦਾਲਾਂ ਉਗਾਉਣ ਲਈ ਉਤਸ਼ਾਹਿਤ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਭਾਰਤ ਨੂੰ 2047 ਤੱਕ ਇਕ ਵਿਕਸਤ ਦੇਸ਼ ਬਣਾਉਣ ਲਈ ਕਿਸਾਨਾਂ ਤੇ ਖੇਤੀਬਾੜੀ ਖੇਤਰ ਦਾ ਵਿਕਾਸ ਕਰਨਾ ਕਾਫ਼ੀ ਜ਼ਰੂਰੀ ਹੈ।

# ਸਿੱਖ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ: ਜਥੇ. ਗਿ. ਰਘਬੀਰ ਸਿੰਘ

## ਸਿੰਘ ਸਾਹਿਬਾਨ ਨੇ ਨਾਨਕਸ਼ਾਹੀ ਕੈਲੰਡਰ ਕੀਤਾ ਜਾਰੀ



ਅੰਮ੍ਰਿਤਸਰ/ਏ.ਟੀ.ਨਿਊਜ਼ː ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਦੀ ਮੌਜੂਦਗੀ ਵਿੱਚ ਨਾਨਕਸ਼ਾਹੀ ਸੰਮਤ 557 (ਸੰਨ 2025-26) ਦਾ ਕੈਲੰਡਰ ਜਾਰੀ ਕੀਤਾ। ਇਸ ਵਾਰ ਦਾ ਨਾਨਕਸ਼ਾਹੀ ਕੈਲੰਡਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾ-ਗੱਦੀ ਦਿਵਸ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਅਨਿਨ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਤਾ ਗਿਆ ਹੈ।ਕੈਲੰਡਰ ਜਾਰੀ ਕਰਨ ਮੌਕੇ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਉਹ ਗੁਰਪੁਰਬ ਅਤੇ ਹੋਰ ਇਤਿਹਾਸਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ। ਉਨ੍ਹਾਂ ਕਿਹਾ ਕਿ ਹਰ ਕੌਮ ਦਾ ਆਪਣਾ ਕੈਲੰਡਰ ਹੁੰਦਾ ਹੈ, ਜਿਸ ਅਨੁਸਾਰ ਕੌਮਾਂ ਆਪਣੇ ਧਰਮ ਇਤਿਹਾਸ ਦੇ ਦਿਹਾੜੇ ਮਨਾਉਂਦੀਆਂ ਹਨ। ਸਿੱਖ ਕੌਮ ਨੂੰ ਮਾਣ ਹੈ ਕਿ ਇਸ ਦੀ ਮੌਲਿਕਤਾ ਅਤੇ ਵਿਲੱਖਣਤਾ ਨੂੰ ਦਰਸਾਉਂਦਾ ਆਪਣਾ ਕੈਲੰਡਰ ਹੈ। ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਸਿੱਖ ਜਗਤ ਨੂੰ ਨਾਨਕਸ਼ਾਹੀ ਕੈਲੰਡਰ ਹਰ ਗੁਰੂ-ਘਰ ਅਤੇ ਆਪੋ-ਆਪਣੇ ਘਰਾਂ ਵਿੱਚ ਲਗਾਉਣ ਦੀ ਅਪੀਲ ਕੀਤੀ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਨਾਨਕਸ਼ਾਹੀ ਸੰਮਤ ਅਨੁਸਾਰ ਸਾਲ ਦੀ ਸ਼ੁਰੂਆਤ ਚੇਤ ਮਹੀਨੇ ਤੋਂ ਹੁੰਦੀ ਹੈ। ਉਨ੍ਹਾਂ ਨੇ ਆਉਣ ਵਾਲੇ ਨਾਨਕਸ਼ਾਹੀ ਸੰਮਤ 557 ਦੀ ਸਿੱਖ ਜਗਤ ਨੂੰ ਵਧਾਈ ਦਿੱਤੀ ਅਤੇ ਇਸ ਵਰ੍ਹੇ ਮਨਾਈਆਂ ਜਾਣ ਵਾਲੀਆਂ ਸ਼ਤਾਬਦੀਆਂ ਬਾਰੇ ਵੀ ਚਾਨਣਾ ਪਾਇਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਸ. ਸੁਰਜੀਤ ਸਿੰਘ ਭਿੱਟੇਵੱਡ, ਧਰਮ ਪ੍ਰਚਾਰ ਕਮੇਟੀ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਸ. ਸੁਖਵਰਸ਼ ਸਿੰਘ ਪੰਨੂੰ ਆਦਿ ਵੀ ਹਾਜ਼ਰ ਸਨ।

## ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ : ਜਥੇਦਾਰ ਗਿ. ਰਘਬੀਰ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼ː ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਆਪਣਾ ਅਸਤੀਫਾ ਵਾਪਸ ਲੈਣ ਅਤੇ ਆਪਣੀਆਂ ਜ਼ਿੰਮੇਵਾਰੀਆਂ ਸਾਂਭਣ ਦੀ ਅਪੀਲ ਕੀਤੀ ਹੈ। ਉਂਝ ਜਥੇਦਾਰ ਨੇ ਸਾਫ਼ ਕਰ ਦਿੱਤਾ ਕਿ ਉਨ੍ਹਾਂ ਨੂੰ ਕੱਲ੍ਹ ਹੀ ਪਤਾ ਲੱਗਾ ਹੈ ਕਿ ਅਕਾਲ ਤਖ਼ਤ ਦੇ ਹੁਕਮ ਸਿਰਫ਼ ਇਸ ਦੀ ਚਾਰਦੀਵਾਰੀ ਤੱਕ ਸੀਮਤ ਹਨ। ਉਨ੍ਹਾਂ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਇਹ ਪ੍ਰਗਟਾਵਾ ਕੀਤਾ ਹੈ।

ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਵਾਪਰ ਰਹੇ ਘਟਨਾਕ੍ਰਮ ਬਾਰੇ ਆਪਣੀ ਚੁੱਪੀ ਤੋੜਦਿਆਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਆਪਣਾ ਅਸਤੀਫਾ ਵਾਪਸ ਲੈਣਾ ਚਾਹੀਦਾ ਹੈ ਅਤੇ ਆਪਣੀ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਹੈ। ਜਥੇਦਾਰ ਨੇ ਕਿਹਾ ਕਿ ਅਕਾਲ ਤਖਤ ਵੱਲੋਂ ਉਨ੍ਹਾਂ ਨੂੰ ਸੱਤ ਮੈਂਬਰੀ ਕਮੇਟੀ ਦੇ ਮੁਖੀ ਵਜੋਂ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ ਉਸ ਦਾ ਵੀ ਕੰਮ ਸ਼ੁਰੂ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਧਾਮੀ ਨੇ ਆਪਣੇ ਅਸਤੀਫੇ ਵਿੱਚ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਮੇਰੇ ਵੱਲੋਂ ਪਾਈ ਇੱਕ ਪੋਸਟ ਦੇ ਆਧਾਰ 'ਤੇ ਨੈਤਿਕ ਜ਼ਿੰਮੇਵਾਰੀ ਲੈਂਦਿਆ ਅਸਤੀਫਾ ਦਿੱਤਾ ਹੈ।

(ਬਾਕੀ ਸਫ਼ਾ 31 'ਤੇ)

## ਸ੍ਰੀ ਅਕਾਲ ਤਖ਼ਤ ਸਾਹਿਬ ਸਾਡੀ ਸ਼ਕਤੀ ਦਾ ਕੇਂਦਰ: ਗਿਆਨੀ ਹਰਪ੍ਰੀਤ ਸਿੰਘ



ਲੁਧਿਆਣਾ/ਏ.ਟੀ.ਨਿਊਜ਼ː ਲੁਧਿਆਣਾ ਦੇ ਪਿੰਡ ਪੱਖੋਮਾਜਰਾ ਵਿਖੇ ਇੱਕ ਸਮਾਗਮ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਡੀ ਸ਼ਕਤੀ ਦਾ ਕੇਂਦਰ ਹੈ। ਉਨ੍ਹਾਂ ਨੇ ਕਿਹਾ ਹੈ ਕਿ ਅਕਾਲ ਤਖ਼ਤ ਸਾਹਿਬ ਸਰਬਉੱਚ ਸੰਸਥਾ ਹੈ ਇਸ ਸਭ ਤੋਂ ਉੱਚਾ ਤਖ਼ਤ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਜੋ ਵੀ ਚੜ੍ਹ ਕੇ ਆਇਆ ਹੈ ਉਸ ਨਾਸ਼ ਹੋਇਆ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਜਦੋਂ ਤੋਂ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਹੋਈ ਉਦੋਂ ਤੋਂ ਇਸ ਨੂੰ ਕਮਜ਼ੋਰ ਕਰਨ ਦੀਆਂ ਸਾਜਿਸ਼ਾ ਹੋ ਰਹੀਆ ਹਨ। ਉਨ੍ਹਾਂ ਨੇ ਕਿਹਾ ਹੈ ਕਿ ਅਕਾਲ ਤਖ਼ਤ ਸਾਹਿਬ ਵਿਚੋਂ ਕਈ ਸੰਸਥਾਵਾਂ ਪੈਦਾ ਹੋਈਆਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਸਿੱਖਾਂ ਨੇ ਸ਼ਹਾਦਤਾਂ ਦੇ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਜੋ ਕਿ ਗੁਰੂ ਘਰਾਂ ਦੀ ਸੰਭਾਲ ਕਰੇਗੀ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਹੋਂਦ ਸਥਾਪਿਤ ਹੋਈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਕਤੀ ਕਰਕੇ ਹੀ ਅਕਾਲੀ ਦਲ ਹੋਂਦ ਵਿੱਚ ਆਇਆ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਚੋਂ ਹੀ ਪੈਦਾ ਹੋਇਆ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਬਿਦਰ ਨੀਤੀ ਵਿੱਚ ਲਿਖਿਆ ਹੈ ਜਦ ਕੋਈ ਧਰਮ ਛੱਡਦੇ, ਕੋਈ ਸਿਧਾਂਤ ਛੱਡਦੇ, ਪਰੰਪਰਾਵਾਂ ਛੱਡੇ ਉਸਦਾ ਖਤਮ ਹੋਣਾ ਹੀ ਬਿਹਤਰ ਹੁੰਦਾ ਹੈ।

(ਬਾਕੀ ਸਫ਼ਾ 30 'ਤੇ)

## ਸ੍ਰੀ ਅਕਾਲ ਤਖ਼ਤ ਸਾਹਿਬ ਦਿੱਲੀ ਦੇ ਤਖ਼ਤ ਤੋਂ ਵੀ ਉੱਚਾ: ਵਡਾਲਾ

### ਸੱਤ ਮੈਂਬਰੀ ਕਮੇਟੀ ਦੇ 5 ਮੈਂਬਰਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਮੁਲਾਕਾਤ

ਅੰਮ੍ਰਿਤਸਰ/ਏ.ਟੀ.ਨਿਊਜ਼ː ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ 'ਤੇ ਅਕਾਲੀ ਦਲ ਦੀ ਨਵੀਂ ਭਰਤੀ ਲਈ ਸੱਤ ਮੈਂਬਰੀ ਬਣੀ ਕਮੇਟੀ ਦੇ ਵੱਲੋਂ ਪਿਛਲੇ ਦਿਨੀਂ ਇੱਕ ਮੀਟਿੰਗ ਕੀਤੀ ਗਈ ਸੀ ਤੇ ਉਸ ਦੀ ਰਿਪੋਰਟ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਵੀਰ ਸਿੰਘ ਹੁਰਾਂ ਨੂੰ ਸੌਂਪੀ ਗਈ ਸੀ। ਸੱਤ ਮੈਂਬਰੀ ਕਮੇਟੀ ਦੇ ਬਚੇ ਪੰਜ ਮੈਂਬਰਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ ਗਈ।

ਅਕਾਲੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਪਿਛਲੇ ਦਿਨ ਅੰਤਰਿੰਗ ਕਮੇਟੀ ਦੇ ਮੈਂਬਰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਮੁਲਾਕਾਤ ਕਰਨ ਪਹੁੰਚੇ ਸਨ ਅਤੇ ਉਸ ਦੌਰਾਨ ਉਹਨਾਂ ਵੱਲੋਂ ਗੁਰਦੁਆਰਾ ਐਕਟ 1925 ਨੂੰ ਲੈ ਕੇ ਵੀ ਗੱਲਬਾਤ ਕੀਤੀ ਗਈ ਸੀ। ਗੁਰ ਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਪਰਮਾਤਮਾ ਦਾ ਇਹ ਤਖਤ ਹੈ ਜਿਸ ਦੇ ਵਾਸਤੇ ਅਕਾਲ ਤਖ਼ਤ ਸਾਹਿਬ ਤੇ ਆਲ



ਇੰਡੀਆ ਗੁਰਦੁਆਰਾ 1925 ਦਾ ਐਕਟ ਕੋਈ ਵੀ ਦਖਲ ਨਹੀਂ ਕਰਦਾ। ਉਹਨਾਂ ਕਿਹਾ ਕਿ ਗੁਰਦੁਆਰਾ 1925 ਦਾ ਐਕਟ ਗੁਰੂ ਘਰਾਂ ਦੀ ਸੇਵਾ ਸੰਭਾਲ ਵਾਸਤੇ ਬਣਾਇਆ ਗਿਆ ਸੀ ਅਤੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫਰਜ਼ ਹੈ। ਲੇਕਿਨ ਅਕਾਲ ਤਖ਼ਤ ਸਾਹਿਬ ਉਸਦੇ ਅਧੀਨ ਨਹੀਂ ਆਉਂਦਾ। ਜੋ ਗੱਲ ਅੰਤਰਿੰਗ ਕਮੇਟੀ ਦੇ ਮੈਂਬਰਾਂ ਵੱਲੋਂ ਕੀਤੀ ਗਈ ਹੈ ਉਹ ਬਹੁਤ ਹੀ ਗਲਤ ਹੈ।

**ਸਰਬਉੱਚ ਸੰਸਥਾ ਹੈ ਸ੍ਰੀ ਅਕਾਲ ਤਖ਼ਤ ਸਾਹਿਬ**

ਉਹਨਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦਿੱਲੀ ਦੇ ਤਖਤ ਤੋਂ ਵੀ ਉੱਚਾ ਹੈ ਅਤੇ ਅਕਾਲ ਤਖ਼ਤ ਸਾਹਿਬ ਸਮੁੱਚੀ ਕੌਮ ਅਤੇ ਸਮੁੱਚੇ ਪੰਥ ਵਾਸਤੇ ਹੈ। ਸਾਰਾ ਪੰਥ ਇਸ ਨੂੰ ਮੰਨਦਾ ਹੈ ਅਤੇ ਅਕਾਲ ਤਖ਼ਤ ਸਾਹਿਬ ਕੋਈ ਸ਼੍ਰੋਮਣੀ ਕਮੇਟੀ ਦਾ ਨਹੀਂ ਅਤੇ ਜੋ ਹੁਕਮਨਾਮਾ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਆਉਂਦਾ ਹੈ ਪੂਰੀ ਦੁਨੀਆਂ ਉਸ ਹੁਕਮਨਾਮੇ ਨੂੰ ਮੰਨਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਵੱਡਾ ਭੁਲੇਖਾ ਪਾਲ ਰੱਖਿਆ ਸੀ ਉਹ ਭੁਲੇਖਾ ਉਹ ਕੱਢ ਦੇਣ। ਉਹਨਾਂ ਕਿਹਾ ਕਿ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਬੈਠ ਕੇ ਵਿਚਾਰਾਂ ਹੋਈਆਂ ਹਨ। ਅਤੇ ਜੋ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਵੱਲੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਹੋਣਾਂ ਨੂੰ ਅਸਤੀਫਾ ਵਾਪਸ ਲੈਣ ਦੀ ਗੱਲ ਕੀਤੀ ਗਈ ਹੈ ਉਸ 'ਤੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਵਿਚਾਰ ਕਰਨੀ ਚਾਹੀਦੀ ਹੈ। ਉਹਨਾਂ ਨੂੰ ਆਪਣਾ ਅਸਤੀਫਾ ਵਾਪਸ ਲੈ ਕੇ ਐਸ.ਜੀ.ਪੀ.ਸੀ. ਲਈ ਵੀ ਕਾਰਜ ਕਰਨੇ ਚਾਹੀਦੇ ਹਨ ਅਤੇ ਸੱਤ ਮੈਂਬਰੀ ਕਮੇਟੀ ਵਿੱਚ ਵੀ ਆਪਣੀ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ।

(ਬਾਕੀ ਸਫ਼ਾ 30 'ਤੇ)

## 25 ਮਈ ਨੂੰ ਸ਼ਰਧਾਲੂਆਂ ਲਈ ਖੁੱਲ੍ਹ ਜਾਣਗੇ ਸ਼੍ਰੀ ਹੇਮਕੁੰਟ ਸਾਹਿਬ ਦੇ ਕਪਾਟ



ਐੱਸ.ਏ.ਐੱਸ. ਨਗਰ/ਏ.ਟੀ.ਨਿਊਜ਼ : ਸਿੱਖਾਂ ਦੇ ਪਵਿੱਤਰ ਸਥਾਨ ਸ਼੍ਰੀ ਹੇਮਕੁੰਟ ਸਾਹਿਬ ਜੀ ਦੇ ਪਵਿੱਤਰ ਦਰਵਾਜ਼ੇ ਖੋਲ੍ਹਣ ਅਤੇ ਯਾਤਰਾ ਸ਼ੁਰੂ ਕਰਨ ਦੀ ਮਿਤੀ ਦਾ ਐਲਾਨ ਕਰ ਦਿੱਤਾ ਗਿਆ ਹੈ। ਉੱਤਰਾਖੰਡ ਸਰਕਾਰ ਅਤੇ ਗੁਰਦੁਆਰਾ ਸ਼੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਨੇ ਐਲਾਨ ਕੀਤਾ ਕਿ ਪਵਿੱਤਰ ਤੀਰਥ ਸਥਾਨ ਸ਼੍ਰੀ ਹੇਮਕੁੰਟ ਸਾਹਿਬ 25 ਮਈ, 2025 ਤੋਂ ਸ਼ਰਧਾਲੂਆਂ ਲਈ ਖੁੱਲ੍ਹ ਜਾਵੇਗਾ। ਇਸ ਸਬੰਧ ਵਿੱਚ, ਉੱਤਰਾਖੰਡ ਸਰਕਾਰ ਦੀ ਮੁੱਖ ਸਕੱਤਰ ਰਾਧਾ ਰਤੂੜੀ ਅਤੇ ਗੁਰਦੁਆਰਾ ਸ਼੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰ ਸਿੰਘ ਬਿੰਦਰਾ ਨੇ ਪਿਛਲੇ ਦਿਨੀਂ ਇੱਕ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਯਾਤਰਾ ਦੀ ਮਿਤੀ ਸਰਬਸੰਮਤੀ ਨਾਲ ਤੈਅ ਕੀਤੀ ਗਈ।

ਇਹ ਪਵਿੱਤਰ ਯਾਤਰਾ 25 ਮਈ ਨੂੰ ਸ਼ੁਰੂ ਹੋਵੇਗੀ ਅਤੇ 10 ਅਕਤੂਬਰ ਨੂੰ ਸਮਾਪਤ ਹੋਵੇਗੀ, ਜਿਸ ਨਾਲ ਸ਼ਰਧਾਲੂਆਂ ਨੂੰ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਲਈ ਲਗਭਗ ਪੰਜ ਮਹੀਨੇ ਮਿਲਣਗੇ। ਉਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ 15,200 ਫੁੱਟ ਦੀ ਉਚਾਈ 'ਤੇ ਸਥਿਤ ਸ਼੍ਰੀ ਹੇਮਕੁੰਟ ਸਾਹਿਬ, ਦੁਨੀਆਂ ਭਰ ਦੇ ਸਿੱਖ ਭਾਈਚਾਰੇ ਲਈ ਸਭ ਤੋਂ ਪਵਿੱਤਰ ਤੀਰਥ ਸਥਾਨਾਂ ਵਿੱਚੋਂ ਇੱਕ ਹੈ। ਇਹ ਉਹ ਸਥਾਨ ਮੰਨਿਆ ਜਾਂਦਾ ਹੈ, ਜਿੱਥੇ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਛਲੇ ਜਨਮ ਵਿੱਚ ਤਪੱਸਿਆ ਕੀਤੀ ਸੀ ਅਤੇ ਅਧਿਆਤਮਿਕ ਗਿਆਨ ਪ੍ਰਾਪਤ ਕੀਤਾ ਸੀ।

(ਬਾਕੀ ਸਫ਼ਾ 30 'ਤੇ)

## ਮਨੀਕਰਨ ਸਾਹਿਬ ਦੇ ਪਵਿੱਤਰ ਜਲ ਨੂੰ ਕਸੋਲ ਲਿਜਾਉਣ ਵਿਰੁੱਧ ਅੰਦੋਲਨ ਕਰਨ ਦਾ ਐਲਾਨ



ਮਨਾਲੀ/ਏ.ਟੀ.ਨਿਊਜ਼ː ਹਿੰਦੂਆਂ ਅਤੇ ਸਿੱਖਾਂ ਦੋਵਾਂ ਭਾਈਚਾਰਿਆਂ ਲਈ ਸਤਿਕਾਰਤ ਤੀਰਥ ਸਥਾਨ ਮਨੀਕਰਨ ਸਾਹਿਬ ਦੇ ਪਵਿੱਤਰ ਜਲ ਨੂੰ ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਦੇ ਕਸੋਲ ਵਿੱਚ ਗਰਮ ਪਾਣੀ ਦੇ ਚਸ਼ਮੇ ਦੀ ਸਥਾਪਨਾ ਲਈ ਪਾਈਪਾਂ ਰਾਹੀਂ ਲਿਜਾਏ ਜਾਣ ਦੀ ਤਜਵੀਜ਼ ਦਾ ਮੁਕਾਮੀ ਪੱਧਰ 'ਤੇ ਜ਼ੋਰਦਾਰ ਵਿਰੋਧ ਹੋ ਗਿਆ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਉਹ ਅਜਿਹਾ ਨਹੀਂ ਹੋਣ ਦੇਣਗੇ।

ਵਿਸ਼ੇਸ਼ ਖੇਤਰ ਵਿਕਾਸ ਅਥਾਰਟੀ (ਐੱਸ.ਏ.ਡੀ.ਏ.) ਦੀ ਹਾਲ ਹੀ ਵਿੱਚ ਹੋਈ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਸੀ ਕਿ ਕਸੋਲ ਵਿੱਚ ਇੱਕ ਨਵਾਂ ਨੇਚਰ ਪਾਰਕ ਬਣਾਇਆ ਜਾਵੇਗਾ, ਜਿਸ ਵਿੱਚ ਗਰਮ ਪਾਣੀ ਦੀ ਸਹੂਲਤ ਹੋਵੇਗੀ ਅਤੇ ਇਸ ਲਈ ਮਨੀਕਰਨ ਸਾਹਿਬ ਦੇ ਗਰਮ ਜਲ ਦੇ ਚਸ਼ਮਿਆਂ ਤੋਂ ਪਵਿੱਤਰ ਜਲ ਨੂੰ ਪਾਈਪਾਂ ਰਾਹੀਂ ਕਸੋਲ ਵੱਲ ਮੋੜਿਆ ਜਾਵੇਗਾ।

ਸਥਾਨਕ ਲੋਕਾਂ ਨੇ ਚਿਤਾਵਨੀ ਦਿੱਤੀ ਸੀ ਕਿ ਜੇ ਮਨੀਕਰਨ ਸਾਹਿਬ ਦੇ ਪਵਿੱਤਰ ਜਲ ਨੂੰ ਸੈਲਾਨੀਆਂ ਦੀ ਭਾਰੀ ਖਿੱਚ ਵਾਲੇ ਸੈਰ-ਸਪਾਟਾ ਸਥਾਨ ਕਸੋਲ ਵਿੱਚ ਵਪਾਰਕ ਮੰਤਵਾਂ ਲਈ ਵਰਤਿਆ ਜਾਂਦਾ ਹੈ, ਤਾਂ ਉਹ ਅੰਦੋਲਨ ਸ਼ੁਰੂ ਕਰਨਗੇ। ਮਨੀਕਰਨ ਅਤੇ ਕਸੋਲ ਵਿਚਕਾਰ ਦੂਰੀ ਲਗਭਗ ਪੰਜ ਕਿਲੋਮੀਟਰ ਹੈ।

ਸਥਾਨਕ ਕਾਂਗਰਸ ਵਿਧਾਇਕ ਸੁੰਦਰ ਸਿੰਘ ਠਾਕੁਰ ਨੇ ਦੱਸਿਆ ਕਿ ਪਹਿਲਾਂ ਮਨੀਕਰਨ ਸਾਹਿਬ ਵਿਚੋਂ ਜਲ ਲਿਜਾਏ ਜਾਣ ਦੀ ਤਜਵੀਜ਼ ਸੀ, ਪਰ ਹੁਣ ਇਸ ਨੂੰ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਅਸੀਂ ਕਸੋਲ ਵਿੱਚ ਹੀ ਗਰਮ ਜਲ ਦੇ ਚਸ਼ਮੇ ਦੀ ਖੁਦਾਈ ਦਾ ਵਿਕਲਪ ਲੱਭ ਲਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਇਨਸਾਫ਼ ਦੇਰ ਨਾਲ ਮਿਲਿਆ ਲੇਕਿਨ ਅਧੂਰਾ

ਦਿੱਲੀ ਦੀ ਇੱਕ ਅਦਾਲਤ ਵੱਲੋਂ 1984 ਦੀ ਸਿੱਖ ਨਸਲਕੁਸ਼ੀ ਨਾਲ ਸਬੰਧਿਤ ਹੱਤਿਆ ਦੇ ਕੇਸ 'ਚ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਤੇ 2.4 ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ। ਸ਼ਿਕਾਇਤਕਰਤਾ ਜਸਵੰਤ ਸਿੰਘ ਦੀ ਪਤਨੀ ਤੇ ਇਸਤਗਾਸਾ ਧਿਰ ਨੇ ਸੱਜਣ ਕੁਮਾਰ ਲਈ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ ਪਰ ਅਦਾਲਤ ਨੇ ਕਿਹਾ ਕਿ ਉਸ (ਸੱਜਣ ਕੁਮਾਰ) ਦੀ ਵਡੇਰੀ ਉਮਰ ਤੇ ਬਿਮਾਰੀ ਕਾਰਨ ਮੌਤ ਦੀ ਸਜ਼ਾ ਦੀ ਥਾਂ ਘੱਟ ਸਜ਼ਾ ਦਿੱਤੀ ਗਈ ਹੈ। ਫਿਰ ਵੀ ਦੰਗਈ ਭੀੜ ਦੇ ਸਰਗਨੇ ਨੂੰ ਨਿਆਂ ਦੇ ਕਟਹਿਰੇ ਵਿੱਚ ਖੜ੍ਹਾ ਕਰਨ, ਉਸ ਨੂੰ ਕਤਲ ਤੇ ਲੁੱਟਮਾਰ ਦਾ ਦੋਸ਼ੀ ਠਹਿਰਾਉਣ ਅਤੇ ਉਮਰ ਕੈਦ ਦੀ ਸਜ਼ਾ ਦਾ ਭਾਗੀ ਬਣਾਉਣ ਦੀ ਲੰਮੀ ਜੱਦੋ-ਜਹਿਦ ਲਈ ਸ਼ਿਕਾਇਤ ਕਰਤਾ ਤੇ ਮਕਤੂਲ ਜਸਵੰਤ ਸਿੰਘ ਦੀ ਪਤਨੀ ਅਤੇ ਇਸ ਕਾਨੂੰਨੀ ਲੜਾਈ ਵਿੱਚ ਮਦਦ ਦੇਣ ਵਾਲੇ ਵਕੀਲਾਂ ਨੂੰ ਸ਼ਾਬਾਸ਼ ਦੇਣੀ ਬਣਦੀ ਹੈ।ਅਜਿਹੇ ਕਤਲੇਆਮ ਦੇ ਜ਼ਖ਼ਮ ਸ਼ਾਇਦ ਕਦੇ ਵੀ ਨਹੀਂ ਭਰੇ ਜਾ ਸਕਦੇ ਪਰ ਸਮੇਂ ਨਾਲ ਲੋਕ ਇਨ੍ਹਾਂ ਨਾਲ ਸਿੱਝਣਾ ਤੇ ਜਿਊਣਾ ਸਿੱਖ ਲੈਂਦੇ ਹਨ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਸਜ਼ਾ ਸੁਣਾਉਣ ਦੇ ਫ਼ੈਸਲੇ ਨਾਲ ਚਾਰ ਦਹਾਕਿਆਂ ਤੋਂ ਇਨਸਾਫ਼ ਦੀ ਆਸ ਵਿੱਚ ਬੈਠੇ ਪੀੜਤ ਪਰਿਵਾਰਾਂ ਨੂੰ ਕੁਝ ਹੱਦ ਤੱਕ ਧਰਵਾਸ ਮਿਲੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਦਿੱਲੀ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਹੋਈ ਸਜ਼ਾ ਦਾ ਸਵਾਗਤ ਕੀਤਾ ਪਰ ਇਸ ਨੂੰ ਦੇਰ ਨਾਲ ਮਿਲਿਆ ਤੇ ਅਧੂਰਾ ਇਨਸਾਫ਼ ਆਖਿਆ ਹੈ। ਸਿੱਖ ਸੰਸਥਾ ਨੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਉੱਚ ਅਹੁਦੇ ਦੇ ਕੇ ਉਨ੍ਹਾਂ ਨੂੰ ਸਜ਼ਾਵਾਂ ਤੋਂ ਬਚਾਉਣ ਦੀ ਕੋਸ਼ਿਸ਼ ਕਰਨ ਵਾਲਿਆਂ ਦੀ ਭੂਮਿਕਾ ਬਾਰੇ ਵੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।

ਹੈਰਾਨੀ ਅਤੇ ਦੁੱਖ ਦੀ ਗੱਲ ਹੈ ਕਿ ਪੀੜਤ ਧਿਰ ਨੂੰ ਇਨਸਾਫ਼ ਲੈਣ ਲਈ 40 ਸਾਲ ਦਾ ਸਮਾਂ ਲੱਗ ਗਿਆ ਅਤੇ ਸਿੱਖ ਜਥੇਬੰਦੀਆਂ ਅਨੁਸਾਰ ਹੁਣ ਜਦੋਂ ਇਨਸਾਫ਼ ਦਿੱਤਾ ਵੀ ਗਿਆ ਹੈ ਤਾਂ ਅਧੂਰਾ ਦਿੱਤਾ ਗਿਆ ਹੈ। ਸਿੱਖ ਜਥੇਬੰਦੀਆਂ ਅਨੁਸਾਰ ਸੱਜਣ ਕੁਮਾਰ ਨੇ ਜੋ ਜੁਰਮ ਅਤੇ ਜ਼ੁਲਮ ਕੀਤੇ ਹਨ, ਉਸ ਲਈ ਉਸ ਨੂੰ ਫ਼ਾਂਸੀ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਸੀ। ਸਿੱਖ ਦੰਗਾ ਪੀੜਤਾਂ ਅਤੇ ਸਿੱਖ ਜਥੇਬੰਦੀਆਂ ਨੇ ਮਾਣਯੋਗ ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ।

ਭਾਰਤ ਵਿੱਚ ਅਕਸਰ ਹੀ ਕਿਹਾ ਜਾਂਦਾ ਹੈ ਕਿ ਨਿਆਂ ਬਹੁਤ ਦੇਰ ਨਾਲ ਮਿਲਦਾ ਹੈ, ਜਿਸ ਦਾ ਸਬੂਤ ਉਪਰੋਕਤ ਮਾਮਲੇ ਤੋਂ ਵੀ ਮਿਲ ਜਾਂਦਾ ਹੈ। ਕਰੀਬ 40 ਸਾਲ ਤੋਂ ਵੱਧ ਸਮੇਂ ਤੋਂ ਸਿੱਖ ਕਤਲੇਆਮ ਦੇ ਪੀੜਤ ਇਨਸਾਫ਼ ਮੰਗ ਰਹੇ ਸਨ ਤਾਂ ਹੁਣ ਉਹਨਾਂ ਨੂੰ ਕੁਝ ਰਾਹਤ ਮਿਲੀ ਹੈ। ਭਾਵੇਂ ਕਿ ਅਜੇ ਵੀ ਬਹੁਤ ਸਾਰੇ ਮਾਮਲੇ ਅਜਿਹੇ ਹਨ, ਜਿਹਨਾਂ ਦੇ ਦੋਸ਼ੀਆਂ ਨੂੰ ਅਜੇ ਤੱਕ ਕੋਈ ਸਜ਼ਾ ਹੀ ਨਹੀਂ ਮਿਲੀ। ਇੱਥੋਂ ਤੱਕ ਕਿ ਕਈ ਥਾਂਵਾਂ 'ਤੇ ਤਾਂ ਸਿੱਖਾਂ ਦੇ ਕਾਤਲਾਂ ਵਿਰੁੱਧ ਮਾਮਲੇ ਵੀ ਦਰਜ਼ ਨਹੀਂ ਕੀਤੇ ਗਏ।

ਜ਼ਿਕਰਯੋਗ ਹੈ ਕਿ ਸਾਲ 1984 ਵਿੱਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਸਮੇਤ ਪੂਰੇ ਦੇਸ਼ ਵਿੱਚ ਸਿੱਖ ਵਿਰੋਧੀ ਦੰਗੇ ਹੋਏ ਸਨ, ਜਿਸ ਨੂੰ ਸਿੱਖ ਨਸਲਕੁਸ਼ੀ ਕਿਹਾ ਜਾਂਦਾ ਹੈ। ਇਸ ਨਸਲਕੁਸ਼ੀ ਵਿੱਚ ਹਜ਼ਾਰਾਂ ਤੋਂ ਵੱਧ ਸਿੱਖ ਮਾਰੇ ਗਏ ਸਨ। ਹੈਰਾਨੀ ਅਤੇ ਵੱਡੇ ਦੁੱਖ ਦੀ ਗੱਲ ਹੈ ਕਿ ਸਿੱਖ ਨਸਲਕੁਸ਼ੀ ਦੇ ਪੀੜਤ ਅਜੇ ਵੀ ਨਿਆਂ ਲਈ ਭਟਕ ਰਹੇ ਹਨ ਭਾਵੇਂ ਕਿ ਉਪਰੋਕਤ ਮਾਮਲੇ ਸਮੇਤ ਕੁਝ ਮਾਮਲਿਆਂ ਵਿੱਚ ਦੋਸ਼ੀਆਂ ਸਜ਼ਾ ਵੀ ਹੋਈ ਹੈ। ਅਕਸਰ ਕਿਹਾ ਜਾਂਦਾ ਹੈ ਕਿ ਦੇਰ ਨਾਲ ਦਿੱਤਾ ਗਿਆ ਨਿਆਂ ਵੀ ਅਨਿਆਂ ਹੀ ਹੁੰਦਾ ਹੈ।

ਵੱਖ- ਵੱਖ ਸਿੱਖ ਆਗੂ ਕਹਿ ਰਹੇ ਹਨ ਕਿ ਸੱਜਣ ਕੁਮਾਰ ਤੋਂ ਬਾਅਦ ਸਿੱਖ ਕਤਲੇਆਮ ਦੇ ਦੋਸ਼ੀਆਂ ਜਗਦੀਸ਼ ਟਾਈਟਲਰ ਅਤੇ ਕਮਲ ਨਾਥ ਸਮੇਤ ਹੋਰ ਸਾਰੇ ਦੋਸ਼ੀਆਂ ਨੂੰ ਵੀ ਸਖ਼ਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਸਿੱਖ ਕਤਲੇਆਮ ਦੇ ਪੀੜਤਾਂ ਦੇ ਜ਼ਖ਼ਮ ਅਜੇ ਵੀ ਰਿਸਦੇ ਹਨ। ਪੀੜਤ ਤਾਂ ਇਹ ਵੀ ਮੰਗ ਕਰ ਰਹੇ ਹਨ ਕਿ ਸੱਜਣ ਕੁਮਾਰ ਦੀ ਜਾਇਦਾਦ ਵੀ ਕੇਸ ਵਿੱਚ ਅਟੈਚ ਕਰਨੀ ਚਾਹੀਦੀ ਸੀ।

ਸੱਜਣ ਕੁਮਾਰ ਨੂੰ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਮਿਲਣ ਤੋਂ ਬਾਅਦ ਭਾਜਪਾ ਆਗੂਆਂ ਵੱਲੋਂ ਇਸ ਦਾ ਸਿਹਰਾ ਲੈਣ ਦਾ ਯਤਨ ਕੀਤਾ ਜਾ ਰਿਹਾ ਹੈ। ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਪਿਛਲੀ ਕਾਂਗਰਸ ਸਰਕਾਰ ਵੱਲੋਂ ਤਾਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਬਚਾਇਆ ਜਾਂਦਾ ਰਿਹਾ ਅਤੇ ਉਹਨਾਂ ਨੂੰ ਉੱਚ ਅਹੁਦੇ ਦੇ ਕੇ ਨਿਵਾਜਿਆ ਜਾਂਦਾ ਰਿਹਾ ਹੈ ਪਰ ਇਹ ਭਾਜਪਾ ਸਰਕਾਰ ਸਮੇਂ ਹੀ ਸੰਭਵ ਹੋਇਆ ਹੈ ਕਿ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ

ਸਜ਼ਾਵਾਂ ਮਿਲ ਰਹੀਆਂ ਹਨ। ਦੂਜੇ ਪਾਸੇ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂ ਕਹਿ ਰਹੇ ਹਨ ਕਿ ਮਾਣਯੋਗ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਸਜ਼ਾ ਸੁਣਾਏ ਜਾਣ ਦਾ ਫ਼ੈਸਲਾ ਸ਼ਲਾਘਾਯੋਗ ਹੈ ਪਰ ਇਸ ਦਾ ਸਿਆਸੀ ਲਾਭ ਲੈਣ ਦਾ ਯਤਨ ਨਹੀਂ ਕੀਤਾ ਜਾਣਾ ਚਾਹੀਦਾ।

ਸੱਜਣ ਕੁਮਾਰ ਨੂੰ ਅਦਾਲਤ ਤੋਂ ਮਿਲੀ ਸਜ਼ਾ ਤੋਂ ਬਾਅਦ ਸਪਸ਼ਟ ਹੋ ਗਿਆ ਹੈ ਕਿ ਭਾਰਤ ਵਿੱਚ ਨਿਆਂ ਦਾ ਚੱਕਰ ਭਾਵੇਂ ਮੱਠੀ ਚਾਲ ਚੱਲਦਾ ਹੈ, ਪਰ ਚੱਲਦਾ ਜ਼ਰੂਰ ਹੈ। ਸੱਜਣ ਕੁਮਾਰ ਨੂੰ ਮਿਲੀ ਸਜ਼ਾ ਤੋਂ ਬਾਅਦ ਹੁਣ ਆਸ ਬਣ ਗਈ ਹੈ ਕਿ ਸਿੱਖ ਕਤਲੇਆਮ ਦੇ ਹੋਰਨਾਂ ਦੋਸ਼ੀਆਂ ਨੂੰ ਵੀ ਜਲਦੀ ਹੀ ਮਾਣਯੋਗ ਅਦਾਲਤ ਵੱਲੋਂ ਸਜ਼ਾਵਾਂ ਦਿੱਤੀਆਂ ਜਾਣਗੀਆਂ ਤਾਂ ਕਿ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਮਿਲ ਸਕੇ।

# ਉਜਾੜਾ ਅਤੇ ਪ੍ਰਵਾਸ ਅਤਿਅੰਤ ਪੀੜਾ ਦਾਇਕ



ਗੁਰਮੀਤ ਸਿੰਘ ਪਲਾਹੀ
9815802070

ਨਿੱਤ ਦਿਹਾੜੇ ਸੈਂਕੜਿਆਂ ਦੀ ਗਿਣਤੀ 'ਚ ਜ਼ਬਰੀ ਹੱਥਾਂ 'ਚ ਹੱਥਕੜੀਆਂ ਪੈਰਾਂ 'ਚ ਬੇੜੀਆਂ ਨਾਲ ਜਕੜ ਕੇ ਪ੍ਰਵਾਸੀ ਅਮਰੀਕਾ 'ਚੋਂ ਕੱਢੇ ਜਾ ਰਹੇ ਹਨ। ਅਮਰੀਕਾ ਵਸਦੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਲੱਖਾਂ ਵਿੱਚ ਹੈ। ਮੈਕਸੀਕੋ, ਭਾਰਤ ਅਤੇ ਹੋਰ ਦੇਸ਼ਾਂ ਦੇ ਵਸ਼ਿੰਦੇ ਰੁਜ਼ਗਾਰ ਅਤੇ ਚੰਗੇ ਭਵਿੱਖ ਖ਼ਾਤਰ ਏਜੰਟਾਂ ਦੇ ਢਹੇ ਚੜ੍ਹਕੇ ਅਮਰੀਕਾ ਪੁੱਜੇ, ਸਰਕਾਰੀ ਸ਼ਿਕੰਜੇ 'ਚ ਗ਼ੈਰ-ਕਾਨੂੰਨੀ ਹੋਣ ਕਾਰਨ ਜਕੜੇ ਗਏ।

ਅਮਰੀਕਾ ਦੀ ਨਵੀਂ ਹਕੂਮਤ ਆਉਣ 'ਤੇ ਉਹਨਾਂ ਵਿੱਚੋਂ ਵੱਡੀ ਗਿਣਤੀ ਪ੍ਰਵਾਸੀਆਂ ਨੂੰ ਡਿਟੈਂਸ਼ਨ ਸੈਂਟਰ 'ਚ ਧੱਕ ਦਿੱਤਾ ਗਿਆ, ਜਿੱਥੇ ਉਹਨਾਂ ਨੂੰ ਤਸੀਹੇ ਦਿੱਤੇ ਗਏ ਅਤੇ ਮੁੜ ਉਹਨਾਂ ਨੂੰ ਉੱਥੋਂ ਦੇ ਸਖ਼ਤ ਕਾਨੂੰਨ ਅਨੁਸਾਰ ਫੌਜੀ ਹਵਾਈ ਜਹਾਜ਼ਾਂ ਰਾਹੀਂ ਉਹਨਾ ਦੇ ਆਪਣੇ ਦੇਸ਼ ਭੇਜਿਆ ਜਾ ਰਿਹਾ ਹੈ। ਇਹ ਉਹ ਪ੍ਰਵਾਸੀ ਹਨ ਜਿਹੜੇ ਲੱਖਾਂ ਰੁਪਏ ਖ਼ਰਚਕੇ ਡੌਂਕੀ ਰੂਟਾਂ ਰਾਹੀਂ ਵੱਡੇ ਕਸ਼ਟ ਝੱਲਕੇ ਅਮਰੀਕਾ ਪੁੱਜੇ ਸਨ। ਇੱਕ ਰਿਪੋਰਟ ਮੁਤਾਬਕ ਕੁਝ ਸਮੇਂ 'ਚ ਹੀ ਲਗਭਗ 18000 ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀ ਦੇਸ਼ ਪਰਤਾ ਦਿੱਤੇ ਜਾਣਗੇ। ਗ਼ੈਰ-ਕਾਨੂੰਨੀ ਪ੍ਰਵਾਸੀਆਂ ਦਾ ਇਹ ਪ੍ਰਤੱਖ ਸਿੱਟਾ ਦੁਖਦਾਇਕ ਹੈ।

ਇਸ ਤੋਂ ਵੱਧ ਪੀੜਾ ਦਾਇਕ ਕੈਨੇਡਾ, ਅਮਰੀਕਾ ਵਸਦੇ ਉਹਨਾਂ ਲੋਕਾਂ ਦੇ ਡਗਮਗਾਉਂਦੇ ਭਵਿੱਖ ਦੀ ਵਾਰਤਾ ਹੈ, ਜੋ ਉਹਨਾਂ ਦੇਸ਼ਾਂ ਦੇ ਕਾਨੂੰਨਾਂ ਦੇ ਥਪੇੜੇ ਝੱਲ ਰਹੇ ਹਨ, ਜਿਹੜੇ ਇਸ ਆਸ ਨਾਲ ਉਹਨਾਂ ਦੇਸ਼ਾਂ 'ਚ ਚੰਗੇਰੇ ਭਵਿੱਖ ਲਈ ਵਿਦਿਆਰਥੀ ਬਣ ਕੇ ਜਾਂ ਨੌਕਰੀਆਂ ਕਰਨ ਲਈ ਗਏ ਸਨ ਅਤੇ ਹੁਣ ਬਦਲਦੇ ਕਾਨੂੰਨਾਂ ਦੇ ਥਪੇੜੇ ਝੱਲ ਰਹੇ ਹਨ। ਇਹਨਾਂ ਦੀ ਚਿੰਤਾ ਉੱਥੋਂ ਦੇਸ-ਨਿਕਾਲੇ ਦੀ ਹੈ।


ਅਸਲ ਵਿੱਚ ਪ੍ਰਵਾਸ ਦਾ ਦਰਦ ਇੰਨਾ ਡੂੰਘਾ ਹੈ ਮਨੁੱਖ ਲਈ ਕਿ ਉਸਨੂੰ ਝੱਲਣਾ ਔਖਾ ਹੈ। ਪਿੰਡ ਤੋਂ ਸ਼ਹਿਰ ਦਾ ਪ੍ਰਵਾਸ, ਸ਼ਹਿਰ ਦੇ ਇੱਕ ਕੋਨੇ ਤੋਂ ਦੂਜੇ ਸੂਬੇ ਦਾ ਪ੍ਰਵਾਸ, ਜਿਥੋਂ ਦੀ ਬੋਲੀ, ਸੱਭਿਆਚਾਰ ਦਾ ਆਪਸੀ ਵਖਰੇਵਾਂ ਹੈ ਅਤੇ ਫਿਰ ਦੇਸ਼ ਤੋਂ ਪ੍ਰਦੇਸ਼ ਦੇ ਪ੍ਰਵਾਸ ਦਾ ਦਰਦ ਮਨੁੱਖ ਨੂੰ ਭਰੇ ਮਨ ਨਾਲ ਮਜ਼ਬੂਰੀ ਬੱਸ ਹੰਡਾਉਣਾ ਪੈਂਦਾ ਹੈ।

ਇਹੋ ਜਿਹੇ ਪ੍ਰਵਾਸ ਦੇ ਦਰਦ ਦੀ ਇੱਕ ਵੰਨਗੀ ਪਿਛਲੇ ਸਾਲਾਂ 'ਚ ਉਸ ਵੇਲੇ ਦੇਸ਼ 'ਚ ਵੇਖਣ ਨੂੰ ਮਿਲੀ ਜਦੋਂ ਕਰੋਨਾ ਆਫ਼ਤ ਨੇ ਦੇਸਾਂ-ਵਿਦੇਸ਼ਾਂ 'ਚ ਕਰੋੜਾਂ ਲੋਕ ਘਰੋਂ ਬੇਘਰ ਕਰ ਦਿੱਤੇ। ਸ਼ਹਿਰਾਂ 'ਚ ਰੋਜ਼ੀ ਰੋਟੀ ਕਮਾਉਣ ਗਏ ਲੋਕ ਪਿੰਡਾਂ ਵੱਲ ਪਰਤਾ ਦਿੱਤੇ। ਇਹਨਾ ਪ੍ਰਵਾਸੀਆਂ ਦੇ ਹਾਲਾਤ ਬਦ ਤੋਂ ਬਦਤਰ ਹੋਏ, ਜਿਹੜੇ ਵਰ੍ਹਿਆਂ ਬਾਅਦ ਵੀ ਸੌਖੇ ਨਹੀਂ ਹੋ ਸਕੇ।

ਵੱਡੀਆਂ ਉਜਾੜੇ ਦੀਆਂ ਇਹ ਹਾਲਤਾਂ ਭੁੱਖਮਰੀ ਦੀਆਂ ਪ੍ਰਸਥਿਤੀਆਂ ਪੈਦਾ ਕਰਦੀਆਂ ਹਨ, ਉਦੋਂ ਜਦੋਂ ਮਨੁੱਖ ਆਪਣੀਆਂ ਜੜ੍ਹਾਂ ਤੋਂ ਉਖੜਨ ਲਈ ਬੇਬਸ ਹੋ ਜਾਂਦਾ ਹੈ। ਵਸਿਆ-ਰਸਿਆ ਘਰ, ਪਰਿਵਾਰ, ਆਲਾ-ਦੁਆਲਾ ਛੱਡਣ ਲਈ ਉਹ ਮਜ਼ਬੂਰ ਹੋ ਜਾਂਦਾ ਹੈ।



ਅੱਜ ਵਿਸ਼ਵ ਭਰ 'ਚ ਜ਼ਬਰਨ ਘਰ ਛੱਡਣ-ਛੁਡਾਉਣ ਦੇ ਹਾਲਾਤਾਂ ਦਾ ਸਾਹਮਣਾ ਕਰਨ ਵਾਲੇ ਲੋਕਾਂ ਦੀ ਗਿਣਤੀ ਅੱਠ ਕਰੋੜ ਚਾਲੀ ਲੱਖ ਤੋਂ ਜ਼ਿਆਦਾ ਹੋ ਚੁੱਕੀ ਹੈ। ਇਹਨਾਂ ਵਿੱਚ ਚਾਰ ਕਰੋੜ ਅੱਸੀ ਲੱਖ ਲੋਕ ਤਾਂ ਆਪਣੇ ਦੇਸ਼ਾਂ ਵਿੱਚ ਹੀ ਉਜਾੜੇ ਦਾ ਸ਼ਿਕਾਰ ਹਨ। ਪਰ ਅਸਲ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਵਾਸੀਆਂ ਦੀ ਗਿਣਤੀ ਸਤਾਈ ਕਰੋੜ ਵੀਹ ਲੱਖ ਪੁੱਜ ਚੁੱਕੀ ਹੈ। ਇਹਨਾ ਵਿੱਚੋਂ 9 ਕਰੋੜ 50 ਲੱਖ ਲੋਕ ਹੇਠਲੇ ਅਤੇ ਵਿਚਕਾਰਲੀ ਆਮਦਨ ਵਾਲੇ ਦੇਸ਼ਾਂ ਵਿੱਚ ਰਹਿ ਰਹੇ ਹਨ। ਉਹ ਉਜਾੜੇ



ਅਤੇ ਭੁੱਖਮਰੀ ਨਾਲ ਜੂਝ ਰਹੇ ਹਨ। ਜਲਵਾਯੂ ਆਫ਼ਤ, ਭੁਚਾਲ, ਹਿੰਸਕ ਝੜਪਾਂ, ਯੁੱਧ, ਮਹਿੰਗਾਈ-ਬੇਰੁਜ਼ਗਾਰੀ, ਸਿਆਸੀ ਹਾਲਾਤ, ਸੋਕਾ ਅਤੇ ਹੜ੍ਹ ਦੇ ਚਲਦਿਆਂ ਦੁਨੀਆਂ ਦੇ ਉਜਾੜੇ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਗਿਆਰਾਂ ਕਰੋੜ ਤੋਂ ਵੀ ਵੱਧ ਹੈ, ਜਿਹਨਾਂ 'ਚ 40 ਫ਼ੀਸਦੀ ਬੱਚੇ ਹਨ। ਉਹ ਰਾਸ਼ਟਰੀਅਤਾ, ਸਿੱਖਿਆ, ਸਿਹਤ, ਰੁਜ਼ਗਾਰ, ਆਵਾਗਮਨ, ਆਜ਼ਾਦੀ ਅਤੇ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਹੋ ਚੁੱਕੇ ਹਨ। 2024 'ਚ ਇੱਕ ਰਿਪੋਰਟ ਇਹੋ ਜਿਹੇ ਹਾਲਾਤਾਂ ਬਾਰੇ ਛਪੀ ਹੈ, ਜੋ ਦਰਸਾਉਂਦੀ ਹੈ ਕਿ 2024 ਉਜਾੜੇ 'ਤੇ ਪ੍ਰਵਾਸ ਦੀ ਦ੍ਰਿਸ਼ਟੀ ਤੋਂ ਅਤਿਅੰਤ ਚੁਣੌਤੀ ਭਰਪੂਰ ਰਿਹਾ ਹੈ।

ਸੀਰੀਆ 'ਚ ਉਜਾੜੇ ਦੀ ਸਥਿਤੀ ਗੰਭੀਰ ਹੈ। ਯੁਕ੍ਰੇਨ ਜੰਗ ਕਾਰਨ ਇੱਕ ਕਰੋੜ ਤੇਰਾਂ .ਲੱਖ ਲੋਕ ਬੇਘਰ ਹੋ ਗਏ ਹਨ। ਪੋਲੈਂਡ, ਰੁਮਾਨੀਆ, ਹੰਗਰੀ ਅਤੇ ਬੇਲਾਰੂਸ ਦੇ ਲੋਕ ਗੁਆਂਢੀ ਦੇਸ਼ਾਂ 'ਚ ਸ਼ਰਨਾਰਥੀ ਬਣੇ ਹੋਏ ਹਨ। ਅਫਗਾਨਿਸਤਾਨ ਦੇ ਇੱਕ ਕਰੋੜ ਨੱਬੇ ਲੱਖ ਲੋਕ ਭੁੱਖਮਰੀ ਵਰਗੇ ਹਾਲਾਤਾਂ ਵਿੱਚ ਹਨ। ਵੈਨੇਜੋਏਲਾ 'ਚ ਤੇਈ ਲੱਖ ਲੋਕ ਭੁੱਖਮਰੀ ਦੀ ਗੰਭੀਰ ਸਥਿਤੀ ਸੰਕਟ 'ਚ ਹਨ। ਬੱਚੇ ਕੁਪੋਸ਼ਨ ਦਾ ਸ਼ਿਕਾਰ ਹਨ। ਦੱਖਣੀ ਸੁਡਾਨ ਦੇ ਹਾਲਾਤ ਅਤਿਅੰਤ ਗੰਭੀਰ ਹਨ। ਮੀਆਂਮਾਰ ਵਿੱਚੋਂ ਉਜੜੇ ਸਤਾਰਾਂ ਲੱਖ ਲੋਕ ਆਪਣੀ ਨਾਗਰਿਕਤਾ ਗੁਆ ਕੇ ਦੁਨੀਆ ਦੇ ਸਭ ਤੋਂ ਜ਼ਿਆਦਾ ਸਤਾਏ ਜਾਣ ਵਾਲੀ ਸਥਿਤੀ 'ਚ ਘੱਟ ਗਿਣਤੀਆਂ ਦੇ ਰੂਪ 'ਚ ਜਾਣੇ ਜਾਂਦੇ ਹਨ। ਇਹਨਾਂ ਦੇਸ਼ਾਂ ਦੇ ਬੱਚਿਆਂ ਦੇ ਹਾਲਾਤ ਅਤਿਅੰਤ ਤਰਸਯੋਗ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਕੁਪੋਸ਼ਣ ਕਾਰਨ ਬੋਨੇਪਨ ਦਾ ਸ਼ਿਕਾਰ ਹਨ। ਦੁਨੀਆਂ 'ਚ ਇਸ ਸਮੇਂ ਸਭ ਤੋਂ ਵੱਧ ਆਬਾਦੀ ਸ਼ਰਨਾਰਥੀਆਂ ਦੀ ਹੈ, ਜਿਹਨਾਂ ਵਿੱਚ ਦੋ ਕਰੋੜ ਪੰਜਾਹ ਲੱਖ ਤੋਂ ਜ਼ਿਆਦਾ ਆਪਣੇ ਘਰਾਂ 'ਚੋਂ ਉਜੜਕੇ ਵਿਦੇਸ਼ਾਂ 'ਚ ਦਿਨ ਕੱਟੀ ਕਰ ਰਹੇ ਹਨ। ਇਹਨਾ ਵਿੱਚੋਂ ਇੱਕ ਕਰੋੜ ਦਸ ਲੱਖ ਬੱਚੇ ਹਨ। ਪਿਛਲੇ ਦਸ ਸਾਲਾਂ 'ਚ ਇਹ ਸੰਖਿਆ ਦੁਗਣੀ ਹੋ ਗਈ ਹੈ।

ਵਿਸ਼ਵ ਭਰ 'ਚ ਟੈਕਨੌਲੋਜੀ ਦੇ ਵਿਕਾਸ ਦੇ ਫੋਕੇ ਨਾਹਰਿਆਂ ਵਿਚਕਾਰ ਬੀਤੇ ਸਾਲ 2024 ਵਿੱਚ ਲਗਭਗ ਪੰਦਰਾਂ ਕਰੋੜ ਲੋਕ ਭੁੱਖਮਰੀ ਤੋਂ ਬੇਹਾਲ ਰਹੇ। ਕੋਵਿਡ ਦੇ ਬਾਅਦ ਹੁਣ ਤੱਕ ਇਸ ਗਿਣਤੀ 'ਚ ਪੰਦਰਾਂ ਕਰੋੜ ਦਾ ਹੋਰ ਵਾਧਾ ਹੋਇਆ। ਇੱਕ ਅਧਿਐਨ ਅਨੁਸਾਰ ਸਤਾਹਟ ਕਰੋੜ ਲੋਕਾਂ ਨੂੰ 2030 ਤੱਕ ਭੁੱਖਮਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਭਾਰਤ ਵਿੱਚ ਉਜਾੜੇ ਅਤੇ ਪ੍ਰਵਾਸ ਦੇ ਕਾਰਨ ਵੱਖ-ਵੱਖ ਖਿੱਤਿਆਂ 'ਚ ਵੱਖੋ-ਵੱਖਰੇ ਹਨ। ਇਹਨਾਂ ਦਾ ਕਾਰਨ ਸੋਕਾ, ਹੜ੍ਹ ਵੀ ਹੈ, ਭੋਜਨ ਦੀ ਘਾਟ ਵੀ ਅਤੇ ਹਿੰਸਾ ਅਤੇ ਸੰਘਰਸ਼ ਵੀ। ਡਾਊਨ ਟੂ ਅਰਥ ਸਟੇਟ ਆਫ਼ ਇੰਡੀਅਨਜ਼ ਇਨਵਾਇਰਨਮੈਂਟ ਦੀ ਇੱਕ ਰਿਪੋਰਟ ਇਹ ਦਾਅਵਾ ਕਰਦੀ ਹੈ ਕਿ ਸੰਘਰਸ਼ ਅਤੇ ਹਿੰਸਾ ਕਾਰਨ ਲਗਭਗ ਪਚਾਸੀ ਲੱਖ ਲੋਕ ਉਜਾੜੇ ਦਾ ਸ਼ਿਕਾਰ ਹੋਏ। ਅਸਾਮ, ਮਿਜ਼ੋਰਮ, ਕਸ਼ਮੀਰ, ਮੇਘਾਲਿਆ, ਮਨੀਪੁਰ, ਤ੍ਰਿਪੁਰਾ 'ਚ ਸਾਲ 2022 ਦੇ ਅੰਤ ਤੱਕ ਸੱਤ ਲੱਖ ਲੋਕਾਂ ਨੂੰ ਆਪਣੇ ਘਰ ਛਡਣੇ ਪਏ।

ਵਿਕਾਸ ਦੀਆਂ ਕਈ ਯੋਜਨਾਵਾਂ ਵੀ ਉਜਾੜੇ ਦਾ ਕਾਰਨ ਬਣ ਰਹੀਆਂ ਹਨ। ਸੈਂਟਰ ਫਾਰ ਸਾਇੰਜ ਐਂਡ ਇਨਵਾਇਰਨਮੈਂਟ ਦੀ ਇੱਕ ਰਿਪੋਰਟ ਦੱਸਦੀ ਹੈ ਕਿ ਹੜ੍ਹ, ਸੋਕੇ ਅਤੇ ਚੱਕਰਵਾਤ ਤੂਫਾਨਾਂ ਕਾਰਨ ਭਾਰਤ ਵਿੱਚ ਵੱਡੇ ਪੈਮਾਨੇ ਉੱਤੇ ਉਜਾੜਾ ਹੋ ਰਿਹਾ ਹੈ। ਦੇਸ਼ ਦੇ ਪਹਾੜੀ ਅਤੇ ਸਮੁੰਦਰੀ ਤੱਟ ਵਰਤੀ ਖੇਤਰਾਂ ਤੋਂ ਬਿਨ੍ਹਾਂ ਬਿਹਾਰ, ਛੱਤੀਸਗੜ੍ਹ, ਝਾਰਖੰਡ 'ਚ ਵੀ ਲਗਾਤਾਰ ਇਹੋ ਜਿਹੀਆਂ ਸਥਿਤੀਆਂ ਵੇਖਣ ਨੂੰ ਮਿਲਦੀਆਂ ਹਨ।


ਬਿਨ੍ਹਾਂ ਸ਼ੱਕ ਮਨੁੱਖ ਨੂੰ ਵੱਡੀਆਂ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਕੁਦਰਤੀ ਆਫ਼ਤਾਂ ਹਨ, ਜਿਹਨਾਂ ਦਾ ਕਾਰਨ ਵਾਤਾਵਰਣ ਨਾਲ ਵੱਡੀ ਛੇੜ-ਛਾੜ ਹੈ, ਜਿਸਦਾ ਖਮਿਆਜ਼ਾ ਆਮ ਆਦਮੀ ਨੂੰ ਭੁਗਤਣਾ ਪੈਂਦਾ ਹੈ। ਆਮ ਲੋਕਾਂ ਵਿੱਚੋਂ ਵੀ ਘੱਟ ਤਾਕਤਵਰ, ਕੰਮਜ਼ੋਰ ਲੋਕ, ਖ਼ਾਸ ਕਰਕੇ ਔਰਤਾਂ ਤੇ ਬੱਚੇ ਆਫ਼ਤਾਂ, ਯੁੱਧਾਂ ਦੇ ਸਿੱਟਿਆਂ ਦਾ ਵੱਧ ਸ਼ਿਕਾਰ ਹੁੰਦੇ ਹਨ।

ਸਮਾਜ 'ਚ ਆਰਥਿਕ ਤੇ ਸਮਾਜਿਕ ਨਾ-ਬਰਾਬਰੀ, ਸਾਧਨਾਂ ਦੀ ਲੁੱਟ, ਇਹੋ ਜਿਹੇ ਕਾਰਨ ਹਨ, ਜੋ ਸਾਧਨਹੀਣ ਮਨੁੱਖ ਲਈ ਵਧੇਰੇ ਮੁਸੀਬਤਾਂ ਖੜੀਆਂ ਕਰਦੇ ਹਨ। ਹੇਠਲੇ ਵਰਗ ਵਾਲੇ, ਘੱਟ ਆਮਦਨੀ ਵਾਲੇ ਲੋਕਾਂ ਨੂੰ ਪ੍ਰਵਾਸ ਦਾ ਵੱਧ ਦਰਦ ਸਹਿਣਾ ਪੈਂਦਾ ਹੈ। ਘਰੋਂ ਬੇਘਰ ਹੋਣਾ, ਭੁੱਖਮਰੀ ਦਾ ਸ਼ਿਕਾਰ ਹੋਣਾ, ਬੇਰੁਜ਼ਗਾਰੀ ਦੀ ਮਾਰ ਹੇਠ ਆਉਣਾ, ਇਹ ਵਰਤਮਾਨ ਸਮੇਂ 'ਚ ਕਾਰਪੋਰੇਟ ਦੇ ਘਰਾਣਿਆਂ ਦੀ ਤਾਕਤ ਤੇ ਧਨ ਹਥਿਆਉਣ ਦਾ ਸਿੱਟਾ ਹੈ। ਜੋ ਕੁਦਰਤ ਦੇ ਨਾਲ ਖਿਲਵਾੜ ਕਰਕੇ ਨਵੇਂ ਪ੍ਰਾਜੈਕਟ ਲਗਾਕੇ ਸਾਧਨਾਂ ਦੀ ਲੁੱਟ ਕਰਕੇ ਆਪਣੇ ਭੜੋਲੇ ਭਰਦੇ ਹਨ, ਹਾਕਮਾਂ ਨਾਲ ਰਲਕੇ ਲੋਕਾਂ ਦੀ ਲੁੱਟ-ਖਸੁੱਟ ਕਰਦੇ ਹਨ, ਉਹਨਾ ਦਾ ਸ਼ੋਸਣ ਕਰਦੇ ਹਨ। ਇਹ ਵਰਤਾਰਾ ਦੇਸ-ਪ੍ਰਦੇਸ 'ਚ ਲਗਾਤਾਰ ਵੱਧ ਰਿਹਾ ਹੈ।

ਮਨੁੱਖ ਮੁੱਢ ਕਦੀਮ ਤੋਂ ਪ੍ਰਵਾਸ ਹੰਢਾਉਂਦਾ, ਜੰਗਲ ਬੇਲੇ ਘੁੰਮਦਾ, ਸੁਰੱਖਿਅਤ ਟਿਕਾਣਿਆਂ ਅਤੇ ਚੰਗੇ ਸੁਖਾਵੇਂ ਜੀਵਨ ਦੀ ਭਾਲ ਤੇ ਲਾਲਸਾ ਤਹਿਤ ਆਪਣੀ ਜਨਮ ਭੂਮੀ ਤੋਂ ਦੂਰ ਜਾਂਦਾ ਰਿਹਾ ਹੈ। ਜੀਵਨ ਦਾ ਉਸਦਾ ਇਹ ਸੰਘਰਸ਼ ਲਗਾਤਾਰ ਜਾਰੀ ਹੈ। ਉਸਦੀ ਤਾਂਘ ਬ੍ਰਹਿਮੰਡ 'ਚ ਵਿਸ਼ਵ ਨਾਗਰਿਕਤਾ ਪ੍ਰਾਪਤ ਕਰਨ ਨਾਲ ਜੁੜੀ ਹੈ। ਉਸਦੀ ਸੋਚ, ਭੁੱਖਮਰੀ ਤੋਂ ਛੁਟਕਾਰਾ ਪਾਕੇ ਚੰਗੀ ਸਾਵੀ ਜ਼ਿੰਦਗੀ ਜੀਊਣ ਨਾਲ ਬੱਝੀ ਹੋਈ ਹੈ। ਦੇਸਾਂ-ਵਿਦੇਸ਼ਾਂ ਦੀਆਂ ਸਰਕਾਰਾਂ ਦੇ ਨਿਯਮ ਉਸਨੂੰ ਆਪਣੀ ਖੁਲ੍ਹੀ ਸੋਚ 'ਚ ਰੁਕਾਵਟ ਜਾਪਦੇ ਹਨ। ਉਹ ਕਈ ਵੇਰ ਵੱਡੇ ਜ਼ੋਖ਼ਮ ਉਠਾਕੇ ਕਾਨੂੰਨੀ ਸੰਗਲਾਂ ਨੂੰ ਤੋੜਦਾ ਹੈ ਅਤੇ ਕਈ ਵੇਰ ਆਪ ਇਹਨਾ ਸੰਗਲਾਂ 'ਚ ਜਕੜਿਆ ਜਾਂਦਾ ਹੈ।

ਉਂਝ ਮਨੁੱਖ ਲਈ ਉਜਾੜਾ ਅਤੇ ਪ੍ਰਵਾਸ ਦੋਵੇਂ ਹੀ ਅਤਿਅੰਤ ਖ਼ਤਰਨਾਕ ਪੀੜਾ ਦਾਇਕ ਹਨ। ਜਿਹਨਾਂ ਤੋਂ ਨਿਜਾਤ ਪਾਉਣ ਲਈ ਮਨੁੱਖ ਨੂੰ ਨਿਵੇਕਲੀ ਸੋਚ ਨਾਲ ਨਵੇਂ ਦਿਸਹੱਦੇ ਸਿਰਜਣੇ ਪੈਣਗੇ ਤਾਂ ਕਿ ਚੰਗੇਰਾ ਮਨੁੱਖੀ ਜੀਵਨ ਜੀਊਣ ਦੀਆਂ ਉਸਦੀਆਂ ਆਸਾਂ ਨੂੰ ਬੂਰ ਪਵੇ।

# ਵਿਰੋਧੀ ਧਿਰ ਦੀ ਏਕਤਾ ਤੋਂ ਕਿਉਂ ਝਿਜਕ ਰਹੀ ਹੈ ਕਾਂਗਰਸ ?



ਅਭੈ ਕੁਮਾਰ ਦੂਬੇ

ਕਿਸੇ ਜ਼ਮਾਨੇ ’ਚ ਵਿਰੋਧੀਆਂ ਦੀ ਏਕਤਾ ਦਾ ਮਤਲਬ ਹੁੰਦਾ ਸੀ ਗ਼ੈਰ-ਕਾਂਗਰਸਵਾਦ ਦੀ ‘ਥੀਸਿਸ’ ਦੇ ਇਰਦ-ਗਿਰਦ ਚਰਚਾ ਹੋਣਾ। 1967 ’ਚ 10 ਰਾਜਾਂ ’ਚ ਬਣੀਆਂ ਰਲੀਆਂ-ਮਿਲੀਆਂ ਸਰਕਾਰਾਂ ਤੋਂ ਇਸ ਪ੍ਰਯੋਗ ਦੀ ਸ਼ੁਰੂਆਤ ਹੋਈ ਸੀ ਅਤੇ 1977 ’ਚ ਜਨਤਾ ਪਾਰਟੀ ਦੇ ਕੇਂਦਰ ’ਚ ਸੱਤਾਧਾਰੀ ਹੋਣ ਨਾਲ ਇਹ ਪ੍ਰਯੋਗ ਸਿਖ਼ਰ ‘ਤੇ ਪਹੁੰਚਿਆ। ਨੱਬੇ ਦੇ ਦਹਾਕੇ ’ਚ ਜਦੋਂ ਭਾਜਪਾ ਦੀ ਫ਼ਿਰਕੂ ਰਾਜਨੀਤੀ ਨੇ ਜ਼ੋਰ ਫ਼ੜਿਆ ਤਾਂ ਇਹ ਬਹਿਸ ਗ਼ੈਰ-ਭਾਜਪਾਵਾਦ ਦੀਆਂ ਸੰਭਾਵਨਾਵਾਂ ਤਹਿਤ ਹੋਣ ਲੱਗੀ। ਉੱਤਰ ਪ੍ਰਦੇਸ਼ ’ਚ ਬਣੀ ਸਪਾ-ਬਸਪਾ ਸਰਕਾਰ ਇਸ ਤਰ੍ਹਾਂ ਦੀ ਰਾਜਨੀਤੀ ਦਾ ਪ੍ਰਤੱਖ ਪ੍ਰਗਟਾਵਾ ਸੀ। ਉਸ ਤੋਂ ਬਾਅਦ 2004 ਅਤੇ 2009 ਵਿੱਚ ਕਾਂਗਰਸ ਨੇ ਗੱਠਜੋੜ ਬਣਾ ਕੇ ਦੋ ਵਾਰ ਪਹਿਲਾਂ ਅਟਲ ਬਿਹਾਰੀ ਦੀ ਅਗਵਾਈ ਵਾਲੀ ਭਾਜਪਾ ਅਤੇ ਫ਼ਿਰ ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਈ ਵਾਲੀ ਭਾਜਪਾ ਨੂੰ ਹਰਾਇਆ। ਇਹ ਨਵੀਂ ਘਟਨਾ ਸੀ। ਇਸ ਤੋਂ ਪਹਿਲਾਂ ਕਾਂਗਰਸ ਗੱਠਜੋੜ ਰਾਜਨੀਤੀ ਤੋਂ ਦੂਰ ਹੀ ਰਹਿੰਦੀ ਸੀ। ਗੱਠਜੋੜ ਤਾਂ ਉਸ ਦੇ ਖ਼ਿਲਾਫ਼ ਬਣਦੇ ਸਨ। ਅੱਜ ਹਾਲਾਤ ਪੂਰੀ ਤਰ੍ਹਾਂ ਬਦਲ ਗਏ ਹਨ। ਭਾਜਪਾ ਦੇ ਦਬਦਬੇ ਦੇ ਖ਼ਿਲਾਫ਼ ਰਾਸ਼ਟਰੀ ਗੱਠਜੋੜ ਬਣਾਉਣ ਦੀ ਗੇਂਦ ਕਾਂਗਰਸ ਦੇ ਪਾਲੇ ’ਚ ਹੀ ਹੈ। ਦਿੱਕਤ ਇਹ ਹੈ ਕਿ ਕਾਂਗਰਸ ਉਸ ਨੂੰ ਖੇਡਣ ਤੋਂ ਝਿਜਕ ਰਹੀ ਹੈ।

ਇਹ ਨਹੀਂ ਕਿਹਾ ਜਾ ਸਕਦਾ ਕਿ ਵਿਰੋਧੀਆਂ ਦੀ ਏਕਤਾ ਇੱਕ ਅਜਿਹਾ ਵਿਸ਼ਾ ਹੈ, ਜੋ 60 ਦੇ ਦਹਾਕੇ ਤੋਂ ਹੀ ਸਾਡੀ ਰਾਜਨੀਤੀ ਨੂੰ ਚਿੰਤਤ ਕਰਦਾ ਰਿਹਾ ਹੈ। ਆਜ਼ਾਦੀ ਤੋਂ ਬਾਅਦ ਤੋਂ ਹੀ ਕਾਂਗਰਸ ਦੇ ਬੋਲਬਾਲੇ ਤਹਿਤ ਭਾਰਤ ਦੀ ਪਾਰਟੀ-ਪ੍ਰਣਾਲੀ ਇੱਕ ਦਲ-ਮਹਾਪ੍ਰਬਲ ਦੀ ਤਰਜ਼ ’ਤੇ ਚੱਲ ਰਹੀ ਸੀ। ਹਮੇਸ਼ਾ ਲਗਦਾ ਸੀ ਕਿ ਜੇਕਰ ਵਿਰੋਧੀਆਂ ’ਚ ਏਕਤਾ ਨਾ ਹੋਈ ਤਾਂ ਲੋਕਤੰਤਰ ਪੂਰੀ ਤਰ੍ਹਾਂ ਨਾਲ ਕਾਂਗਰਸਮਈ ਹੋ ਕੇ ਕਮਜ਼ੋਰ ਹੋ ਜਾਵੇਗਾ। ਪਰ ਵਿਚਕਾਰ ਜਿਹੇ ਜਦੋਂ ਗੱਠਜੋੜ ਸਰਕਾਰਾਂ ਦਾ ਦੌਰ ਆਇਆ ਤਾਂ ਇਹ ਚਿੰਤਾ ਕਾਫ਼ੀ ਘੱਟ ਸੁਣਾਈ ਦੇਣ ਲੱਗੀ। 1989 ਤੋਂ 2014 ਤੱਕ ਕਰੀਬ 35 ਵਰ੍ਹੇ ਅਜਿਹੇ ਬੀਤੇ ਕਿ ਹਰ ਪਾਰਟੀ ਕਿਸੇ ਨਾ ਕਿਸੇ ਗੱਠਜੋੜ ’ਚ ਰਹਿ ਕੇ ਸੱਤਾ ਦੀਆਂ ਨਜ਼ਦੀਕੀਆਂ ਦਾ ਸੁਖ ਉਠਾ ਰਹੀ ਸੀ, ਪਰ ਜਿਵੇਂ ਹੀ ਭਾਰਤੀ ਜਨਤਾ ਪਾਰਟੀ ਨੇ 2014 ਦੀਆਂ ਚੋਣਾਂ ਤੋਂ ਬਾਅਦ ਕਾਂਗਰਸ ਦੇ ਹੀ ਪੈਟਰਨ ’ਤੇ ਇੱਕ ਦਲ-ਮਹਾਪ੍ਰਬਲ ਦੇ ਰੂਪ ’ਚ ਉੱਭਰਨਾ ਸ਼ੁਰੂ ਕੀਤਾ, ਉਵੇਂ ਹੀ ਵਿਰੋਧੀ ਏਕਤਾ ਦੀਆਂ ਚਿੰਤਾਵਾਂ ਇੱਕ ਵਾਰ ਫ਼ਿਰ ਜ਼ੋਰ ਫ਼ੜਨ ਲੱਗੀਆਂ। 2024 ਦੀਆਂ ਚੋਣਾਂ ਤੋਂ ਪਹਿਲਾਂ ‘ਇੰਡੀਆ’ ਗੱਠਜੋੜ ਬਣਾਉਣ ਦੀਆਂ ਕੋਸ਼ਿਸ਼ਾਂ ਨੇ ਸੰਕੇਤ ਦਿੱਤਾ ਕਿ ਹੁਣ ਭਾਜਪਾ ਨੂੰ ਵੀ ਸਖ਼ਤ ਲੋਕਤੰਤਰਿਕ ਮੁਕਾਬਲੇਬਾਜ਼ੀ ’ਚੋਂ ਗੁਜ਼ਰਨਾ ਪੈ ਸਕਦਾ ਹੈ। ਖ਼ਾਸ ਗੱਲ ਇਹ ਹੈ ਕਿ ਵਿਰੋਧੀਆਂ ਦਾ ਇੱਕ ਰਾਸ਼ਟਰੀ ਗੱਠਜੋੜ ਕਦੇ ਸੰਗਠਨਾਤਮਕ ਨਜ਼ਰੀਏ ਨਾਲ ਰਸਮੀ ਤੌਰ ’ਤੇ ਨਹੀਂ ਬਣ ਸਕਿਆ, ਪਰ ਇਸ ਦੀ ਚਰਚਾ ਅਤੇ ਇਸ ਦਾ ਵਿਚਾਰ ਹੀ ਆਪਣੇ-ਆਪ ’ਚ ਕਾਫ਼ੀ ਨਿਕਲਿਆ ਕਿ ਭਾਜਪਾ ਤੀਜੀ ਵਾਰ ਆਪਣੇ ਬਹੁਮਤ ਵਾਲੀ ਸਰਕਾਰ ਨਹੀਂ ਬਣਾ ਸਕੀ। ਜ਼ਾਹਿਰ ਹੈ ਕਿ ਭਾਜਪਾ ਨੂੰ 10 ਸਾਲ ਦੀ ‘ਐਂਟੀਇਨਕੁੰਬੈਂਸੀ’ (ਸੱਤਾ ਵਿਰੋਧੀ ਭਾਵਨਾ) ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਪਰ ਵਿਰੋਧੀਆਂ ਨੂੰ ਉਸ ਦਾ ਲਾਭ ਪਹੁੰਚਾਉਣ ਲਈ ‘ਇੰਡੀਆ’ ਗੱਠਜੋੜ ਦੀਆਂ ਦਾਅਵੇਦਾਰੀਆਂ (ਭਾਵੇਂ ਵਿਰੋਧੀ ਧਿਰ ਕਿੰਨੀ ਵੀ ਬਿਖਰੀ ਹੋਈ ਕਿਉਂ ਨਾ ਰਹੀ ਹੋਵੇ) ਦੀ ਜ਼ਰੂਰਤ ਤਾਂ ਸੀ ਹੀ।



ਅੱਜ ਭਾਜਪਾ ਦੇ ਕੋਲ ਜੇਕਰ 240 ਸੀਟਾਂ ਹਨ, ਤਾਂ ‘ਇੰਡੀਆ’ ਗੱਠਜੋੜ ਕੋਲ ਸਾਰਿਆਂ ਨੂੰ ਮਿਲਾ ਕੇ ਉਸ ਤੋਂ ਸਿਰਫ਼ 6 ਘੱਟ ਭਾਵ 234 ਸੀਟਾਂ ਹਨ, ਪਰ ਭਾਜਪਾ ਇਕਜੁੱਟ ਹੈ ਅਤੇ ਉੱਤਰ ਵੱਲ ਚੋਣਾਵੀ ਸਫ਼ਲਤਾਵਾਂ ਪ੍ਰਾਪਤ ਕਰ ਰਹੀ ਹੈ। ‘ਇੰਡੀਆ’ ਗੱਠਜੋੜ ਪਹਿਲਾਂ ਤੋਂ ਵੀ ਜ਼ਿਆਦਾ ਬਿਖਰਿਆ ਹੋਇਆ ਹੈ। ਇੱਕ ਤਰ੍ਹਾਂ ਨਾਲ ਉਹ ਲਾਚਾਰ ਜਿਹੀ ਭੀੜ ਦਾ ਇਕ ਅਜਿਹਾ ਇਕੱਠ ਬਣ ਕੇ ਰਹਿ ਗਿਆ ਹੈ, ਜਿਸ ਦਾ ਨਾ ਤਾਂ ਕੋਈ ਕੇਂਦਰ ਹੈ ਅਤੇ ਨਾ ਹੀ ਜਿਸ ਦੇ ਕੋਲ ਕੋਈ ਰਾਜਨੀਤਕ ਦਿਸ਼ਾ ਹੈ। ਇਸ ਸਮੇਂ ਉਹ ਵੱਧ ਤੋਂ ਵੱਧ ਸੰਸਦ ’ਚ ਗ਼ੈਰ-ਐੱਨ.ਡੀ.ਏ. ਸ਼ਕਤੀਆਂ ਦੇ ਤਾਲਮੇਲ ਵਾਲਾ ਇੱਕ ਗਰੁੱਪ ਬਣ ਕੇ ਰਹਿ ਗਿਆ ਹੈ। ਅਡਾਨੀ ਦੇ ਮਸਲੇ ’ਤੇ ਦੇਖਿਆ ਗਿਆ ਕਿ ਇਹ ਤਾਲਮੇਲ ਵੀ ਵਿਚ-ਵਿਚ ਜਿਹੇ ਟੁੱਟਦਾ ਰਹਿੰਦਾ ਹੈ। ਵਿਰੋਧੀਆਂ ਦੀ ਰਾਜਨੀਤੀ ਇਸ ਸਮੇਂ ਇਕ ਦੋਹਰੇ ਸੁਆਲ ਦਾ ਸਾਹਮਣਾ ਕਰ ਰਹੀ ਹੈ: ਕੀ ‘ਇੰਡੀਆ’ ਗੱਠਜੋੜ ਦਾ ਭਵਿੱਖ ਹਨ੍ਹੇਰੇ ਵਿਚ ਹੈ ਅਤੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਸ ਨੂੰ ਰਸਮੀ ਰੂਪ ਨਾ ਮਿਲ ਸਕਣ ਲਈ ਜ਼ਿੰਮੇਵਾਰ ਕੌਣ ਹੈ?

ਮੋਟੇ ਤੌਰ ’ਤੇ ਦੇਖਿਆ ਜਾਵੇ ਤਾਂ ‘ਇੰਡੀਆ’ ਗੱਠਜੋੜ ਆਪੋ-ਆਪਣੇ ਰਾਜਾਂ ’ਚ ਬੇਹੱਦ ਸ਼ਕਤੀਸ਼ਾਲੀ ਖੇਤਰੀ ਸ਼ਕਤੀਆਂ ਦਾ ਇੱਕ ਅਜਿਹਾ ਗੱਠਜੋੜ ਹੈ, ਜੋ ਇੱਕ ਰਾਸ਼ਟਰੀ ਪਾਰਟੀ (ਕਾਂਗਰਸ) ਦੇ ਜ਼ਰੀਏ ਦਿੱਲੀ ਦੀ ਸੱਤਾ ’ਚ ਹਿੱਸੇਦਾਰੀ ਦਾ ਦਾਅਵਾ ਕਰ ਸਕਦਾ ਹੈ। ਦੂਜੇ ਪਾਸੇ ਦੇਖਿਆ ਜਾਵੇ ਤਾਂ ਕਾਂਗਰਸ ਇਨ੍ਹਾਂ ਖੇਤਰੀ ਸ਼ਕਤੀਆਂ ਦੀ ਮਦਦ ਨਾਲ ਦਿੱਲੀ ’ਚ ਭਾਜਪਾ ਨੂੰ ਸੱਤਾ ਤੋਂ ਬੇਦਖ਼ਲ ਕਰਨ ਦਾ ਇਰਾਦਾ ਰੱਖਦੀ ਹੈ। ਜਦੋਂ ਦੋਵਾਂ ਦੇ ਸਵਾਰਥ ਮਿਲਦੇ ਹਨ ਤਾਂ ਫ਼ਿਰ ਵੀ ਇਹ ਗੱਠਜੋੜ ਰਸਮੀ ਢਾਂਚਾ ਕਿਉਂ ਗ੍ਰਹਿਣ ਨਹੀਂ ਕਰ ਸਕਿਆ ? ਮੇਰੇ ਕੋਲ ਇਸ ਦਾ ਸਿੱਧਾ ਜੁਆਬ ਹੈ। ਕਾਂਗਰਸ ਜੇਕਰ ਚਾਹੁੰਦੀ ਤਾਂ ਪਿਛਲੇ ਸਾਲ ਦੀ ਸ਼ੁਰੂਆਤ ’ਚ ਹੀ ਇਸ ਗੱਠਜੋੜ ਦਾ ਢਾਂਚਾ ਖੜ੍ਹਾ ਹੋ ਜਾਂਦਾ। ਦਰਅਸਲ, ਜਿਸ ਦਿਨ ਕਾਂਗਰਸ ਚਾਹੇਗੀ, ਉਸ ਦੇ ਹਫ਼ਤੇ-ਦਸ ਦਿਨਾਂ ਦੇ ਅੰਦਰ-ਅੰਦਰ ‘ਇੰਡੀਆ’ ਗਠਜੋੜ ਦਾ ਇੱਕ ਦਫ਼ਤਰ ਹੋਵੇਗਾ, ਇੱਕ ਕਨਵੀਨਰ ਬਣ ਜਾਵੇਗਾ, ਇੱਕ ਸਕੱਤਰੇਤ ਗਠਿਤ ਹੋ ਜਾਵੇਗਾ, ਉਸ ਦੇ ਬੁਲਾਰਿਆਂ ਦੀ ਟੋਲੀ ਨਿਯੁਕਤ ਹੋ ਜਾਵੇਗੀ ਅਤੇ ਉਸ ਦਾ ਘੱਟੋ-ਘੱਟ ਸਾਂਝਾ ਪ੍ਰੋਗਰਾਮ ਕਾਗਜ਼ ’ਤੇ ਤਿਆਰ ਹੋ ਜਾਵੇਗਾ।

ਇੱਥੇ ਸੁਆਲ ਉੱਠਦਾ ਹੈ ਕਿ ਜੇਕਰ ਇਸ ਤਰ੍ਹਾਂ ਹੋ ਸਕਦਾ ਸੀ ਤਾਂ, ਕਾਂਗਰਸ ਨੇ ਪਹਿਲਾਂ ਕਿਉਂ ਨਹੀਂ ਹੋਣ ਦਿੱਤਾ ਅਤੇ ਉਹ ਹੁਣ ਵੀ ਕਿਉਂ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਤੋਂ ਪਰਹੇਜ਼ ਕਰ ਰਹੀ ਹੈ ? ਇੱਥੇ ਇੱਕ ਵੱਡੇ ਅੰਤਰ-ਵਿਰੋਧ ਦੀ ਸ਼ਨਾਖ਼ਤ ਜ਼ਰੂਰੀ ਹੈ। ਜਿਸ ਸਮੇਂ ਨਿਤੀਸ਼ ਕੁਮਾਰ ਸਾਰੇ ਦੇਸ਼ ’ਚ ਘੁੰਮ-ਘੁੰਮ ਕੇ ਵਿਰੋਧੀ ਨੇਤਾਵਾਂ ਨੂੰ ਇਕ ਮੰਚ ’ਤੇ ਆਉਣ ਲਈ ਗੋਲਬੰਦ ਕਰ ਰਹੇ ਸਨ, ਉਸ ਸਮੇਂ ਉਨ੍ਹਾਂ ਦੀ ਪਿੱਠ ’ਤੇ ਰਾਹੁਲ ਗਾਂਧੀ, ਸੋਨੀਆ ਗਾਂਧੀ ਅਤੇ ਮਲਿਕਅਰਜੁਨ ਖੜਗੇ ਦਾ ਖ਼ਾਮੋਸ਼ ਹੱਥ ਸੀ। ਸਪੱਸ਼ਟ ਤੌਰ ’ਤੇ ਉਸ ਸਮੇਂ ਕਾਂਗਰਸ ਦੀ ਹਾਈਕਮਾਨ ਇਸ ਤਰ੍ਹਾਂ ਦਾ ਮੋਰਚਾ ਬਣਾਉਣਾ ਚਾਹੁੰਦੀ ਸੀ ਅਤੇ ਨਿਤੀਸ਼ ਉਸ ਦੇ ਅਣ-ਐਲਾਨੇ ਰਾਜਦੂਤ ਦੇ ਤੌਰ ’ਤੇ ਕੰਮ ਕਰ ਰਹੇ ਸਨ। ਨਿਤੀਸ਼ ਨੇ ਬਿਹਾਰ ’ਚ ਤੇਜਸਵੀ ਨੂੰ ਆਪਣਾ ਉੱਤਰਾਧਿਕਾਰੀ ਐਲਾਨ ਦਿੱਤਾ ਸੀ ਅਤੇ ਉਨ੍ਹਾਂ ਨੂੰ ਕੇਂਦਰੀ ਰਾਜਨੀਤੀ ’ਚ ਆਪਣੀ ਭੂਮਿਕਾ ਦੀ ਤਲਾਸ਼ ਸੀ। ਇਸ ਲਈ ਉਹ ਕਾਂਗਰਸ ਦੇ ਨਾਲ ਮਿਲ ਕੇ ਜ਼ਿੰਮਵਾਰੀ ਚੁੱਕਣ ਲਈ ਤਿਆਰ ਹੋ ਗਏ ਸਨ।

ਇੰਜ ਲਗਦਾ ਹੈ ਕਿ ਜਿਵੇਂ ਹੀ ਕਾਂਗਰਸ ਦੀ ਵਿਧਾਨ ਸਭਾ ਚੋਣਾਂ ’ਚ ਕਰਾਰੀ ਹਾਰ ਹੋਈ, ਕਾਂਗਰਸ ਦੀ ਹਾਈ ਕਮਾਨ ਦਾ ਮਨ ਬਦਲਣਾ ਸ਼ੁਰੂ ਹੋ ਗਿਆ। ਉਸ ਨੂੰ ਲੱਗਣ ਲੱਗਾ ਹੋਵੇਗਾ ਕਿ ਹੁਣ ਉਹ ਖੇਤਰੀ ਸ਼ਕਤੀਆਂ ਦੇ ਇਸ ਗੱਠਜੋੜ ਨੂੰ ਆਪਣੇ ਹਿਸਾਬ ਨਾਲ ਕੰਟਰੋਲ ਨਹੀਂ ਕਰ ਸਕੇਗੀ। ਉਸ ਦੇ ਕਦਮ ਪਿੱਛੇ ਖਿੱਚਣ ਦਾ ਪਹਿਲਾ ਵੱਡਾ ਸੰਕੇਤ ਉਦੋਂ ਮਿਲਿਆ, ਜਦੋਂ ਖ਼ੁਦ ਰਾਹੁਲ ਗਾਂਧੀ ਨੇ ਨਿਤੀਸ਼ ਕੁਮਾਰ ਨੂੰ ਕਨਵੀਨਰ ਬਣਾਉਣ ਦੇ ਪ੍ਰਸਤਾਵ ’ਚ ਇਸ ਬਹਾਨੇ ਲੱਤ ਅੜਾਈ ਕਿ ਇਸ ਲਈ ਮਮਤਾ ਬੈਨਰਜੀ ਤੇ ਅਰਵਿੰਦ ਕੇਜਰੀਵਾਲ ਦੀ ਸਹਿਮਤੀ ਅਜੇ ਨਹੀਂ ਮਿਲੀ। ਇਸ ਘਟਨਾ ਨੇ ਇਕ ਤਰ੍ਹਾਂ ਨਾਲ ਨਿਤੀਸ਼ ਦਾ ਦਿਲ ਤੋੜ ਦਿੱਤਾ ਅਤੇ ਉਹ ਇਕ ਵਾਰ ਫ਼ਿਰ ਪਲਟੀ ਮਾਰਨ ਵੱਲ ਚਲੇ ਗਏ। ਕਾਂਗਰਸ ਦੇ ਇਸ ਅਸਹਿਯੋਗ ਦੀ ਸਥਿਤੀ ’ਚ ਉਨ੍ਹਾਂ ਲਈ ਰਾਸ਼ਟਰੀ ਰਾਜਨੀਤੀ ’ਚ ਕਦਮ ਜਮਾਉਣਾ ਨਾਮੁਮਕਿਨ ਜਿਹਾ ਸੀ। ਕਿਉਂਕਿ ਵਿਧਾਨ ਸਭਾ ਚੋਣਾਂ ਵਾਰ-ਵਾਰ ਹਾਰਨ ਕਾਰਨ ਕਾਂਗਰਸ ਦੀ ਖੇਤਰੀਆਂ ਸ਼ਕਤੀਆਂ ਦੀ ਅਗਵਾਈ ਕਰਨ ਦੀ ਸਮਰੱਥਾ ਹੁਣ ਪਹਿਲਾਂ ਨਾਲੋਂ ਵੀ ਕਮਜ਼ੋਰ ਹੋ ਗਈ ਹੈ, ਇਸ ਲਈ ਉਹ ਵਿਰੋਧੀਆਂ ਦਾ ਕੋਈ ਵੀ ਰਾਸ਼ਟਰੀ ਮੋਰਚਾ ਬਣਾਉਣ ਲਈ ਫ਼ਿਲਹਾਲ ਤਿਆਰ ਨਹੀਂ ਹੈ।

(ਬਾਕੀ ਸਫ਼ਾ 31 ’ਤੇ)

# ਅਮਰੀਕਾ ਤੋਂ ਮੋੜੇ ਪਰਵਾਸੀਆਂ ਦਾ ਕੌੜਾ ਸੱਚ



ਪ੍ਰਿੰਸੀਪਲ ਵਿਜੈ ਕੁਮਾਰ

ਅਮਰੀਕਾ ਦੀ ਡੋਨਾਲਡ ਟਰੰਪ ਸਰਕਾਰ ਵੱਲੋਂ ਕਿੰਨੇ ਹੀ ਗੈਰਕਾਨੂੰਨੀ ਪਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਵਾਪਸ ਭੇਜਿਆ ਜਾ ਰਿਹਾ ਹੈ। ਪਰਵਾਸੀਆਂ ਨੂੰ ਕਿਸੇ ਪੱਛਮੀ ਦੇਸ਼ ਵੱਲੋਂ ਉਨ੍ਹਾਂ ਦੇ ਦੇਸ਼ਾਂ ਨੂੰ ਮੋੜ ਕੇ ਭੇਜਣ ਦਾ ਇਹ ਕੋਈ ਪਹਿਲਾ ਅਤੇ ਆਖ਼ਰੀ ਮਸਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕਈ ਦੇਸ਼ਾਂ ਵੱਲੋਂ ਅਜਿਹਾ ਕੀਤਾ ਜਾਂਦਾ ਰਿਹਾ ਹੈ, ਪਰ ਇਸ ਵੇਲੇ ਟਰੰਪ ਸਰਕਾਰ ਵੱਲੋਂ ਵੱਖ ਵੱਖ ਦੇਸ਼ਾਂ ਦੇ ਖ਼ਾਸ ਕਰਕੇ ਭਾਰਤ ਦੇ ਪਰਵਾਸੀਆਂ ਨੂੰ ਜਿਸ ਢੰਗ ਨਾਲ ਮੋੜਿਆ ਗਿਆ ਹੈ, ਉਸ ਕਾਰਨ ਅੰਤਰਰਾਸ਼ਟਰੀ ਪੱਧਰ ’ਤੇ ਇਹ ਮਾਮਲਾ ਕਾਫ਼ੀ ਭਖਿਆ ਹੋਇਆ ਹੈ। ਇਹ ਮਸਲਾ ਟਰੰਪ ਸਰਕਾਰ, ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ, ਏਜੰਟਾਂ ਅਤੇ ਪਰਵਾਸੀਆਂ ਨਾਲ ਜੁੜਿਆ ਹੋਇਆ ਹੈ।

ਪਹਿਲਾਂ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੀਦੀ ਹੈ ਕਿ ਇਹ ਮਾਮਲਾ ਕੂਟਨੀਤਕ ਰਾਜਨੀਤੀ ਦਾ ਹੈ। ਟਰੰਪ ਸਰਕਾਰ ਦੁਨੀਆ ਦੇ ਦੂਜੇ ਦੇਸ਼ਾਂ ਉੱਤੇ ਆਪਣਾ ਦਬਾਅ ਬਣਾਉਣਾ ਚਾਹੁੰਦੀ ਹੈ। ਟਰੰਪ ਸਰਕਾਰ ਨੂੰ ਪੁੱਛੇ ਜਾਣ ਵਾਲੇ ਸਵਾਲ ਇਹ ਹਨ ਕਿ ਕੀ ਗ਼ਲਤ ਢੰਗਾਂ ਨਾਲ ਅਮਰੀਕਾ ਵਿੱਚ ਆਉਣ ਵਾਲੇ ਪਰਵਾਸੀਆਂ ਨੂੰ ਰੋਕਣਾ ਉਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਹੈ ? ਜਿਨ੍ਹਾਂ ਸਰਹੱਦਾਂ ਤੋਂ ਪਰਵਾਸੀ ਡੌਂਕੀ ਜਾਂ ਹੋਰ ਢੰਗਾਂ ਰਾਹੀਂ ਅਮਰੀਕਾ ਵਿੱਚ ਦਾਖਲ ਹੁੰਦੇ ਹਨ, ਉਨ੍ਹਾਂ ਸਰਹੱਦਾਂ ਅਤੇ ਉਨ੍ਹਾਂ ਢੰਗਾਂ ਉੱਤੇ ਸਖ਼ਤੀ ਕਰਨੀ ਉਸ ਦੀ ਜ਼ਿੰਮੇਵਾਰੀ ਨਹੀਂ ਹੈ ? ਪਰਵਾਸੀਆਂ ਨੂੰ ਰਾਜਨੀਤਕ ਸ਼ਰਨ ਦੇਣ ਲਈ ਸ਼ਰਨਾਰਥੀ ਬਣਾ ਕੇ ਅਮਰੀਕਾ ਵਿੱਚ ਕੌਣ ਬਲਾਉਂਦਾ ਹੈ ? ਇਨ੍ਹਾਂ ਪਰਵਾਸੀ ਮੁੰਡੇ ਕੁੜੀਆਂ ਨੂੰ ਫਿਰਕਾਪ੍ਰਸਤੀ ਦੀ ਆੜ ਵਿੱਚ ਭੜਕਾ ਕੇ ਦੂਜੇ ਦੇਸ਼ਾਂ ਵਿੱਚ ਅਸਥਿਰਤਾ ਕੌਣ ਪੈਦਾ ਕਰਦਾ ਹੈ ? ਇਨ੍ਹਾਂ ਪਰਵਾਸੀਆਂ ਵੱਲੋਂ ਕੀਤੇ ਜਾਣ ਵਾਲੇ ਨਸ਼ੇ, ਲੁੱਟਮਾਰ, ਧੋਖਾ-ਧੜੀ, ਹੇਰਾ-ਫੇਰੀਆਂ ਅਤੇ ਹੋਰ ਗ਼ਲਤ ਕੰਮਾਂ ਨੂੰ ਸਖ਼ਤੀ ਨਾਲ ਕਿਉਂ ਨਹੀਂ ਰੋਕਿਆ ਜਾਂਦਾ ? ਟਰੰਪ ਸਰਕਾਰ ਇਨ੍ਹਾਂ ਸਵਾਲਾਂ ਦਾ ਜਵਾਬ ਦਿੱਤੇ ਬਿਨਾਂ ਆਪਣੇ ਆਪ ਨੂੰ ਬੇਕਸੂਰ ਸਿੱਧ ਨਹੀਂ ਕਰ ਸਕਦੀ।

ਹੁਣ ਗ਼ਲਤ ਢੰਗਾਂ ਨਾਲ ਅਮਰੀਕਾ ਗਏ ਪਰਵਾਸੀਆਂ ਨੂੰ ਪੁੱਛੇ ਜਾਣ ਵਾਲੇ ਸਵਾਲ ਇਹ ਹਨ ਕਿ ਅਮਰੀਕਾ ਸਰਕਾਰ ਵੱਲੋਂ ਉਨ੍ਹਾਂ ਨੂੰ ਆਪਣੇ ਮੁਲਕ ਵਿੱਚੋਂ ਕੱਢੇ ਜਾਣ ਲਈ ਉਸ ਨੂੰ ਕਸੂਰਵਾਰ ਕਹਿਣ ਤੋਂ ਪਹਿਲਾਂ ਆਪਣੇ ਆਪ ਨੂੰ ਇਹ ਸਵਾਲ ਪੁੱਛਣਾ ਚਾਹੀਦਾ ਹੈ ਕਿ ਕੀ ਉਹ ਆਪਣੇ ਆਪ ਨੂੰ ਖ਼ਤਰੇ ਵਿੱਚ ਪਾ ਕੇ, ਲੱਖਾਂ ਰੁਪਏ ਖ਼ਰਚ ਕਰਕੇ ਗ਼ਲਤ ਢੰਗਾਂ ਨਾਲ ਦੂਜੇ ਮੁਲਕ ਵਿੱਚ ਜਾਣ ਦਾ ਕੰਮ ਠੀਕ ਕਰ ਰਹੇ ਹਨ ? ਕੀ ਦੂਜੇ ਮੁਲਕਾਂ ਵਿੱਚ ਜਾ ਕੇ ਸਰਕਾਰ ਵੱਲੋਂ ਬਣਾਏ ਗਏ ਕਾਨੂੰਨਾਂ ਨੂੰ ਤੋੜ ਕੇ ਉਸ ਮੁਲਕ ਵਿੱਚ ਰਹਿਣਾ ਠੀਕ ਗੱਲ ਹੈ ? ਕੀ ਦੂਜੇ ਦੇਸ਼ਾਂ ਵਿੱਚ ਜਾ ਕੇ ਪੈਸੇ ਕਮਾਉਣ ਲਈ ਅਪਰਾਧਕ ਕੰਮ ਕਰਨਾ ਚੰਗੀ ਗੱਲ ਹੈ ? ਜਿਹੜੇ ਲੱਖਾਂ ਰੁਪਏ ਕਰਜ਼ ਚੁੱਕ ਕੇ, ਜ਼ਮੀਨ ਵੇਚ ਕੇ ਜਾਂ ਗਹਿਣੇ ਰੱਖ ਕੇ ਵਿਦੇਸ਼ ਜਾਣ ਲਈ ਖ਼ਰਚ ਕੀਤੇ ਜਾਂਦੇ ਹਨ, ਕੀ ਉਨ੍ਹਾਂ ਰੁਪਇਆਂ ਨਾਲ ਆਪਣੇ ਦੇਸ਼ ਵਿੱਚ ਰੋਟੀ ਰੋਜ਼ੀ ਨਹੀਂ ਕਮਾਈ ਜਾ ਸਕਦੀ ? ਜਿਨ੍ਹਾਂ ਏਜੰਟਾਂ ਨੂੰ ਉਹ ਗ਼ਲਤ ਢੰਗ ਨਾਲ ਵਿਦੇਸ਼ ਭੇਜਣ ਲਈ ਦੋਸ਼ੀ ਦੱਸ ਰਹੇ ਹਨ, ਕੀ ਉਨ੍ਹਾਂ ਨੇ ਉਨ੍ਹਾਂ ਏਜੰਟਾਂ ਬਾਰੇ ਪਹਿਲਾਂ ਪਤਾ ਨਹੀਂ



ਕੀਤਾ ? ਜਦੋਂ ਉਹ ਖ਼ੁਦ ਗ਼ਲਤ ਢੰਗਾਂ ਨਾਲ ਵਿਦੇਸ਼ ਜਾਣ ਦਾ ਰਾਹ ਚੁਣਦੇ ਹਨ, ਫਿਰ ਉਹ ਟਰੰਪ ਸਰਕਾਰ ਅਤੇ ਏਜੰਟਾਂ ਨੂੰ ਦੋਸ਼ੀ ਕਿਵੇਂ ਕਹਿ ਸਕਦੇ ਹਨ ? ਵਿਦੇਸ਼ਾਂ ਵਿੱਚ ਵਸਦੇ ਕੁਝ ਪਰਵਾਸੀ ਮੁੰਡੇ-ਕੁੜੀਆਂ ਅਤੇ ਹੋਰ ਲੋਕਾਂ ਵੱਲੋਂ ਗ਼ਲਤ ਕੰਮ ਕਰਨ ਦੀਆਂ ਖ਼ਬਰਾਂ ਹਰ ਰੋਜ਼ ਮੀਡੀਆ ਵਿੱਚ ਛਪਦੀਆਂ ਰਹਿੰਦੀਆਂ ਹਨ। ਉਨ੍ਹਾਂ ਵੱਲੋਂ ਕੀਤੇ ਜਾਣ ਵਾਲੇ ਗ਼ਲਤ ਕੰਮਾਂ ਦਾ ਖਮਿਆਜ਼ਾ ਮਿਹਨਤੀ ਅਤੇ ਬੇਕਸੂਰ ਪਰਵਾਸੀਆਂ ਨੂੰ ਵੀ ਭੁਗਤਣਾ ਪੈਂਦਾ ਹੈ।


ਜਿਹੜੇ ਲੋਕ ਠੀਕ ਢੰਗਾਂ ਨਾਲ ਦੂਜੇ ਦੇਸ਼ਾਂ ਵਿੱਚ ਜਾਂਦੇ ਹਨ, ਉਹ ਲੋਕ ਵਿਦੇਸ਼ਾਂ ਵਿੱਚ ਕਾਰੋਬਾਰ ਅਤੇ ਨੌਕਰੀਆਂ ਕਰਕੇ ਚੰਗੇ ਪੈਸੇ ਕਮਾਉਂਦੇ ਹਨ ਅਤੇ ਉਨ੍ਹਾਂ ਮੁਲਕਾਂ ਦੀ ਨਾਗਰਿਕਤਾ ਵੀ ਪ੍ਰਾਪਤ ਕਰਦੇ ਹਨ। ਵਿਦੇਸ਼ੀ ਮੁਲਕਾਂ ਦੀਆਂ ਸਰਕਾਰਾਂ ਇਹ ਕਿਵੇਂ ਬਰਦਾਸ਼ਤ ਕਰ ਸਕਦੀਆਂ ਹਨ ਕਿ ਗ਼ਲਤ ਢੰਗਾਂ ਨਾਲ ਪਰਵਾਸੀ ਉਨ੍ਹਾਂ ਦੇ ਮੁਲਕ ’ਚ ਆ ਕੇ ਉਨ੍ਹਾਂ ਦੇ ਮੁਲਕਾਂ ਦੇ ਕਾਨੂੰਨ ਤੋੜ ਕੇ ਉਨ੍ਹਾਂ ਲਈ ਖ਼ਤਰਾ ਪੈਦਾ ਕਰਨ। ਹੁਣ ਸਰਕਾਰਾਂ ਦੀ ਗੱਲ ਵੀ ਕਰ ਲੈਂਦੇ ਹਾਂ। ਅਮਰੀਕਾ ਸਰਕਾਰ ਵੱਲੋਂ ਮੋੜ ਕੇ ਭੇਜੇ ਗਏ ਭਾਰਤੀ ਪਰਵਾਸੀਆਂ ਪ੍ਰਤੀ ਸਰਕਾਰ ਦਾ ਝੂਠੀ ਹਮਦਰਦੀ ਵਿਖਾਉਣਾ ਅਤੇ ਬਿਆਨਬਾਜ਼ੀ ਕਰਨਾ ਸਿਆਸੀ ਰੋਟੀਆਂ ਸੇਕਣ ਤੋਂ ਵਧ ਕੇ ਹੋਰ ਕੁਝ ਨਹੀਂ ਹੈ।

ਸਾਡੇ ਨੌਜਵਾਨ ਬੱਚੇ ਲੱਖਾਂ ਰੁਪਏ ਕਰਜ਼ਾ ਚੁੱਕ ਕੇ ਅਤੇ ਗ਼ਲਤ ਢੰਗਾਂ ਨਾਲ ਵਿਦੇਸ਼ਾਂ ਵਿੱਚ ਜਾ ਕੇ ਵਸਣ ਲਈ ਇਸ ਲਈ ਮਜਬੂਰ ਹੋ ਰਹੇ ਹਨ ਕਿਉਂਕਿ ਸਾਡੀਆਂ ਸਰਕਾਰਾਂ ਇਨ੍ਹਾਂ ਲਈ ਰੁਜ਼ਗਾਰ ਦਾ ਪ੍ਰਬੰਧ ਨਹੀਂ ਕਰ ਸਕੀਆਂ। ਸਰਕਾਰ ਹੁਣ ਅਮਰੀਕਾ ਤੋਂ ਮੁੜ ਕੇ ਆਏ ਪਰਵਾਸੀਆਂ ਨੂੰ ਭੇਜਣ ਵਾਲੇ ਏਜੰਟਾਂ ਨੂੰ ਫੜਨ ਦਾ ਵਿਖਾਵਾ ਕਰ ਰਹੀ ਹੈ। ਸਰਕਾਰ ਨੂੰ ਪੁੱਛਣਾ ਬਣਦਾ ਹੈ ਕਿ ਉਸ ਨੂੰ ਏਜੰਟਾਂ ਨੂੰ ਫੜਨ ਦੀ ਯਾਦ ਉਦੋਂ ਹੀ ਕਿਉਂ ਆਉਂਦੀਹੈ ਜਦੋਂ ਬੇਰੁਜ਼ਗਾਰੀ ਦਾ ਸੰਤਾਪ ਭੋਗ ਰਹੇ ਬੱਚਿਆਂ ਨਾਲ ਅਜਿਹਾ ਕੁਝ ਮਾੜਾ ਵਾਪਰ ਜਾਂਦਾ ਹੈ।

ਹੁਣ ਸਵਾਲ ਇਹ ਹੈ ਕਿ ਪੱਛਮੀ ਦੇਸ਼ਾਂ ਵਿੱਚ ਜਾ ਕੇ ਡਾਲਰ ਕਮਾ ਕੇ ਕਰੋੜਪਤੀ ਹੋਣ ਦੀ ਲਾਲਸਾ ਰੱਖਣ ਵਾਲੇ ਮੁੰਡੇ-ਕੁੜੀਆਂ ਅਤੇ ਹੋਰ ਲੋਕਾਂ ਨੂੰ ਕਰਨਾ ਕੀ ਚਾਹੀਦਾ ਹੈ ? ਸਭ ਤੋਂ ਪਹਿਲਾਂ ਤਾਂ ਜੇਕਰ ਤੁਸੀਂ ਕਿਸੇ ਵੀ ਮੁਲਕ ਵਿੱਚ ਜਾਣ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਤਾਂ ਧੋਖੇਬਾਜ਼ ਏਜੰਟਾਂ ਦੀ ਲੁੱਟ ਦਾ ਸ਼ਿਕਾਰ, ਗ਼ਲਤ ਢੰਗਾਂ ਨਾਲ ਅਤੇ ਲੱਖਾਂ ਰੁਪਏ ਖ਼ਰਚ ਕੇ ਕਦੇ ਵੀ ਵਿਦੇਸ਼ ਨਾ ਜਾਓ। ਜੇਕਰ ਤੁਹਾਨੂੰ ਮਿਹਨਤ ਕਰਕੇ ਆਪਣੇ ਮੁਲਕ ਵਿੱਚ ਚੰਗੀ ਰੋਟੀ ਮਿਲਦੀ ਹੈ ਤਾਂ ਆਪਣਾ ਮੁਲਕ ਛੱਡ ਕੇ ਲੱਖਾਂ ਰੁਪਏ ਕਰਜ਼ਾ ਚੁੱਕ ਕੇ ਵਿਦੇਸ਼ ਕਦੇ ਵੀ ਨਾ ਜਾਓ। ਵਿਦੇਸ਼ ਜਾਣ ਲਈ ਸ਼ਰਤਾਂ ਅਤੇ ਨਿਯਮ ਸਭ ਕੁਝ ਇੰਟਰਨੈੱਟ ਉੱਤੇ ਮੌਜੂਦ ਹਨ, ਉਨ੍ਹਾਂ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਉਸ ਮੁਤਾਬਿਕ ਵਿਦੇਸ਼ ਜਾਣ ਦਾ ਫ਼ੈਸਲਾ ਕਰੋ।

ਵਿਦੇਸ਼ਾਂ ਵਿੱਚ ਜਾ ਕੇ ਉਨ੍ਹਾਂ ਮੁਲਕਾਂ ਦੇ ਕਾਨੂੰਨਾਂ ਦਾ ਪਾਲਣ ਕਰੋ। ਜੇਕਰ ਤੁਸੀਂ ਇਨ੍ਹਾਂ ਸੁਝਾਵਾਂ ਉੱਤੇ ਅਮਲ ਨਹੀਂ ਕਰਦੇ ਤਾਂ ਤੁਹਾਡੇ ਨਾਲ ਦੂਜੇ ਦੇਸ਼ਾਂ ਤੋਂ ਵਾਪਸ ਮੋੜੇ ਜਾਣ ਦੀ ਘਟਨਾ ਕਦੇ ਵੀ ਵਾਪਰ ਸਕਦੀ ਹੈ। ਇਸ ਹਾਲਤ ਵਿੱਚ ਕਿਸੇ ਨੂੰ ਵੀ ਕਸੂਰਵਾਰ ਕਹਿਣ ਦੀ ਬਜਾਏ ਆਪਣੇ ਆਪ ਤੋਂ ਪੁੱਛੋ ਕਿ ਤੁਸੀਂ ਕਿੰਨੇ ਠੀਕ ਹੋ ? ਸਰਕਾਰ ਨੂੰ ਧੋਖੇਬਾਜ਼ ਏਜੰਟਾਂ ਦੇ ਲਾਇਸੈਂਸ ਰੱਦ ਕਰਕੇ ਉਨ੍ਹਾਂ ਉੱਤੇ ਕੇਸ ਚਲਾਉਣੇ ਚਾਹੀਦੇ ਹਨ ਤਾਂ ਕਿ ਕਿਸੇ ਵੀ ਵਿਅਕਤੀ ਨਾਲ ਧੋਖਾ ਨਾ ਹੋ ਸਕੇ। ਸਰਕਾਰਾਂ ਨੂੰ ਆਪਣੇ ਦੇਸ਼ ਵਿੱਚ ਹੀ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ ਤਾਂ ਕਿ ਬੱਚਿਆਂ ਨੂੰ ਬਾਹਰ ਜਾਣ ਦੀ ਲੋੜ ਹੀ ਨਾ ਪਵੇ।

# ਦਿੱਲੀ ਦੀ ਹਾਰ ਤੋਂ ਬਾਅਦ ਆਮ ਆਦਮੀ ਪਾਰਟੀ ਲਈ ਸਬਕ



ਕੁੱਕੀ ਗਿੱਲ



ਦਿੱਲੀ ਦੇ ਹੱਥਾਂ ਵਿੱਚੋਂ ਰੇਤ ਵਾਂਗ ਕਿਰ ਜਾਣ ਨਾਲ ਆਪ ਨੂੰ ਆਪਣੀ ਸ਼ਾਸਨ ਰਣਨੀਤੀ ਦਾ ਮੁੜ ਮੁਲਾਂਕਣ ਕਰਨਾ ਚਾਹੀਦਾ ਹੈ। ਦੂਜੇ ਰਾਜਾਂ ਵਿੱਚ ਵਿਸਥਾਰਵਾਦੀ ਸੁਪਨਿਆਂ ਦਾ ਪਿੱਛਾ ਕਰਨ ਦੀ ਬਜਾਏ, ਪੰਜਾਬ ਵਿੱਚ ਪ੍ਰਭਾਵਸ਼ਾਲੀ ਸ਼ਾਸਨ ਪ੍ਰਦਾਨ ਕਰਨ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

2025 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਨੇ ਆਮ ਆਦਮੀ ਪਾਰਟੀ (ਆਪ) ਨੂੰ ਇੱਕ ਹੈਰਾਨ ਕਰਨ ਵਾਲਾ ਝਟਕਾ ਦਿੱਤਾ ਹੈ, ਜੋ ਰਾਜਧਾਨੀ ਦੇ ਰਾਜਨੀਤਿਕ ਦ੍ਰਿਸ਼ਟੀਕੋਣ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਹੈ। ਲਗਭਗ ਇੱਕ ਦਹਾਕੇ ਦੇ ਦਬਦਬੇ ਤੋਂ ਬਾਅਦ ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਨਿਰਣਾਇਕ ਤੌਰ 'ਤੇ ਹਰਾਇਆ ਹੈ, ਜਿਸਨੇ ਦਿੱਲੀ 'ਤੇ ਕਬਜ਼ਾ ਮੁੜ ਪ੍ਰਾਪਤ ਕਰਨ ਲਈ ਬਹੁਮਤ ਦੇ ਅੰਕੜੇ ਨੂੰ ਪਾਰ ਕਰ ਲਿਆ ਹੈ। ਜਦੋਂ ਕਿ ਸੱਤਾ ਵਿਰੋਧੀ ਲਹਿਰ ਇੱਕ ਵੱਡਾ ਕਾਰਕ ਸੀ, ਦੁਆਰਾ ਕਈ ਗਲਤ ਕਦਮਾਂ ਨੇ ਇਸ ਚੋਣ ਪਤਨ ਵਿੱਚ ਯੋਗਦਾਨ ਪਾਇਆ।

ਕੇਜਰੀਵਾਲ ਦਾ ਸ਼ਾਸਨ ਮਾਡਲ ਉੱਚੇ ਵਾਅਦਿਆਂ 'ਤੇ ਬਣਾਇਆ ਗਿਆ ਸੀ ਜੋ ਅਕਸਰ ਸ਼ਾਨਦਾਰ ਦ੍ਰਿਸ਼ਟੀਕੋਣ ਪੇਸ਼ ਕਰਦਾ ਸੀ। ਹਾਲਾਂਕਿ, ਪਾਰਟੀ ਦਿੱਲੀ ਦੇ ਵੋਟਰਾਂ ਦੀਆਂ ਵਧਦੀਆਂ ਉਮੀਦਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹੀ। ਮੁਫ਼ਤ ਬਿਜਲੀ, ਪਾਣੀ ਅਤੇ ਉੱਚ-ਪੱਧਰੀ ਸਿੱਖਿਆ ਦੇ ਸੁਨਹਿਰੀ ਸੁਪਨੇ ਅਸਲ- ਸੰਸਾਰ ਦੀਆਂ ਸੀਮਾਵਾਂ ਦਾ ਸਾਹਮਣਾ ਕਰ ਰਹੇ ਸਨ ਜਿਨ੍ਹਾਂ ਨੂੰ ਵੋਟਰ ਹੁਣ ਨਜ਼ਰਅੰਦਾਜ਼ ਨਹੀਂ ਕਰ ਸਕਦੇ ਸਨ। ਖਾਸ ਕਰਕੇ ਗਰੀਬ ਕਲੋਨੀਆਂ ਵਿੱਚ ਪਾਣੀ ਦੀ ਕਮੀ ਅਤੇ ਅਣਚਾਹੇ ਟੈਂਕਰ ਮਾਫੀਆ ਨੇ ਸ਼ਾਸਨ ਦੀਆਂ ਅਯੋਗਤਾਵਾਂ ਦਾ ਪਰਦਾਫਾਸ਼ ਕੀਤਾ। ਪਾਣੀ ਦੇ ਸੰਕਟ ਲਈ ਹਰਿਆਣਾ ਅਤੇ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣਾ ਵੋਟਰਾਂ ਨੂੰ ਯਕੀਨ ਨਹੀਂ ਦਿਵਾ ਸਕਿਆ, ਜਿਨ੍ਹਾਂ ਨੂੰ ਬਹਾਨੇ ਬਣਾਉਣ ਦੀ ਬਜਾਏ ਹੱਲ ਦੀ ਉਮੀਦ ਸੀ।

ਆਪ ਨੇ ਦਿੱਲੀ ਨਗਰ ਨਿਗਮ (ਐਮ.ਸੀ.ਡੀ.) ਦਾ ਪੂਰਾ ਕੰਟਰੋਲ ਆਪਣੇ ਹੱਥਾਂ ਵਿੱਚ ਲੈ ਲਿਆ, ਫਿਰ ਵੀ ਸ਼ਹਿਰ ਕੂੜੇ ਦੇ ਪਹਾੜਾਂ, ਬੰਦ ਨਾਲੀਆਂ ਅਤੇ ਝੁੱਗੀ-ਝੌਂਪੜੀ ਕਲੋਨੀਆਂ ਨਾਲ ਭਰਿਆ ਰਿਹਾ।

ਬੁਨਿਆਦੀ ਸਫਾਈ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਸਫਲਤਾ ਨੇ ਇਸਦੇ ਸ਼ਾਸਨ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ। ਬਦਨਾਮ ਦਿੱਲੀ ਸ਼ਰਾਬ ਘੁਟਾਲੇ ਨੇ ਆਪ ਦੇ ਬਹੁਤ-ਪ੍ਰਚਾਰਿਤ ਕੱਟੜ ਇਮਾਨਦਾਰ ਅਕਸ ਨੂੰ ਤੋੜ ਦਿੱਤਾ। ਜਦੋਂ ਕਿ ਅਪਰਾਧ ਤੋਂ ਹੋਣ ਵਾਲੀ ਕਮਾਈ ਤੇ ਕਾਨੂੰਨੀ ਲੜਾਈ ਅਜੇ ਵੀ ਜਾਰੀ ਹੈ, ਥੋਕ ਵਿਕਰੇਤਾਵਾਂ ਲਈ 12% ਕਮਿਸ਼ਨ ਦਰ ਨੇ ਸ਼ੱਕ ਪੈਦਾ ਕੀਤਾ, ਜਿਸ ਨਾਲ ਜਨਤਾ ਦਾ ਵਿਸ਼ਵਾਸ ਟੁੱਟ ਗਿਆ।

ਯਮੁਨਾ ਨਦੀ ਦੀ ਮਹੱਤਵਾਕਾਂਖੀ ਸਫਾਈ ਇੱਕ ਅਸਫਲਤਾ ਵਿੱਚ ਬਦਲ ਗਈ। ਹਰਿਆਣਾ ਦੁਆਰਾ ਇਸ ਦੇ ਪਾਣੀ ਨੂੰ ਜ਼ਹਿਰੀਲਾ ਬਣਾਉਣ ਦੇ ਦੋਸ਼ ਵਿਗਿਆਨਕ ਸਬੂਤਾਂ ਦਾ ਸਾਹਮਣਾ ਨਹੀਂ ਕਰ ਸਕੇ ਰਹੇ ਅਤੇ ਵੱਡੇ ਫੰਡ ਖਰਚ ਕਰਨ ਦੇ ਬਾਵਜੂਦ, ਬੀਓਡੀ ਅਤੇ ਅਮੋਨੀਆ ਦਾ ਪੱਧਰ ਵਿਗੜਦਾ ਰਿਹਾ, ਜਿਸ ਨਾਲ ਸ਼ਾਸਨ ਦੀਆਂ ਅਸਫਲਤਾਵਾਂ ਦਾ ਪਰਦਾਫਾਸ਼ ਹੋਇਆ। ਆਪ ਦੇ ਖੰਡਿਤ ਸੰਦੇਸ਼ਾਂ ਦੇ ਉਲਟ, ਭਾਜਪਾ ਨੇ ਰਾਸ਼ਟਰਵਾਦੀ ਭਾਵਨਾ, ਸਥਾਨਕ ਸ਼ਾਸਨ ਦੀਆਂ ਅਸਫਲਤਾਵਾਂ ਅਤੇ ਮਜ਼ਬੂਤ ਸੰਗਠਨਾਤਮਕ ਆਧਾਰ ਦਾ ਲਾਭ ਉਠਾਉਂਦੇ ਹੋਏ ਇੱਕ ਬਹੁਤ ਹੀ ਅਨੁਸ਼ਾਸਿਤ ਅਤੇ ਰਣਨੀਤਕ ਮੁਹਿੰਮ ਚਲਾਈ। ਕੇਜਰੀਵਾਲ ਦੇ ਸ਼ਾਨਦਾਰ ਸਰਕਾਰੀ ਨਿਵਾਸ, ਜਿਸਨੂੰ ਸ਼ੀਸ਼ ਮਹਿਲ ਕਿਹਾ ਜਾਂਦਾ ਹੈ, ਦੇ

ਪ੍ਰਗਟਾਵੇ ਅਤੇ ਜੈਡ+ ਸੁਰੱਖਿਆ ਦੀ ਉਸਦੀ ਮੰਗ ਨੇ ਨਾ ਸਿਰਫ਼ ਦਿੱਲੀ ਸਗੋਂ ਪੰਜਾਬ ਤੋਂ ਵੀ, ਆਮ ਆਦਮੀ ਦੇ ਅਕਸ ਨੂੰ ਢਾਹ ਲਗਾਈ ਜਿਸਨੇ ਉਸਨੂੰ ਸੱਤਾ ਵਿੱਚ ਲਿਆਂਦਾ ਸੀ।

ਆਪ ਦੇ ਸ਼ੁਰੂਆਤੀ ਸਾਲਾਂ ਵਿੱਚ ਮੀਡੀਆ ਆਪਟਿਕਸ ਅਤੇ ਬ੍ਰਾਂਡਿੰਗ ਨੇ ਕੰਮ ਕੀਤਾ, ਪਰ ਵੋਟਰਾਂ ਨੇ ਅੰਤ ਵਿੱਚ ਜ਼ਮੀਨੀ ਹਕੀਕਤਾਂ 'ਤੇ ਪਾਰਟੀ ਦਾ ਨਿਰਣਾ ਕੀਤਾ। ਪ੍ਰਾਪਤੀਆਂ ਦੇ ਪ੍ਰਚਾਰ ਅਤੇ ਅਸਲ ਸ਼ਾਸਨ ਵਿਚਕਾਰ ਬਿਲਕੁਲ ਅੰਤਰ ਮੋਹਭੰਗ ਦਾ ਕਾਰਨ ਬਣਾਇਆ। ਇੱਕ ਦਹਾਕੇ ਤੋਂ ਵੱਧ ਸਮੇਂ ਤੱਕ ਦਿੱਲੀ 'ਤੇ ਰਾਜ ਕਰਨ ਤੋਂ ਬਾਅਦ, ਕੇਜਰੀਵਾਲ ਨੂੰ ਵਧਦੀ ਵੋਟਰ ਅਸੰਤੁਸ਼ਟੀ ਦਾ ਸਾਹਮਣਾ ਕਰਨਾ ਪਿਆ। ਭਾਜਪਾ ਦੇ ਡਬਲ-ਇੰਜਣ ਸਰਕਾਰ (ਬਿਹਤਰ ਤਾਲਮੇਲ ਲਈ ਕੇਂਦਰ ਅਤੇ ਰਾਜ ਵਿੱਚ ਇੱਕੋ ਪਾਰਟੀ) ਦੇ ਵਾਅਦੇ ਅਤੇ ਮੱਧ ਵਰਗ ਲਈ ਇਸਦੀ ਤਾਜ਼ਾ ਕੇਂਦਰੀ ਬਜਟ ਰਾਹਤ ਨੇ ਸ਼ਹਿਰੀ ਵੋਟਰਾਂ ਨੂੰ ਪ੍ਰਭਾਵਿਤ ਕੀਤਾ।

ਨਵੀਂ ਦਿੱਲੀ ਹਲਕੇ ਤੋਂ ਹਾਰਨਾ ਸਿਰਫ਼ ਇੱਕ ਰਾਜਨੀਤਿਕ ਝਟਕਾ ਨਹੀਂ ਸੀ ਸਗੋਂ ਕੇਜਰੀਵਾਲ ਦੀ ਲੀਡਰਸ਼ਿਪ ਦੀ ਸਥਿਤੀ ਲਈ ਇੱਕ ਵੱਡਾ ਝਟਕਾ ਸੀ। ਆਪ ਦੇ ਕਮਜ਼ੋਰ ਹੋਣ ਦੇ ਨਾਲ, ਦਿੱਲੀ ਨੂੰ ਵਿਰੋਧੀ ਧਿਰ ਦਾ ਇੱਕ ਮਜ਼ਬੂਤ ਅਤੇ ਭਰੋਸੇਯੋਗ ਨੇਤਾ ਪ੍ਰਾਪਤ ਕਰਨ ਲਈ ਸੰਘਰਸ਼ ਕਰਨਾ ਪੈ ਸਕਦਾ ਹੈ। ਸਵਾਤੀ ਮਾਲੀਵਾਲ ਨਾਲ ਕਥਿਤ ਦੁਰਵਿਵਹਾਰ ਨੇ ਇੱਕ ਮਹੱਤਵਪੂਰਨ ਵੋਟਰ ਆਧਾਰ - ਔਰਤਾਂ - ਨੂੰ ਦੂਰ ਕਰ ਦਿੱਤਾ। ਪਾਣੀ ਦੀ ਗੁਣਵੱਤਾ, ਸੈਨੀਟੇਸ਼ਨ ਅਤੇ ਰਹਿੰਦ-ਖੂੰਹਦ ਦੇ ਕੁਪ੍ਰਬੰਧਨ ਵਰਗੇ ਮੁੱਦਿਆਂ 'ਤੇ ਉਨ੍ਹਾਂ ਦੀ ਨਿਰੰਤਰ ਮੁਹਿੰਮ ਗਰੀਬ ਕਲੋਨੀਆਂ ਵਿੱਚ ਮਹਿਲਾ ਵੋਟਰਾਂ ਨਾਲ ਗੂੰਜ ਉੱਠੀ, ਜਿਸ ਨਾਲ

ਉਹ ਆਪ ਤੋਂ ਹੋਰ ਦੂਰ ਹੋ ਗਈਆਂ। ਆਪ ਨੇ ਸ਼ੁਰੂ ਵਿੱਚ ਔਰਤਾਂ ਲਈ ਪ੍ਰਤੀ ਮਹੀਨਾ 1,000 ਰੁਪਏ ਦੇਣ ਦਾ ਵਾਅਦਾ ਕੀਤਾ ਸੀ ਅਤੇ ਬਾਅਦ ਵਿੱਚ ਇਸਨੂੰ ਵਧਾ ਕੇ 2,100 ਕਰ ਦਿੱਤਾ, ਪਰ ਵੋਟਰਾਂ ਨੇ ਇਸਨੂੰ ਇੱਕ ਗੰਭੀਰ ਭਲਾਈ ਉਪਾਅ ਦੀ ਬਜਾਏ ਇੱਕ ਚੋਣ ਚਾਲ ਵਜੋਂ ਦੇਖਿਆ।

ਇਸ ਵਾਅਦੇ ਨੂੰ ਪੂਰਾ ਕਰਨ ਲਈ ਵਿੱਤੀ ਯੋਜਨਾਬੰਦੀ ਦੀ ਘਾਟ ਨੇ ਭਰੋਸੇਯੋਗਤਾ ਨੂੰ ਹੋਰ ਵੀ ਘਟਾ ਦਿੱਤਾ। ਦਿੱਲੀ ਅਰਵਿੰਦ ਕੇਜਰੀਵਾਲ ਅਤੇ ਆਪ ਤੋਂ ਦੂਰ ਹੋਣ ਦੇ ਨਾਲ ਪਾਰਟੀ ਨੂੰ ਮੁੜ ਸੰਗਠਿਤ ਹੋਣਾ ਚਾਹੀਦਾ ਹੈ ਅਤੇ ਆਪਣੀ ਸ਼ਾਸਨ ਰਣਨੀਤੀ ਦਾ ਮੁੜ ਮੁਲਾਂਕਣ ਕਰਨਾ ਚਾਹੀਦਾ ਹੈ। ਦੂਜੇ ਰਾਜਾਂ ਵਿੱਚ ਵਿਸਥਾਰਵਾਦੀ ਸੁਪਨਿਆਂ ਦਾ ਪਿੱਛਾ ਕਰਨ ਦੀ ਬਜਾਏ, ਕੇਜਰੀਵਾਲ ਨੂੰ ਆਪਣੀ ਲੀਡਰਸ਼ਿਪ ਨੂੰ ਪੰਜਾਬ

ਵਿੱਚ ਪ੍ਰਭਾਵਸ਼ਾਲੀ ਸ਼ਾਸਨ ਪ੍ਰਦਾਨ ਕਰਨ 'ਤੇ ਦੁਬਾਰਾ ਕੇਂਦ੍ਰਿਤ ਕਰਨਾ ਚਾਹੀਦਾ ਹੈ, ਜਿੱਥੇ ਆਪ ਅਜੇ ਵੀ ਸੱਤਾ ਵਿੱਚ ਹੈ। ਪੰਜਾਬ ਦਾ ਤਜਰਬਾ ਹੁਣ ਮਹੱਤਵਪੂਰਨ ਹੈ - ਜੇਕਰ ਕੇਜਰੀਵਾਲ ਦੀ ਸਰਕਾਰ ਕਾਨੂੰਨ ਵਿਵਸਥਾ, ਸਿੱਖਿਆ, ਖੇਤੀਬਾੜੀ ਅਤੇ ਉਦਯੋਗਿਕ ਵਿਕਾਸ ਵਿੱਚ ਠੋਸ ਸੁਧਾਰ ਦਿਖਾ ਸਕਦੀ ਹੈ, ਤਾਂ ਇਹ ਆਪ ਨੂੰ ਜਨਤਕ ਵਿਸ਼ਵਾਸ ਅਤੇ ਰਾਜਨੀਤਿਕ ਸਾਰਥਕਤਾ ਮੁੜ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੀ ਹੈ।

ਕੇਜਰੀਵਾਲ ਦੀ ਮੁੱਖ ਅਪੀਲ ਸਾਫ਼, ਪਾਰਦਰਸ਼ੀ ਅਤੇ ਲੋਕ-ਕੇਂਦ੍ਰਿਤ ਸ਼ਾਸਨ ਦੇ ਵਾਅਦੇ 'ਤੇ ਬਣੀ ਸੀ। ਹਾਲਾਂਕਿ, ਸਿਰਫ਼ ਪ੍ਰਚਾਰ ਅਤੇ ਹਮਲਾਵਰ ਪੀ.ਆਰ. ਹੀ ਚੋਣ ਸਫਲਤਾ ਨੂੰ ਕਾਇਮ ਨਹੀਂ ਰੱਖ ਸਕਦੇ। ਆਪ ਨੂੰ ਹੁਣ ਮੂਲ ਗੱਲਾਂ ਵੱਲ ਵਾਪਸ ਜਾਣ ਦੀ ਲੋੜ ਹੈ - ਪੰਜਾਬ ਵਿੱਚ ਸ਼ਾਸਨ ਚੁਣੌਤੀਆਂ ਨੂੰ ਹੱਲ ਕਰਨਾ, ਪ੍ਰਚਾਰ ਨਾਲੋਂ ਅਸਲ ਵਿਕਾਸ ਨੂੰ ਤਰਜੀਹ ਦੇਣਾ ਅਤੇ ਆਪਣੀ ਭਰੋਸੇਯੋਗਤਾ ਨੂੰ ਮੁੜ ਬਣਾਉਣ ਲਈ ਕੰਮ ਕਰਨਾ। ਪੰਜਾਬ ਵਿੱਚ ਲੀਡਰਸ਼ਿਪ ਨੂੰ ਪ੍ਰਭਾਵਸ਼ਾਲੀ ਅਤੇ ਕੁਸ਼ਲ ਮਾਰਗਦਰਸ਼ਨ ਪ੍ਰਦਾਨ ਕਰਕੇ ਹੀ ਅਰਵਿੰਦ ਕੇਜਰੀਵਾਲ ਅਤੇ ਆਪ ਦਿੱਲੀ ਅਤੇ ਇਸ ਤੋਂ ਬਾਹਰ ਰਾਜਨੀਤਿਕ ਪੁਨਰ ਸੁਰਜੀਤੀ ਦੀ ਉਮੀਦ ਕਰ ਸਕਦੇ ਹਨ।

# ਦਿੱਲੀ ਦੇ ਪ੍ਰਦੂਸ਼ਣ ਲਈ ਪੰਜਾਬ ਤੇ ਹਰਿਆਣੇ ਦੇ ਕਿਸਾਨ ਜ਼ਿੰਮੇਵਾਰ ਨਹੀਂ

## ਹਵਾ ਦੀ ਗੁਣਵੱਤਾ ਸਬੰਧੀ ਕਮਿਸ਼ਨ ਦੀ ਰਿਪੋਰਟ ਆਈ ਸਾਹਮਣੇ



ਦਵਿੰਦਰ ਸ਼ਰਮਾ



ਪਿਛਲੇ ਕਈ ਸਾਲਾਂ ਤੋਂ ਦੇਸ਼ ਦੇ ਉੱਤਰ-ਪੱਛਮੀ ਖੇਤਰ- ਪੰਜਾਬ, ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਦੇ ਕੁਝ ਹਿੱਸੇ ਦੇ ਕਿਸਾਨਾਂ ਨੂੰ ਦਿੱਲੀ ਦੀ ਹਵਾ ਨੂੰ ਵਿਗਾੜਨ (ਪ੍ਰਦੂਸ਼ਿਤ ਕਰਨ) ਲਈ ਲਗਾਤਾਰ ਭੰਡਿਆ ਜਾ ਰਿਹਾ ਹੈ। ਜਿਵੇਂ ਕਿ ਅਕਤੂਬਰ ਤੇ ਨਵੰਬਰ ਮਹੀਨਿਆਂ 'ਚ ਰਾਜਧਾਨੀ ਦੀ ਜ਼ਹਿਰੀਲੀ ਹਵਾ ਦੇ ਪਿੱਛੇ ਦਾ ਅਸਲ ਕਾਰਨ ਖੇਤਾਂ 'ਚ ਅੱਗ ਲਗਾਉਣਾ ਹੋਵੇ, ਕਿਉਂਕਿ ਦਿੱਲੀ 'ਚ ਹਵਾ ਦੇ ਸਥਿਰ ਹੋਣ ਅਤੇ ਝੋਨੇ ਦੀ ਫ਼ਸਲ ਦੀ ਕਟਾਈ ਕਰਨ ਦੇ ਮਹੀਨੇ ਇਕੋ ਵੇਲੇ ਆਉਂਦੇ ਹਨ, ਇਸੇ ਲਈ ਕਿਸਾਨਾਂ ਨੂੰ ਦੋਸ਼ ਦੇਣ, ਗਾਲਾਂ ਕੱਢਣ ਤੇ ਭੰਡਣ ਦੀ ਕੋਈ ਕਸਰ ਨਹੀਂ ਛੱਡੀ ਜਾਂਦੀ। ਹਰ ਸਾਲ ਜਦੋਂ ਝੋਨੇ ਦੀ ਕਟਾਈ ਦਾ ਸੀਜ਼ਨ ਅੱਗੇ ਵਧਣ ਲੱਗਦਾ ਹੈ ਤਾਂ ਮੀਡੀਆ 'ਚ ਆਲੋਚਨਾ ਸ਼ੁਰੂ ਹੋ ਜਾਂਦੀ ਹੈ ਕਿ ਦਿੱਲੀ ਦੀ ਜ਼ਹਿਰੀਲੀ ਹਵਾ ਲਈ ਕਿਸਾਨ ਜ਼ਿੰਮੇਵਾਰ ਹਨ। ਕਈ ਸਾਲਾਂ ਤੋਂ ਆਪਣੀਆਂ ਗ਼ਲਤੀਆਂ ਨੂੰ ਛੁਪਾਉਣ ਤੇ ਖੁਦ ਨੂੰ ਕਿਸੇ ਵੀ ਜ਼ਿੰਮੇਵਾਰੀ ਤੋਂ ਮੁਕਤ ਕਰਨ ਲਈ ਨਵੀਂ ਦਿੱਲੀ (ਸਰਕਾਰ) ਨੇ ਕਿਸਾਨਾਂ 'ਤੇ ਦੋਸ਼ ਮੜ੍ਹਨ ਨੂੰ ਸੌਖਾ ਸਮਝਿਆ ਤੇ ਉਨ੍ਹਾਂ ਨੂੰ ਹੀ ਇਸ ਕਹਾਣੀ ਦੇ ਅਸਲੀ ਖਲਨਾਇਕ ਬਣਾ ਦਿੱਤਾ।

ਪਰ ਇਸ ਸਾਲ ਜਨਵਰੀ 4 ਦੀਆਂ ਮੀਡੀਆ ਰਿਪੋਰਟਾਂ 'ਚ ਕਿਹਾ ਗਿਆ ਕਿ ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਦੇ ਸਾਹਮਣੇ ਇੱਕ ਪੇਸ਼ਕਾਰੀ 'ਚ ਹਵਾ ਗੁਣਵੱਤਾ ਪ੍ਰਬੰਧਨ ਬਾਰੇ ਕਮਿਸ਼ਨ (ਸੀ.ਏ.ਕਿਊ.ਐਮ.) ਕੋਲ ਦੱਸਣ ਲਈ ਇੱਕ ਵੱਖਰੀ ਹੀ ਕਹਾਣੀ ਸੀ। ਊਰਜਾ ਤੇ ਸਰੋਤਾਂ ਇੰਸਟੀਚਿਊਟ (ਟੇਰੀ) ਦੀ ਜਨਵਰੀ 2023 ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਪ੍ਰਧਾਨ ਮੰਤਰੀ ਦੇ ਸਲਾਹਕਾਰ ਤਰੁਣ ਕਪੂਰ ਨੂੰ ਦੱਸਿਆ ਗਿਆ ਕਿ ਖੇਤੀ ਰਹਿੰਦ-ਖੂੰਹਦ ਨੂੰ ਸਾੜਨ ਦਾ ਦਿੱਲੀ ਦੇ 2.5 ਤੋਂ 10 ਪੀ.ਐਮ. ਤੱਕ ਦੇ ਹਵਾ ਪ੍ਰਦੂਸ਼ਣ ਪੱਧਰ 'ਚ ਕੇਵਲ 1 ਫ਼ੀਸਦੀ ਦਾ ਯੋਗਦਾਨ ਹੈ। ਅਜਿਹੇ ਯੁੱਗ 'ਚ ਜਿਥੇ ਪਾਰਦਰਸ਼ਤਾ ਤੇ ਜਵਾਬਦੇਹੀ ਸ਼ਾਸਨ ਦੀ ਪਛਾਣ ਹੈ, ਜੇਕਰ ਜੋ ਕਿਹਾ ਗਿਆ ਹੈ ਉਹ ਸੱਚ ਹੈ ਤਾਂ ਮੈਨੂੰ ਰਿਕਾਰਡ 'ਚ ਜੋ ਲਿਖਿਆ ਗਿਆ ਹੈ ਉਨ੍ਹਾਂ ਗੱਲਾਂ 'ਤੇ ਬੇਭਰੋਸੀ ਦਾ ਕੋਈ ਕਾਰਨ ਨਹੀਂ ਦਿੱਸਦਾ। ਅਜਿਹੇ 'ਚ ਨਵੀਂ ਦਿੱਲੀ ਲਈ ਸਭ ਤੋਂ ਚੰਗਾ ਹੋਵੇਗਾ ਕਿ ਉਸ ਨੂੰ ਖੜ੍ਹੇ ਹੋ ਕੇ ਆਪਣੀ ਗ਼ਲਤੀ ਸਵੀਕਾਰ ਕਰ ਲੈਣੀ ਚਾਹੀਦੀ ਹੈ। ਨੌਕਰਸ਼ਾਹੀ, ਵੱਡੀ ਗਿਣਤੀ 'ਚ ਮਾਹਰ ਕਮੇਟੀਆਂ ਤੇ ਰਾਸ਼ਟਰੀ ਮੀਡੀਆ (ਦੋਵੇਂ ਪ੍ਰਿੰਟ ਤੇ ਇਲੈਕਟ੍ਰਾਨਿਕ) ਨੂੰ ਵੀ ਗ਼ਲਤ ਸੂਚਨਾਵਾਂ ਫੈਲਾਉਣ ਦੀ ਜ਼ਿੰਮੇਵਾਰੀ ਕਬੂਲ ਲੈਣੀ ਚਾਹੀਦੀ ਹੈ। ਆਖਰਕਾਰ ਇਨ੍ਹਾਂ ਸੰਸਥਾਵਾਂ ਵੱਲੋਂ ਸਮੂਹਿਕ ਰੂਪ 'ਚ ਕਿਸਾਨ ਭਾਈਚਾਰੇ ਨੂੰ ਬਿਨਾਂ ਕਿਸੇ ਗ਼ਲਤੀ ਦੇ ਬਦਨਾਮ ਕੀਤਾ ਗਿਆ, ਜੋ ਹੁਣ ਪੂਰੀ ਤਰ੍ਹਾਂ ਨਾਲ ਸਪੱਸ਼ਟ ਹੋ ਚੁੱਕਾ ਹੈ।


ਜਦੋਂ ਮੈਂ ਉਨ੍ਹਾਂ ਦੀ ਕੋਈ ਗ਼ਲਤੀ ਨਹੀਂ ਕਹਿੰਦਾ ਹਾਂ ਤਾਂ ਵੀ ਮੈਂ ਕਿਸਾਨਾਂ ਦੇ ਪਰਾਲੀ ਸਾੜਨ ਦੇ ਨੁਕਸਾਨਦੇਹ ਅਭਿਆਸ ਦਾ ਕੋਈ ਬਚਾਅ ਕਰਨ ਦੀ ਕੋਸ਼ਿਸ਼ ਨਹੀਂ ਕਰਦਾ ਹਾਂ। ਪਰਾਲੀ ਸਾੜਨ ਦੇ ਮਨੁੱਖੀ ਸਿਹਤ ਨੂੰ ਹੋਣ ਵਾਲੇ ਨੁਕਸਾਨਾਂ ਤੇ ਵਾਤਾਵਰਨ 'ਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਤੋਂ ਅਸੀਂ ਸਭ ਭਲੀ-ਭਾਂਤ ਜਾਣੂ ਹਾਂ। ਪਰਾਲੀ ਸਾੜਨ ਨੂੰ ਰੋਕਣ ਲਈ ਕਿਸਾਨਾਂ ਨੂੰ ਕਿਫਾਇਤੀ ਉਪਕਰਣ ਉਪਲਬੱਧ ਕਰਵਾਉਣ ਤੋਂ ਇਲਾਵਾ ਵਿਆਪਕ ਜਾਗਰੂਕਤਾ ਪੈਦਾ ਕਰਨ ਲਈ ਸਭ ਤਰ੍ਹਾਂ ਦੇ ਯਤਨ ਕੀਤੇ ਜਾਣੇ ਚਾਹੀਦੇ ਹਨ। ਪਰ ਇਹ ਗੱਲ ਸਵੀਕਾਰਨ ਯੋਗ ਨਹੀਂ ਹੈ ਕਿ ਅਸੰਗਠਿਤ ਕਿਸਾਨਾਂ ਨੂੰ ਬਲੀ ਦਾ ਬੱਕਰਾ ਬਣਾ ਕੇ ਹਰ ਵਾਰ ਆਲੋਚਨਾ ਦਾ ਸ਼ਿਕਾਰ ਬਣਾਇਆ ਜਾਵੇ। ਨਵੀਂ ਦਿੱਲੀ ਆਪਣੇ ਹਵਾ ਪ੍ਰਦੂਸ਼ਣ ਦੇ ਪ੍ਰਤੱਖ ਯੋਗਦਾਨ ਨੂੰ ਛੁਪਾਉਣ ਲਈ ਕਿਸਾਨਾਂ ਦੇ ਕਥਿਤ ਧੂੰਏਂ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੋਸ਼ਿਸ਼ ਕਰਦੀ ਹੈ। ਇਸ ਲਈ ਸ਼ੱਕ ਦੀ ਸੂਈ ਕਿਸਾਨਾਂ ਵੱਲ ਘੁੰਮਾਉਣਾ ਇੱਕ ਪ੍ਰਭਾਵਸ਼ਾਲੀ ਰੁਖ਼ ਮੋੜਨ ਵਾਲਾ ਔਜਾਰ (ਡਿਫਲੈਕਟਰ) ਬਣ ਗਿਆ ਹੈ, ਜਿਸ ਕਰਕੇ ਸੋਸ਼ਲ ਮੀਡੀਆ 'ਤੇ ਬਦਸਲੂਕੀ ਕਰਨ ਵਾਲੇ ਟਰੋਲਰਾਂ ਦੀ ਇਕ ਫ਼ੌਜ ਬਣਾਉਣ 'ਚ ਮਦਦ ਮਿਲੀ ਹੈ। ਜੋ ਕਿਸਾਨਾਂ ਦੀ ਆਲੋਚਨਾ ਕਰਦਿਆਂ ਉਨ੍ਹਾਂ 'ਤੇ ਦਿੱਲੀ ਦੀ ਸਵੱਛ ਹਵਾ ਨੂੰ ਪ੍ਰਦੂਸ਼ਿਤ ਕਰਕੇ ਦੂਜਿਆਂ ਨੂੰ ਦੁੱਖ ਪਹੁੰਚਾ ਕੇ ਉਨ੍ਹਾਂ 'ਤੇ ਖੁਸ਼ ਹੋਣ ਦੇ ਦੋਸ਼ ਲਗਾਉਣ ਦੀ ਹੱਦ ਤੱਕ ਜਾਂਦੇ ਹਨ।

ਕਿਸਾਨਾਂ ਦੀ ਲਗਾਤਾਰ ਹੋ ਰਹੀ ਆਲੋਚਨਾ ਕਾਰਨ ਅਦਾਲਤਾਂ ਨੇ ਪਰਾਲੀ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਹੈ, ਜਿਸ ਦੇ ਨਤੀਜੇ ਵਜੋਂ ਪੰਜਾਬ 'ਚ 21 ਅਕਤੂਬਰ 2024 ਤੱਕ 874 ਐਫ.ਆਈ.ਆਰਜ਼, 471 ਰੋਜ਼ਾਨਾ ਡਾਇਰੀ ਰਿਪੋਰਟ (ਡੀ.ਡੀ.ਆਰ.) ਦਰਜ ਹੋਣ ਤੋਂ ਇਲਾਵਾ 394 ਕਿਸਾਨਾਂ ਦੇ ਮਾਲ ਰਿਕਾਰਡ 'ਚ ਲਾਲ ਐਂਟਰੀਆਂ ਤੇ 371 ਕਿਸਾਨਾਂ 'ਤੇ 10.55 ਲੱਖ ਰੁਪਏ ਦੇ ਜੁਰਮਾਨੇ ਲਗਾਏ ਗਏ ਹਨ। ਇਸੇ ਤਰੀਕ ਤੱਕ ਹਰਿਆਣਾ ਦੇ 400 ਕਿਸਾਨਾਂ ਨੂੰ ਮੰਡੀਆਂ 'ਚ ਆਪਣੀ ਫ਼ਸਲ ਵੇਚਣ 'ਤੇ 2 ਸਾਲ ਦੀ ਰੋਕ ਲਗਾਉਂਦੇ ਹੋਏ ਬਲੈਕਲਿਸਟ ਕਰ ਦਿੱਤਾ ਤੇ ਕੈਥਲ ਜ਼ਿਲ੍ਹੇ 'ਚ ਦੋ ਦਿਨਾਂ ਦੌਰਾਨ 18 ਕਿਸਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਦੌਰਾਨ 418 ਕਿਸਾਨਾਂ ਦੇ ਮਾਲ ਰਿਕਾਰਡ 'ਚ ਐਂਟਰੀਆਂ ਤੇ 8.45 ਲੱਖ ਰੁਪਏ ਦੇ ਜੁਰਮਾਨੇ ਲਗਾਉਣ ਦੇ ਇਲਾਵਾ ਪੁਲਿਸ ਨੇ 334 ਨੂੰ ਚਲਾਨ ਜਾਰੀ ਕਰਦਿਆਂ 192 ਕਿਸਾਨਾਂ ਖ਼ਿਲਾਫ਼ ਮਾਮਲੇ ਦਰਜ ਕੀਤੇ ਗਏ, ਜਦਕਿ ਨਵੰਬਰ ਮਹੀਨੇ ਯਮੁਨਾਨਗਰ 'ਚ 32 ਹੋਰ ਕਿਸਾਨ ਗ੍ਰਿਫ਼ਤਾਰ ਕੀਤੇ ਗਏ, ਵਿਰੋਧੀ ਪਾਰਟੀਆਂ ਨੇ ਇਸ ਕਾਰਵਾਈ ਨੂੰ ਤੁਗ਼ਲਕੀ ਫ਼ੁਰਮਾਨ ਕਰਾਰ ਦਿੱਤਾ ਸੀ।

ਦਿਲਚਸਪ ਗੱਲ ਇਹ ਹੈ ਕਿ ਇਹ ਉਹੀ ਸੀ.ਏ.ਕਿਊ.ਐਮ. ਹੈ, ਜਿਸ ਦੀਆਂ ਪਹਿਲੀਆਂ ਰਿਪੋਰਟਾਂ 'ਤੇ ਸੁਪਰੀਮ ਕੋਰਟ ਨੇ ਪੰਜਾਬ ਤੇ ਹਰਿਆਣਾ 'ਚ ਪੁਲਿਸ ਨੂੰ ਖੇਤਾਂ 'ਚ ਅੱਗ ਲਗਾਉਣ ਵਾਲੇ ਕਿਸਾਨਾਂ ਦੇ ਖ਼ਿਲਾਫ਼ ਅਪਰਾਧਿਕ ਮੁਕੱਦਮੇ ਚਲਾਉਣ ਦੇ ਨਿਰਦੇਸ਼ ਦਿੱਤੇ ਸਨ, ਜੋ ਹੁਣ ਸਵੀਕਾਰ ਕਰ ਰਿਹਾ ਕਿ ਦੇਸ਼ ਦੇ ਉੱਤਰ-ਪੱਛਮੀ ਖੇਤਰ ਦੇ ਕਿਸਾਨਾਂ ਦਾ ਦਿੱਲੀ ਦੇ ਹਵਾ ਪ੍ਰਦੂਸ਼ਣ 'ਚ ਕੇਵਲ 1 ਫ਼ੀਸਦੀ ਯੋਗਦਾਨ ਹੈ। ਮੀਡੀਆ ਰਿਪੋਰਟਾਂ ਅਨੁਸਾਰ ਹਰਿਆਣਾ ਦੇ ਮਸ਼ਹੂਰ ਨੌਕਰਸ਼ਾਹ ਅਸ਼ੋਕ ਖੇਮਕਾ ਨੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਦੱਸਿਆ ਕਿ ਸੀ.ਏ.ਕਿਊ.ਐਮ. ਦੇ ਚੇਅਰਮੈਨ ਦੁਆਰਾ ਪਿਛਲੇ ਦਿਨੀਂ

(ਬਾਕੀ ਸਫ਼ਾ 31 'ਤੇ)

# ਆਰਥਿਕ ਵਿਕਾਸ ਲਈ ਖੇਤੀ ਅਤੇ ਉਦਯੋਗ ਉਤਪਾਦਨ ਲਈ ਢੁਕਵੀਂ ਨੀਤੀ ਬਣਨੀ ਜ਼ਰੂਰੀ



ਡਾ. ਸ. ਸ. ਛੀਨਾ

ਇਹ ਗੱਲ ਜਚਦੀ ਨਹੀਂ ਕਿ ਕਿਸੇ ਦੇਸ਼ ਦੀ ਆਬਾਦੀ ਦੁਨੀਆਂ ਦਾ 17.6 ਫ਼ੀਸਦੀ ਹੋਵੇ, ਪਰ ਵਪਾਰ 'ਚ ਉਸ ਦਾ ਹਿੱਸਾ ਸਿਰਫ਼ 2 ਫ਼ੀਸਦੀ ਹੀ ਹੋਵੇ। ਜਦੋਂ ਕਿ ਭਾਰਤ ਵਿਸ਼ਵ ਵਪਾਰ ਸੰਸਥਾ ਦਾ ਮੈਂਬਰ ਹੈ, ਜਿਸ ਦੇ 130 ਤੋਂ ਵੱਧ ਦੇਸ਼ ਮੈਂਬਰ ਹਨ ਅਤੇ ਉਨ੍ਹਾਂ ਮੈਂਬਰ ਦੇਸ਼ਾਂ 'ਚ ਖੁੱਲ੍ਹਾ ਵਪਾਰ ਹੈ। 1995 'ਚ ਵਿਸ਼ਵ ਵਪਾਰ ਸੰਸਥਾ ਬਣਨ ਤੋਂ ਪਹਿਲਾਂ ਭਾਰਤ ਸਾਰਕ (ਦੱਖਣੀ ਏਸ਼ੀਆ ਖੇਤਰੀ ਕੌਂਸਲ) ਦਾ ਮੈਂਬਰ ਸੀ, ਜਿਸ ਦਾ ਉਸ ਨੂੰ ਭਾਵੇਂ ਬਹੁਤਾ ਲਾਭ ਨਹੀਂ ਸੀ ਹੋਇਆ ਪਰ ਉਸ ਦਾ ਕੋਈ ਨੁਕਸਾਨ ਨਹੀਂ ਸੀ ਪਰ ਵਿਸ਼ਵ ਵਪਾਰ ਸੰਸਥਾ ਦਾ ਮੈਂਬਰ ਬਣਨ ਤੋਂ ਭਾਰਤ ਝਿਜਕਦਾ ਸੀ, ਕਿਉਂ ਜੋ ਭਾਰਤ ਕੋਲ ਨਿਰਯਾਤ ਕਰਨ ਲਈ ਘੱਟ ਸੀ ਅਤੇ ਉਹ ਵਿਕਸਿਤ ਦੇਸ਼ਾਂ ਦੀਆਂ ਉਦਯੋਗਿਕ ਵਸਤੂਆਂ 'ਚ ਮੁਕਾਬਲਾ ਨਹੀਂ ਸੀ ਕਰ ਸਕਦਾ। ਭਾਵੇਂ ਦੇਸ਼ ਖੇਤੀ ਪ੍ਰਧਾਨ ਦੇਸ਼ ਸੀ, ਪਰ ਖੇਤੀ ਦੀ ਨਿਰਯਾਤ 'ਚ ਵੀ ਉਹ ਕਾਫ਼ੀ ਪਿੱਛੇ ਸੀ, ਕਿਉਂ ਜੋ ਖ਼ੁਰਾਕ ਲੋੜਾਂ ਦੇ ਵੱਡੇ ਬੋਝ ਕਰਕੇ, ਨਿਰਯਾਤ ਦੀ ਮੰਗ ਵਾਲੀਆਂ ਵਪਾਰਕ ਵਸਤੂਆਂ ਦੀ ਉਪਜ ਵੀ ਘੱਟ ਸੀ ਅਤੇ ਉਨ੍ਹਾਂ ਵਸਤੂਆਂ ਲਈ ਖੇਤਰ ਦੀ ਵੀ ਘਾਟ ਸੀ। ਭਾਰਤ ਦੀਆਂ ਜ਼ਿਆਦਾਤਰ ਰਾਜਨੀਤਕ ਪਾਰਟੀਆਂ ਵੀ ਭਾਰਤ ਦੇ ਇਸ ਸੰਸਥਾ ਦਾ ਮੈਂਬਰ ਬਣਨ ਦੇ ਖ਼ਿਲਾਫ਼ ਸਨ ਅਤੇ ਭਾਰਤ ਦੇ ਬੁੱਧੀਜੀਵੀ ਵੀ ਮਹਿਸੂਸ ਕਰਦੇ ਸਨ ਕਿ ਉਦਯੋਗਿਕ ਵਸਤੂਆਂ ਤੋਂ ਇਲਾਵਾ ਭਾਰਤ ਖੇਤੀ ਵਸਤੂਆਂ 'ਚ ਵੀ ਮੁਕਾਬਲਾ ਨਹੀਂ ਕਰ ਸਕੇਗਾ। ਉਨ੍ਹਾਂ ਦਿਨਾਂ 'ਚ ਆਮ ਕਿਹਾ ਜਾਂਦਾ ਸੀ ਕਿ ਦੁੱਧ, ਦਹੀਂ, ਘਿਉ, ਡੈਨਮਾਰਕ ਤੋਂ ਆ ਕੇ ਵਿਕੇਗਾ, ਕਣਕ ਆਸਟ੍ਰੇਲੀਆ ਤੋਂ ਆਵੇਗੀ ਅਤੇ ਦਾਲਾਂ ਰੂਸ, ਯੂਕਰੇਨ ਤੋਂ ਆਉਣਗੀਆਂ ਅਤੇ ਭਾਰਤ ਦੀ ਖੇਤੀ 'ਤੇ ਬਹੁਤ ਬੁਰੇ ਪ੍ਰਭਾਵ ਪੈਣਗੇ, ਪਰ ਇਨ੍ਹਾਂ ਖ਼ਦਸ਼ਿਆਂ ਦੇ ਬਾਵਜੂਦ ਵੀ ਭਾਰਤ ਨੂੰ ਮਜਬੂਰੀਵੱਸ ਇਸ ਸੰਸਥਾ ਦਾ ਮੈਂਬਰ ਇਸ ਕਰਕੇ ਬਣਨਾ ਪਿਆ, ਕਿਉਂਕਿ ਉਸ ਵਕਤ ਕੋਈ 125 ਦੇਸ਼ ਇਸ ਦੇ ਮੈਂਬਰ ਬਣ ਰਹੇ ਸਨ। ਇਨ੍ਹਾਂ 'ਚ ਉਹ ਦੇਸ਼ ਵੀ ਸ਼ਾਮਿਲ ਸਨ, ਜਿਨ੍ਹਾਂ ਨਾਲ ਭਾਰਤ ਵਪਾਰ ਕਰ ਰਿਹਾ ਸੀ, ਜੇ ਭਾਰਤ ਇਸ ਸੰਸਥਾ ਦਾ ਮੈਂਬਰ ਨਾ ਬਣਦਾ ਤਾਂ ਉਹ ਜ਼ਿਆਦਾਤਰ ਦੇਸ਼ਾਂ ਤੋਂ ਅਲੱਗ-ਥਲੱਗ ਹੋ ਜਾਂਦਾ ਅਤੇ ਉਸ ਦਾ ਵਪਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ। ਭਾਵੇਂ ਕਿ ਇਸ ਦਾ ਮੈਂਬਰ ਬਣਨ ਤੋਂ ਬਾਅਦ ਭਾਰਤ ਦਾ ਵਪਾਰ ਪਹਿਲਾਂ ਤੋਂ ਕੋਈ ਤਿੰਨ ਗੁਣਾ ਵਧਿਆ, ਇਸ ਨਾਲ ਭਾਵੇਂ ਅਯਾਤ ਅਤੇ ਨਿਰਯਾਤ ਦੋਵੇਂ ਵਧੇ, ਪਰ ਅਯਾਤ, ਨਿਰਯਾਤ ਤੋਂ ਬਹੁਤ ਜ਼ਿਆਦਾ ਵਧ ਗਿਆ। ਵਿਸ਼ਵ ਵਪਾਰ ਸੰਸਥਾ ਬਣਨ ਤੋਂ ਪਹਿਲਾਂ ਭਾਰਤ ਦਾ ਅੰਤਰਰਾਸ਼ਟਰੀ ਵਪਾਰ 'ਚ ਹਿੱਸਾ ਸਿਰਫ਼ 0.7 ਫ਼ੀਸਦੀ ਸੀ, ਜਿਹੜਾ ਮੈਂਬਰ ਬਣਨ ਤੋਂ ਬਾਅਦ 2.1 ਫ਼ੀਸਦੀ ਹੋ ਗਿਆ, ਪਰ ਜਦੋਂ ਅਯਾਤ ਜ਼ਿਆਦਾ ਵਧ ਗਿਆ ਤਾਂ ਉਸ ਨੇ ਉਦਯੋਗਿਕ ਉਤਪਾਦਨ 'ਤੇ ਬਹੁਤ ਬੁਰਾ ਪ੍ਰਭਾਵ ਪਾਇਆ ਅਤੇ ਜਿਹੜੀਆਂ ਵਸਤੂਆਂ ਭਾਰਤੀ ਉਦਯੋਗਾਂ ਵਲੋਂ ਬਣਾ ਕੇ ਵੇਚੀਆਂ ਜਾਂਦੀਆਂ ਸਨ, ਉਨ੍ਹਾਂ ਦੀ ਜਗ੍ਹਾ ਵਿਦੇਸ਼ਾਂ ਤੋਂ ਵਸਤੂਆਂ ਆ ਕੇ ਵਿਕਣ ਲੱਗ ਪਈਆਂ ਤਾਂ ਭਾਰਤੀ ਵਸਤੂਆਂ ਨਾ ਵਿਕੀਆਂ, ਕਿਰਤੀਆਂ ਦੀ ਲੋੜ ਨਾ ਰਹੀ ਅਤੇ ਉਨ੍ਹਾਂ ਉਦਯੋਗਾਂ 'ਚ ਲੱਗੇ ਕਿਰਤੀ ਬੇਰੁਜ਼ਗਾਰ ਹੋ ਗਏ।

ਇਸ ਤੋਂ ਪਹਿਲਾਂ ਭਾਵੇਂ ਭਾਰਤ ਨੇ ਕਈ ਦੇਸ਼ਾਂ ਨਾਲ ਵਪਾਰਕ ਸਮਝੌਤੇ ਕੀਤੇ ਹੋਏ ਸਨ, ਪਰ ਭਾਰਤ ਮੁੱਖ ਤੌਰ 'ਤੇ ਵਪਾਰ ਲਈ ਸੁਰੱਖਿਅਤ ਵਪਾਰ ਦੀ ਨੀਤੀ ਅਪਣਾ ਰਿਹਾ ਸੀ, ਜਿਸ 'ਚ ਉਹ ਜਿਨ੍ਹਾਂ ਵਸਤੂਆਂ ਦੀ ਸੁਰੱਖਿਆ ਕਰਨਾ ਚਾਹੁੰਦਾ ਸੀ ਉਨ੍ਹਾਂ ਦੀ ਅਯਾਤ ਦੀ ਜਾਂ ਮਨਾਹੀ ਕਰ ਦਿੰਦਾ ਸੀ ਜਾਂ ਉੱਚੀਆਂ ਅਯਾਤ ਦਰਾਂ ਨਿਸਚਿਤ ਕਰ ਦਿੰਦਾ ਸੀ, ਪਰ ਵਿਸ਼ਵ ਵਪਾਰ ਸੰਸਥਾ ਦੀਆਂ ਸ਼ਰਤਾਂ 'ਚ ਅਯਾਤ ਦਰਾਂ ਤਾਂ ਕੁਝ ਹੱਦ ਦੇ ਅੰਦਰ ਵਧਾਈਆਂ ਜਾ ਸਕਦੀਆਂ ਹਨ ਪਰ ਵਸਤੂਆਂ ਦੀ ਅਯਾਤ 'ਤੇ ਪਾਬੰਦੀ ਨਹੀਂ ਸੀ ਲਾਈ ਜਾ ਸਕਦੀ ਅਤੇ ਮੈਂਬਰ ਦੇਸ਼ ਆਸਾਨੀ ਨਾਲ ਆਪਣੀ ਵਸਤੂ ਮੈਂਬਰ ਦੇਸ਼ਾਂ 'ਚ ਵੇਚ ਸਕਦੇ ਸਨ, ਜਿਸ ਨਾਲ ਭਾਰਤ ਵਰਗੇ ਉਦਯੋਗਿਕ ਤੌਰ 'ਤੇ ਕਮਜ਼ੋਰ ਦੇਸ਼ ਵਿਕਸਿਤ ਦੇਸ਼ਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦੇ। ਭਾਰਤ ਦੇ ਖੇਤੀ ਨਿਰਯਾਤ 'ਤੇ ਤਾਂ ਇਸ ਦਾ ਘੱਟ ਅਸਰ ਹੋਇਆ, ਜਿਸ ਦੀ ਵਜ੍ਹਾ ਇਹ ਸੀ ਕਿ ਵਿਦੇਸ਼ਾਂ 'ਚ ਖੇਤੀ ਵਸਤੂਆਂ ਦੀਆਂ ਕੀਮਤਾਂ ਭਾਰਤ 'ਚ ਖੇਤੀ ਵਸਤੂਆਂ ਦੀਆਂ ਕੀਮਤਾਂ ਤੋਂ ਜ਼ਿਆਦਾ ਸਨ। ਇਹ ਗੱਲ 2007 'ਚ ਸਾਬਿਤ ਹੋਈ, ਜਦੋਂ ਭਾਰਤ ਨੂੰ ਕਣਕ ਦੀ ਕਮੀ ਦਾ ਸਾਹਮਣਾ ਕਰਨਾ ਪਿਆ ਅਤੇ ਕਣਕ ਅਯਾਤ



ਕਰਨੀ ਪਈ। ਉਸ ਵਕਤ ਭਾਰਤ 'ਚ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਸਿਰਫ 750 ਰੁਪਏ ਪ੍ਰਤੀ ਕੁਇੰਟਲ ਸੀ, ਪਰ ਵਿਦੇਸ਼ਾਂ 'ਚ ਕਿਤੇ ਵੀ ਕਣਕ 1050 ਰੁਪਏ ਪ੍ਰਤੀ ਕੁਇੰਟਲ ਤੋਂ ਘੱਟ ਨਹੀਂ ਸੀ ਮਿਲਦੀ। ਇਸ ਤਰ੍ਹਾਂ ਹੀ ਕੁਝ ਹੋਰ ਖੇਤੀ ਵਸਤੂਆਂ ਦੀਆਂ ਕੀਮਤਾਂ ਸਨ। ਇਹੋ ਕਾਰਨ ਸੀ ਕਿ 2008 'ਚ ਇਕ ਸਾਲ ਬਾਅਦ ਹੀ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ 1000 ਰੁਪਏ ਪ੍ਰਤੀ ਕੁਇੰਟਲ ਜਾਂ ਇਕ ਸਾਲ @ਚ 250 ਰੁਪਏ ਵਧਾਉਣੀ ਪਈ, ਪਰ ਇਸ ਦੇ ਨਾਲ ਉਹ ਖੇਤੀ ਵਸਤੂਆਂ, ਜਿਨ੍ਹਾਂ ਤੋਂ ਬਗ਼ੈਰ ਗੁਜ਼ਾਰਾ ਨਹੀਂ ਸੀ ਅਤੇ ਅਯਾਤ ਕਰਨੀਆਂ ਪੈਂਦੀਆਂ ਸਨ, ਉਹ ਵੀ ਮਜਬੂਰੀਵੱਸ ਮਹਿੰਗੀਆਂ ਖਰੀਦਣੀਆਂ ਪੈਂਦੀਆਂ ਹਨ। ਅੱਜਕੱਲ੍ਹ ਦਾਲਾਂ, ਮਸਰ, ਮੂੰਗੀ ਅਤੇ ਖਾਣ ਵਾਲੇ ਤੇਲ ਬੀਜ ਜਿਵੇਂ ਸੂਰਜਮੁਖੀ, ਤਿਲ ਦੋਵੇਂ ਤਰ੍ਹਾਂ ਦੀਆਂ ਵਸਤੂਆਂ ਹਰ ਸਾਲ 3 ਲੱਖ ਕਰੋੜ ਰੁਪਏ ਦੀਆਂ ਖਰੀਦਣੀਆਂ ਪੈਂਦੀਆਂ ਹਨ ਅਤੇ ਜਿਉਂ-ਜਿਉਂ ਇਹ ਖੇਤੀ ਵਸਤੂਆਂ ਵਿਦੇਸ਼ਾਂ 'ਚ ਮਹਿੰਗੀਆਂ ਹੋ ਰਹੀਆਂ ਹਨ, ਉਨ੍ਹਾਂ ਦਾ ਅਯਾਤ ਮੁੱਲ ਹਰ ਸਾਲ ਵੱਧ ਰਿਹਾ ਹੈ। ਸਿੱਟਾ ਇਹ ਹੈ ਕਿ ਉਦਯੋਗਿਕ ਵਸਤੂਆਂ 'ਚ ਭਾਰਤ ਵਿਕਸਿਤ ਦੇਸ਼ਾਂ ਦਾ ਮੁਕਾਬਲਾ ਨਹੀਂ ਕਰ ਸਕਦਾ, ਪਰ ਖੇਤੀ ਵਸਤੂਆਂ, ਕਿਉਂਕਿ ਜ਼ਿੰਦਾ ਰਹਿਣ ਦੀਆਂ ਵਸਤੂਆਂ ਹਨ, ਉਹ ਮਜਬੂਰੀਵੱਸ ਖਰੀਦਣੀਆਂ ਪੈਂਦੀਆਂ ਹਨ, ਉਹ ਮਹਿੰਗੀਆਂ ਅਯਾਤ ਕਰਨੀਆਂ ਪੈਂਦੀਆਂ ਹਨ, ਜਿਸ ਨਾਲ ਵਪਾਰ ਦਾ ਸੰਤੁਲਨ ਲਗਾਤਾਰ ਭਾਰਤ ਦੇ ਖ਼ਿਲਾਫ਼ ਹੁੰਦਾ ਜਾ ਰਿਹਾ ਹੈ ਅਤੇ ਉਹ ਹਰ ਸਾਲ ਵੱਧ ਰਿਹਾ ਹੈ, ਜੋ ਕਿ ਦੇਸ਼ ਦੇ ਵਿਕਾਸ 'ਚ ਵੱਡਾ ਰੋੜਾ ਹੈ ਅਤੇ ਇਹ ਵਿਸ਼ਵ ਵਪਾਰ ਸੰਸਥਾ ਦੇ ਮੈਂਬਰਾਂ ਨੂੰ ਵਪਾਰ ਦੀਆਂ ਮਿਲੀਆਂ ਖੁੱਲ੍ਹਾਂ ਦਾ ਸਿੱਟਾ ਹੈ। ਅਸਲ 'ਚ ਖੇਤੀ ਵਸਤੂਆਂ ਉਸ ਵਰਗ 'ਚ ਆਉਂਦੀਆਂ ਹਨ, ਜਿਨ੍ਹਾਂ ਨੂੰ ਟਾਲਿਆ ਨਹੀਂ ਜਾ ਸਕਦਾ। ਅਸਲ 'ਚ ਨਿਰਯਾਤ ਕਰਨ ਯੋਗ ਵਸਤੂਆਂ ਦੀ ਭਾਰਤ 'ਚ ਪਹਿਲਾਂ ਹੀ ਘਾਟ ਹੈ। ਭਾਰਤ ਜਿਹੜੀਆਂ ਵੀ ਖੇਤੀ ਵਸਤੂਆਂ ਦੀ ਨਿਰਯਾਤ ਕਰ ਸਕਦਾ ਹੈ, ਉਨ੍ਹਾਂ ਨੂੰ ਅੰਤਰਰਾਸ਼ਟਰੀ ਬਾਜ਼ਾਰ ਵਿਚ ਵੇਚਣ ਦੀ ਤਾਂ ਖੁੱਲ੍ਹ ਹੈ ਪਰ ਦੇਸ਼ ਅੰਦਰ ਉਨ੍ਹਾਂ ਦਾ ਉਤਪਾਦਨ ਘੱਟ ਹੈ। ਇਸ ਦੀ ਮਿਸਾਲ ਇਹ ਹੈ ਕਿ ਭਾਰਤ ਬਾਸਮਤੀ ਨਿਰਯਾਤ ਕਰਨ ਵਾਲਾ ਦੇਸ਼ ਹੈ। ਅਸਲ 'ਚ ਬਾਸਮਤੀ ਭਾਰਤ ਅਤੇ ਪਾਕਿਸਤਾਨ ਦੋ ਦੇਸ਼ ਹੀ ਨਿਰਯਾਤ ਕਰਦੇ ਹਨ। ਭਾਰਤ ਕੋਲੋਂ ਬਾਸਮਤੀ ਦੀ ਨਿਰਯਾਤ ਦੇ ਟੀਚੇ ਵੀ ਪੂਰੇ ਨਹੀਂ ਹੁੰਦੇ। 2007 'ਚ ਹੀ ਜਦੋਂ ਭਾਰਤ ਨੂੰ ਕਣਕ ਅਯਾਤ ਕਰਨੀ ਪਈ ਸੀ, ਉਸ ਸਾਲ ਬਾਸਮਤੀ ਦੀ ਬਾਹਰਲੇ ਮੁਲਕਾਂ 'ਚ ਇੰਨੀ ਮੰਗ ਸੀ, ਕਿ ਭਾਰਤ ਦੇ ਨਿਰਯਾਤਕਾਰਾਂ ਕੋਲੋਂ ਉਹ ਪੂਰੀ ਨਹੀਂ ਸੀ ਹੋਈ।

ਵਿਦੇਸ਼ਾਂ ਦੇ ਅਯਾਤਕਾਰਾਂ ਨੇ ਕੁਝ ਉਨ੍ਹਾਂ ਚੌਲਾਂ ਦੀ ਮੰਗ ਕੀਤੀ, ਜਿਹੜੇ ਬਾਸਮਤੀ ਤਾਂ ਨਹੀਂ ਸਨ ਪਰ ਬਾਸਮਤੀ ਵਰਗੇ ਲੱਗਦੇ ਸਨ ਜਿਵੇਂ ਸ਼ਰਬਤੀ, ਪਰਮਲ ਅਤੇ ਪੂਸਾ ਆਦਿ। ਪਰ ਭਾਰਤ ਸਰਕਾਰ ਨੇ ਅਜਿਹੇ ਚੌਲਾਂ ਦੀ ਨਿਰਯਾਤ ਦੇਸ਼ ਅੰਦਰਲੀਆਂ ਖੁਰਾਕ ਲੋੜਾਂ ਕਰਕੇ ਮਨ੍ਹਾਂ ਕੀਤੀ ਹੋਈ ਸੀ। ਭਾਰਤ ਦੇ ਚੌਲਾਂ ਦੇ ਨਿਰਯਾਤਕਾਰਾਂ ਦੀ ਐਸੋਸੀਏਸ਼ਨ ਨੇ ਭਾਰਤ ਦੀ ਵਪਾਰ ਵਜ਼ਾਰਤ ਕੋਲ ਇਹ ਮੰਗ ਕੀਤੀ ਕਿ ਇਨ੍ਹਾਂ ਚੌਲਾਂ ਦੀ ਨਿਰਯਾਤ ਦੀ ਇਜਾਜ਼ਤ ਦਿੱਤੀ ਜਾਵੇ, ਕਿਉਂ ਜੋ ਹੁਣ ਖ਼ੁਰਾਕ ਕੋਈ ਸਮੱਸਿਆ ਨਹੀਂ, ਸਗੋਂ ਚੌਲਾਂ ਨੂੰ ਗੁਦਾਮਾਂ 'ਚ ਸੰਭਾਲਣ ਦੀ ਸਮੱਸਿਆ ਹੈ, ਪਰ ਵਿਦੇਸ਼ਾਂ 'ਚ ਮੰਗ ਹੈ। ਇਸ ਲਈ ਭਾਰਤ ਸਰਕਾਰ ਨੇ ਉਨ੍ਹਾਂ ਚੌਲਾਂ ਦੀ ਨਿਰਯਾਤ ਦੀ ਇਜਾਜ਼ਤ ਦੇ ਦਿੱਤੀ ਅਤੇ ਉਸ ਸਾਲ ਤੋਂ ਲਗਾਤਾਰ ਚੌਲਾਂ ਦੀ ਨਿਰਯਾਤ ਦੀ ਇਜਾਜ਼ਤ ਹੈ। ਬਹੁਤ ਸਾਰੀਆਂ ਉਹ ਜੜ੍ਹੀ ਬੂਟੀਆਂ ਹਨ, ਜਿਹੜੀਆਂ ਦਵਾਈਆਂ 'ਚ ਪੈਂਦੀਆਂ ਹਨ ਪਰ ਇਕ ਤਾਂ ਉਨ੍ਹਾਂ ਦੀ ਕਾਸ਼ਤ ਸੰਬੰਧੀ ਕਿਸਾਨਾਂ ਕੋਲ ਘਾਟ ਹੈ ਅਤੇ ਦੂਸਰਾ ਖ਼ੁਰਾਕ ਸਮੱਸਿਆ ਦੇ ਟੀਚੇ ਪੂਰੇ ਕਰਨ ਲਈ ਖ਼ੁਰਾਕ ਵਸਤੂਆਂ ਦੀ ਜਗ੍ਹਾ ਉਨ੍ਹਾਂ ਵਸਤੂਆਂ ਦੀ ਕਾਸ਼ਤ ਨਹੀਂ ਕੀਤੀ ਜਾਂਦੀ।

ਭਾਰਤ ਦਾ ਵਪਾਰਕ ਸੰਤੁਲਨ ਹਰ ਸਾਲ ਭਾਰਤ ਦੇ ਖ਼ਿਲਾਫ਼ ਰਿਹਾ ਹੈ ਅਤੇ ਇਹ ਹਰ ਸਾਲ ਵੱਧ ਰਿਹਾ ਹੈ। ਵਪਾਰ ਦਾ ਘਾਟਾ ਵਧਣ 'ਚ ਕਾਰਨ ਭਾਰਤ ਦਾ ਵਿਸ਼ਵ ਵਪਾਰ ਸੰਸਥਾ ਦਾ ਮੈਂਬਰ ਹੋਣ ਕਰਕੇ ਇਸ ਦੇ ਮੈਂਬਰ ਦੇਸ਼ਾਂ ਨੂੰ ਭਾਰਤ ਵਿੱਚ ਆਪਣੀਆਂ ਵਸਤਾਂ ਵੇਚਣ ਸੰਬੰਧੀ ਮਿਲੀਆਂ ਖੁੱਲ੍ਹਾਂ ਹਨ। 2009-10 'ਚ ਭਾਰਤ ਦੀ ਨਿਰਯਾਤ 178.8 ਅਰਬ ਡਾਲਰ ਦੀ ਸੀ, ਪਰ ਫਿਰ ਵੀ 109.6 ਅਰਬ ਡਾਲਰ ਦਾ ਘਾਟਾ ਸੀ, ਭਾਵੇਂ ਕਿ 2010-11 'ਚ ਨਿਰਯਾਤ ਵਧ ਕੇ 251.1 ਅਰਬ ਡਾਲਰ ਹੋ ਗਈ, ਪਰ ਅਯਾਤ ਵਧ ਕੇ 369.8 ਅਰਬ ਡਾਲਰ ਹੋ ਗਈ, ਜਿਸ ਨਾਲ ਵਪਾਰ ਦਾ ਘਾਟਾ 198.9 ਅਰਬ ਡਾਲਰ ਹੋ ਗਿਆ, ਭਾਵੇਂ ਭਾਰਤ ਸਾਰਕ ਅਤੇ ਏਸ਼ੀਅਨ ਸੰਸਥਾਵਾਂ ਦਾ ਮੈਂਬਰ ਵੀ ਹੈ। ਕੁਝ ਦੇਸ਼ਾਂ ਨਾਲ ਦੋਪਾਸੜ ਵਪਾਰਕ ਸਮਝੌਤੇ ਵੀ ਕੀਤੇ ਹੋਏ ਹਨ, ਪਰ ਉਹ ਉਨ੍ਹਾਂ ਦੇਸ਼ਾਂ ਦਾ ਵਪਾਰ ਵਿੱਚ ਮੁਕਾਬਲਾ ਅਸਾਨੀ ਨਾਲ ਕਰ ਸਕਦਾ ਹੈ, ਪਰ ਵਿਸ਼ਵ ਵਪਾਰ ਸੰਸਥਾ 'ਚ ਵਿਕਸਿਤ ਦੇਸ਼ਾਂ ਅਤੇ ਯੂਰਪੀਅਨ ਯੂਨੀਅਨ ਦੇ ਦੇਸ਼ ਜਿਹੜੇ ਉਦਯੋਗਿਕ ਤੌਰ 'ਤੇ ਬਹੁਤ ਵਿਕਸਿਤ ਹਨ, ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦਾ। ਉਦਯੋਗਾਂ 'ਚ ਮੁਕਾਬਲਾ ਨਾ ਕਰਨਯੋਗਤਾ ਅਤੇ ਖੇਤੀ 'ਚ ਨਿਰਯਾਤ ਵਾਸਤੇ ਵਸਤੂਆਂ ਦੀ ਘਾਟ, ਭਾਰਤ ਦੇ ਵਪਾਰਕ ਘਾਟੇ ਵੱਡੇ ਕਾਰਨ ਹਨ, ਜੋ ਭਾਰਤ ਦੇ ਵਿਕਾਸ ਵਿੱਚ ਵੀ ਰੁਕਾਵਟ ਹਨ। ਪਿਛਲੇ ਸਾਲਾਂ ਤੋਂ ਭਾਰਤ ਆਤਮ ਨੂੰ ਨਿਰਭਰ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਆਤਮ ਨਿਰਭਰ ਹੋਣ ਨਾਲ ਭਾਰਤ ਵਿਚ ਰੁਜ਼ਗਾਰ ਵਧੇਗਾ, ਜਿਸ ਨਾਲ ਦੇਸ਼ ਖੁਸ਼ਹਾਲ ਬਣੇਗਾ ਪਰ ਆਤਮ ਨਿਰਭਰ ਬਣਨ ਲਈ ਵਪਾਰ ਸੰਤੁਲਨ ਨੂੰ ਸੁਧਾਰਨਾਂ ਸਭ ਤੋਂ ਪਹਿਲੀ ਤਰਜੀਹ ਹੈ, ਜਿਸ ਲਈ ਢੁਕਵੀਂ ਨੀਤੀ ਖੇਤੀ ਅਤੇ ਉਦਯੋਗ ਉਤਪਾਦਨ ਦੋਵਾਂ ਲਈ ਹੀ ਬਣਨੀ ਜ਼ਰੂਰੀ ਹੈ।

# ਰੋਜ਼ੀ ਰੋਟੀ ਦੀ ਤਲਾਸ਼ ਵਿੱਚ ਭਟਕਦੀ ਜਵਾਨੀ

ਗੁਰਪ੍ਰੀਤ

ਪੰਜਾਬੀ ਮੁੰਡੇ ਕੁੜੀਆਂ ਜਿਹੜੇ ਵਿਦੇਸ਼ਾਂ ਵਿੱਚ ਪੜ੍ਹਾਈ ਦੇ ਆਧਾਰ 'ਤੇ ਗਏ ਹਨ, ਉੱਥੇ ਕੰਮ-ਕਾਜ ਦੀ ਘਾਟ ਕਾਰਨ ਉਨ੍ਹਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਂਝ, ਇਕ ਸਵਾਲ ਇਹ ਵੀ ਹੈ ਕਿ ਜਿਹੜੇ ਬੱਚੇ ਪੰਜਾਬ ਅੰਦਰ ਕੱਖ ਭੰਨ ਕੇ ਦੂਹਰਾ ਨਹੀਂ ਕਰਦੇ, ਉਹ ਵਿਦੇਸ਼ਾਂ ਵਿੱਚ ਕੰਮ ਕਿਵੇਂ ਕਰ ਲੈਣਗੇ? ਇਸ ਦੇ ਵੀ ਦੋ ਪੱਖ ਨੇ ਕਿ ਮਾਪੇ ਪਹਿਲਾਂ ਤਾਂ ਆਪਣੇ ਬੱਚਿਆਂ ਨੂੰ ਇੱਥੋਂ ਸਿਖਾ ਕੇ ਨਹੀਂ ਭੇਜਦੇ ਅਤੇ ਉੱਥੇ ਜਾ ਕੇ ਜਦੋਂ ਉਨ੍ਹਾਂ ਬੱਚਿਆਂ ਨੂੰ ਕੰਮ ਕਰਨਾ ਪੈਂਦਾ ਹੈ ਤਾਂ ਉਹ ਚੰਗੇ ਦੀ ਬਜਾਇ ਬੁਰੇ ਸੁਫ਼ਨੇ ਦੇਖਣੇ ਸ਼ੁਰੂ ਕਰ ਦਿੰਦੇ ਹਨ। ਜ਼ਿਆਦਾਤਰ ਨੌਜਵਾਨ ਤਾਂ ਸਖ਼ਤ ਮਿਹਨਤ ਕਰ ਕੇ ਅੱਗੇ ਵਧ ਜਾਂਦੇ ਨੇ ਪਰ ਕੁਝ ਕੁ ਨੌਜਵਾਨ ਮਾੜੇ ਕੰਮਾਂ ਵਿੱਚ ਵੀ ਲੱਗ ਜਾਂਦੇ ਹਨ। ਮਾਪਿਆਂ ਦਾ ਬੱਚਿਆਂ ਤੋਂ ਦੂਰ ਹੋਣਾ ਕਈ ਵਾਰ ਬੱਚਿਆਂ ਨੂੰ ਜੀਵਨ ਲੀਲ੍ਹਾ ਸਮਾਪਤ ਕਰਨ ਲਈ ਵੀ ਮਜਬੂਰ ਕਰ ਦਿੰਦਾ ਹੈ।

ਪਿਛਲੇ ਕੁਝ ਮਹੀਨਿਆਂ ਤੋਂ ਰੂਸ ਤੋਂ ਮਾੜੀਆਂ ਖ਼ਬਰਾਂ ਆ ਰਹੀਆਂ ਹਨ ਜਿੱਥੇ ਭਾਰਤੀ, ਖ਼ਾਸਕਰ ਪੰਜਾਬੀ ਨੌਜਵਾਨ ਫ਼ਸੇ ਹੋਏ ਹਨ। ਉਨ੍ਹਾਂ ਨੌਜਵਾਨਾਂ ਦਾ ਕਸੂਰ ਸਿਰਫ਼ ਇੰਨਾ ਹੈ ਕਿ ਉਹ ਇੱਥੇ ਸਰਕਾਰਾਂ ਦੀਆਂ ਕਥਿਤ ਮਾੜੀਆਂ ਨੀਤੀਆਂ ਤੋਂ ਤੰਗ ਆ ਕੇ ਵਿਦੇਸ਼ਾਂ ਵਿੱਚ ਰੋਜ਼ੀ ਰੋਟੀ ਕਮਾਉਣ ਗਏ ਸਨ ਪਰ ਉੱਥੇ ਜਾ ਕੇ ਉਨ੍ਹਾਂ ਨੂੰ ਫ਼ੌਜ ਵਿੱਚ ਭਰਤੀ ਕਰ ਲਿਆ ਗਿਆ। ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਚੱਲ ਰਹੀ ਹੈ। ਇਸ ਜੰਗ ਕਾਰਨ ਬਹੁਤ ਸਾਰੇ ਭਾਰਤੀ ਅਜੇ ਵੀ ਰੂਸ ਵਿੱਚ ਫ਼ਸੇ ਹੋਏ ਹਨ। ਰੂਸ ਵਿੱਚ ਮਨੁੱਖੀ ਤਸਕਰੀ ਦੇ ਸ਼ਿਕਾਰ ਲੋਕਾਂ ਨੇ ਹੈਰਾਨ ਕਰਨ ਵਾਲੇ ਖੁਲਾਸੇ ਕੀਤੇ ਹਨ।



ਕੇਂਦਰ ਅਤੇ ਸੂਬਾਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਨਵੀਂ ਪੀੜ੍ਹੀ ਲਈ ਰੋਜ਼ੀ ਰੋਟੀ ਦਾ ਪ੍ਰਬੰਧ ਕਰਨ। ਨੌਜਵਾਨਾਂ ਨੂੰ ਉਨ੍ਹਾਂ ਆਪਣੇ ਦੇਸ਼ ਵਿੱਚ ਹੀ ਰੁਜ਼ਗਾਰ ਮਿਲਣਾ ਚਾਹੀਦਾ ਹੈ ਤਾਂ ਜੋ ਨੌਜਵਾਨ ਵਿਦੇਸ਼ ਨਾ ਜਾਣ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਇੱਥੇ ਰਹਿ ਕੇ ਹੀ ਕਰਨ।

ਇਸ ਸਮੇਂ ਭਾਰਤ ਵਿੱਚ ਰੁਜ਼ਗਾਰ ਨਾ ਮਿਲਣ ਕਾਰਨ ਨੌਜਵਾਨ ਬਹੁਤ ਪਰੇਸ਼ਾਨ ਹਨ। ਜਿਹੜੇ ਪੜ੍ਹੇ ਲਿਖੇ ਨੌਜਵਾਨ ਹਨ, ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲ ਰਹੀਆਂ ਅਤੇ ਜਿਹੜੇ ਨੌਕਰੀਪੇਸ਼ਾ ਹਨ, ਉਹ ਕੰਮ ਦੇ ਘੰਟਿਆਂ ਤੋਂ ਪਰੇਸ਼ਾਨ ਹਨ। ਸਵੇਰੇ ਤੋਂ ਸ਼ਾਮ ਅਤੇ ਸ਼ਾਮ ਤੋਂ ਸਵੇਰ ਕਦੋਂ ਹੋ ਜਾਂਦੀ ਹੈ, ਉਨ੍ਹਾਂ ਨੂੰ ਕੋਈ ਪਤਾ ਨਹੀਂ ਲੱਗਦਾ। ਛੁੱਟੀ ਵਾਲਾ ਦਿਨ ਵੀ ਉਨ੍ਹਾਂ ਦਾ ਇੰਝ ਗੁਜ਼ਰਦਾ ਹੈ ਜਿਵੇਂ ਉਹ ਉਸ ਦਿਨ ਵੀ ਮਜ਼ਦੂਰੀ ਕਰ ਕੇ ਆਏ ਹੋਣ।

ਭਾਰਤ ਦੀਆਂ ਬਹੁਗਿਣਤੀ ਕਾਰਪੋਰੇਟ ਕੰਪਨੀਆਂ ਨੌਜਵਾਨਾਂ ਦਾ ਚਿੱਟੇ ਦਿਨ ਸ਼ੋਸ਼ਣ ਕਰ ਰਹੀਆਂ ਹਨ। ਨੌਜਵਾਨ ਜਦੋਂ ਵਿਰੋਧ ਕਰਦੇ ਹਨ ਤਾਂ ਉਨ੍ਹਾਂ ਨੂੰ ਨੌਕਰੀ ਤੋਂ ਕੱਢਣ ਦੀ ਧਮਕੀ ਦਿੱਤੀ ਜਾਂਦੀ ਹੈ। ਇਸ ਵੇਲੇ ਭਾਰਤ ਅੰਦਰ ਨੌਜਵਾਨਾਂ ਕੋਲੋਂ 8 ਘੰਟੇ ਦੀ ਬਜਾਇ 10 ਤੋਂ 12 ਘੰਟੇ ਕੰਮ ਲਿਆ ਜਾ ਰਿਹਾ ਹੈ। ਬਹੁਤ ਸਾਰੀਆਂ ਕਾਰਪੋਰੇਟ ਕੰਪਨੀਆਂ ਨੌਜਵਾਨਾਂ ਦਾ ਸ਼ੋਸ਼ਣ ਤਾਂ ਕਰ ਹੀ ਰਹੀਆਂ ਹਨ, ਉਨ੍ਹਾਂ ਦਾ ਮਾਨਸਿਕ ਸ਼ੋਸ਼ਣ ਵੀ ਕੀਤਾ ਜਾ ਰਿਹਾ ਹੈ।

ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਕੰਮ ਦੇ ਘੰਟਿਆਂ ਵਿੱਚ ਵਾਧਾ ਕਰਨ ਦੀਆਂ ਕੋਸ਼ਿਸ਼ਾਂ ਕੋਈ ਨਵੀਆਂ ਨਹੀਂ। ਕਾਨੂੰਨ ਭਾਵੇਂ 8 ਘੰਟੇ ਕੰਮ ਦਿਹਾੜੀ ਦਾ ਹੀ ਹੈ ਪਰ ਜ਼ਮੀਨੀ ਪੱਧਰ ਉੱਤੇ ਜ਼ਿਆਦਾਤਰ ਕੰਮ ਥਾਵਾਂ 'ਤੇ 12 ਘੰਟੇ ਕੰਮ ਦਿਨ ਤਾਂ ਦਹਾਕਿਆਂ ਤੋਂ ਲਾਗੂ ਹੈ; 12 ਘੰਟੇ ਹੀ ਨਹੀਂ, 14-14 ਘੰਟੇ ਕੰਮ ਵੀ ਕਰਵਾਇਆ ਜਾਂਦਾ ਹੈ। ਹੁਣ ਤਾਂ ਬਸ ਕਾਨੂੰਨ ਬਦਲਣ ਦੀ ਤਿਆਰੀ ਚੱਲ ਰਹੀ ਹੈ ਤਾਂ ਕਿ ਰਹਿੰਦੀ-ਖੂੰਹਦੀ ਕਸਰ ਵੀ ਕੱਢ ਦਿੱਤੀ ਜਾਵੇ।




# ਵੇ ਮੈਂ ਬੋਲੀ ਹਾਂ ਉਹਨਾਂ ਪੰਜਾਬੀਆਂ ਦੀ...

## ਮਾਂ ਬੋਲੀ ਦੇ ਵਿਕਾਸ ਲਈ ਅੱਗੇ ਆਉਣ ਪੰਜਾਬੀ







ਪੰਜਾਬ ਦੇ ਪੁਨਰਗਠਨ ਹੋਣ ਤੋਂ ਬਾਅਦ ਅਤੇ ਪੰਜਾਬੀ ਬੋਲੀ ਦੇ ਆਧਾਰ 'ਤੇ ਹੀ ਪੰਜਾਬੀ ਸੂਬਾ ਬਣਨ ਤੋਂ ਬਾਅਦ ਵੀ ਪੰਜਾਬੀ ਬੋਲੀ ਨੂੰ ਪੰਜਾਬ ਵਿੱਚ ਹੀ ਸਰਕਾਰੇ ਦਰਬਾਰੇ ਬਣਦਾ ਉਹ ਮਾਣ ਸਤਿਕਾਰ ਅਜੇ ਤੱਕ ਵੀ ਨਹੀਂ ਮਿਲ ਸਕਿਆ, ਜਿਸ ਦੀ ਕਿ ਪੰਜਾਬੀ ਬੋਲੀ ਹੱਕਦਾਰ ਸੀ ਅਤੇ ਹੱਕਦਾਰ ਹੈ। ਹਾਂ, ਏਨਾ ਜ਼ਰੂਰ ਹੋਇਆ ਕਿ ਪੰਜਾਬ ਵਿੱਚ ਜਦੋਂ ਸ੍. ਲਛਮਣ ਸਿੰਘ ਗਿੱਲ ਪੰਜਾਬ ਦੇ ਮੁੱਖ ਮੰਤਰੀ ਬਣੇ ਤਾਂ ਉਹਨਾਂ ਨੇ ਪੰਜਾਬੀ ਮਾਂ ਬੋਲੀ ਨੂੰ ਪੰਜਾਬ ਦੀ ਸਰਕਾਰੀ ਭਾਸ਼ਾ ਹੋਣ ਦਾ ਦਰਜਾ ਦੇ ਕੇ ਇਸ ਬੋਲੀ ਨੂੰ ਪੰਜਾਬ ਦੀ ਪਟਰਾਣੀ ਬਣਾ ਦਿੱਤਾ। ਉਸ ਸਮੇਂ ਸ੍. ਗਿੱਲ ਦੇ ਹੁਕਮਾਂ ਨਾਲ ਪੰਜਾਬ ਦੇ ਸਾਰੇ ਵਿਭਾਗਾਂ ਵਿੱਚ ਹੀ ਕੰਮ ਕਾਜ ਪੰਜਾਬੀ ਵਿੱਚ ਹੋਣਾ ਸ਼ੁਰੂ ਹੋ ਗਿਆ ਸੀ। ਇਸ ਤੋਂ ਬਾਅਦ ਆਈਆਂ ਸਰਕਾਰਾਂ ਅਜੇ ਤੱਕ ਪੰਜਾਬੀ ਸਬੰਧੀ ਅਵੇਸਲੀਆਂ ਹੀ ਰਹੀਆਂ। ਪੰਜਾਬੀ ਬੋਲੀ ਦੇ ਆਧਾਰ 'ਤੇ ਬਣੇ ਸੂਬੇ ਪੰਜਾਬ ਵਿੱਚ ਹੀ ਇਸ ਸਮੇਂ ਮਾਂ ਬੋਲੀ ਪੰਜਾਬੀ ਸਰਕਾਰੇ ਦਰਬਾਰੇ ਤੋਂ ਲੈ ਕੇ ਆਮ ਲੋਕਾਂ ਵਿੱਚ ਵੀ ਇੱਕ ਤਰ੍ਹਾਂ ਖੁੱਡੇ ਲਾਈਨ ਜਿਹੀ ਹੀ ਲੱਗੀ ਹੋਈ ਹੈ। ਪੰਜਾਬ ਦੇ ਸਾਰੇ ਵਿਭਾਗਾਂ ਵਿੱਚ ਹੀ ਸਰਕਾਰੀ ਕੰਮਕਾਜ ਪੰਜਾਬੀ ਦੀ ਥਾਂ ਅੰਗਰੇਜ਼ੀ ਵਿੱਚ ਹੀ ਵਧੇਰੇ ਕੀਤਾ ਜਾਂਦਾ ਹੈ ਭਾਵੇਂ ਕਿ ਕੁਝ ਕੁ ਕੰਮ ਪੰਜਾਬੀ ਵਿੱਚ ਕਰਨ ਦਾ ਵਿਖਾਵਾ ਜਿਹਾ ਵੀ ਕੀਤਾ ਜਾਂਦਾ ਹੈ। ਇਹ ਵੀ ਇੱਕ ਵਿਡੰਬਣਾ ਹੈ ਕਿ ਪੰਜਾਬ ਵਿੱਚ ਹੀ ਪੰਜਾਬੀ ਬੋਲੀ ਨੂੰ ਉਸ ਦੇ ਆਪਣੇ ਪੁੱਤਰ ਹੀ ਅਣਗੌਲਿਆ ਕਰੀ ਜਾ ਰਹੇ ਹਨ। ਅੱਜ ਵੱਡੀ ਗਿਣਤੀ ਪੰਜਾਬੀਆਂ ਦੇ ਬੱਚੇ ਕਾਨਵੈਂਟ ਸਕੂਲਾਂ ਵਿੱਚ ਪੜ੍ਹਦੇ ਹਨ ਜੋ ਕਿ ਪੰਜਾਬੀ ਨੂੰ ਚੰਗੀ ਤਰ੍ਹਾਂ ਬੋਲ ਤੇ ਸਮਝ ਹੀ ਨਹੀਂ ਸਕਦੇ। ਗੁਰਮੁਖੀ ਲਿਪੀ ਬਾਰੇ ਪੁੱਛਣ 'ਤੇ ਅਜਿਹੇ ਬੱਚੇ ਆਸੇ ਪਾਸੇ ਵੇਖਣ ਲੱਗ ਜਾਂਦੇ ਹਨ।



ਇਹ ਪੰਜਾਬੀ ਬੋਲੀ ਦੀ ਬਦਕਿਸਮਤੀ ਹੀ ਹੈ ਕਿ ਪੰਜਾਬ ਵਿੱਚ ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਤਾਂ ਉਸ ਸਮੇਂ ਵੀ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਨਾ ਹੋ ਕੇ ਫ਼ਾਰਸੀ ਸੀ। ਜਿਸ ਕਰਕੇ ਉਸ ਸਮੇਂ ਵੀ ਪੰਜਾਬੀ ਬੋਲੀ ਨੂੰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਹੁੰਦੇ ਹੋਏ ਵੀ ਬਣਦਾ ਮਾਣ ਸਤਿਕਾਰ ਨਹੀਂ ਸੀ ਮਿਲਿਆ। ਇਸ ਤੋਂ ਇਲਾਵਾ ਪੰਜਾਬ ਉੱਪਰ ਵੱਖ-ਵੱਖ ਸਮੇਂ ਰਹੇ ਮੁਗਲਾਂ ਦੇ ਰਾਜ ਕਾਰਨ ਵੀ ਪੰਜਾਬੀ ਭਾਸ਼ਾ ਵਿੱਚ ਅਰਬੀ ਤੇ ਫ਼ਾਰਸੀ ਭਾਸ਼ਾ ਦੇ ਸ਼ਬਦ ਵੀ ਰਲ ਮਿਲ ਗਏ। ਇਹ ਹੀ ਕਾਰਨ ਹੈ ਕਿ ਅੱਜ ਵੀ ਕਈ ਚੀਜ਼ਾਂ ਦੇ ਨਾਮ ਦੋ ਦੋ ਲਏ ਜਾਂਦੇ ਹਨ ਜਿਵੇਂ ਲਾਲ ਸੂਹਾ, ਲਾਲ ਸੁਰਖ, ਕਾਲਾ ਸੁਰਖ, ਕਾਲਾ ਸ਼ਾਹ, ਪੀਲਾ ਬਸੰਤਰੀ ਆਦਿ।



ਕਈ ਵਿਦਵਾਨ ਪੰਜਾਬੀ ਨੂੰ ਸੰਸਕ੍ਰਿਤ ਭਾਸ਼ਾ ਵਿਚੋਂ ਨਿਕਲੀ ਕਹਿੰਦੇ ਹਨ ਤੇ ਕਈ ਇਸ ਨੂੰ ਹਿੰਦੀ ਤੇ ਹਿੰਦੁਸਤਾਨੀ ਭਾਸ਼ਾ ਦੀ ਭੈਣ ਕਹਿੰਦੇ ਹਨ। ਕਈ ਵਿਦਵਾਨ ਇਹ ਵੀ ਕਹਿੰਦੇ ਹਨ ਕਿ ਪੰਜਾਬੀ ਤਾਂ ਸਿੰਧੂ ਘਾਟੀ ਦੀ ਸਭਿਅਤਾ ਵੇਲੇ ਵੀ ਬੋਲੀ ਜਾਂਦੀ ਸੀ। ਚਾਹੇ ਕੁਝ ਵੀ ਹੋਵੇ ਪੰਜਾਬੀ ਭਾਸ਼ਾ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਬਾਬਾ ਫ਼ਰੀਦ ਜੀ ਨੂੰ ਪੰਜਾਬੀ ਦਾ ਪਹਿਲਾ ਕਵੀ ਮੰਨਿਆ ਜਾਂਦਾ ਹੈ। ਉਹਨਾਂ ਨੇ ਸ਼ੁੱਧ ਪੰਜਾਬੀ ਵਿੱਚ ਜੋ ਸ਼ਲੋਕ ਰਚੇ ਹਨ, ਜੋ ਕਿ ਗੁਰੂ ਗਰੰਥ ਸਾਹਿਬ ਵਿੱਚ ਦਰਜ਼ ਹਨ, ਉਸ ਤੋਂ ਸਾਬਤ ਹੋ ਜਾਂਦਾ ਹੈ ਕਿ ਪੁਰਾਤਨ ਸਮੇਂ ਪੰਜਾਬੀ ਲੋਕਾਂ ਦੀ ਹਰਮਨ ਪਿਆਰੀ ਬੋਲੀ ਸੀ। ਇਸ ਤੋਂ ਇਲਾਵਾ ਪੰਜਾਬੀ ਵਿੱਚ ਪਹਿਲੀ ਸਾਹਿਤਕ ਰਚਨਾ 7ਵੀਂ-8ਵੀਂ ਸਦੀ ਵਿੱਚ ਰਚਿਤ ਹੋਣੀ ਮੰਨੀ ਜਾਂਦੀ ਹੈ,ਪਰ ਮੁੱਢਲੇ ਦੌਰ ਦੀਆਂ ਰਚਨਾਵਾਂ ਲਿਖਤੀ ਰੂਪ ਵਿੱਚ ਨਹੀਂ ਮਿਲਦੀਆਂ । ਇਸ ਕਰਕੇ ਸਦੀਆਂ ਪੁਰਾਣੀ ਇਸ ਗਲ ਬਾਰੇ ਵਿਸਥਾਰ ਵਿੱਚ ਕੁੱਝ ਕਹਿਣਾ ਮੁਸ਼ਕਿਲ ਹੈ।

ਪੰਜਾਬ ਵਿੱਚ ਪੰਜਾਬੀ ਰਾਜ ਦੀ ਮੁੱਖ ਭਾਸ਼ਾ ਹੈ ਪਰ ਕੀ ਕਾਰਨ ਹੈ ਕਿ ਸਰਕਾਰੀ ਦਫ਼ਤਰਾਂ ਵਿੱਚ ਤਾਂ ਇਹ ਖੁੱਡੇ ਲੱਗੀ ਹੀ ਹੋਈ ਹੈ ? ਵਿਦਿਅਕ ਅਦਾਰਿਆਂ ਵਿੱਚ ਵੀ ਇਹ ਬੇਗਾਨਗੀ ਦਾ ਅਹਿਸਾਸ ਕਰਨ ਲੱਗ ਪਈ ਹੈ। ਪੰਜਾਬ ਵਿੱਚ ਹੀ ਕਈ ਵਿਦਿਅਕ ਅਦਾਰੇ ਅਜਿਹੇ ਹਨ ਜਿਥੇ ਕਿ ਗੱਲਬਾਤ ਸਿਰਫ਼ ਇੰਗਲਿਸ਼ ਵਿੱਚ ਕੀਤੀ ਜਾ ਸਕਦੀ ਹੈ, ਪੰਜਾਬੀ ਵਿੱਚ ਨਹੀਂ। ਪੰਜਾਬੀਆਂ ਦੇ ਬੱਚੇ ਇੰਗਲਿਸ਼ ਸਕੂਲਾਂ ਵਿੱਚ ਪੜ੍ਹਦੇ ਹਨ ਤੇ ਏ. ਬੀ. ਸੀ. ਪੜ੍ਹਦੇ ਹਨ। ਉਹਨਾਂ ਨੂੰ ਜੇ ਪੁੱਛਿਆ ਜਾਵੇ ਕਿ ਗੋਂਗਲੂ ਕੀ ਹੁੰਦਾ ਹੈ, ਕੁਰਸੀ ਕੀ ਹੁੰਦੀ ਹੈ, ਮੇਜ਼ ਕੀ ਹੁੰਦਾ ਹੈ ? ਤਾਂ ਉਹ ਡੋਰ ਭੌਰ ਹੋ ਜਾਂਦੇ ਹਨ। ਉਹ ਤਾਂ ਚੇਅਰ ਤੇ ਟੇਬਲ ਨੂੰ ਜਾਣਦੇ ਹਨ।

ਪੰਜਾਬੀ ਭਾਸ਼ਾ ਦੀ ਸਥਿਤੀ ਉਪਰ ਰੋਣਾ ਤਾਂ ਉਦੋਂ ਆਉਂਦਾ ਹੈ ਜਦੋਂ ਵੱਡੇ ਪੰਜਾਬੀ ਲੇਖਕ ਤਾਂ ਪੰਜਾਬੀ ਦੇ ਪੱਖ ਵਿੱਚ ਧਰਨਾ ਦੇ ਰਹੇ ਹੁੰਦੇ ਹਨ ਪਰ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਉਹਨਾਂ ਦੇ ਆਪਣੇ ਹੀ ਬੱਚੇ ਪੰਜਾਬੀ




ਤੋਂ ਕੋਰੇ ਹੁੰਦੇ ਹਨ। ਘਰਾਂ ਵਿੱਚ ਪੰਜਾਬੀ ਦਾ ਹਾਲ ਇਹ ਹੈ ਕਿ ਜੇ ਬੱਚੇ ਨੂੰ ਗੁਲਾਬੀ ਪੱਗ ਜਾਂ ਚੁੰਨੀ ਅਲਮਾਰੀ ਵਿਚੋਂ ਕੱਢਣ ਲਈ ਕਹਿ ਦੇਈਏ ਤਾਂ ਬੱਚੇ ਦਾ ਭੋਲੇ ਭਾਅ ਜੁਆਬ ਹੁੰਦਾ ਹੈ ਕਿ ਗੁਲਾਬੀ ਪੱਗ -ਚੁੰਨੀ ਤਾਂ ਹੈਨੀ ਪਰ ਇਥੇ ਪਿੰਕ ਟਰਬਨ ਜ਼ਰੂਰ ਪਈ ਹੈ। ਕਹਿਣ ਦਾ ਭਾਵ ਇਹ ਹੈ ਕਿ ਬੱਚਿਆਂ ਨੂੰ ਪੰਜਾਬੀ ਦੀ ਥਾਂ ਅੰਗਰੇਜ਼ੀ ਵਿੱਚ ਗੱਲ ਛੇਤੀ ਸਮਝ ਆਉਂਦੀ ਹੈ। ਇਸ ਤਰ੍ਹਾਂ ਪੰਜਾਬੀ ਭਾਸ਼ਾ ਪੰਜਾਬ ਵਿੱਚ ਹੀ ਸ਼ਬਦ- ਸ਼ਬਦ ਮਰ ਰਹੀ ਹੈ ਜਿਸ ਤਰੀਕੇ ਨਾਲ ਪੰਜਾਬੀ ਭਾਸ਼ਾ ਵਿਚੋਂ ਸ਼ੁੱਧ ਪੰਜਾਬੀ ਸ਼ਬਦ ਅਲੋਪ ਹੋ ਰਹੇ ਹਨ,ਉਸ ਤੋਂ ਇਸ ਤਰਾਂ ਲੱਗ ਰਿਹਾ ਹੈ ਕਿ ਪੰਜਾਬੀ ਭਾਸ਼ਾ ਸ਼ਬਦ ਸ਼ਬਦ ਮਰ ਰਹੀ ਹੈ ਤੇ ਜੇ ਇਹੀ ਹਾਲ ਰਿਹਾ ਤਾਂ ਪੰਜਾਬੀ ਵਿਚੋਂ ਸ਼ੁੱਧ ਪੰਜਾਬੀ ਸ਼ਬਦ ਅਲੋਪ ਹੋ ਜਾਣਗੇ । ਇਸ ਲਈ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਸਾਨੂੰ ਸਾਰਿਆਂ ਨੂੰ ਹੀ ਸੁਚੇਤ ਹੋਣ ਦੀ ਲੋੜ ਹੈ। ਜਿਸ ਤਰੀਕੇ ਨਾਲ ਪੰਜਾਬੀ ਬੋਲੀ ਦੇ ਪੁੱਤਰ ਹੀ ਮਾਂ ਬੋਲੀ ਪੰਜਾਬੀ ਤੋਂ ਦੂਰ ਹੁੰਦੇ ਜਾ ਰਹੇ ਹਨ, ਉਸ ਤੋਂ ਲੱਗਦਾ ਹੈ ਕਿ ਪੰਜਾਬੀ ਬੋਲੀ ਦਾ ਭਵਿੱਖ ਕੋਈ ਵਧੀਆ ਨਹੀਂ ਹੈ। ਇਸੇ ਲਈ ਤਾਂ ਪੰਜਾਬੀ ਬੋਲੀ ਦਾ ਮਹਾਨ ਪੁੱਤਰ ਫ਼ਿਰੋਜਦੀਨ ਸ਼ਰਫ਼ ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ

ਪੁੱਛੀਂ ਸ਼ਰਫ਼ ਨਾ ਜਿਨ੍ਹਾਂ ਨੇ ਬਾਤ ਮੇਰੀ,
ਵੇ ਮੈਂ ਬੋਲੀ ਹਾਂ ਉਹਨਾਂ ਪੰਜਾਬੀਆਂ ਦੀ



# ਸਿੱਖ ਧਰਮ ਦਾ ਪੁਰਤਗਾਲ 'ਚ 1990 ਦੇ ਦਹਾਕੇ ਤੋਂ ਹੋਇਆ ਵਿਕਾਸ

## ਪੁਰਤਗਾਲ ਵਿੱਚ ਸਿੱਖਾਂ ਦਾ ਯੋਗਦਾਨ ਖੇਤੀਬਾੜੀ, ਉਸਾਰੀ ਅਤੇ ਸੈਰ-ਸਪਾਟਾ ਖੇਤਰਾਂ ਵਿੱਚ ਮਹੱਤਵਪੂਰਨ








ਪੁਰਤਗਾਲ ਵਿੱਚ ਸਿੱਖ ਭਾਈਚਾਰਾ ਇੱਕ ਘੱਟ ਗਿਣਤੀ ਧਰਮ ਹੈ, ਪਰ ਸਮੇਂ ਦੇ ਨਾਲ ਇਸ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਪੁਰਤਗਾਲ ਵਿੱਚ ਇਸ ਵੇਲੇ ਲਗਭਗ 35,000 ਸਿੱਖ ਰਹਿ ਰਹੇ ਹਨ ਅਤੇ ਇਹ ਗਿਣਤੀ ਲਗਾਤਾਰ ਵੱਧ ਰਹੀ ਹੈ। ਸਿੱਖ ਭਾਈਚਾਰੇ ਨੇ ਪੁਰਤਗਾਲ ਵਿੱਚ ਖੇਤੀਬਾੜੀ, ਉਸਾਰੀ ਕਾਰਜ ਅਤੇ ਕਾਰੋਬਾਰ ਵਿੱਚ ਆਪਣੀ ਮੌਜੂਦਗੀ ਸਥਾਪਿਤ ਕੀਤੀ ਹੈ ਅਤੇ ਇਸਦੇ ਮੈਂਬਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਫ਼ੈਲੇ ਹੋਏ ਹਨ। ਪੁਰਤਗਾਲ ਵਿੱਚ ਸਿੱਖ ਧਰਮ ਪੁਰਤਗਾਲ ਵਿੱਚ ਸਿੱਖ ਧਰਮ ਦਾ ਇਤਿਹਾਸ 1990 ਦੇ ਦਹਾਕੇ ਵਿੱਚ ਸ਼ੁਰੂ ਹੁੰਦਾ ਹੈ, ਜਦੋਂ ਪੁਰਤਗਾਲ ਨੇ ਯੂਰਪੀਅਨ ਯੂਨੀਅਨ ਵਿੱਚ ਸ਼ਾਮਲ ਹੋਣ ਤੋਂ ਬਾਅਦ ਆਪਣੀਆਂ ਇਮੀਗ੍ਰੇਸ਼ਨ ਨੀਤੀਆਂ ਵਿੱਚ ਢਿੱਲ ਦਿੱਤੀ ਸੀ। 1986 ਵਿੱਚ ਯੂਰਪੀਅਨ ਯੂਨੀਅਨ ਦਾ ਮੈਂਬਰ ਬਣਨ ਅਤੇ 1995 ਵਿੱਚ ਸ਼ੈਂਗੇਨ ਖੇਤਰ ਵਿੱਚ ਸ਼ਾਮਲ ਹੋਣ ਤੋਂ ਬਾਅਦ, ਪੁਰਤਗਾਲ ਨੇ ਭਾਰਤੀ ਉਪ ਮਹਾਂਦੀਪ ਤੋਂ ਬਹੁਤ ਸਾਰੇ ਪ੍ਰਵਾਸੀ ਪਹੁੰਚੇ। ਖਾਸ ਕਰਕੇ, ਸਿੱਖ ਭਾਈਚਾਰੇ ਦੇ ਮੈਂਬਰ ਇੱਥੇ ਖੇਤੀਬਾੜੀ, ਉਸਾਰੀ ਅਤੇ ਸੈਰ-ਸਪਾਟਾ ਖੇਤਰਾਂ ਵਿੱਚ ਕੰਮ ਕਰਨ ਲਈ ਪਹੁੰਚੇ ਸਨ। ਪੁਰਤਗਾਲ ਵਿੱਚ ਸਿੱਖਾਂ ਦਾ ਆਗਮਨ ਮੁੱਖ ਤੌਰ 'ਤੇ ਉਸ ਸਮੇਂ ਹੋਇਆ ਜਦੋਂ ਪੁਰਤਗਾਲ ਵਿੱਚ ਉਸਾਰੀ ਦਾ ਕੰਮ ਜ਼ੋਰਾਂ 'ਤੇ ਸੀ ਅਤੇ ਮਜ਼ਦੂਰਾਂ ਦੀ ਘਾਟ ਸੀ। 1990 ਦੇ ਦਹਾਕੇ ਦੇ ਅਖੀਰ ਤੱਕ, ਪੰਜਾਬ ਦੇ ਬਹੁਤ ਸਾਰੇ ਸਿੱਖਾਂ ਨੇ ਪੁਰਤਗਾਲ ਵਿੱਚ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕੀਤੀ, ਪੁਰਤਗਾਲ ਦੇ ਵੱਖ-ਵੱਖ ਸ਼ਹਿਰਾਂ ਵਿੱਚ ਭਾਰਤੀ ਰੈਸਟੋਰੈਂਟ ਅਤੇ ਵਪਾਰਕ ਅਦਾਰੇ ਖੋਲ੍ਹੇ। ਪੁਰਤਗਾਲ ਵਿੱਚ ਸਿੱਖਾਂ ਦੀ ਗਿਣਤੀ ਲਗਾਤਾਰ ਵਧਦੀ ਰਹੀ ਹੈ ਅਤੇ 2007 ਵਿੱਚ ਇਹ ਲਗਭਗ 5,000 ਸੀ। 2010 ਵਿੱਚ, ਪੁਰਤਗਾਲ ਦੇ ਸਿੱਖ ਧਾਰਮਿਕ ਆਗੂਆਂ ਨੇ ਅੰਦਾਜ਼ਾ ਲਗਾਇਆ ਸੀ ਕਿ ਇਹ ਗਿਣਤੀ 10,000 ਤੱਕ ਵੱਧ ਚਕੀ ਸੀ। 2024 ਵਿੱਚ, ਭਾਰਤੀ ਦੂਤਾਵਾਸ ਨੇ ਪੁਸ਼ਟੀ ਕੀਤੀ ਕਿ ਪੁਰਤਗਾਲ ਵਿੱਚ ਲਗਭਗ 35,000 ਸਿੱਖ ਰਹਿੰਦੇ ਸਨ, ਜੋ ਕਿ ਇੱਕ ਮਹੱਤਵਪੂਰਨ ਸੰਖਿਆ ਹੈ । ਪੁਰਤਗਾਲ ਵਿੱਚ ਸਿੱਖ ਧਰਮ ਨੂੰ ਮੰਨਣ ਵਾਲੇ ਲੋਕ ਆਪਣੀਆਂ ਧਾਰਮਿਕ ਗਤੀਵਿਧੀਆਂ ਲਈ ਗੁਰਦੁਆਰਿਆਂ ਵਿੱਚ ਜਾਂਦੇ ਹਨ।

ਪੁਰਤਗਾਲ ਵਿੱਚ ਤਿੰਨ ਵੱਡੇ ਗੁਰਦੁਆਰੇ ਹਨ, ਜੋ ਸਿੱਖਾਂ ਲਈ ਧਾਰਮਿਕ ਆਸਥਾ ਅਤੇ ਪੂਜਾ ਦੇ ਕੇਂਦਰ ਹਨ। ਇਹਨਾਂ ਵਿੱਚ ਸ਼ਾਮਲ ਹਨ: ਗੁਰਦੁਆਰਾ ਸਿੱਖ ਸੰਗਤ ਸਾਹਿਬ, ਲਿਸਬਨ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ, ਅਲਬੂਫ਼ੇਰਾ ਗੁਰਦੁਆਰਾ ਸ਼੍ਰੀ ਗੁਰੂ ਨਾਨਕ ਦੇਵ ਜੀ, ਪੋਰਟੋ। ਇਹਨਾਂ ਗੁਰਦੁਆਰਿਆਂ ਵਿੱਚ ਨਿਯਮਤ ਪੂਜਾ, ਕੀਰਤਨ ਅਤੇ ਹੋਰ ਧਾਰਮਿਕ ਪ੍ਰੋਗਰਾਮ ਹੁੰਦੇ ਹਨ। ਇਸ ਤੋਂ ਇਲਾਵਾ, ਪੁਰਤਗਾਲ ਵਿੱਚ ਹਰ ਸਾਲ ਵਿਸਾਖੀ ਦੇ ਮੌਕੇ 'ਤੇ ਨਗਰ ਕੀਰਤਨ ਵਰਗੇ ਧਾਰਮਿਕ ਤਿਉਹਾਰ ਆਯੋਜਿਤ ਕੀਤੇ ਜਾਂਦੇ ਹਨ।

2022 ਵਿੱਚ, ਪੋਰਟੋ ਸ਼ਹਿਰ ਵਿੱਚ ਹੋਏ ਵਿਸਾਖੀ ਨਗਰ ਕੀਰਤਨ ਵਿੱਚ 2,000 ਸਿੱਖਾਂ ਨੇ ਸ਼ਿਰਕਤ ਕੀਤੀ ਸੀ, ਜੋ ਕਿ ਸਿੱਖ ਭਾਈਚਾਰੇ ਦੀ ਵਧਦੀ ਮੌਜੂਦਗੀ ਨੂੰ ਦਰਸਾਉਂਦਾ ਹੈ। 2008 ਵਿੱਚ, ਪੁਰਤਗਾਲੀ ਪੁਲਿਸ ਨੇ ਇੱਕ ਸਿੱਖ ਵਿਅਕਤੀ ਨੂੰ ਉਸਦੀ ਕਿਰਪਾਨ ਨਾਲ ਗ੍ਰਿਫ਼ਤਾਰ ਨਹੀਂ ਕੀਤਾ, ਭਾਵੇਂ ਉਸਦਾ ਤਲਵਾਰ ਕਾਨੂੰਨੀ ਸੀਮਾ ਤੋਂ ਵੱਧ ਸੀ। ਪੁਲਿਸ ਨੇ ਇਸਨੂੰ ਧਾਰਮਿਕ ਪਛਾਣ ਦੇ ਇੱਕ ਰੂਪ ਵਜੋਂ ਮਾਨਤਾ ਦਿੱਤੀ, ਜੋ ਕਿ ਪੁਰਤਗਾਲ ਵਿੱਚ ਸਿੱਖ ਭਾਈਚਾਰੇ ਦੇ ਧਾਰਮਿਕ ਅਧਿਕਾਰਾਂ ਦੀ ਮਾਨਤਾ ਦੀ ਇੱਕ ਮਹੱਤਵਪੂਰਨ ਉਦਾਹਰਣ ਸੀ।

ਪੁਰਤਗਾਲ ਵਿੱਚ ਸਿੱਖਾਂ ਦਾ ਯੋਗਦਾਨ ਖੇਤੀਬਾੜੀ, ਉਸਾਰੀ ਅਤੇ ਸੈਰ-ਸਪਾਟਾ ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਰਿਹਾ ਹੈ। ਇਸ ਤੋਂ ਇਲਾਵਾ, ਸਿੱਖ ਭਾਈਚਾਰੇ ਨੇ ਪੁਰਤਗਾਲ ਦੀ ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਵਿੱਚ ਵੀ ਯੋਗਦਾਨ ਪਾਇਆ ਹੈ। ਪੁਰਤਗਾਲ ਵਿੱਚ ਸਿੱਖ ਭਾਈਚਾਰੇ ਦਾ ਦਰਜਾ ਅਤੇ ਸਿੱਖ ਧਰਮ ਦਾ ਪ੍ਰਚਾਰ ਨਾ ਸਿਰਫ਼ ਇਸ ਦੇਸ਼ ਵਿੱਚ ਸਗੋਂ ਯੂਰਪ ਦੇ ਹੋਰ ਹਿੱਸਿਆਂ ਵਿੱਚ ਵੀ ਵਧ ਰਿਹਾ ਹੈ। ਇੱਥੋਂ ਦਾ ਸਿੱਖ ਭਾਈਚਾਰਾ ਹੁਣ ਪੁਰਤਗਾਲ ਦੀ ਸਮਾਜਿਕ-ਆਰਥਿਕ ਤਰੱਕੀ ਦੇ ਨਾਲ-ਨਾਲ ਆਪਣੇ ਧਾਰਮਿਕ ਅਤੇ ਸਮਾਜਿਕ ਫ਼ਰਜ਼ਾਂ ਵਿੱਚ ਭਾਈਵਾਲ ਬਣ ਗਿਆ ਹੈ। ਭਵਿੱਖ ਵਿੱਚ, ਇਹ ਭਾਈਚਾਰਾ ਪੁਰਤਗਾਲੀ ਸਮਾਜ ਵਿੱਚ ਹੋਰ ਵੀ ਵਿਆਪਕ ਮੌਜੂਦਗੀ ਰੱਖਦਾ ਰਹੇਗਾ ਅਤੇ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਸਰਗਰਮ ਰਹੇਗਾ।


# ਸਿੱਖ ਇਤਿਹਾਸ ਨੂੰ ਸੰਭਾਲਣ ਲਈ ਭਾਈ ਵੀਰ ਸਿੰਘ ਦਾ ਯੋਗਦਾਨ



ਡਾ. ਧਰਮ ਸਿੰਘ

ਭਾਈ ਵੀਰ ਸਿੰਘ ਦੀ ਪ੍ਰਸਿੱਧੀ ਵਧੇਰੇ ਕਰਕੇ ਇੱਕ ਕਰਤਾਰੀ ਲੇਖਕ ਵਜੋਂ ਹੈ। ਉਹ ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਮੰਨੇ ਗਏ ਹਨ, ਕਿਉਂਕਿ ਉਹ ਪਹਿਲੇ ਨਾਵਲਕਾਰ, ਨਾਟਕਕਾਰ, ਮਹਾਂਕਵੀ, ਛੋਟੀਆਂ ਕਵਿਤਾਵਾਂ ਦੇ ਵੱਡੇ ਕਵੀ, ਪੱਤਰਕਾਰ ਅਤੇ ਹੋਰ ਕਈ ਕੁਝ ਹਨ, ਪਰ ਉਹ ਸਿੱਖ ਇਤਿਹਾਸਕਾਰਾਂ ਦੀ ਸ਼੍ਰੇਣੀ 'ਚ ਵੀ ਸਹਿਜੇ ਹੀ ਰੱਖੇ ਜਾ ਸਕਦੇ ਹਨ। ਇਹ ਗੱਲ ਉਨ੍ਹਾਂ ਦੁਆਰਾ ਸੰਪਾਦਿਤ ਪੁਰਾਤਨ ਗ੍ਰੰਥਾਂ ਅਤੇ ਹੋਰ ਉਪਰਾਲਿਆਂ ਤੋਂ ਅਸਾਨੀ ਨਾਲ ਸਾਬਤ ਹੁੰਦੀ ਹੈ। ਉਨ੍ਹਾਂ ਨੇ ਇਨ੍ਹਾਂ ਗ੍ਰੰਥਾਂ ਨੂੰ ਇਤਿਹਾਸ ਦੀ ਖੋਜ ਲਈ ਜ਼ਰੂਰੀ ਸਮਝਿਆ, ਉਨ੍ਹਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਯੋਗ ਭਾਂਤ ਸੰਪਾਦਿਤ ਕੀਤਾ। ਪੁਰਾਤਨ ਜਨਮਸਾਖੀ, ਸਿੱਖਾਂ ਦੀ ਭਗਤਮਾਲਾ, ਪ੍ਰਾਚੀਨ ਪੰਥ ਪ੍ਰਕਾਸ਼, ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਅਜਿਹੇ ਹੀ ਗ੍ਰੰਥ ਹਨ। ਇਨ੍ਹਾਂ 'ਚੋਂ ਪੁਰਾਤਨ ਜਨਮਸਾਖੀ ਤੇ ਪ੍ਰਾਚੀਨ ਪੰਥ ਪ੍ਰਕਾਸ਼ ਅਜਿਹੇ ਗ੍ਰੰਥ ਹਨ, ਜਿਨ੍ਹਾਂ ਦੇ ਰੱਖੇ ਹੋਏ ਭਾਈ ਵੀਰ ਸਿੰਘ ਦੁਆਰਾ ਨਾਂਅ, ਅੱਜ ਵੀ ਉਸੇ ਰੂਪ ਵਿੱਚ ਚੱਲ ਰਹੇ ਹਨ।

ਭਾਈ ਵੀਰ ਸਿੰਘ ਨੂੰ ਲੱਗਿਆ ਕਿ ਦੂਸਰੇ ਵਿਸ਼ਿਆਂ ਦਾ ਅਧਿਆਪਨ ਤਾਂ ਹੋਰਨਾਂ ਕਾਲਜਾਂ 'ਚ ਵੀ ਕਰਵਾਇਆ ਜਾਂਦਾ ਹੈ, ਪਰ ਸਿੱਖ ਇਤਿਹਾਸ ਨਾਲ ਸੰਬੰਧਿਤ ਸਮੱਗਰੀ ਨਾ ਤਾਂ ਸਾਂਭੀ ਗਈ ਹੈ ਅਤੇ ਨਾ ਹੀ ਵਿਗਿਆਨਕ ਢੰਗ ਨਾਲ ਇਹ ਇਤਿਹਾਸ ਲਿਖਿਆ ਗਿਆ ਹੈ। ਇਸ ਕੰਮ ਲਈ ਉਨ੍ਹਾਂ ਦਾ ਧਿਆਨ ਖ਼ਾਲਸਾ ਕਾਲਜ, ਅੰਮ੍ਰਿਤਸਰ ਵੱਲ ਗਿਆ। ਖ਼ਾਲਸਾ ਕਾਲਜ ਸਿੱਖਾਂ ਦੀ ਸਿਰਮੌਰ ਸੰਸਥਾ ਸੀ ਅਤੇ ਇਸ ਦੀ ਪ੍ਰਬੰਧਕ ਕਮੇਟੀ ਵਿੱਚ ਕਈ ਰਸੂਖ਼ਦਾਰ ਅਤੇ ਅਮੀਰ ਸਿੱਖ ਵੀ ਸਨ। ਉਨ੍ਹਾਂ ਨੇ ਉਸ ਵੇਲੇ ਦੇ ਪ੍ਰਧਾਨ ਸੁੰਦਰ ਸਿੰਘ ਮਜੀਠੀਆ ਅਤੇ ਹਰਬੰਸ ਸਿੰਘ ਅਟਾਰੀ ਆਦਿ ਨੂੰ ਪ੍ਰੇਰ ਕੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਖੇ ਸਿੱਖ ਇਤਿਹਾਸ ਖੋਜ ਵਿਭਾਗ ਖੁੱਲ੍ਹਵਾਇਆ। ਭਾਈ ਵੀਰ ਸਿੰਘ ਨੇ ਨਾ ਕੇਵਲ ਪ੍ਰੇਰਨਾ ਹੀ ਦਿੱਤੀ, ਸਗੋਂ ਮੁਢਲੇ ਖਰਚਿਆਂ ਲਈ ਕੁਝ ਧਨ-ਰਾਸ਼ੀ ਵੀ ਦਿੱਤੀ। ਸਿੱਖ ਇਤਿਹਾਸ ਦੀ ਖੋਜ, ਉਸ ਸਮੇਂ ਕਰਮ ਸਿੰਘ ਹਿਸਟੋਰੀਅਨ ਕਰ ਰਹੇ ਸਨ, ਜੋ ਫਿਰ-ਤੁਰ ਕੇ ਬਿਰਧ ਬਾਬਿਆਂ ਕੋਲੋਂ ਮੌਖਿਕ ਸਿੱਖ ਇਤਿਹਾਸ ਇਕੱਠਾ ਕਰ ਰਹੇ ਸਨ। ਭਾਈ ਜੀ ਦੀ ਸਿਫਾਰਿਸ਼ ਨਾਲ ਸਿੱਖ ਇਤਿਹਾਸ ਖੋਜ ਵਿਭਾਗ 'ਚ ਕਰਮ ਸਿੰਘ ਹਿਸਟੋਰੀਅਨ ਦੀ ਨਿਯੁਕਤੀ ਹੋਈ, ਪਰ ਛੇਤੀ ਹੀ ਉਨ੍ਹਾਂ ਦਾ ਦਿਹਾਂਤ ਹੋ ਗਿਆ। ਮਗਰੋਂ ਇਸੇ ਅਸਾਮੀ ਉਤੇ ਡਾ. ਗੰਡਾ ਸਿੰਘ 1930-1949 ਈ. ਤੱਕ ਖੋਜ ਕਾਰਜ ਕਰਦੇ ਰਹੇ ਅਤੇ ਫਿਰ 1950 'ਚ ਕਿਰਪਾਲ ਸਿੰਘ ਨਿਯੁਕਤ ਕੀਤੇ ਗਏ। ਭਾਈ ਜੀ ਦੇ ਯਤਨਾਂ ਨਾਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੇ ਪੰਜਾਬ ਸਰਕਾਰ ਪਾਸੋਂ ਇਸ ਕੰਮ ਲਈ ਗਰਾਂਟ ਵੀ ਮਨਜ਼ੂਰ ਕਰਵਾ ਲਈ ਗਈ। ਇਸ ਵਿਭਾਗ ਵੱਲੋਂ ਕੀਤੇ ਜਾ ਰਹੇ ਖੋਜ ਕਾਰਜਾਂ 'ਚ ਉਹ ਨਿੱਜੀ ਦਿਲਚਸਪੀ ਲੈਂਦੇ ਰਹੇ। ਸੰਨ 1947 'ਚ ਪੰਜਾਬ ਦੀ ਵੰਡ ਹੋਈ ਅਤੇ ਸਿੱਖ ਆਬਾਦੀ ਨੂੰ ਵਾਹਗਿਓਂ ਪਾਰ ਇੱਧਰ ਆਉਣਾ ਪਿਆ। ਇਸ ਵੰਡ 'ਚ ਸਿੱਖਾਂ ਨੂੰ ਬਹੁਤ ਹਾਨੀ ਪਹੁੰਚੀ। ਕਈ ਲੱਖ ਲੋਕ ਮਾਰੇ ਗਏ। ਭਾਈ ਵੀਰ ਸਿੰਘ ਨੇ ਇਸ ਦੁਖਾਂਤ ਦੀ



ਸ਼ਿੱਦਤ ਨੂੰ ਸਮਝਦਿਆਂ ਹੋਇਆਂ ਪ੍ਰੋ. ਕਿਰਪਾਲ ਸਿੰਘ ਅਤੇ ਗੰਗਾ ਸਿੰਘ ਬੇਰੀ ਨੂੰ ਪੀੜਤ ਅਤੇ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤਾਂ ਕਰਕੇ ਉਨ੍ਹਾਂ ਦੇ ਦੁੱਖਾਂ, ਦਰਦਾਂ ਦੀਆਂ ਕਹਾਣੀਆਂ ਨੂੰ ਰਿਕਾਰਡ ਕਰਨ ਦਾ ਕੰਮ ਸੌਂਪਿਆ। ਪ੍ਰੋ. ਕਿਰਪਾਲ ਸਿੰਘ ਨੇ ਇਸ ਦਿਸ਼ਾ 'ਚ ਵਧੇਰੇ ਕੰਮ ਕੀਤਾ ਅਤੇ ਇਹ ਕੰਮ ਉਨ੍ਹਾਂ ਦੀਆਂ ਆਰੰਭਲੀਆਂ ਦੋ ਪੁਸਤਕਾਂ ਮੁਸਲਿਮ ਲੀਗੀਆਂ ਦੇ ਅੱਤਿਆਚਾਰ ਅਤੇ ਸ਼ਹੀਦੀਆਂ ਦੇ ਰੂਪ 'ਚ ਸਾਹਮਣੇ ਆਏ। ਇਸ ਵਿਸ਼ੇ ਉਪਰ ਹੋਰ ਕੰਮ ਦੀ ਗੁੰਜਾਇਸ਼ ਅਤੇ ਲੋੜ ਨੂੰ ਮਹਿਸੂਸ ਕਰਦਿਆਂ ਪ੍ਰੋ. ਕਿਰਪਾਲ ਸਿੰਘ ਨੇ ਇਸ ਨੂੰ ਜਾਰੀ ਰੱਖਿਆ ਅਤੇ ਆਪਣੀ ਡਾਕਟਰੇਟ ਦੇ ਵਿਸ਼ੇ ਵਜੋਂ ਇਸ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਰਜਿਸਟਰ ਵੀ ਕਰਵਾ ਲਿਆ। ਹੋਰ ਜਾਣਕਾਰੀ ਇਕੱਤਰ ਕਰਨ ਲਈ ਉਹ ਲੰਦਨ ਵੀ ਗਏ। ਉਨ੍ਹਾਂ ਫ਼ੌਜੀ ਅਫ਼ਸਰਾਂ, ਨੌਕਰਸ਼ਾਹਾਂ ਅਤੇ ਹੋਰ ਜ਼ਿੰਮੇਵਾਰ ਅਫ਼ਸਰਾਂ ਨੂੰ ਮਿਲ ਕੇ ਉਨ੍ਹਾਂ ਦੇ ਬਿਆਨ ਰਿਕਾਰਡ ਕੀਤੇ ਅਤੇ ਸੱਚ ਤੱਕ ਪਹੁੰਚਣ ਦਾ ਉਪਰਾਲਾ ਕੀਤਾ। ਇਹ ਅਤੇ ਇਸ ਵਿਸ਼ੇ ਨਾਲ ਸੰਬੰਧਿਤ ਉਨ੍ਹਾਂ ਦਾ ਖੋਜ ਕਾਰਜ ਪੰਜਾਬ ਦਾ ਬਟਵਾਰਾ ਅਤੇ 'ਪਾਰਟੀਸ਼ਨ ਆਫ਼ ਪੰਜਾਬ' 'ਚ ਮਿਲਦਾ ਹੈ। ਪੰਜਾਬੀ ਸੰਸਕਰਣ ਜਾਂ ਤਰਜਮਾ, ਅਸਲ ਵਿੱਚ, ਉਨ੍ਹਾਂ ਦੇ ਅੰਗਰੇਜ਼ੀ ਵਿੱਚ ਲਿਖੇ ਖੋਜ ਪ੍ਰਬੰਧ ਦਾ ਹੀ ਰੂਪ ਹੈ।

ਭਾਈ ਵੀਰ ਸਿੰਘ ਦਾ ਯੋਗਦਾਨ ਇੱਥੋਂ ਤੱਕ ਹੀ ਸੀਮਤ ਨਹੀਂ, ਸਗੋਂ ਉਨ੍ਹਾਂ ਨੇ ਆਪਣੇ ਕਈ ਸਮਕਾਲੀ ਇਤਿਹਾਸਕਾਰਾਂ ਦੀਆਂ ਪੁਸਤਕਾਂ ਦੇ ਮੁੱਖਬੰਧ ਲਿਖ ਕੇ ਉਨ੍ਹਾਂ ਦੇ ਕੰਮ ਨੂੰ ਸਲਾਹਿਆ। ਪ੍ਰਸਿੱਧ ਇਤਿਹਾਸਕਾਰ ਬਾਵਾ ਪ੍ਰੇਮ ਸਿੰਘ ਹੋਤੀ ਨੂੰ ਉਤਸ਼ਾਹ ਅਤੇ ਪ੍ਰੇਰਨਾ ਦੇ ਕੇ ਇਸ ਪਾਸੇ ਲਾਇਆ। ਸਬੱਬ ਇਹ ਬਣਿਆ ਕਿ ਇੱਕ ਸਿੱਖ ਐਜੂਕੇਸ਼ਨਲ ਕਾਨਫਰੰਸ ਮੌਕੇ ਭਾਈ ਸਾਹਿਬ ਦਾ ਮੇਲ ਹੋਤੀ ਜੀ ਨਾਲ ਹੋਇਆ। ਪ੍ਰੇਮ ਸਿੰਘ ਹੋਤੀ, ਭਾਈ ਜੀ ਨੂੰ ਨਾਲ ਲੈ ਕੇ ਪੇਸ਼ਾਵਰ, ਮੁਲਤਾਨ, ਬੰਨੂ ਅਤੇ ਹੋਰ ਥਾਵਾਂ ਵਿਖਾਉਣ ਲਈ ਲੈ ਗਏ। ਹੋਤੀ ਜੀ ਦੀ ਜਾਣਕਾਰੀ ਨੂੰ ਵੇਖ ਕੇ ਭਾਈ ਵੀਰ ਸਿੰਘ ਨੇ ਉਨ੍ਹਾਂ ਨੂੰ ਪ੍ਰੇਰਨਾ ਦਿੱਤੀ ਕਿ ਸਿੱਖ ਰਾਜ ਖ਼ਤਮ ਹੋਇਆ ਅਜੇ ਥੋੜ੍ਹਾ ਚਿਰ ਹੀ ਹੋਇਆ ਹੈ, ਇਸ ਲਈ ਕਈ ਯਾਦਗਾਰਾਂ ਅਜੇ ਤੱਕ ਕਾਇਮ ਹਨ। ਉਹ ਕਿਉਂ ਨਹੀਂ ਸਿੱਖ ਇਤਿਹਾਸ ਲਿਖਦੇ ਹਨ? ਇਸੇ ਪ੍ਰੇਰਨਾ ਅਤੇ ਉਤਸ਼ਾਹ ਦਾ ਸਿੱਟਾ ਸੀ ਕਿ ਪ੍ਰੇਮ ਸਿੰਘ ਹੋਤੀ ਇਸ ਪਾਸੇ ਜੁਟ ਗਏ। ਅੱਜ ਬਾਵਾ ਪ੍ਰੇਮ ਸਿੰਘ ਹੋਤੀ ਦੀਆਂ ਸਿੱਖ ਇਤਿਹਾਸ ਬਾਰੇ ਦਰਜਨ ਤੋਂ ਵੱਧ ਪੁਸਤਕਾਂ ਪ੍ਰਾਪਤ ਹਨ, ਜਿਨ੍ਹਾਂ ਦੇ ਕਈ-ਕਈ ਸੰਸਕਰਣ ਛਪ ਚੁੱਕੇ ਹਨ। ਹੋਤੀ ਜੀ ਤੋਂ ਬਿਨਾਂ ਡਾ. ਗੰਡਾ ਸਿੰਘ ਦੀ ਪੁਸਤਕ 'ਬੰਦਾ ਬਹਾਦਰ' ਅਤੇ ਸੀਤਾ ਰਾਮ ਕੋਹਲੀ ਦੀ ਸੰਪਾਦਿਤ ਪੁਸਤਕ 'ਫਤਹਿਨਾਮਾ ਗੁਰੂ ਖ਼ਾਲਸਾ ਜੀ ਕਾ' ਵਿੱਚ ਭਾਈ ਜੀ ਦੀਆਂ ਲਿਖੀਆਂ ਹੋਈਆਂ ਭੂਮਿਕਾਵਾਂ ਇਨ੍ਹਾਂ ਪੁਸਤਕਾਂ ਦਾ ਸ਼ਿੰਗਾਰ ਹਨ। 'ਫਤਹਿਨਾਮਾ ਗੁਰੂ ਖ਼ਾਲਸਾ ਜੀ ਕਾ' ਗਣੇਸ਼ ਦਾਸ ਪਿੰਗਲ ਦਾ ਲਿਖਿਆ ਹੋਇਆ ਅਜਿਹਾ ਇਤਿਹਾਸਕ ਗ੍ਰੰਥ ਹੈ, ਜਿਸ 'ਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਵੱਖ-ਵੱਖ ਸਮਿਆਂ 'ਚ ਲੜੀਆਂ ਗਈਆਂ ਲੜਾਈਆਂ ਦਾ ਭਰੋਸੇਯੋਗ ਬਿਰਤਾਂਤ ਹੈ। ਇਸ ਫਤਹਿਨਾਮੇ ਦੀ ਆਰੰਭ 'ਚ ਭਾਈ ਜੀ ਵੱਲੋਂ ਲਿਖੀ ਹੋਈ ਦਸਾਂ ਸਫਿਆਂ ਦੀ ਭੂਮਿਕਾ ਹੈ, ਜਿਸ 'ਚ ਉਨ੍ਹਾਂ ਸੀਤਾ ਰਾਮ ਕੋਹਲੀ ਦੇ ਕੀਤੇ, ਖੋਜ ਕਾਰਜ ਦਾ ਮੁਲਾਂਕਣ ਕੀਤਾ ਹੈ। ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ, ਸ਼ੁੱਭ ਭਾਗਾਂ ਨਾਲ ਸ੍ਰੀ ਗਣੇਸ਼ ਦਾਸ ਜੀ ਦੀ ਮਿਹਨਤ ਇਕ ਇਤਿਹਾਸ ਦੇ ਅਜਿਹੇ ਸੱਜਣ ਦੇ ਹੱਥ ਆ ਗਈ, ਜਿਨ੍ਹਾਂ ਨੂੰ ਇਤਿਹਾਸ 'ਚ ਵਾਕਈ 'ਚ ਬੜੀ ਪ੍ਰਬੀਨਤਾ ਪ੍ਰਾਪਤ ਹੈ। ਲੰਮੇ ਅਰਸੇ ਦੀ ਇਤਿਹਾਸ ਦੀ ਡੂੰਘੀ ਵਾਕਫੀ ਨਾਲ ਮਾਲਾਮਾਲ ਹੋਣ ਕਰਕੇ ਆਪ ਜੀ ਨੇ ਜਦ ਇਸ ਪੁਸਤਕ ਨੂੰ ਹੱਥ 'ਚ ਲਿਆ ਤਾਂ ਇਸ ਨਾਲ ਵੀ ਪੂਰਾ ਇਨਸਾਫ਼ ਕੀਤਾ ਅਰਥਾਤ ਚੋਖਾ ਵਕਤ ਲਾ ਕੇ ਚੋਖੀ ਮਿਹਨਤ ਕਰਕੇ ਪੂਰੀ ਸਾਹਿਤਕ ਘਾਲ ਨਾਲ ਇਸ ਪੁਸਤਕ ਨੂੰ ਸੰਪਾਦਿਤ ਕੀਤਾ। ਇਸ ਨੂੰ ਇਸ ਸੁਯੋਗ ਤਰੀਕੇ ਨਾਲ ਸੰਪਾਦਿਤ ਕੀਤਾ ਗਿਆ ਹੈ ਕਿ ਗਣੇਸ਼ ਦਾਸ ਜੀ ਦੀ ਰਚਨਾ ਲਈ ਕਿਸੇ ਹੋਰ ਮੁੱਖਬੰਧ ਦੀ ਲੋੜ ਨਹੀਂ ਰਹਿਣ ਦਿੱਤੀ। ਇਸੇ ਤਰ੍ਹਾਂ ਸੀਤਾ ਰਾਮ ਕੋਹਲੀ ਦੀਆਂ ਅੰਗਰੇਜ਼ੀ, ਪੰਜਾਬੀ, ਉਰਦੂ ਤੇ ਫ਼ਾਰਸੀ 'ਚ ਲਿਖੀਆਂ ਹੋਈਆਂ ਸਿੱਖ ਇਤਿਹਾਸ ਸੰਬੰਧੀ ਕਈ ਪੁਸਤਕਾਂ ਪ੍ਰਾਪਤ ਹਨ। ਇਸੇ ਉਤਸ਼ਾਹ ਤੋਂ ਪ੍ਰੇਰਿਤ ਹੋ ਕੇ ਸੀਤਾ ਰਾਮ ਕੋਹਲੀ ਨੇ ਸ਼ਾਹ ਮੁਹੰਮਦ ਦਾ ਜੰਗਨਾਮਾ (ਵਾਰ ਸ਼ਾਹ ਮੁਹੰਮਦ) ਵੀ ਸੰਪਾਦਿਤ ਕੀਤਾ, ਜੋ ਹੁਣ ਤੱਕ ਦੀਆਂ ਸੰਪਾਦਨਾਵਾਂ 'ਚੋਂ ਬਿਹਤਰੀਨ ਮੰਨਿਆ ਜਾਂਦਾ ਹੈ ਅਤੇ ਕਈ ਯੂਨੀਵਰਸਿਟੀ ਦੇ ਪਾਠਕ੍ਰਮ ਦਾ ਹਿੱਸਾ ਹੈ।

# ਡਾਲਰ ਦੀ ਤੂਤੀ ਕਿਉਂ ਬੋਲਦੀ ਹੈ ?

**ਜਗਤਾਰ ਸਿੰਘ**

ਪੰਜਾਬੀ ਦਾ ਇੱਕ ਗੀਤ ਹੈ 'ਡਾਲਰਾਂ ਵਾਂਗੂੰ ਨੀ ਨਾਮ ਸਾਡਾ ਚੱਲਦਾ' ਇਸ ਵਿੱਚ ਡਾਲਰ ਦੀ ਗੱਲ ਕੀਤੀ ਗਈ ਹੈ ਜੇ ਡਾਲਰ ਚਲਦਾ ਹੈ ਤਾਂ ਹੀ ਗੀਤ ਲਿਖੇ ਗਏ ਜਦੋਂ ਅਸੀਂ ਸਭ ਤੋਂ ਮਜ਼ਬੂਤ ਕਰੰਸੀ ਬਾਰੇ ਗੱਲ ਕਰਦੇ ਹਾਂ ਉਹ ਗੱਲ ਅਮਰੀਕੀ ਡਾਲਰ ਵਾਰੇ ਹੁੰਦੀ ਹੈ। ਅਮਰੀਕਾ ਤੋਂ ਬਿਨਾਂ ਦੁਨੀਆਂ ਦੇ ਬਹੁਤੇ ਦੇਸ਼ ਜਿਵੇਂ ਇਕੁਯਾਡੋਰ, ਪਨਾਮਾ, ਮਾਰਸ਼ਲ ਆਈਸਲੈਂਡ ਤੇ ਹੋਰ ਕਈ ਦੇਸ਼ ਅਮਰੀਕੀ ਡਾਲਰ ਨੂੰ ਆਪਣੀ ਕਰੰਸੀ ਵਜੋ ਵਰਤਦੇ ਹਨ।

ਅਜਿਹੇ 'ਚ ਜ਼ੇਕਰ ਗੱਲ ਕਰੀਏ ਤਾਂ ਕਈ ਸੁਆਲ ਪੈਦਾ ਹੁੰਦੇ ਹਨ ਕਿ ਡਾਲਰ ਹੀ ਦੁਨੀਆਂ ਦੀ ਸਭ ਤੋਂ ਮਜ਼ਬੂਤ ਕਰੰਸੀ ਕਿਉਂ ਤੇ ਕਿਵੇਂ ਬਣ ਗਈ ?

ਅਮਰੀਕਾ ਵਿੱਚ ਪਹਿਲੀ ਵਾਰ ਕਾਗਜ਼ੀ ਮੁਦਰਾ 1690 ਵਿੱਚ ਵਰਤੀ ਜਾਣ ਲੱਗੀ। ਉਸ ਸਮੇਂ ਇਹ ਸਿਰਫ਼ ਫ਼ੌਜ ਲਈ ਵਰਤੀ ਜਾਂਦੀ ਸੀ। ਇਸ ਦੀ ਆਮ ਵਰਤੋਂ ਨਹੀਂ ਹੁੰਦੀ ਸੀ। 1785 ਵਿੱਚ ਅਮਰੀਕਾ ਦੀ ਮੁਦਰਾ ਦਾ ਚਿੰਨ੍ਹ ਡਾਲਰ ਤਿਆਰ ਕੀਤਾ ਗਿਆ। ਫਿਰ ਇਸ ਨੇ ਲਗਭਗ ਸਵਾ ਸੌ ਸਾਲ ਕਈ ਤਬਦੀਲੀਆਂ ਤੇ ਬਦਲਾਅ ਦੇ ਦੌਰ ਦੇਖੇ। 1913 ਵਿੱਚ ਫੈਡਰਲ ਰਿਜ਼ਰਵ, ਅਮਰੀਕਾ ਦੇ ਕੇਂਦਰੀ ਬੈਂਕ ਦੀ ਸਥਾਪਨਾ ਤੋਂ ਬਾਅਦ 1914 ਵਿੱਚ ਮੌਜੂਦਾ ਰੂਪ ਦੀ ਛਪਾਈ ਸ਼ੁਰੂ ਹੋ ਗਈ ਸੀ।

ਇਸ ਤੋਂ ਪਹਿਲਾਂ ਅਮਰੀਕਾ ਵਿੱਚ ਹਰੇਕ ਬੈਂਕ ਆਪਣੀ ਮੁਦਰਾ ਪ੍ਰਣਾਲੀ ਲਾਗੂ ਕਰਦਾ ਸੀ। ਉਸ ਵੇਲੇ ਵੈਸੇ ਤਾਂ ਦੁਨੀਆਂ ਦੇ ਨਕਸੇ 'ਤੇ ਬ੍ਰਿਟੇਨ ਦਾ ਨਾਂ ਬੋਲਦਾ ਸੀ ਇੰਗਲੈਂਡ ਦਾ ਪੌਂਡ ਜ਼ਿਆਦਾ ਚੱਲਦਾ ਸੀ। ਉਸਦਾ ਰੋਹਬ ਜ਼ਿਆਦਾ ਸੀ। ਅੰਗਰੇਜ਼ ਰਾਜ਼ ਦਾ ਸੂਰਜ ਡੁੱਬਦਾ ਨਹੀਂ ਸੀ। ਉਸ ਦਾ ਦੁਨੀਆਂ ਦੇ ਵੱਡੇ ਹਿੱਸੇ 'ਤੇ ਕਬਜ਼ਾ ਸੀ। 1913-14 ਆਉਂਦੇ ਆਉਂਦੇ ਅਮਰੀਕਾ ਨੇ ਇੰਗਲੈਂਡ ਨੂੰ ਆਰਥਿਕਤਾ ਵਿੱਚ ਪਿੱਛੇ ਛੱਡ ਦਿੱਤਾ, ਜਿਵੇਂ ਜਿਵੇਂ ਦੁਨੀਆਂ ਦੀ ਆਰਥਿਕਤਾ ਬਦਲੀ ਕਰੰਸੀ ਵੀ ਆਪਣਾ ਰੂਪ ਬਦਲ ਗਈ । ਕਰੰਸੀ ਵੀ ਪੌਂਡ ਤੋਂ ਡਾਲਰ ਵੱਲ ਚਲੀ ਗਈ।

ਪਹਿਲਾਂ ਗੋਲਡ ਸਟੈਂਡਰਡ ਦੇ ਤਹਿਤ, ਕੋਈ ਦੇਸ਼ ਓਨੀ ਹੀ ਕਰੰਸੀ ਛਾਪ ਸਕਦਾ ਸੀ ਜਿੰਨਾ ਉਸ ਕੋਲ ਸੋਨਾ ਸੀ। ਜਦੋਂ 1914 ਵਿੱਚ ਲੜਾਈ ਛਿੜ ਗਈ ਵੱਖ-ਵੱਖ ਦੇਸ਼ਾਂ ਨੂੰ ਹਥਿਆਰ ਤੇ ਹੋਰ ਫ਼ੌਜ ਦਾ ਸਮਾਨ ਚਾਹੀਦਾ ਸੀ। ਫੌਜੀ ਖਰਚਿਆਂ ਨੂੰ ਪੂਰਾ ਕਰਨ ਲਈ ਸੋਨੇ ਦੇ ਮਿਆਰ ਨੂੰ ਛੱਡ ਦਿੱਤਾ ਅਤੇ ਵੱਧ ਕਰੰਸੀ ਛਾਪਣ ਕਰਕੇ ਉਨ੍ਹਾਂ ਦੀਆਂ ਮੁਦਰਾਵਾਂ ਦੀ



ਕੀਮਤ ਵਿੱਚ ਗਿਰਾਵਟ ਆਈ।

ਬ੍ਰਿਟੇਨ ਨੇ ਆਰਥਿਕ ਕਾਰਨਾਂ ਕਰਕੇ 1931 ਵਿੱਚ ਸੋਨੇ ਦੇ ਮਿਆਰ ਨੂੰ ਤਿਆਗ ਦਿੱਤਾ, ਜਿਸ ਕਾਰਨ ਪੌਂਡ ਵਿੱਚ ਵਪਾਰ ਬਹੁਤ ਹੀ ਘੱਟ ਗਿਆ। ਇਸ ਸਮੇਂ ਦੌਰਾਨ, ਕਈ ਦੇਸ਼ਾਂ ਨੇ ਡਾਲਰ ਦੇ ਦਬਦਬੇ ਵਾਲੇ ਅਮਰੀਕੀ ਬਾਂਡਾਂ ਨੂੰ ਖਰੀਦਣਾ ਸ਼ੁਰੂ ਕਰ ਦਿੱਤਾ। ਇਸ ਤੋਂ ਬਾਅਦ ਅਮਰੀਕੀ ਡਾਲਰ ਦੀ ਸਵੀਕਾਰਤਾ ਵਧ ਗਈ।

ਸਾਰੇ ਦੇਸ਼ਾਂ ਦੁਆਰਾ ਅਮਰੀਕਾ ਨੂੰ ਸੋਨੇ ਵਿੱਚ ਭੁਗਤਾਨ ਕੀਤਾ ਗਿਆ, ਇਸ ਦੇ ਕਾਰਨ ਕਰਕੇ ਜਦ ਜੰਗ ਮੁੱਕੀ ਉਦੋਂ ਤੱਕ ਦੁਨੀਆਂ ਦੇ ਸੋਨੇ ਦੇ ਵੱਡੇ ਭਾਗ ਤੇ ਅਮਰੀਕਾ ਕਾਬਜ਼ ਹੋ ਗਿਆ।

ਇਸ ਤੋਂ ਬਾਅਦ 1944 ਵਿੱਚ ਬ੍ਰੈਟਨ ਵੁੱਡਸ ਨਿਊ ਹੈਂਪਸ਼ਾਇਰ ਅਮਰੀਕਾ ਵਿੱਚ ਮੀਟਿੰਗ ਇੱਕ ਮੀਟਿੰਗ ਹੋਈ, ਜਿਸ ਵਿੱਚ ਇੱਕ ਅਜਿਹੀ ਪ੍ਰਣਾਲੀ ਤਿਆਰ ਕੀਤੀ ਗਈ, ਜਿਸ ਨਾਲ ਕਿਸੇ ਵੀ ਦੇਸ਼ ਨੂੰ ਕੋਈ ਨੁਕਸਾਨ ਨਾ ਹੋਵੇ। ਇਸ ਵਿੱਚ ਅੰਤਰਰਾਸ਼ਟਰੀ ਵਪਾਰ ਨੂੰ ਉਤਸ਼ਾਹਿਤ ਕਰਨਾ ਅਤੇ ਵਟਾਂਦਰਾ ਦਰਾਂ ਨੂੰ ਸਥਿਰ ਕਰਕੇ ਅਤੇ ਵਪਾਰ ਰੁਕਾਵਟਾਂ ਨੂੰ ਘਟਾਉਣਾ ਸੀ। ਇਸ ਤੋਂ ਬਿਨਾਂ ਵਿੱਤੀ ਸਥਿਰਤਾ ਕਾਇਮ ਰੱਖਣੀ ਅਤੇ ਅੰਤਰਰਾਸ਼ਟਰੀ ਵਿੱਤੀ ਸਹਿਯੋਗ ਲਈ ਇੱਕ ਢਾਂਚਾ ਪ੍ਰਦਾਨ ਕਰਨਾ। ਆਰਥਿਕ ਵਿਕਾਸ ਲਈ ਨਿਵੇਸ਼ ਅਤੇ ਮੁਢਲੇ ਢਾਂਚੇ ਨੂੰ ਉਤਸ਼ਾਹਿਤ ਕਰਨਾ ਇਸ ਦੇ ਕਾਰਜ ਸਨ।

ਇਹ ਤੈਅ ਕੀਤਾ ਗਿਆ ਸੀ ਕਿ ਦੁਨੀਆਂ ਦੀਆਂ ਮੁਦਰਾਵਾਂ ਨੂੰ ਸੋਨੇ ਨਾਲ ਨਹੀਂ, ਸਗੋਂ ਡਾਲਰ ਨਾਲ ਜੋੜਿਆ ਜਾਵੇ, ਸਾਰੇ ਦੇਸ਼ਾਂ ਦੇ ਬੈਂਕ ਵੀ ਆਪਣੀਆਂ ਕਰੰਸੀਆਂ ਦੀ ਦਰ ਡਾਲਰ ਨਾਲ ਹੀ ਨਿਰਧਾਰਤ ਕਰਨਗੇ।

ਇਸ ਤੋਂ ਬਾਅਦ ਡਾਲਰ ਇੱਕ ਮਜ਼ਬੂਤ ਕਰੰਸੀ ਬਣ ਗਿਆ ਅਤੇ ਬਹੁਤ ਸਾਰੇ ਦੇਸ਼ਾਂ ਨੇ ਇਸਨੂੰ ਆਪਣੇ ਵਿਦੇਸ਼ੀ ਮੁਦਰਾ ਭੰਡਾਰ ਵਿੱਚ ਰੱਖਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਡਾਲਰ ਹੋਰ ਸ਼ਕਤੀਸ਼ਾਲੀ ਹੋ ਗਿਆ। ਇਸ ਕਾਰਨ ਅਮਰੀਕੀ ਡਾਲਰ ਦੀ ਮੰਗ ਇੰਨੀ ਵਧ ਗਈ ਕਿ ਰਾਸ਼ਟਰਪਤੀ ਰਿਚਰਡ ਨਿਕਸਨ ਨੂੰ ਇਸ ਨੂੰ ਪੂਰਾ ਕਰਨ ਲਈ ਡਾਲਰ ਨੂੰ ਸੋਨੇ ਤੋਂ ਡੀ-ਲਿੰਕ ਕਰਨਾ ਪਿਆ। ਇਸ ਕਾਰਨ ਡਾਲਰ ਵਿੱਚ ਫਲੋਟਿੰਗ ਐਕਸਚੇਂਜ ਰੇਟ ਸ਼ੁਰੂ ਹੋਇਆ। ਅੱਜ ਡਾਲਰ ਦੀ ਰੋਜ਼ਾਨਾ ਬਦਲਦੀ ਕੀਮਤ ਇਸੇ ਦਾ ਨਤੀਜਾ ਹੈ।

ਅਮਰੀਕੀ ਡਾਲਰ ਨੂੰ ਕਈ ਕੇਂਦਰੀ ਬੈਂਕਾਂ ਦੁਆਰਾ ਇੱਕ ਰਿਜ਼ਰਵ ਕਰੰਸੀ ਵਜੋਂ ਰੱਖਿਆ ਜਾਂਦਾ ਹੈ, ਜੋ ਇਸਦੀ ਸਮਝੀ ਗਈ ਸੁਰੱਖਿਆ ਅਤੇ ਤਰਲਤਾ ਨੂੰ ਦਰਸਾਉਂਦਾ ਹੈ।

ਪਰ ਜੇਕਰ ਹੁਣ ਚਣੌਤੀਆਂ ਦੀ ਗੱਲ ਕਰੀਏ ਅਮਰੀਕਾ ਦੇ ਡਾਲਰ ਨੂੰ ਅੱਜ ਦੇ ਸਮੇਂ ਕਾਫੀ ਮੁਸ਼ਕਿਲਾਂ ਵੀ ਖੜੀਆਂ ਹੋ ਗਈਆਂ ਹਨ। ਕਈ ਦੇਸ਼ਾਂ ਨਾਲ ਅਮਰੀਕਾ ਦਾ ਵਪਾਰਕ ਘਾਟਾ ਕਾਫੀ ਹੈ ਜੋ ਟਰੰਪ ਨੂੰ ਰੜਕਦਾ ਹੈ। ਉਹ ਅਮਰੀਕਾ ਦੀ ਚੜ੍ਹਤ ਨੂੰ ਕਾਇਮ ਰੱਖਣਾ ਚਾਹੁੰਦਾ ਹੈ। ਖਾਸ ਕਰਕੇ ਚੀਨ, ਭਾਰਤ, ਕਨੇਡਾ ਦੇ ਵਪਾਰਕ ਸਰਪਲੱਸ ਅਮਰੀਕਾ ਨੂੰ ਭਾਉਂਦੇ ਨਹੀਂ। ਉਹ ਇਹਨਾਂ ਨੂੰ ਘੱਟ ਕਰਨਾ ਚਾਹੁੰਦਾ ਹੈ। ਟਰੰਪ ਡਾਲਰ ਦਾ ਮੁੱਲ ਘੱਟ ਕਰਕੇ ਇਸ ਨੂੰ ਘਟਾਉਣ ਚਾਹੁੰਦਾ ਹੈ। ਪਰ ਦੂਜੇ ਪਾਸੇ ਉਹ ਟੈਰਿਫ ਨੀਤੀ ਰਾਹੀਂ ਇਸ ਨੂੰ ਮਜ਼ਬੂਤ ਰੱਖਣਾ ਚਾਹੁੰਦਾ ਹੈ। ਭਾਰਤੀ ਘਾਟਾ ਜੋ ਕਿ 2024 ਵਿੱਚ 41ਬਿਲੀਅਨ ਡਾਲਰ, 2023 ਵਿੱਚ 43 ਬਿਲੀਅਨ ਡਾਲਰ, 2022 ਵਿੱਚ 38 ਬਿਲੀਅਨ ਡਾਲਰ




ਅਤੇ 2021 ਵਿੱਚ 33 ਬਿਲੀਅਨ ਡਾਲਰ ਦਾ ਵਪਾਰ ਘਾਟਾ ਹੈ। ਉਹ ਐਫ਼ 35 ਲੜਾਕੂ ਜਹਾਜ਼ ਵੇਚ ਕੇ ਅਤੇ ਹੋਰ ਸੌਦੇਬਾਜ਼ੀਆਂ ਨਾਲ ਕਰੇਗਾ। ਭਾਰਤ ਨੇ ਵੀ ਦਬਾਅ ਵਿੱਚ ਆ ਕੇ ਅਮਰੀਕਨ ਵਿਸਕੀ ਤੇ ਮੋਟਰਸਾਈਕਲ ਤੇ ਟੈਰਿਫ ਘੱਟ ਕੀਤੇ ਹਨ। ਟਰੰਪ ਰੈਸੀਪਰੋਕਲ ਟੈਰਿਫ ਨੀਤੀ 'ਤੇ ਕੰਮ ਕਰ ਰਿਹਾ ਹੈ।

ਵਿਕਲਪਿਕ ਕਰੰਸੀਆਂ ਯੂਰੋ, ਯੂਆਨ ਅਤੇ ਕ੍ਰਿਪਟੋਕਰੰਸੀ ਤੇ ਬ੍ਰਿਕਸ਼ ਵਰਗੀਆਂ ਮੁਦਰਾਵਾਂ ਤੇਜ਼ੀ ਨਾਲ ਵਧ ਰਹੀਆਂ ਹਨ, ਜੋ ਸੰਭਾਵੀ ਤੌਰ 'ਤੇ ਡਾਲਰ ਦੇ ਦਬਦਬੇ ਨੂੰ ਚੁਣੌਤੀ ਦੇ ਰਹੀਆਂ ਹਨ।

ਕੁਝ ਦੇਸ਼, ਜਿਵੇਂ ਕਿ ਚੀਨ ਅਤੇ ਰੂਸ, ਅਮਰੀਕੀ ਡਾਲਰ 'ਤੇ ਆਪਣੀ ਨਿਰਭਰਤਾ ਘਟਾਉਣ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਨ।

ਉੱਭਰ ਰਹੇ ਬਾਜ਼ਾਰਾਂ ਦਾ ਵਧਦਾ ਆਰਥਿਕ ਪ੍ਰਭਾਵ ਅਤੇ ਖੇਤਰੀ ਵਪਾਰ ਸਮਝੌਤਿਆਂ ਦੀ ਵਧਦੀ ਮਹੱਤਤਾ ਸਮੇਂ ਦੇ ਨਾਲ ਡਾਲਰ ਦੇ ਦਬਦਬੇ ਨੂੰ ਘਟਾ ਸਕਦੀ ਹੈ।

ਇਸ ਨੂੰ ਹੱਲ ਕਰਨ ਲਈ ਅਮਰੀਕਾ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਵਰਤ ਰਿਹਾ ਹੈ। ਉਹ ਨੀ ਚਾਹੁੰਦਾ ਕਿ ਡਾਲਰ ਦਾ ਬਦਲ ਕੋਈ ਹੋਰ ਕਰੰਸੀ ਬਣੇ। ਬ੍ਰਿਕਸ ਵਰਗੇ ਗਰੁੱਪ ਨੂੰ ਅਮਰੀਕਾ ਧਮਕੀ ਦੇ ਚੁੱਕਾ ਹੈ ਕਿ ਟਰਾਂਜ਼ੈਕਸ਼ਨ ਡਾਲਰ ਵਿੱਚ ਹੀ ਕਰਨਾ ਪਵੇਗੀ ਤੇ ਭਾਰਤ ਇਸ ਗਰੁੱਪ ਵਿਚੋਂ ਪਿੱਛੇ ਹਟਦਾ ਦਿਸ ਰਿਹਾ ਹੈ। ਫਿਲਹਾਲ ਦੀ ਘੜੀ ਅਮਰੀਕਾ ਆਪਣੀ ਪੂਰੀ ਵਾਹ ਲਾ ਰਿਹਾ। ਪਰ ਕਹਿੰਦੇ ਨੇ ਵਕਤ ਜ਼ਰੂਰ ਬਦਲਦਾ ਹੈ। ਚੀਨ, ਭਾਰਤ, ਰੂਸ ਤੇ ਕੋਈ ਹੋਰ ਅਰਥਵਿਵਸਥਾ ਤੇਜ਼ੀ ਨਾਲ ਵਧ ਰਹੀਆਂ ਹਨ। ਆਉਣ ਵਾਲੇ ਸਮੇਂ ਵੀ ਕੁਝ ਨਵਾਂ ਦੇਖਣ ਨੂੰ ਮਿਲ ਸਕਦਾ ਹੈ। ਪਰ ਫਿਲਹਾਲ ਇਨ੍ਹਾਂ ਚੁਣੌਤੀਆਂ ਦੇ ਬਾਵਜੂਦ, ਅਮਰੀਕੀ ਡਾਲਰ ਦੁਨੀਆਂ ਦੀ ਮੁੱਖ ਰਿਜ਼ਰਵ ਮੁਦਰਾ ਬਣੇ ਰਹਿਣ ਦੀ ਸੰਭਾਵਨਾ ਹੈ ਤੇ ਡਾਲਰ ਦਾ ਨਾਮ ਅਜੇ ਚੱਲਦਾ ਰਹੇਗਾ ਤੇ ਤੂਤੀ ਬੋਲਦੀ ਰਹੇਗੀ।

# ਚਿੱਠੀ ਲੈ ਜਾ ਵੇ ਕਾਸਦਾ ਮੇਰੀ . . .

**ਜਗਤਾਰ ਸਿੰਘ ਮਾਨਸਾ**



ਚਿੱਠੀ, ਖ਼ਤ, ਪੱਤਰ ਦਾ ਇਹ ਤਾਂ ਨਹੀਂ ਪਤਾ ਕਿ ਇਸ ਦਾ ਮਨੁੱਖ ਨਾਲ ਕਦੋਂ ਦਾ ਸਬੰਧ ਹੈ ? ਪਰ ਇਹ ਹੈ ਬਹੁਤ ਪੁਰਾਣਾ। ਚਿੱਠੀ ਦਾ ਸ਼ਬਦੀ ਅਰਥ ਸੰਦੇਸ਼ ਭੇਜਣਾ ਜਾਂ ਪ੍ਰਾਪਤ ਕਰਨਾ ਅਤੇ ਸੰਦੇਸ਼ ਰਾਹੀਂ ਹੀ ਆਪਸੀ ਗੱਲਬਾਤ ਕਰਨ ਤੋਂ ਹੈ। ਇਤਿਹਾਸ ਵਿੱਚ ਵੀ ਬਹੁਤ ਸਾਰੇ ਇਸ ਤਰ੍ਹਾਂ ਦੇ ਲਿਖੇ ਸੰਦੇਸ਼ ਪੱਤਰ ਮਿਲਦੇ ਹਨ। ਜਦੋਂ ਤੋਂ ਲਿੱਪੀ ਹੋਂਦ ਵਿੱਚ ਆ ਗਈ, ਸੰਦੇਸ਼ ਭੇਜਣੇ ਸ਼ੁਰੂ ਹੋ ਗਏ ਸਨ। ਚਿੱਠੀਆਂ ਪਹਿਲਾਂ ਕਬੂਤਰਾਂ ਜਾਂ ਕਾਸਦਾਂ ਦੁਆਰਾ ਭੇਜੀਆਂ ਜਾਂਦੀਆਂ ਸਨ। ਇਸ ਤੋਂ ਹੀ ਮੌਜੂਦਾ ਡਾਕਖਾਨਾ ਪੈਦਾ ਹੋਇਆ। ਡਾਕੀਏ ਨੂੰ ਪ੍ਰਾਹੁਣੇ ਵਾਂਗ ਉਡੀਕਿਆ ਜਾਂਦਾ ਸੀ। ਉਸ ਦੀ ਟਹਿਲ ਸੇਵਾ ਵੀ ਹੁੰਦੀ ਸੀ। ਉਸ ਨੂੰ ਚੰਗੀ ਖ਼ਬਰ ਲਈ ਸ਼ਗਨ ਵੀ ਦਿੱਤੇ ਜਾਂਦੇ ਸਨ। ਇਹ ਕੰਮ ਵੱਡੀ ਪੱਧਰ 'ਤੇ ਸਮਾਜ ਦਾ ਹਿੱਸਾ ਬਣਿਆ। ਵੀਹ ਕੁ ਸਾਲ ਪਹਿਲਾਂ ਇਨ੍ਹਾਂ ਦਾ ਪ੍ਰਚਲਣ ਆਮ ਸੀ। ਟੈਲੀਫੋਨ ਦਾ ਯੁੱਗ ਸ਼ੁਰੂ ਹੋਇਆ ਤਾਂ ਚਿੱਠੀ ਹਾਸ਼ੀਏ 'ਤੇ ਜਾਣ ਲੱਗੀ ਤਾਂ ਸੱਜਣਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਨੇ ਚਿੱਠੀਆਂ ਲਿਖਣੀਆਂ ਛੱਡ ਦਿੱਤੀਆਂ। ਗੀਤ ਆਉਣ ਲੱਗੇ;

ਤੁਸੀਂ ਚਿੱਠੀਆਂ ਪਾਉਣੀਆਂ ਭੁੱਲਗੇ

ਜਦੋਂ ਦਾ ਟੈਲੀਫੋਨ ਲੱਗਿਆ।

ਚਿੱਠੀ ਮਿੱਤਰ, ਰਿਸ਼ਤੇਦਾਰ ਨੂੰ ਲਿਖੀ ਹੋਈ, ਦਫ਼ਤਰੀ ਚਿੱਠੀ, ਪ੍ਰੇਮ ਪੱਤਰ, ਸਿਫਾਰਸ਼ੀ ਚਿੱਠੀ, ਬੇਰੰਗ ਚਿੱਠੀ, ਦੁੱਖ ਦੀ ਚਿੱਠੀ, ਨੌਕਰੀ ਦੀ ਚਿੱਠੀ, ਵਿਆਹ ਦੀ ਸਾਹਿ ਚਿੱਠੀ, ਬੈਂਕ ਦੀ ਚਿੱਠੀ ਦੇ ਰੂਪ ਵਿੱਚ ਮਿਲਦੀਆਂ ਹਨ। ਇਤਿਹਾਸ ਵਿੱਚ ਕਈ ਪ੍ਰਸਿੱਧ ਚਿੱਠੀਆਂ ਦਾ ਜ਼ਿਕਰ ਮਿਲਦਾ ਹੈ। ਆਇਨਸਟਾਈਨ ਦੇ ਅਧਿਆਪਕ ਦੁਆਰਾ ਆਇਨਸਟਾਈਨ ਦੀ ਨਾਲਾਇਕੀ ਬਾਰੇ ਉਸ ਦੀ ਮਾਤਾ ਨੂੰ ਲਿਖੀ ਚਿੱਠੀ, ਜਿਸ ਨੂੰ ਉਸ ਦੀ ਮਾਂ ਨੇ ਲੁਕੋ ਲਿਆ ਸੀ, ਪਰ ਉਹ ਇੱਕ ਵੱਡਾ ਵਿਗਿਆਨੀ ਬਣਿਆ। ਉਹ ਚਿੱਠੀ ਬਾਅਦ ਵਿੱਚ ਆਇਨਸਟਾਈਨ ਨੇ ਪੜ੍ਹੀ, ਜਿਸ ਵਿੱਚ ਉਸ ਨੂੰ ਨਾਲਾਇਕ ਲਿਖਿਆ ਗਿਆ ਸੀ, ਪਰ ਉਸ ਦੀ ਮਾਂ ਦੀ ਮਿਹਨਤ ਨੇ ਉਹ ਪੱਤਰ ਗ਼ਲਤ ਸਾਬਤ ਕਰ ਦਿੱਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਔਰੰਗਜ਼ੇਬ ਨੂੰ ਭੇਜਿਆ ਜ਼ਫ਼ਰਨਾਮਾ, ਉਸ ਦੇ ਜ਼ੁਲਮ ਦੇ ਖ਼ਿਲਾਫ਼ ਫ਼ਤਿਹ ਦੀ ਚਿੱਠੀ ਦੇ ਤੌਰ 'ਤੇ ਮੰਨਿਆ ਜਾਂਦਾ ਹੈ। ਇਹ ਸਿੱਖ ਇਤਿਹਾਸ ਵਿੱਚ ਵੱਡਾ ਤੇ ਉੱਚਾ ਪੱਤਰ ਮੰਨਿਆ ਜਾਂਦਾ ਹੈ। ਮਹਾਰਾਣੀ ਜਿੰਦਾਂ, ਖ਼ਾਲਸਾ ਰਾਜ ਦੀ ਚਿੰਤਾਜਨਕ ਸਥਿਤੀ ਉੱਤੇ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਚਿੱਠੀ ਲਿਖਦੀ ਹੈ।

ਕਾਲੇ ਪਾਣੀ ਵਿੱਚੋਂ ਕਿਸ਼ਨੇ ਦੀ ਲਿਖੀ ਚਿੱਠੀ ਜਿਉਣੇ ਮੌੜ ਨੂੰ ਬਦਲਾ ਲੈਣ ਲਈ ਪ੍ਰੇਰਿਤ ਕਰਦੀ ਹੈ। ਇਹ ਡੋਗਰ ਦੀ ਮੌਤ ਦਾ ਕਾਰਨ ਬਣਦੀ ਹੈ:



ਕਾਲੇ ਪਾਣੀਓਂ ਮੌੜ ਨੂੰ ਖ਼ਤ ਕਿਸ਼ਨੇ ਪਾਇਆ

ਬਦਲਾ ਲੈ ਲਈਂ ਜਿਉਂਣਿਆ ਜੇ ਮਾਂ ਦਾ ਜਾਇਆ।

ਅੱਜਕੱਲ੍ਹ ਰਾਜਨੀਤੀ ਵਿੱਚ ਸਿਫਾਰਸ਼ੀ ਚਿੱਠੀਆਂ ਦੀ ਚਰਚਾ ਬਹੁਤ ਰਹਿੰਦੀ ਹੈ ਕਿ ਕਿਸੇ ਅਹੁਦੇ ਲਈ ਚਿੱਠੀ ਵਿੱਚੋਂ ਕਿਸ ਦਾ ਨਾਮ ਨਿਕਲਦਾ ਹੈ। ਪਹਿਲਾਂ ਘਰਾਂ ਵਿੱਚ ਭੈਣ-ਭਾਈ ਦੀ ਖੈਰ ਸੁੱਖ ਵਜੋਂ ਫ਼ੌਜੀ ਦੀ ਚਿੱਠੀ ਬਹੁਤ ਉਡੀਕੀ ਜਾਂਦੀ ਸੀ। ਜੇਕਰ ਆ ਜਾਂਦੀ ਤਾਂ ਜ਼ਿਆਦਾਤਰ ਲੋਕ ਅਨਪੜ੍ਹ ਹੋਣ ਕਾਰਨ ਆਂਢ ਗੁਆਂਢ ਵਿੱਚੋਂ ਕੋਈ ਨਾ ਕੋਈ ਪੰਜ ਚਾਰ ਜਮਾਤਾਂ ਪੜ੍ਹਿਆ ਬੰਦਾ ਲੱਭਿਆ ਜਾਂਦਾ ਸੀ। ਪੜ੍ਹਕੇ ਚਿੱਠੀ ਕਿਸੇ ਤਾਰ ਵਿੱਚ ਪਾ ਕੇ ਟੰਗ ਦਿੱਤੀ ਜਾਂਦੀ। ਵਰ੍ਹਿਆਂ ਤੱਕ ਇਹ ਇੰਝ ਹੀ ਸੰਭਾਲੀਆਂ ਹੋਈਆਂ ਪਈਆਂ ਰਹਿੰਦੀਆਂ ਸਨ। ਵਾਪਸੀ ਚਿੱਠੀ ਵੀ ਭੇਜੀ ਜਾਂਦੀ ਸੀ।

ਚਿੱਠੀ ਲਿਖਣੀ ਵੀ ਕਲਾ ਹੈ, ਕਈਆਂ ਨੂੰ ਬੜੀਆਂ ਸੋਹਣੀਆਂ ਚਿੱਠੀਆਂ ਲਿਖਣੀਆਂ ਆਉਂਦੀਆਂ ਹੁੰਦੀਆਂ ਹਨ। ਸੋਹਣੇ ਸ਼ਬਦਾਂ ਦੀ ਚੋਣ ਵੀ ਇੱਕ ਕਲਾ ਹੈ। ਵਧੀਆ ਢੰਗ ਨਾਲ ਲਿਖੀ ਚਿੱਠੀ ਵੱਡੇ ਵੱਡੇ ਕੰਮ ਕਰਵਾ ਦਿੰਦੀ ਹੈ। ਲਿਖਤੁਮ ਮਤਲਬ ਪਹਿਲਾਂ ਲਿਖਣ ਵਾਲੇ ਦਾ ਨਾਮ ਲਿਖਿਆ ਜਾਂਦਾ, ਫਿਰ ਖੈਰ ਸੁੱਖ, ਫਿਰ ਘਰਾਂ ਦੇ ਫ਼ਿਕਰ ਫਾਕੇ। ਇਸ ਲਈ ਚਿੱਠੀ ਲਿਖਣ ਵਾਲਾ ਪਹਿਲਾਂ ਕੋਈ ਵਿਸ਼ਵਾਸਯੋਗ ਵਿਅਕਤੀ ਲੱਭਣਾ ਜਾਂ ਫਿਰ ਇਹ ਕੰਮ ? ਡਾਕੀਏ ਤੋਂ ਕਰਵਾਇਆ ਜਾਂਦਾ ਸੀ;

ਚਿੱਠੀ ਲਿਖਦੇ ਪਾੜ੍ਹਿਆ ਮੇਰੀ
ਪਤਾਸੇ ਪੰਜ ਤੂੰ ਲੈ ਲਈਂ।

ਆਸ਼ਕ ਦੀ ਮਸ਼ੂਕ ਨੂੰ ਪਹਿਲੀ ਚਿੱਠੀ ਸਭ ਤੋਂ ਔਖੀ ਲਿਖੀ ਜਾਂਦੀ ਸੀ। ਉਸ ਨੂੰ ਪਤਾ ਨਹੀਂ ਕਿੰਨੇ ਕਾਗਜ਼ ਖ਼ਰਾਬ ਕਰਨੇ ਪੈਂਦੇ ਸਨ। ਇਹੀ ਸੁਆਲ ਵੱਡਾ ਹੁੰਦਾ ਸੀ ਕਿ ਕਿਵੇਂ ਤੇ ਕੀ ਲਿਖਾਂ ? ਹੁਣ ਮੋਬਾਈਲ ਨੇ ਸਭ ਆਸਾਨ ਕਰ ਦਿੱਤਾ ਹੈ। ਨਾਲ ਹੀ ਲਿਖੇ ਲਿਖਾਏ ਫਾਰਮੈਟ ਵੀ ਮਿਲ ਜਾਂਦੇ ਹਨ। ਈਮੇਲ ਵੀ ਇਸੇ ਦਾ ਰੂਪ ਹੈ। ਬਹੁਤੀ ਵਾਰ ਚਿੱਠੀ ਕਿਸੇ ਖ਼ਾਸ ਵਿਅਕਤੀ ਲਈ ਭੇਜੀ ਹੋਵੇ ਤਾਂ ਬਾਹਰ ਲਿਖਿਆ ਹੁੰਦਾ ਹੈ ਕਿ ਇਸ ਨੂੰ ਉਹੀ ਵਿਅਕਤੀ ਖੋਲ੍ਹੇ, ਪਰ ਅਸੀਂ ਇਹ ਸਲੀਕੇ ਘੱਟ ਹੀ ਸਿੱਖੇ ਹਨ। ਲੋਕ ਚੋਰੀ ਚੋਰੀ ਦੂਜਿਆਂ ਦੇ ਦਸਤਾਵੇਜ਼ ਪੜ੍ਹਨ ਲਈ ਮੌਕੇ ਦੀ ਤਾਕ ਵਿੱਚ ਰਹਿੰਦੇ ਹਨ। ਪਹਿਲਾਂ ਕਈ ਵਾਰੀ ਸਾਦੇ ਕਾਗਜ਼ 'ਤੇ ਲਿਖ ਕੇ ਵੀ ਚਿੱਠੀ ਪਾ ਦਿੱਤੀ ਜਾਂਦੀ ਸੀ, ਇਸ ਨੂੰ ਬੇਰੰਗ ਚਿੱਠੀ ਕਿਹਾ ਜਾਂਦਾ ਸੀ;

ਜਦ ਆਉਂਦੀਆਂ ਕਲੇਜੇ ਸੱਲ ਪਾਉਂਦੀਆਂ

ਤੇਰੀਆਂ ਬੇਰੰਗ ਚਿੱਠੀਆਂ।

ਸਾਹਿ ਬੰਨ੍ਹੀ ਚਿੱਠੀ ਸਾਦੇ ਕਾਗਜ਼ 'ਤੇ ਮੌਲੀਆਂ ਬੰਨ੍ਹ ਕੇ ਹਲਦੀ ਲਾ ਕੇ ਭੇਜੀਆਂ ਜਾਂਦੀਆਂ ਹਨ। ਅਜਿਹੀ ਚਿੱਠੀ ਨੂੰ ਲੋਕ ਬੇਸਬਰੀ ਨਾਲ ਉਡੀਕਦੇ ਹਨ। ਅੱਜਕੱਲ੍ਹ ਬਾਜ਼ਾਰ ਵਿੱਚ ਸੋਹਣੀਆਂ ਸੋਹਣੀਆਂ ਰੇਡੀਮੇਡ ਚਿੱਠੀਆਂ ਮਿਲਦੀਆਂ ਹਨ। ਅਜਿਹੀਆਂ ਚਿੱਠੀਆਂ ਆਉਣ 'ਤੇ ਭੰਗੜੇ ਪੈਂਦੇ ਨੇ ਅਤੇ ਗੀਤ ਗਾਏ ਜਾਂਦੇ ਨੇ;

ਸ਼ਗਨਾਂ ਵਾਲੀ ਵੀਰ ਦੀ
ਸਾਹਿ ਚਿੱਠੀ ਮੈਂ ਤੇਲ ਚੋ ਚੋ ਲੰਘਾਈ
ਮੈਂ ਵਾਰੀ।
***
ਸਹੁਰੇ ਰਾਜੇ ਸਾਹਿ ਬੰਨ੍ਹਿਆ
ਵੀਰੇ ਬਾਬਲ ਸ਼ਗਨ ਮਨਾਏ
ਮੈਂ ਵਾਰੀ।
***
ਮੰਨ ਵਧਾਈਆਂ ਮਾਂ ਰਾਣੀਏ
ਤੇਰੇ ਘਰ ਸ਼ਗਨ ਆਏ
ਮੈਂ ਵਾਰੀ।

ਇਸ ਤਰ੍ਹਾਂ ਹੀ ਪਾਟੀ ਹੋਈ ਚਿੱਠੀ ਕਿਸੇ ਦੇ ਮਰਨ ਦਾ ਸੁਨੇਹਾ ਮੰਨੀ ਜਾਂਦੀ ਸੀ। ਬਹੁਤੀ ਵਾਰ ਵੈਸੇ ਹੀ ਚਿੱਠੀ ਪਾਟ ਜਾਂਦੀ ਤਾਂ ਰੋਣੇ ਧੋਣੇ ਸ਼ੁਰੂ ਹੋ ਜਾਂਦੇ ਸਨ। ਕਹਿੰਦੇ ਨੇ ਇੱਕ ਵਾਰ ਕਿਸੇ ਮਹਾਜਨ ਪਰਿਵਾਰ ਦੇ ਘਰ ਲੰਡੇ ਇਬਾਰਤ ਵਿੱਚ ਲਿਖੀ ਹੋਈ ਚਿੱਠੀ ਆਈ ਕਿ ਲਾਲਾ ਜੀ ਅਜਮੇਰ ਗਏ। ਅੱਗੇ ਵਾਲਿਆਂ ਨੇ ਲਗਾਂ-ਮਾਤਰਾਂ ਗ਼ਲਤ ਸਮਝ ਲਈਆਂ। ਉਨ੍ਹਾਂ ਲਿਖਿਆ ਹੋਇਆ ਪੜ੍ਹਿਆ ਕਿ ਲਾਲਾ ਜੀ ਅੱਜ ਮਰ ਗਏ। ਰੋਣੇ ਧੋਣੇ ਸ਼ੁਰੂ ਹੋ ਗਏ। ਮੇਰੇ ਮਾਮਾ ਜੀ ਨੇ ਫ਼ੌਜ ਵਿੱਚੋਂ ਚਿੱਠੀ ਲਿਖੀ ਕਿ ਮੇਰਾ ਟੌਵਲ ਭੇਜ ਦਿਓ, ਪੜ੍ਹਨ ਵਾਲੇ ਨੂੰ ਅੰਗਰੇਜ਼ੀ ਨਾ ਆਵੇ। ਉਹ ਟੁੱਟੀ ਫੁੱਟੀ ਅੰਗਰੇਜ਼ੀ ਪੜ੍ਹ ਕਹਿੰਦਾ ਤਬਲਾ ਮੰਗਵਾਇਆ ਹੈ। ਮੇਰੀ ਨਾਨੀ ਮਿੱਟੀ ਦਾ ਵਧੀਆ ਤਬਲਾ ਚੁੱਕੀ ਫਿਰੇ।

(ਬਾਕੀ ਸਫ਼ਾ 31 'ਤੇ)

# ਦਿਲਜੋਈ ਸਭ ਨੂੰ ਲੋੜੀਏ



**ਰਾਬਿੰਦਰ ਸਿੰਘ ਰੱਬੀ**

ਢਾਰਸ ਦੇਣਾ ਭਾਵ ਕਿਸੇ ਥੱਕੇ-ਟੁੱਟੇ, ਡਿੱਗੇ ਬੰਦੇ ਨੂੰ ਹੌਸਲਾ ਦੇਣਾ ਅਤੇ ਉਸ ਦੀ ਪਿੱਠ ਥਪਥਪਾਉਣਾ, ਉਸ ਦੀ ਹਾਂ 'ਚ ਹਾਂ ਭਰ ਕੇ ਉਸ ਨੂੰ ਖੜ੍ਹਨਯੋਗ ਬਣਾਉਣਾ। ਬੰਦਾ ਸਮਾਜਿਕ ਪ੍ਰਾਣੀ ਹੈ ਅਤੇ ਸਮਾਜ 'ਚ ਰਹਿੰਦਿਆਂ ਉਹ ਆਪਣੇ ਘਰ, ਮੁਹੱਲੇ, ਸ਼ਹਿਰ ਅਤੇ ਇਲਾਕੇ ਵਿੱਚ ਰਿਸ਼ਤੇ ਸਿਰਜ ਲੈਂਦਾ ਹੈ। ਕੁਝ ਰਿਸ਼ਤੇ ਪਰਿਵਾਰਕ ਹੁੰਦੇ ਹਨ ਅਤੇ ਕੁਝ ਸਮਾਜਿਕ। ਜੋ ਰਿਸ਼ਤੇ ਉਸ ਦੇ ਖ਼ੂਨ ਦੇ ਹੁੰਦੇ ਹਨ, ਉਨ੍ਹਾਂ ਰਿਸ਼ਤਿਆਂ ਨੂੰ ਉਸ ਨੂੰ ਚਾਹੁੰਦਿਆਂ ਅਤੇ ਨਾ ਚਾਹੁੰਦਿਆਂ ਮਾਨਤਾ ਦੇਣੀ ਪੈਂਦੀ ਹੈ। ਇਨ੍ਹਾਂ ਰਿਸ਼ਤਿਆਂ ਵਿੱਚੋਂ ਹੀ ਕੁਝ ਰਿਸ਼ਤੇ ਉਸ ਲਈ 'ਜੀ ਦਾ ਜੰਜਾਲ' ਬਣ ਜਾਂਦੇ ਹਨ। ਨਿੱਕੀਆਂ-ਨਿੱਕੀਆਂ ਗੱਲਾਂ ਦਾ 'ਬਤੰਗੜ' ਬਣਿਆ ਆਪਾਂ ਹਰ ਰੋਜ਼ ਦੇਖਦੇ ਹਾਂ। ਫ਼ਿਰ ਉਨ੍ਹਾਂ ਰਿਸ਼ਤਿਆਂ 'ਚੋਂ ਹੀ ਕੋਈ ਆ ਕੇ ਜਾਂ ਆਪਣੇ ਨਵੇਂ ਸਿਰਜੇ ਰਿਸ਼ਤਿਆਂ 'ਚੋਂ ਕੋਈ ਬੰਦੇ ਨੂੰ ਢਾਰਸ ਬੰਨ੍ਹਾਉਂਦਾ ਹੈ। ਉਸ ਨੂੰ ਪੈਰਾਂ ਸਿਰ ਖੜ੍ਹੇ ਹੋਣ ਜੋਗੇ ਕਰਦਾ ਹੈ ਤਾਂ ਜੋ ਉਹ ਬੰਦਾ ਸਮਾਜ 'ਚ ਵਿਚਰਨ ਦੇ ਯੋਗ ਹੋ ਸਕੇ।

ਢਾਰਸ ਦੇਣਾ ਵੀ ਇੱਕ ਕਲਾ ਹੈ ਅਤੇ ਇਹ ਕਲਾ ਛੇਤੀ ਕੀਤਿਆਂ ਆਉਂਦੀ ਨਹੀਂ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਜਿਸ ਨੂੰ ਢਾਰਸ ਦਿੱਤਾ ਜਾ ਰਿਹਾ ਹੈ, ਤੁਹਾਨੂੰ ਉਸ ਬਾਰੇ ਪੂਰੀ ਜਾਣਕਾਰੀ ਹੈ। ਉਸ ਦਾ ਕਿੱਤਾ, ਪੜ੍ਹਾਈ, ਲਿਖਾਈ, ਰਿਸ਼ਤੇ-ਨਾਤੇ, ਉਸ ਦੇ ਜਜ਼ਬਾਤ, ਵਿਚਾਰ, ਧਾਰਨਾਵਾਂ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ, ਤਾਂ ਹੀ ਉਸ ਨੂੰ ਸਹੀ ਤਰੀਕੇ ਨਾਲ, ਸਹੀ ਮਾਅਨਿਆਂ 'ਚ ਅਤੇ ਚਿਰ ਸਥਾਈ ਢਾਰਸ ਦੇ ਸਕਦੇ ਹੋ। ਹਾਂ, ਪਰ ਕਈ ਵਾਰ ਅਸੀਂ ਅਣਜਾਣ ਬੰਦਿਆਂ ਨੂੰ ਵੀ ਬਿਨਾਂ ਕੁਝ ਜਾਣੇ ਢਾਰਸ ਦੇ ਸਕਦੇ ਹਾਂ, ਪਰ ਇਹ ਵਕਤੀ ਹੁੰਦਾ ਹੈ। ਵਕਤੀ ਢਾਰਸ ਦੇਣ ਦੀ ਵੀ ਆਪਣੀ ਮਹੱਤਤਾ ਹੈ। ਕਈ ਵਾਰ ਉਸ ਵਕਤ ਲਈ ਹੀ ਬੰਦੇ ਨੂੰ ਢਾਰਸ ਲੋੜੀਂਦਾ ਹੈ ਅਤੇ ਅਜਿਹੇ ਸਮੇਂ ਦਿੱਤੇ ਢਾਰਸ ਨਾਲ ਮਿਲੀ ਕਾਮਯਾਬੀ ਉਸ ਨੂੰ ਚਿਰ ਸਥਾਈ ਪ੍ਰਸੰਨਤਾ ਦੇ ਸਕਦੀ ਹੈ। ਅਗਲੀ ਗੱਲ ਇਹ ਵੀ ਹੈ ਕਿ ਵਕਤੀ ਪ੍ਰਸੰਨਤਾ 'ਚ ਵੀ ਕੋਈ ਬੁਰਾਈ ਨਹੀਂ ਹੈ। ਇਸ ਲਈ ਇਹ ਸਮੇਂ ਅਤੇ ਹਾਲਾਤ ਮੁਤਾਬਕ ਨਿਰਭਰ ਕਰਦਾ ਹੈ ਕਿ ਤੁਹਾਡਾ ਦਿੱਤਾ ਹੋਇਆ ਢਾਰਸ ਵਕਤੀ ਹੈ ਜਾਂ ਚਿਰ ਸਥਾਈ। ਚਲੋ ਕੁਝ ਵੀ ਹੋਵੇ, ਫ਼ਿਰ ਵੀ ਬੰਦਾ ਅੰਦਰੋਂ ਚਾਹੁੰਦੈ ਕਿ ਲੋੜ ਪੈਣ 'ਤੇ ਉਸ ਨੂੰ ਦਿਲਾਸਾ ਦੇਣ ਵਾਲਾ ਕੋਈ ਹੋਵੇ। ਕੋਈ ਉਸ ਦੀ ਬਾਂਹ ਬਣੇ।

ਅਗਲੀ ਗੱਲ ਹੋਰ ਵੀ ਹੈ ਕਿ ਜਿਵੇਂ ਢਾਰਸ ਦੇਣਾ ਇੱਕ ਕਲਾ ਹੈ, ਉਵੇਂ ਢਾਰਸ ਲੈਣਾ ਵੀ ਇੱਕ ਕਲਾ ਹੈ। ਕਈ ਬੰਦੇ ਇਸ ਯੋਗ ਹੀ ਨਹੀਂ ਹੁੰਦੇ ਕਿ ਉਨ੍ਹਾਂ ਨੂੰ ਢਾਰਸ ਦਿੱਤਾ ਜਾ ਸਕੇ ਅਤੇ ਕਈ ਜਨਮ-ਜਨਮਾਂਤਰਾਂ ਲਈ ਢਾਰਸ ਦੀ ਉਡੀਕ 'ਚ ਖੜ੍ਹੇ ਰਹਿੰਦੇ ਹਨ। ਕਈ ਸਦਾ ਹੀ ਆਪਣੇ ਆਪ ਨੂੰ ਤਰਸ ਦੇ ਪਾਤਰ ਦੇ ਰੂਪ 'ਚ ਪੇਸ਼ ਕਰਦੇ ਹਨ ਅਤੇ ਇਸ ਤਰ੍ਹਾਂ ਉਹ ਦੋਵੇਂ ਹੱਥੀਂ ਖ਼ੂਬ 'ਢਾਰਸ ਬਟੋਰਦੇ' ਹਨ। ਅਜਿਹੇ ਲੋਕਾਂ ਬਾਬਤ ਸਾਡਾ ਪੰਜਾਬੀ ਸ਼ਾਇਰ ਇੰਝ ਵਿਚਾਰ ਰੱਖਦਾ ਹੈ;

ਉਹ ਵੀ ਲੋਕ ਨੇ ਜਿਹੜੇ ਪਾਸਾ ਪਰਤਣ ਤੋਂ ਸ਼ਰਮਾਉਂਦੇ ਨੇ।
ਉਹ ਵੀ ਲੋਕ ਨੇ ਏਥੇ ਜਿਹੜੇ ਨਾਗਾਂ ਨੂੰ ਹੱਥ ਪਾਉਂਦੇ ਨੇ।

ਇਹ ਵੀ ਸਹੀ ਹੈ ਕਿ ਅਜਿਹੇ ਲੋਕ ਤਰਸ ਦੇ ਪਾਤਰ ਤਾਂ ਬਣੇ ਰਹਿੰਦੇ ਹਨ, ਪਰ ਆਪਣੀ ਜ਼ਿੰਦਗੀ 'ਚ ਕੋਈ ਮਾਣਮੱਤੀ ਪ੍ਰਾਪਤੀ ਨਹੀਂ ਕਰ ਸਕਦੇ। ਇਹ ਮੰਜ਼ਿਲਾਂ ਦੀਆਂ ਪ੍ਰਾਪਤੀਆਂ ਤੋਂ ਦੂਰ ਹੀ ਰਹਿੰਦੇ ਹਨ ਅਤੇ ਸਮਾਜ 'ਚ ਇੱਕ ਅੰਗਹੀਣ ਪਾਤਰ ਦੇ ਰੂਪ 'ਚ ਸਵੀਕਾਰ ਕਰ ਲਏ ਜਾਂਦੇ ਹਨ, ਪਰ ਢਾਰਸ ਦੇਣ ਵਾਲੇ ਸਾਰੇ ਸਮਾਜ ਨੂੰ ਹੀ ਚਾਹੁੰਦੇ ਹਨ ਕਿ ਇਹ ਸੁਖੀ ਵਸੇ। ਇਸ 'ਚ ਅਜਿਹੇ ਪਾਤਰ ਨਾ ਹੋਣ। ਉਹ ਆਪਣੇ ਸ਼ਬਦਾਂ ਰਾਹੀਂ ਸਾਰੀ ਲੋਕਾਈ ਨੂੰ ਹੀ ਢਾਰਸ ਦਿੰਦੇ ਪ੍ਰਤੀਤ ਹੁੰਦੇ ਹਨ;

ਲੰਘੇ ਝੱਖੜ, ਤੂਫ਼ਾਨ, ਡਿੱਗੇ, ਉੱਠੇ, ਤੁਰੇ, ਹੱਸੇ,
ਦਿਲੋਂ ਨਿਕਲੇ ਦੁਆ, ਸਦਾ ਧਰਤ ਸੁਖੀ ਵੱਸੇ।

ਆਪਾਂ ਆਪਣੇ ਆਲੇ-ਦੁਆਲੇ ਅਜਿਹੇ ਵਰਤਾਰੇ ਦੇਖ ਸਕਦੇ ਹਾਂ। ਇਤਿਹਾਸ, ਮਿਥਿਹਾਸ 'ਚੋਂ ਇਸ ਤਰ੍ਹਾਂ ਦੀਆਂ ਉਦਾਹਰਨਾਂ ਸੁਣੀਆਂ-ਸੁਣਾਈਆਂ ਜਾ ਸਕਦੀਆਂ ਹਨ, ਜਿੱਥੇ ਢਾਰਸ ਦੇਣ ਨਾਲ ਬੰਦੇ ਨੇ ਹੇਠਲੀ ਉੱਤੇ ਕਰ ਦਿੱਤੀ। ਢਾਰਸ ਮੱਲ੍ਹਮ ਹੈ, ਦਵਾ ਹੈ, ਬੂਟੀ, ਤਾਕਤ ਅਤੇ ਸ਼ਕਤੀ ਹੈ। ਇਸ ਲਈ ਜਿਵੇਂ ਪਹਿਲਾਂ ਹੀ ਲਿਖਿਆ ਜਾ ਚੁੱਕਾ ਹੈ ਕਿ ਜੇਕਰ ਗ਼ਲਤ ਬੰਦੇ ਨੂੰ ਢਾਰਸ ਦਿੱਤੀ ਗਈ ਤਾਂ ਹੋ ਸਕਦੈ ਕਿ ਉਹ ਹੋਰ ਵੀ ਬਿਮਾਰ ਹੋ ਜਾਵੇ। ਫ਼ਿਰ ਢਾਰਸ ਵਿੱਚ ਵੀ ਫ਼ਰਕ ਹੈ। ਕਿਸੇ ਨੂੰ ਕਿਸੇ ਦੀ ਢਾਰਸ ਰਾਸ ਆਉਂਦੀ ਹੈ, ਕਿਸੇ ਨੂੰ ਕਿਸੇ ਦੀ। ਢਾਰਸ ਜਾਂ ਦਿਲਾਸਾ ਕਈ ਵਾਰ ਉਂਝ ਵੀ ਮਨ ਨੂੰ ਦਿੱਤਾ ਜਾਂਦਾ ਹੈ ਤਾਂ ਜੋ ਮਨ ਨੂੰ ਸੱਚਾ-ਝੂਠਾ ਧਰਵਾਸ ਰਹੇ। ਗ਼ਫ਼ੂਰ ਸ਼ਾਹਿਦ ਇਸੇ ਲਈ ਬਿਆਨਦਾ ਹੈ;

ਦਿਲ ਨੂੰ ਦਿਲਾਸਾ ਦੇਣ ਲਈ, ਝੁੱਗੀਆਂ ਦੇ ਬਾਦਸ਼ਾਹ,
ਪੁੱਤਰ ਨੂੰ 'ਰਾਜਾ' ਆਖਦੇ, ਧੀਆਂ ਨੂੰ 'ਰਾਣੀਆਂ'।

ਉਂਝ ਢਾਰਸ ਅਤੇ ਹੌਸਲੇ ਵਿੱਚ ਵੀ ਮਹੀਨ ਜਿਹਾ ਫ਼ਰਕ ਹੁੰਦੈ। ਤੁਸੀਂ ਕਿਸੇ ਨੂੰ ਢਾਰਸ ਬੰਨ੍ਹਾਉਂਦੇ ਹੋ, ਹੌਸਲਾ ਦਿੰਦੇ ਹੋ, ਪਰ ਹੌਸਲਾ ਆਪਣੇ ਆਪ ਵਿੱਚ ਵੀ ਵੱਡੇ ਅਰਥ ਕਲਾਵੇ 'ਚ ਲਈ ਬੈਠਾ ਹੈ। ਢਾਰਸ ਉਸ ਪਰਬਤ ਨੁਮਾਂ ਸ਼ਬਦ ਅੱਗੇ ਬੌਣਾ ਵਿਖਾਈ ਦਿੰਦਾ ਹੈ, ਪਰ ਢਾਰਸ ਸ਼ਬਦ ਨੂੰ ਢਾਰਸ ਦੇਣ ਲਈ ਹੌਸਲਾ ਉਸ ਦੇ ਸਮਾਨਆਰਥਕ ਹੀ ਭੁਗਤਦਾ ਹੈ। ਸ਼ਾਇਰ ਡਾ. ਜਗਤਾਰ ਕਹਿ ਰਿਹਾ ਹੈ;

ਹੌਸਲਾ ਕਰ, ਹੰਝੂਆਂ ਨੂੰ ਖ਼ਾਕ ਨਾ ਕਰ, ਧੀਰ ਧਰ,
ਨਾ ਪਿਘਲਦੇ ਨੇ, ਨਾ ਪੱਥਰ ਪਾਟਦੇ ਆਹਾਂ ਦੇ ਨਾਲ।

ਹੁਣ ਇੱਥੇ ਸ਼ਬਦ ਹੌਸਲਾ ਢਾਰਸ ਦੇ ਰੂਪ 'ਚ ਹੀ ਸਾਡੇ ਸਾਹਮਣੇ ਆਇਆ ਹੈ। ਢਾਰਸ ਹੌਸਲੇ ਨਾਲ ਹੀ ਮਿਲਦਾ ਹੈ, ਹਮਦਰਦੀ ਨਾਲ ਨਹੀਂ। ਹਮਦਰਦੀ ਅਤੇ ਢਾਰਸ ਦਾ ਵੀ ਹੌਸਲੇ ਵਾਂਗ ਬੜਾ ਮਹੀਨ ਜਿਹਾ ਰਿਸ਼ਤਾ ਹੈ। ਹਮਦਰਦੀ ਵਜੋਂ ਵੀ ਕਈ ਬੰਦੇ ਢਾਰਸ ਬੰਨ੍ਹਾ ਸਕਦੇ ਹਨ ਅਤੇ ਕਈ ਬਿਨਾਂ ਹਮਦਰਦੀ ਵੀ। ਇਸ ਲਈ ਅਜਿਹੇ ਸਮੇਂ ਇਹ ਸ਼ਬਦ ਆਪਸ ਵਿੱਚ ਮਿਲਗੋਭਾ ਰੂਪ ਧਾਰਨ ਨਹੀਂ ਕਰਦੇ ਜਿਵੇਂ ਢਾਰਸ ਅਤੇ ਹੌਸਲਾ ਕਰਦੇ ਹਨ। ਆਪਾਂ ਇਸ ਗੱਲ ਨੂੰ ਸਮਝਣ ਲਈ ਇੱਕ ਹੋਰ ਸ਼ਿਅਰ ਨੂੰ ਵੀ ਵੇਖ ਸਕਦੇ ਹਾਂ;

ਕਦੇ ਇਹ ਹੌਸਲਾ ਦਿੰਦੈ, ਕਦੇ ਜੰਜਾਲ ਹੁੰਦਾ ਹੈ,
ਮੈਂ ਭਾਵੇਂ ਸਫ਼ਰ ਵਿੱਚ ਹੋਵਾਂ, ਮੇਰਾ ਘਰ ਨਾਲ ਹੁੰਦਾ ਹੈ।

ਕਈ ਵਾਰ ਆਪਣੇ ਆਪ ਨੂੰ ਵੀ ਢਾਰਸ ਦੇਣਾ ਪੈਂਦੇ। ਹੌਸਲਾ ਦੇਣਾ ਪੈਂਦੈ। ਮਨ ਦਾ ਵੇਗ ਹੁੰਦੈ, ਮਨ ਸਮਝਦੈ, ਪਰ ਫ਼ਿਰ ਵੀ ਆਪਣੀ ਜ਼ਮੀਰ ਅੱਗੇ ਸੱਚੇ ਹੋਣ ਲਈ ਮਨ ਨੂੰ ਢਾਰਸ ਦੇਣ ਦਾ ਮੌਕਾ ਕੱਢਿਆ ਜਾਂਦੈ;

ਮੇਰੀ ਬੇਟੀ ਬਰਾਬਰ ਹੁੰਦੀਆਂ ਨਹੀਂ ਉਂਗਲੀਆਂ ਪੰਜੇ
ਉਹਨੂੰ ਸਮਝਾ ਕੇ ਆਪਣੇ ਆਪ ਨੂੰ ਵੀ ਹੌਸਲਾ ਦਿੰਨਾਂ।

ਢਾਰਸ ਦੇ ਰੰਗ ਅਜੀਬ ਅਤੇ ਅਨੰਤ ਨੇ। ਬੱਚੇ ਵੀ ਆਪਣੇ-ਆਪ ਨੂੰ ਮੂਕ ਢਾਰਸ ਦਿੰਦੇ ਨੇ;

ਮਾਂ ਹੀ ਵਾਪਸ ਆ ਜਾਵੇ, ਬਸ, ਕੀ ਕਰਨੀ ਹੈ ਚੋਗ
ਵਹਿਸ਼ੀ ਰੁੱਤ 'ਚ ਕੀਤੀ ਕੰਬਦੇ ਬੋਟਾਂ ਨੇ ਅਰਦਾਸ।

ਕੁੱਲ ਮਿਲਾ ਕੇ ਢਾਰਸ ਸਾਡੀ ਜ਼ਿੰਦਗੀ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸਾਨੂੰ ਸਾਰਿਆਂ ਨੂੰ ਇਸ ਦੀ ਸੁਯੋਗ ਵਰਤੋਂ ਕਰਨੀ ਚਾਹੀਦੀ ਹੈ ਤਾਂ ਜੋ ਸਮਾਜ 'ਚ ਪਟੜੀ ਲੀਹ ਤੋਂ ਨਾ ਉਤਰੇ ਅਤੇ ਕੁਝ ਲੋਕ, ਜੋ ਲੀਹ ਦੇ ਖੱਬੇ-ਸੱਜੇ ਹੁੰਦੇ ਹਨ, ਉਹ ਲੀਹ 'ਤੇ ਹੀ ਆਪਣੀਆਂ ਪੈੜਾਂ ਪਾਉਣ। ਬਾਕੀ ਹਿੰਮਤੀ ਬੰਦਿਆਂ ਦੇ ਤਾਂ ਕੀ ਕਹਿਣੇ!

# ਪਾਣੀ ਵਾਰ ਬੰਨੇ ਦੀਏ ਮਾਏ . . .

**ਜਸਵਿੰਦਰ ਸਿੰਘ ਰੁਪਾਲ**



ਰੀਤੀ ਰਿਵਾਜ ਅਤੇ ਰਸਮਾਂ ਕਿਸੇ ਵੀ ਸਮਾਜ ਦਾ ਸ਼ੀਸ਼ਾ ਹੁੰਦੀਆਂ ਹਨ। ਇਨ੍ਹਾਂ ਵਿੱਚੋਂ ਉਸ ਸਮੇਂ ਦੇ ਸਮਾਜ ਦੀ ਧਾਰਮਿਕ, ਆਰਥਿਕ ਅਤੇ ਸਮਾਜਿਕ ਹਾਲਤ ਦਾ ਵੀ ਪਤਾ ਲੱਗਦਾ ਹੈ ਅਤੇ ਲੋਕਾਂ ਦੀਆਂ ਲੋੜਾਂ, ਰੁਚੀਆਂ, ਡਰ, ਝੁਕਾਅ, ਪਸੰਦ ਅਤੇ ਨਾ ਪਸੰਦ ਦਾ ਵੀ ਗਿਆਨ ਹੁੰਦਾ ਹੈ। ਪੰਜਾਬੀ ਲੋਕਧਾਰਾ ਵਿੱਚ ਅਸੀਂ ਜਨਮ ਤੋਂ ਮਰਨ ਤੱਕ ਬੇਅੰਤ ਕਿਸਮ ਦੇ ਰੀਤੀ ਰਿਵਾਜਾਂ ਬਾਰੇ ਪੜ੍ਹਦੇ ਸੁਣਦੇ ਹਾਂ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਰੀਤੀ ਰਿਵਾਜ ਕੁਝ ਉਸੇ ਰੂਪ ਵਿੱਚ ਤੇ ਕੁਝ ਰੂਪ ਵਟਾ ਕੇ ਅੱਜ ਵੀ ਪ੍ਰਚੱਲਿਤ ਹਨ ਕਿਉਂਕਿ ਇਹ ਰਿਵਾਜ ਆਪਣੇ ਸਮੇਂ ਦੀਆਂ ਲੋੜਾਂ ਅਤੇ ਬਿਰਤੀਆਂ ਵਿੱਚੋਂ ਪੈਦਾ ਹੋਏ ਹੁੰਦੇ ਹਨ।

ਲੜਕੇ ਦੇ ਵਿਆਹ ਨਾਲ ਸਬੰਧਿਤ ਬਹੁਤ ਸਾਰੀਆਂ ਪ੍ਰਚੱਲਿਤ ਰਸਮਾਂ ਵਿੱਚੋਂ ਇੱਕ ਰਸਮ ਹੈ - ਪਾਣੀ ਵਾਰਨਾ। ਇਹ ਰਸਮ ਉਦੋਂ ਕੀਤੀ ਜਾਂਦੀ ਹੈ ਜਦੋਂ ਲਾੜਾ ਵਿਆਹ ਕਰਵਾ ਕੇ ਡੋਲੀ ਲੈ ਕੇ ਘਰ ਆਉਂਦਾ ਹੈ। ਉਸ ਸਮੇਂ ਲੜਕੇ ਦੀ ਮਾਂ ਨਵ ਵਿਆਹੀ ਜੋੜੀ ਦੇ ਸਿਰ ਉੱਪਰੋਂ ਪਾਣੀ ਵਾਰ ਕੇ ਪੀਂਦੀ ਹੈ। ਇੱਕ ਗੜਵੀ ਵਿੱਚ ਮਿੱਠਾ ਪਾਣੀ ਤਿਆਰ ਕੀਤਾ ਜਾਂਦਾ ਹੈ। ਪਿੱਪਲ ਦੀ ਪੰਜ, ਸੱਤ ਜਾਂ ਨੌਂ ਪੱਤਿਆਂ ਵਾਲੀ ਇੱਕ ਟਾਹਣੀ, ਇਸ ਵਿੱਚ ਰੱਖੀ ਜਾਂਦੀ ਹੈ। ਨਾਲ ਹੀ ਦੁੱਧ ਰਿੜਕਣ ਵਾਲੀ ਮਧਾਣੀ ਦੀ ਨੇਤੀ ਲਈ ਜਾਂਦੀ ਹੈ। ਇੱਕ ਥਾਲੀ ਵਿੱਚ ਤਿੰਨੇ ਵਸਤਾਂ ਯਾਨੀ ਮਿੱਠੇ ਪਾਣੀ ਵਾਲੀ ਗੜਵੀ, ਪਿੱਪਲ ਦੀ ਟਾਹਣੀ ਅਤੇ ਨੇਤੀ ਰੱਖੀ ਜਾਂਦੀ ਹੈ। ਥਾਲੀ ਲਾਗਣ ਨੂੰ ਫੜਾਈ ਜਾਂਦੀ ਹੈ। ਲਾੜਾ ਲਾੜੀ ਚੌਂਕੀ 'ਤੇ ਚੜ੍ਹਦੇ ਵੱਲ ਨੂੰ ਮੂੰਹ ਕਰਕੇ ਖੜ੍ਹੇ ਹੁੰਦੇ ਹਨ। ਲਾੜੇ ਦੀ ਮਾਂ ਜੋੜੀ ਦੇ ਸਿਰ ਦੁਆਲੇ ਪਿੱਪਲ ਦੀ ਟਾਹਣੀ ਅਤੇ ਨੇਤੀ ਨੂੰ ਘੁੰਮਾਉਂਦੀ ਹੈ ਅਤੇ ਫ਼ਿਰ ਗੜਵੀ ਨੂੰ ਜੋੜੀ ਦੇ ਸਿਰ ਉੱਪਰੋਂ ਘੁਮਾ ਕੇ ਪਾਣੀ ਪੀਣ ਲੱਗਦੀ ਹੈ। ਕਈ ਵਾਰ ਨੇਤੀ ਗੜਵੀ ਦੇ ਮੂੰਹ ਨੂੰ ਬੰਨ੍ਹ ਲਈ ਜਾਂਦੀ ਹੈ ਅਤੇ ਪਿੱਪਲ ਵਾਲੀ ਟਾਹਣੀ ਵੀ ਗੜਵੀ ਵਿੱਚ ਹੀ ਰੱਖ ਲਈ ਜਾਂਦੀ ਹੈ। ਮਾਂ ਜਦੋਂ ਪਾਣੀ ਪੀਣ ਲੱਗਦੀ ਹੈ ਤਾਂ ਮੁੰਡਾ ਆਪਣੀ ਮਾਂ ਨੂੰ ਹੋਰ ਪਾਣੀ ਪੀਣ ਤੋਂ ਰੋਕਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿੱਚ ਲਿਖਦੇ ਹਨ, "ਸਿਰ ਉੱਪਰ ਦੀ ਪਾਣੀ ਫ਼ੇਰ ਕੇ ਪੀਣਾ। ਭਾਵ ਇਸ ਦਾ ਇਹ ਹੁੰਦਾ ਹੈ ਕਿ ਪਾਣੀ ਵਾਰਨ ਵਾਲਾ ਆਪਣੇ ਪਿਆਰੇ ਸਬੰਧੀ ਪੁਰ ਆਉਣ ਵਾਲੀ ਬਿਪਤਾ ਨੂੰ ਆਪ ਗ੍ਰਹਿਣ ਕਰਨ ਦਾ ਭਾਵ ਪ੍ਰਗਟ ਕਰਦਾ ਹੈ।"

ਸਪੱਸ਼ਟ ਹੈ ਕਿ ਨਵੀਂ ਬਹੂ ਦਾ ਸਵਾਗਤ ਕਰਨ ਦੇ ਨਾਲ ਨਾਲ ਮਾਂ ਵੱਲੋਂ ਆਪਣੇ ਪੁੱਤ ਅਤੇ ਨੂੰਹ ਦੀਆਂ ਬਲਾਵਾਂ ਆਪਣੇ ਸਿਰ ਲੈਣ ਦੀ ਭਾਵਨਾ ਵਿਅਕਤ ਕੀਤੀ ਜਾਂਦੀ ਹੈ ਅਤੇ ਇਹੀ ਕਾਰਨ ਹੈ ਕਿ ਪੁੱਤਰ ਅਤੇ ਨੂੰਹ ਵੱਲੋਂ ਪਾਣੀ ਪੀ ਰਹੀ ਮਾਂ ਨੂੰ ਵਿੱਚੋਂ ਪਾਣੀ ਪੀਣ ਤੋਂ ਰੋਕਿਆ ਵੀ ਜਾਂਦਾ ਹੈ। ਭਾਵ ਇਹ ਕਿ ਪੁੱਤਰ ਅਤੇ ਨੂੰਹ ਨਹੀਂ ਚਾਹੁੰਦੇ ਕਿ ਉਨ੍ਹਾਂ 'ਤੇ ਆਈ ਹਰ ਬਿਪਤਾ ਮਾਂ ਹੀ ਝੱਲੇ। ਉਹ ਆਪ ਹਰ ਚੰਗੇ ਮਾੜੇ ਸਮੇਂ ਦਾ ਮਿਲਜੁਲ ਕੇ ਸਾਹਮਣਾ ਕਰਨਗੇ, ਇੱਕਲੀ ਮਾਂ ਹੀ ਕਿਉਂ?

ਗੁਰੂ ਨਾਨਕ ਦੇਵ ਜੀ ਆਸਾ ਰਾਗ ਵਿੱਚ 'ਜਿਨ ਸਿਰਿ ਸੋਹਨਿ ਪਟੀਆ' ਵਾਲੇ ਸ਼ਬਦ ਵਿੱਚ ਇਸ ਰਸਮ ਦਾ ਜ਼ਿਕਰ ਕਰਦੇ ਹਨ;

ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥

ਇਸ ਸ਼ਬਦ ਵਿੱਚ ਪਹਿਲਾਂ ਉਹ ਹੁਸਨ ਅਤੇ ਜਵਾਨੀ ਨੂੰ ਸੰਸਾਰ ਵਿੱਚ ਮਿਲਦੇ ਹੋਏ ਮਾਣ ਦਾ ਜ਼ਿਕਰ ਕਰਦੇ ਹਨ। ਜਦੋਂ ਇਹ ਸੁੰਦਰ ਇਸਤਰੀਆਂ ਵਿਆਹ ਕਰਵਾ ਕੇ ਡੋਲੀ ਚੜ੍ਹ ਕੇ ਆਈਆਂ ਸਨ ਤਾਂ ਉਨ੍ਹਾਂ ਦੇ ਕਿੰਨੇ ਚਾਅ ਕੀਤੇ ਗਏ ਸਨ। ਕਿੰਨਾ ਮਾਣ ਸਤਿਕਾਰ ਦਿੱਤਾ ਗਿਆ ਸੀ, ਉਨ੍ਹਾਂ ਦੇ ਸਿਰਾਂ ਤੋਂ ਪਾਣੀ ਵੀ ਵਾਰਿਆ ਗਿਆ ਸੀ ਅਤੇ ਝਲਮਲ ਝਲਮਲ ਕਰਦੇ ਪੱਖੇ ਐਨ ਉਨ੍ਹਾਂ ਉੱਤੇ ਫ਼ੇਰੇ ਜਾਂਦੇ ਸਨ, ਪਰ ਬਾਬਰ ਦੇ ਹਮਲੇ ਕਾਰਨ ਉਨ੍ਹਾਂ ਦੇ ਗਲ਼ਾਂ ਦੁਆਲੇ ਰੱਸੇ ਪਾਏ ਗਏ ਸਨ ਅਤੇ ਉਨ੍ਹਾਂ ਦੀਆਂ ਮੋਤੀਆਂ ਦੀਆਂ ਲੜੀਆਂ ਟੁੱਟ ਗਈਆਂ ਸਨ। ਉਨ੍ਹਾਂ ਦਾ ਧਨ ਅਤੇ ਜੋਬਨ ਹੀ ਉਨ੍ਹਾਂ ਦਾ ਦੁਸ਼ਮਣ ਬਣ ਗਿਆ ਸੀ।

ਵਹੁਟੀ ਦੇ ਘਰ ਦਾਖਲੇ ਸਮੇਂ ਉਸ ਦਾ ਸਵਾਗਤ ਗੀਤਾਂ ਰਾਹੀਂ ਕੀਤਾ ਜਾਂਦਾ ਹੈ। ਲੰਮੀ ਲੈਅ ਉੱਠਦੀ ਹੈ;

ਉਤਰ ਭਾਬੋ ਡੋਲਿਓਂ ਤੂੰ ਦੇਖ ਸਹੁਰੇ ਦਾ ਬਾਰ।
ਕੰਧਾਂ ਚਿੱਟ ਮਚਿੱਟੀਆਂ ਕੋਈ ਕਲੀ ਚਮਕਦਾ ਬਾਰ।

ਫ਼ਿਰ ਪਾਣੀ ਵਾਰਨ ਦੀ ਰਸਮ ਪੂਰੀ ਕੀਤੀ ਜਾਂਦੀ ਹੈ ਤਾਂ ਲਾੜੇ ਦੀਆਂ ਭੈਣਾਂ, ਭੂਆਂ ਆਦਿ ਮਿਲ ਕੇ ਗੀਤ ਗਾਉਂਦੀਆਂ ਹਨ;

ਪਾਣੀ ਵਾਰ ਬੰਨੇ ਦੀਏ ਮਾਏ
ਬੰਨਾ ਬੰਨੀ ਬਾਹਰ ਖੜ੍ਹੇ।
ਸੁੱਖਾਂ ਸੁੱਖਦੀ ਨੂੰ ਇਹ ਦਿਨ ਆਏ
ਬੰਨਾ ਬੰਨੀ ਬਾਹਰ ਖੜ੍ਹੇ।
***
ਅਰਸ਼ਾਂ ਤੋਂ ਬਣ ਕੇ ਜੋੜੀ ਹੈ ਆਈ
ਸਾਕ ਸਬੰਧੀ ਤੈਨੂੰ ਦੇਣ ਨੀ ਵਧਾਈ
ਤੈਨੂੰ ਭਾਗ ਨੇ ਸਤਿਗੁਰ ਨੇ ਲਾਏ
ਬੰਨਾ ਬੰਨੀ ਬਾਹਰ ਖੜ੍ਹੇ।
ਪਾਣੀ ਵਾਰ ਬੰਨੇ ਦੀਏ ਮਾਏ
ਬੰਨਾ ਬੰਨੀ ਬਾਹਰ ਖੜ੍ਹੇ।
***
ਲਾਵਾਂ ਦੋਹਾਂ ਦੇ ਮੂੰਹ ਨੂੰ ਮੈਂ ਚੂਰੀ।
ਦਿਲ ਵਾਲੀ ਰੀਝ ਕੀਤੀ ਰੱਬ ਜੀ ਨੇ ਪੂਰੀ।
ਦਿਨ ਸਾਰਿਆਂ ਨੂੰ ਰੱਬ ਇਹ ਦਿਖਾਏ
ਬੰਨਾ ਬੰਨੀ ਬਾਹਰ ਖੜ੍ਹੇ।
ਪਾਣੀ ਵਾਰ ਬੰਨੇ ਦੀਏ ਮਾਏ
ਬੰਨਾ ਬੰਨੀ ਬਾਹਰ ਖੜ੍ਹੇ।

ਪਾਣੀ ਵਾਰਨ ਦੀ ਰਸਮ ਪਿੱਛੋਂ ਲਾੜਾ ਅਤੇ ਲਾੜੀ ਆਪਣੀ ਮਾਂ/ ਸੱਸ ਦੇ ਪੈਰੀਂ ਹੱਥ ਲਗਾਉਂਦੇ ਹਨ ਅਤੇ ਉਹ ਸਿਰ ਪਲੋਸ ਕੇ ਘੁੱਟ ਕੇ ਗਲਵੱਕੜੀ ਵਿੱਚ ਲੈ ਕੇ ਪਿਆਰ ਦਿੰਦੀ ਹੈ ਅਤੇ ਬੇਸ਼ੁਮਾਰ ਅਸੀਸਾਂ ਵੀ ਦਿੰਦੀ ਹੈ। ਜੇਕਰ ਲਾੜਾ ਪੈਰੀਂ ਹੱਥ ਲਗਾਉਣ ਵਿੱਚ ਜ਼ਰਾ ਵੀ ਦੇਰ ਕਰ ਦੇਵੇ ਤਾਂ ਉਸ ਦੀਆਂ ਭੈਣਾਂ ਗੀਤਾਂ ਰਾਹੀਂ ਵਿਅੰਗਮਈ ਟਕੋਰ ਕਰਦੀਆਂ ਹਨ;

ਅੰਦਰ ਲਿੱਪਾਂ ਬਾਹਰ ਲਿੱਪਾਂ
ਵਿਹੜੇ ਕਰਾਂ ਛਿੜਕਾਅ।
ਤੈਨੂੰ ਮੱਥਾ ਟੇਕਣਾ ਭੁੱਲ ਗਿਆ
ਵੇ ਤੈਨੂੰ ਨਵੀਂ ਬੰਨੋ ਦਾ ਚਾਅ।

ਭੈਣਾਂ ਹੋਰ ਗੀਤਾਂ ਰਾਹੀਂ ਕੁਝ ਮਜ਼ਾਕ ਵੀ ਕਰਦੀਆਂ ਹਨ;

ਅੱਠ ਛੰਨੇ ਨੌਂ ਥਾਲੀਆਂ,
ਵੀਰਾ ਨਾਲ ਨਾ ਲਿਆਇਆ ਸਾਲੀਆਂ।

ਉਹ ਫ਼ਿਰ ਵੀਰ ਵੱਲੋਂ ਵੀ ਆਪ ਹੀ ਜਵਾਬ ਦਿੰਦੀਆਂ ਹਨ;

ਅੱਠ ਛੰਨੇ ਨੌਂ ਥਾਲੀਆਂ,
ਭੈਣੇ ਸਾਲੀਆਂ ਖਸਮਾਂ ਵਾਲੀਆਂ।

ਅਜੋਕੇ ਸਮੇਂ ਵਿੱਚ ਇਨ੍ਹਾਂ ਰਸਮਾਂ ਦੀ ਮਹੱਤਤਾ ਬੇਸ਼ੱਕ ਸਭ ਨਹੀਂ ਜਾਣਦੇ ਹੁੰਦੇ, ਪਰ ਇਨ੍ਹਾਂ ਰਸਮਾਂ ਦੀ ਪੂਰਤੀ ਕਰਨਾ ਹਰ ਵਰਗ ਦੇ ਲੋਕ ਜ਼ਰੂਰੀ ਮੰਨਦੇ ਹਨ। ਮੰਡੀ ਦੇ ਦੌਰ ਵਿੱਚ ਅਤੇ ਮੂਵੀ ਦੀ ਚਕਾਚੌਂਧ ਕਾਰਨ ਇਹ ਚੀਜ਼ਾਂ ਵੀ ਵਪਾਰਕ ਹੋ ਗਈਆਂ ਹਨ। ਚੌਂਕੀ ਬਣੀ ਬਣਾਈ ਮਿਲਣ ਲੱਗ ਪਈ ਹੈ। ਪਾਣੀ ਵਾਰਨ ਵਾਲੀ ਗੜਵੀ ਆਦਿ ਵੀ ਮੁੱਲ ਮਿਲਦੀ ਹੈ ਕਿਉਂਕਿ ਅਜੋਕੀ ਪੀੜ੍ਹੀ ਨੂੰ ਸਬੰਧਿਤ ਗੀਤ ਆਦਿ ਵੀ ਨਹੀਂ ਯਾਦ ਹੁੰਦੇ। ਇਸ ਘਾਟ ਨੂੰ ਪੂਰਾ ਕਰਨ ਲਈ ਵੀ ਮਲਵਈ ਗਿੱਧੇ ਦੀਆਂ ਕੁਸ਼ਲ ਟੀਮਾਂ ਮਿਲ ਜਾਂਦੀਆਂ ਹਨ, ਜਿਹੜੀਆਂ ਇਨ੍ਹਾਂ ਰਸਮਾਂ ਨਾਲ ਸਬੰਧਿਤ ਗੀਤ ਆਦਿ ਪੁਰਾਣੇ ਲੋਕ-ਸਾਜ਼ਾਂ ਨਾਲ ਗਾ ਕੇ ਰੰਗ ਬੰਨ੍ਹ ਦਿੰਦੀਆਂ ਹਨ। ਭਾਵੇਂ ਅੱਜ ਸਭ ਕੁਝ ਮਾਇਆ ਖ਼ਰਚ ਕੇ ਖਰੀਦਿਆ ਅਤੇ ਪੇਸ਼ ਕੀਤਾ ਜਾ ਰਿਹਾ ਹੈ, ਪਰ ਉਨ੍ਹਾਂ ਰਸਮਾਂ ਨੂੰ ਜਿਊਂਦੇ ਰੱਖਣਾ, ਉਨ੍ਹਾਂ ਭਾਵਨਾਵਾਂ ਨੂੰ ਹੰਢਾਉਣਾ ਆਪਣੇ ਅਮੀਰ ਸੱਭਿਆਚਾਰ ਦੀ ਬੜੀ ਵੱਡੀ ਸੇਵਾ ਹੈ ਅਤੇ ਪੰਜਾਬੀ ਇਸ ਕੰਮ ਨੂੰ ਬਹੁਤ ਖ਼ੂਬਸੂਰਤ ਤਰੀਕੇ ਨਾਲ ਕਰ ਰਹੇ ਹਨ।

# ਪੰਜਾਬ ਦੀ ਖੇਤੀ ਵਿੱਚ ਵੱਡੇ ਸੁਧਾਰਾਂ ਦੀ ਲੋੜ

ਜ਼ਮੀਨ ਅਤੇ ਜਲਵਾਯੂ ਦੇ ਆਧਾਰ ’ਤੇ ਸਾਡਾ ਦੇਸ਼ ਕਈ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਇਸ ਕਰ ਕੇ ਹਰ ਖ਼ਿੱਤੇ ਵਿੱਚ ਵਖਰਾ ਵਖਰਾ ਫ਼ਸਲੀ ਚੱਕਰ ਅਪਨਾਇਆ ਜਾਂਦਾ ਹੈ ਅਤੇ ਉਸ ਦੀਆਂ ਵੱਖ-ਵੱਖ ਸਮੱਸਿਆਵਾਂ ਹਨ। ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵੱਖ-ਵੱਖ ਸੁਧਾਰਾਂ ਦੀ ਲੋੜ ਹੈ। ਪੰਜਾਬ ਦੀ ਖੇਤੀ ਵਿੱਚ ਕਿਹੜੇ ਸੁਧਾਰਾਂ ਦੀ ਲੋੜ ਹੈ ਤਾਕਿ ਖੇਤ ਵਿਚੋਂ ਸਥਾਈ ਆਮਦਨ ਹੁੰਦੀ ਵੀ ਰਹੇ ਅਤੇ ਉਸ ਵਿੱਚ ਵਾਧਾ ਵੀ ਹੋਵੇ। ਪੰਜਾਬ ਦੀ ਜ਼ਮੀਨ ਉਪਜਾਊ ਹੈ ਅਤੇ ਤਕਰੀਬਨ 98 ਪ੍ਰਤੀਸ਼ਤ ਵਿੱਚ ਸਿੰਜਾਈ ਦਾ ਪ੍ਰਬੰਧ ਹੈ। ਕਿਸਾਨ ਮਿਹਨਤੀ ਹਨ, ਇਸ ਲਈ ਮੌਸਮ ਨੂੰ ਢੁਕਵੀਂ ਹਰ ਫ਼ਸਲ ਪੈਦਾ ਕੀਤੀ ਜਾ ਸਕਦੀ ਹੈ ਜਿਸ ਦੀ ਮੰਡੀ ਵਿੱਚ ਮੰਗ ਹੋਵੇ। ਪਰ ਖੇਤੀ ਨੂੰ ਹੋਰ ਪ੍ਰਫੁੱਲਤ ਕਰਨ ਦੀ ਅਤੇ ਲਾਹੇਵੰਦ ਬਣਾਉਣ ਲਈ ਜਿਹੜੇ ਉਪਰਾਲੇ ਕਰਨ ਦੀ ਲੋੜ ਹੈ, ਉਹ ਇਹ ਹਨ।





ਇਸ ਵੇਲੇ ਪੰਜਾਬ ਵਿੱਚ ਪਾਣੀ ਦੀ ਬਹੁਤ ਵੱਡੀ ਸਮੱਸਿਆ ਹੈ। ਪਾਣੀ ਦਾ ਬੈਲੇਂਸ ਨੇਗੇਟਿਵ ਹੋਣ ਕਰ ਕੇ ਧਰਤੀ ਹੇਠਲਾ ਪਾਣੀ ਹਰ ਸਾਲ ਨੀਵਾਂ ਹੁੰਦਾ ਜਾ ਰਿਹਾ ਹੈ ਅਤੇ ਫ਼ਸਲ ਪਾਲਣ ਲਈ ਕਿਸਾਨਾਂ ਦਾ ਅਤੇ ਸਰਕਾਰ ਦਾ ਹਰ ਸਾਲ ਕਰੋੜਾਂ ਰੁਪਏ ਖ਼ਰਚਾ ਵੱਧ ਰਿਹਾ ਹੈ। ਅੰਕੜਿਆਂ ਅਨੁਸਾਰ 1970-71 ਵਿੱਚ ਸੂਬੇ ਦਾ 71 ਫ਼ੀ ਸਦੀ ਰਕਬਾ ਸਿੰਚਾਈ ਹੇਠ ਸੀ ਅਤੇ ਇਸ ਵਿਚੋਂ 80 ਫ਼ੀ ਸਦੀ ਤੋਂ ਵੱਧ ਰਕਬਾ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਸੀ ਜਦਕਿ ਬਾਕੀ ਇੱਕ ਲੱਖ 92 ਹਜ਼ਾਰ ਟਿਊਬਵੈੱਲਾਂ ਨਾਲ। ਅੱਜ ਪੰਜਾਬ ਦੇ 98 ਫ਼ੀ ਸਦੀ ਰਕਬੇ ਵਿੱਚ ਸਿੰਜਾਈ ਹੁੰਦੀ ਹੈ।

ਇਸ ਵਿਚੋਂ ਸਿਰਫ਼ 26 ਫ਼ੀ ਸਦੀ ਰਕਬਾ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਹੈ। ਇਸ ਦੇ ਸੁਧਾਰ ਲਈ ਸਭ ਤੋਂ ਪਹਿਲਾਂ ਨਵੇਂ ਸਿਰੇ ਤੋਂ ਦਰਿਆਈ ਪਾਣੀ ਦੀ ਅਸੈਸਮੈਂਟ ਕਰਨੀ ਚਾਹੀਦੀ ਹੈ। ਆਮ ਧਾਰਨਾ ਹੈ ਮੌਸਮ ਦੀ ਤਬਦੀਲੀ ਨਾਲ ਦਰਿਆਵਾਂ ਵਿੱਚ ਪਾਣੀ ਘੱਟ ਗਿਆ। ਇਸ ਵੇਲੇ ਦਰਿਆਵਾਂ ਵਿੱਚ ਕਿੰਨਾ ਪਾਣੀ ਹੈ ਅਤੇ ਪੰਜਾਬ ਦੇ ਹਿੱਸੇ ਕਿੰਨਾ ਪਾਣੀ ਆ ਰਿਹਾ ਹੈ ਅਤੇ ਧਰਤੀ ਹੇਠਲਾ ਪਾਣੀ ਸਟੇਬਲ ਰੱਖ ਕੇ (ਇਸ ਤੋਂ ਹੋਰ ਹੇਠਾਂ ਨਾ ਜਾਵੇ) ਇਸ ਦਾ ਵੀ ਅੰਦਾਜ਼ਾ ਲਾਇਆ ਜਾਵੇ ਕਿ ਕੁਲ ਕਿੰਨਾ ਪਾਣੀ ਸਾਲਾਨਾ ਵਰਤਣਯੋਗ ਹੈ। ਦੂਜਾ ਦਰਿਆਈ ਪਾਣੀ ਦੀ ਖੇਤੀ ਲਈ ਵਰਤੋਂ ਨੂੰ ਦੇਸ਼ ਦੇ ਹਿਤ ਵਿੱਚ ਇਸ ਢੰਗ ਨਾਲ ਵਰਤਿਆ ਜਾਵੇ ਕਿ ਉਸ ਤੋਂ ਵੱਧ ਤੋਂ ਵੱਧ ਪੈਦਾਵਾਰ ਲਈ ਜਾਵੇ ਨਾ ਕਿ ਉਸ ਨੂੰ 650 ਕਿਲੋਮੀਟਰ ਖੁਲ੍ਹੀਆਂ ਨਹਿਰਾਂ ਵਿੱਚ ਲਿਜਾ ਕੇ ਵਾਸ਼ਪੀਕਰਨ ਕਰਵਾਈ ਜਾਵੇ ਜਾਂ ਸੀਪੇਜ ਕਰ ਕੇ ਸੇਮ ਵਰਗੀਆਂ ਨਵੀਆਂ ਸਮੱਸਿਆਵਾਂ ਪੈਦਾ ਕੀਤੀਆਂ ਜਾਣ। ਪੀਣ ਵਾਲਾ ਸਾਫ਼ ਪਾਣੀ ਹਰ ਥਾਂ ਪਹੁੰਚਾਇਆ ਜਾਵੇ ਪਰ ਖੇਤੀ ਲਈ ਪਾਣੀ ਦੀ ਵਰਤੋਂ ਪ੍ਰਤੀ ਯੂਨਿਟ ਪੈਦਾਵਾਰ ਦੇ ਹਿਸਾਬ ਨਾਲ ਕੀਤੀ ਜਾਵੇ। ਇਸ ਤੋਂ ਅੱਗੇ ਫ਼ਸਲੀ ਚੱਕਰ ਪਾਣੀ ਦੀ ਉਪਲਬੱਧਤਾ ਦੇ ਹਿਸਾਬ ਨਾਲ ਅਪਣਾਇਆ ਜਾਵੇ। ਧਾਨ ਅਤੇ ਗੰਨੇ ਵਰਗੀਆਂ ਜ਼ਿਆਦਾ ਪਾਣੀ ਲੈਣ ਵਾਲੀਆਂ ਫ਼ਸਲਾਂ ਤੋਂ ਕਿਨਾਰਾ ਕੀਤਾ ਜਾਵੇ।

ਜ਼ਮੀਨ ਹੇਠਲੇ ਪਾਣੀ ਦੀ ਰੀਚਾਰਜਿੰਗ ਲਈ ਡੈਮਾਂ ਤੋਂ ਹੇਠਾਂ ਵਲ ਜਿੰਨੇ ਵੀ ਨਾਲੇ ਵਗਦੇ ਹਨ, ਸਭ ਵਿਚਾਲੇ ਰੀਚਾਰਜਿੰਗ ਵੈਲੇ ਸਰਕਾਰ ਵੱਲੋਂ ਬਣਾਉਣੇ ਚਾਹੀਦੇ ਹਨ। ਇਸੇ ਤਰ੍ਹਾਂ ਜਿੰਨੇ ਮੋਘੇ ਹਨ ਉਨ੍ਹਾਂ ਕੋਲ ਵੀ ਰੀਚਾਰਜਿੰਗ ਵੈਲ ਬਣਾਉਣੇ ਚਾਹੀਦੇ ਹਨ ਤਾਂ ਕਿ ਜਦੋਂ ਕਦੇ ਬਾਰਸ਼ ਜ਼ਿਆਦਾ ਪੈ ਜਾਂਦੀ ਹੈ ਤਾਂ ਨਹਿਰੀ ਪਾਣੀ ਰੀਚਾਰਜਿੰਗ ਲਈ ਵਰਤਿਆ ਜਾਵੇ। ਕਿਸਾਨ ਮੋਘਾ ਬੰਦ ਕਰਦੇ ਹਨ ਤਾਂ ਸੂਏ ਟੁਟਦੇ ਹਨ ਅਤੇ ਫ਼ਸਲ ਖ਼ਰਾਬ ਹੁੰਦੀ ਹੈ। ਸਰਕਾਰ ਨੂੰ ਮੁਰਮੰਤ ’ਤੇ ਖ਼ਰਚਾ ਕਰਨਾ ਪੈਂਦਾ ਹੈ।

ਫ਼ਸਲੀ ਵਿਭਿੰਨਤਾ ਦੀ ਪੰਜਾਬ ਵਿੱਚ ਸਭ ਤੋਂ ਵੱਧ ਲੋੜ ਹੈ ਦਾਲਾਂ, ਤੇਲ ਬੀਜ, ਮੱਕੀ ਆਦਿ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਇਨ੍ਹਾਂ ਦੀਆਂ ਨਵੀਆਂ ਹਾਈਬ੍ਰਿਡ ਵਰਾਇਟੀਆਂ ਕਢਣੀਆਂ ਚਾਹੀਦੀਆਂ ਹਨ। ਜਿਨ੍ਹਾਂ ਦਾ ਝਾੜ ਵੱਧ ਹੋਵੇ ਅਤੇ ਉਹ ਇਕ ਸਾਰ ਪੱਕਣ ਅਤੇ ਮਸ਼ੀਨਾਂ ਨਾਲ ਕੱਟੀਆਂ ਜਾ ਸਕਣ। ਦੂਜੀ ਗੱਲ ਹੈ ਕਿ ਨਿਰਧਾਰਤ ਮੁਲ ਵਧਾਇਆ ਜਾਵੇ ਤਾਂ ਜੋ ਆਮਦਨ ਝੋਨੇ ਦੇ ਬਰਾਬਰ ਦੀ ਹੋ ਜਾਵੇ। ਜਿਹੜੀਆਂ ਫ਼ਸਲਾਂ ਦੀ ਸਰਕਾਰੀ ਖ਼ਰੀਦ ਨਹੀਂ ਉਨ੍ਹਾਂ ਦੀ ਵੀ ਘੱਟੋ ਘੱਟ ਕੀਮਤ ਕਿਸਾਨ ਨੂੰ ਮਿਲੇ। ਭਾਵ ਕਾਨੂੰਨਨ ਤੌਰ ’ਤੇ ਐਮ ਐਸ ਪੀ ਤੋਂ ਹੇਠਾਂ ਕੋਈ ਚੀਜ਼ ਨਾ ਵਿਕੇ ਜਿਸ ਤਰ੍ਹਾਂ ਜ਼ਮੀਨ ਦੀ ਰਜਿਸਟਰੀ ਕੁਲੈਕਟਰ ਰੇਟ ਤੋਂ ਹੇਠਾਂ ਨਹੀਂ ਹੋ ਸਕਦੀ। ਇਸ ਵੇਲੇ ਦੇਸ਼ ਵਿੱਚ ਨੀਤੀ ਆਯੋਗ ਵਲੋਂ ਇੱਕ ਰਿਪੋਰਟ ਤਿਆਰ ਕੀਤੀ ਗਈ ਹੈ ਕਿ ਇਥੇਨੋਲ ਦੀ ਪੈਦਾਵਾਰ ਦੇਸ਼ ਵਿੱਚ ਵਧਾਈ ਜਾਵੇ ਜਿਸ ਨਾਲ 4 ਬਿਲੀਅਨ ਡਾਲਰ ਦਾ ਹਰ ਸਾਲ ਦੇਸ਼ ਨੂੰ ਫ਼ਾਇਦਾ ਹੋਵੇਗਾ।

ਇਥਨੋਲ ਬਣਾਉਣ ਲਈ ਗੰਨੇ ਨਾਲੋਂ ਮੱਕੀ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ਕਿਉਂਕਿ ਗੰਨਾ ਪਾਣੀ ਜ਼ਿਆਦਾ ਲੈਂਦਾ ਹੈ। ਝੋਨੇ ਹੇਠੋਂ ਕੁੱਝ ਰਕਬਾ ਨਰਮੇ ਹੇਠ ਵਧਾਇਆ ਜਾ ਸਕਦਾ ਹੈ। ਪਰ ਇਸ ਵਿੱਚ ਚੁਗਾਈ ਵੇਲੇ ਲੇਬਰ ਦੀ ਕਿੱਲਤ ਆਉਂਦੀ ਹੈ ਅਤੇ ਚੁਗਾਈ ਤੇ ਖ਼ਰਚਾ ਕੁਲ ਫ਼ਸਲ ਦੀ ਵੱਟਤ ਦਾ ਦਸਵਾਂ ਹਿੱਸਾ ਲੱਗ ਜਾਂਦਾ ਹੈ। ਜਿਹੜੀਆਂ ਕਿਸਮਾਂ ਪ੍ਰਚਲਤ ਹਨ ਉਹ ਨਾ ਤਾਂ ਇਕਸਾਰ ਖਿੜਦੀਆਂ ਹਨ ਅਤੇ ਨਾ ਹੀ ਪੱਤੇ ਝਾੜਦੀਆਂ ਹਨ। ਇਸ ਲਈ ਮਸ਼ੀਨੀ ਚੁਗਾਈ ਹੋ ਨਹੀਂ ਸਕਦੀ। ਇਸ ਲਈ ਨਰਮੇ ਤੇ ਵੀ ਹੋਰ ਖੋਜ ਦੀ ਲੋੜ ਹੈ। ਖੇਤੀ ਵਿੱਚ ਸੁਧਾਰਾਂ ਦੀ ਲੋੜ ਹੈ ਪਰ ਖੇਤੀ ਕਾਨੂੰਨਾਂ ਵਰਗੇ ਨਹੀਂ ਬਲਕਿ ਖੋਜ ਆਧਾਰਿਤ ਤਕਨੀਕੀ ਸਲਾਹ ਦੀ ਲੋੜ ਹੈ, ਜੋ ਸਰਕਾਰ ਦੇ ਮੌਜੂਦਾ ਮਹਿਕਮੇ ਹੀ ਜੇ ਚਾਹੁਣ ਤਾਂ ਦੇ ਸਕਦੇ ਹਨ। ਜਿਥੋਂ ਤੱਕ ਖੇਤੀ ਵਿੱਚ ਨਿਵੇਸ਼ ਦੀ ਗੱਲ ਹੈ ਜੇ ਖੇਤੀ, ਉਪਜ, ਪ੍ਰੋਸੈਸਿੰਗ ਅਤੇ ਮਾਰਕੀਟਿੰਗ ਦੇ ਸਬੰਧ ਵਿੱਚ ਪੰਜਾਬੀਆਂ ਨੂੰ ਸਹੀ ਦਿਸ਼ਾ ਵਿਖਾ ਦਿਤੀ ਜਾਵੇ ਤਾਂ ਪੈਸੇ ਦਾ ਪ੍ਰਬੰਧ ਲੋਕ ਆਪੇ ਕਰ ਲੈਣਗੇ।



# ਸਮਾਜ ਨੂੰ ਹਰ ਹਾਲਤ 'ਚ ਰੋਕਣਾ ਹੋਵੇਗਾ ਸੱਭਿਆਚਾਰਕ ਪ੍ਰਦੂਸ਼ਣ

**ਗੌਰਵ ਵੱਲਭ**



ਬੀਤੇ ਦਿਨੀਂ 'ਇੰਡੀਆਜ਼ ਗੌਟ ਲੈਟੇਂਟ' ਨਾਮਕ ਇੱਕ ਯੂ-ਟਿਊਬ ਪ੍ਰੋਗਰਾਮ 'ਤੇ ਅਸ਼ਲੀਲਤਾ ਅਤੇ ਅਭੱਦਰਤਾ ਨੇ ਮਰਿਆਦਾ ਦੇ ਅਜਿਹੇ ਬੰਧਨ ਤੋੜੇ ਕਿ ਮਾਮਲਾ ਸੁਪਰੀਮ ਕੋਰਟ ਤੱਕ ਪੁੱਜ ਗਿਆ। ਕੁਝ ਲੋਕਾਂ ਵੱਲੋਂ ਪ੍ਰਗਟਾਵੇ ਦੀ ਆਜ਼ਾਦੀ ਅਤੇ ਡਾਰਕ ਹਿਊਮਰ ਦੇ ਨਾਂ 'ਤੇ ਇਸ ਵਿਵਾਦ ਦੀ ਜੜ੍ਹ ਬਣੇ ਲੋਕਾਂ ਅਤੇ ਖ਼ਾਸ ਤੌਰ 'ਤੇ ਰਣਵੀਰ ਇਲਾਹਾਵਾਦੀਆ ਦਾ ਸਮਰਥਨ ਭਾਵੇਂ ਹੀ ਕੀਤਾ ਜਾ ਰਿਹਾ ਹੋਵੇ ਪਰ ਉਸ ਨੂੰ ਇੱਕ ਵੱਡੇ ਤਬਕੇ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।

ਸੁਪਰੀਮ ਕੋਰਟ ਨੇ ਉਸ ਨੂੰ ਗ੍ਰਿਫ਼ਤਾਰੀ ਤੋਂ ਰਾਹਤ ਜ਼ਰੂਰ ਦੇ ਦਿੱਤੀ ਹੈ ਪਰ ਖ਼ਰੀਆਂ-ਖੋਟੀਆਂ ਸੁਣਾਉਣ ਵਿੱਚ ਕੋਈ ਕੋਰ-ਕਸਰ ਬਾਕੀ ਨਹੀਂ ਛੱਡੀ। ਕੋਰਟ ਨੇ ਉਸ ਦੀਆਂ ਭਾਵੀ ਸਰਗਰਮੀਆਂ 'ਤੇ ਵੀ ਅਣਮਿੱਥੇ ਸਮੇਂ ਲਈ ਵਿਰਾਮ ਲਾ ਦਿੱਤਾ। ਇਸ ਕਾਂਡ ਨੇ ਸੋਸ਼ਲ ਨੈੱਟਵਰਕ ਪਲੇਟਫਾਰਮ ਕਹੇ ਜਾਣ ਵਾਲੇ ਮੰਚਾਂ ਦੀ ਉਪਯੋਗਿਤਾ 'ਤੇ ਵੀ ਨਵੇਂ ਸਿਰੇ ਤੋਂ ਬਹਿਸ ਛੇੜ ਦਿੱਤੀ ਹੈ।

ਇਸ ਵਿੱਚ ਸ਼ੱਕ ਨਹੀਂ ਕਿ ਇੰਟਰਨੈੱਟ ਮੀਡੀਆ ਨੇ ਸੰਵਾਦ ਦਾ ਇੱਕ ਮਜ਼ਬੂਤ ਮਾਧਿਅਮ ਉਪਲਬਧ ਕਰਵਾਉਣ ਦੇ ਨਾਲ ਹੀ ਸੂਚਨਾਵਾਂ ਦੇ ਲੋਕਤੰਤਰੀਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਪਰ ਹੁਣ ਇਹ ਦੋ-ਧਾਰੀ ਤਲਵਾਰ ਦੀ ਤਰ੍ਹਾਂ ਹੋ ਗਿਆ ਹੈ। ਇਸ ਜ਼ਰੀਏ ਲੋਕ ਕਿਸੇ ਵੀ ਕੀਮਤ 'ਤੇ ਧਿਆਨ ਖਿੱਚਣ ਕਰਕੇ ਚਰਚਾ ਦਾ ਕੇਂਦਰ ਬਣੇ ਰਹਿਣਾ ਚਾਹੁੰਦੇ ਹਨ। ਅਜਿਹੇ ਲੋਕਾਂ ਨੂੰ 'ਇਨਫਲੂਐਂਸਰਜ਼' ਕਿਹਾ ਜਾਂਦਾ ਹੈ ਪਰ ਇਹ ਪ੍ਰਭਾਵ ਦੀ ਬਜਾਏ ਮਾੜਾ ਪ੍ਰਭਾਵ ਜ਼ਿਆਦਾ ਪਾਉਂਦੇ ਦਿਸ ਰਹੇ ਹਨ। ਆਮ ਸਮਝ ਇਹੀ ਕਹਿੰਦੀ ਹੈ ਕਿ ਜੇ ਕਿਸੇ ਦੇ ਪਿੱਛੇ ਲੋਕ ਵੱਡੀ ਗਿਣਤੀ ਵਿੱਚ ਲਾਮਬੰਦ ਹੋਣ ਲੱਗਣ ਤਾਂ ਇਸ ਨਾਲ ਉਸ ਵਿਅਕਤੀ ਦੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ।

ਇੰਟਰਨੈੱਟ ਮੀਡੀਆ ਦੀ ਦੁਨੀਆਂ ਵਿੱਚ ਇਸ ਦਾ ਉਲਟਾ ਅਸਰ ਹੋ ਰਿਹਾ ਹੈ। ਆਪਣੀ ਪਹੁੰਚ ਵਧਾਉਣ ਵਾਸਤੇ ਫ਼ਜ਼ੂਲ ਦੀ ਸਮੱਗਰੀ ਬਣਾਈ ਜਾ ਰਹੀ ਹੈ। ਇਸ ਦੀ ਵਜ੍ਹਾ ਇਹੀ ਹੈ ਕਿ ਅਜੀਬੋ-ਗ਼ਰੀਬ ਅਤੇ ਵਿਵਾਦਤ ਚੀਜ਼ਾਂ ਜ਼ਿਆਦਾ ਉਤਸੁਕਤਾ ਵਧਾਉਂਦੀਆਂ ਹਨ। ਇਸੇ ਲਈ ਸਾਰਥਕ ਸਮੱਗਰੀ ਨਾਲੋਂ ਵੱਧ ਉਸੇ ਤਰ੍ਹਾਂ ਦੀ ਭਾਸ਼ਾ ਅਤੇ ਵਿਸ਼ਾ-ਵਸਤੂ ਨੂੰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਜੋ ਧਿਆਨ ਖਿੱਚ ਸਕਣ।

ਭਾਰਤ ਦੇ ਸਿਲਸਿਲੇ ਵਿੱਚ ਇਹ ਸਵੀਕਾਰ ਨਹੀਂ ਹੋ ਸਕਦਾ। ਚੇਤੇ ਰਹੇ ਕਿ ਭਾਰਤ ਸਿਰਫ਼ ਇੱਕ ਦੇਸ਼ ਨਹੀਂ ਸਗੋਂ ਸਦੀਆਂ ਤੋਂ ਪੋਸ਼ਿਤ ਹੁੰਦੀ ਆ ਰਹੀ ਇੱਕ ਸੱਭਿਅਤਾ ਹੈ ਜਿਸ ਦੀਆਂ ਜੜ੍ਹਾਂ ਰੂਹਾਨੀਅਤ ਅਤੇ ਗਿਆਨ ਵਿੱਚ ਹਨ। ਕੁੰਭ ਵਰਗੇ ਆਯੋਜਨ ਇਸੇ ਸੰਸਕ੍ਰਿਤੀ ਦੇ ਬੇਰੋਕ-ਟੋਕ ਵਹਾਅ ਦੇ ਪ੍ਰਤੀਕ ਹਨ। ਪੂਰਾ ਪੌਰਾਣਿਕ ਸਾਹਿਤ ਪ੍ਰੇਰਕ ਦਾਸਤਾਨਾਂ ਨਾਲ ਭਰਿਆ ਪਿਆ ਹੈ। ਸਾਡੇ ਸਮਾਜ ਵਿੱਚ ਗਿਆਨ ਨੂੰ ਹਲੀਮੀ ਨਾਲ ਜੋੜ ਕੇ ਦੇਖਿਆ ਗਿਆ ਹੈ, ਹੰਕਾਰ ਨਾਲ ਨਹੀਂ। ਸਾਡੀ ਪਰੰਪਰਾ ਵਿੱਚ ਕਿਤੇ ਵੀ ਮਾਣ-ਮਰਿਆਦਾ ਤੋਂ ਕਿਨਾਰਾ ਕਰਨਾ ਨਹੀਂ ਹੈ।

ਉਸ ਵਿੱਚ ਜ਼ਿੰਮੇਵਾਰੀ ਅਤੇ ਜਵਾਬਦੇਹੀ ਦਾ ਭਾਵ ਹੈ। ਅਜਿਹੀ ਖ਼ੁਸ਼ਹਾਲ ਪਰੰਪਰਾ ਨੂੰ ਕੁਝ ਕਥਿਤ ਇਨਫਲੂਐਂਸਰਾਂ ਨੂੰ ਕਰੂਪ ਕਰਨ ਦੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ। ਇਹ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਅੱਜ ਜਿਨ੍ਹਾਂ ਨੂੰ ਆਦਰਸ਼ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ, ਉਨ੍ਹਾਂ ਕੋਲ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਕੁਝ ਨਹੀਂ।

ਇਨ੍ਹਾਂ 'ਚੋਂ ਜ਼ਿਆਦਾਤਰ ਨਾ ਤਾਂ ਹੁਨਰ ਦੇ ਧਨੀ ਹਨ ਅਤੇ ਨਾ ਹੀ ਰਾਸ਼ਟਰ ਦੀ ਤਰੱਕੀ ਵਿੱਚ ਉਨ੍ਹਾਂ ਦਾ ਕੋਈ ਖ਼ਾਸ ਯੋਗਦਾਨ ਹੈ। ਅਜਿਹੇ ਤਮਾਮ ਲੋਕ ਅਕਾਦਮਿਕ ਤੌਰ 'ਤੇ ਕਮਜ਼ੋਰ ਹਨ। ਉਨ੍ਹਾਂ ਦੀ ਕੋਈ ਬੌਧਿਕ ਪਛਾਣ ਨਹੀਂ ਹੈ। ਸਮਾਜ ਪ੍ਰਤੀ ਵੀ ਉਨ੍ਹਾਂ ਦਾ ਕੋਈ ਖ਼ਾਸ ਯੋਗਦਾਨ ਨਹੀਂ ਹੈ। ਇਸ ਦੇ ਬਾਵਜੂਦ ਇੰਟਰਨੈੱਟ ਮੀਡੀਆ 'ਤੇ ਤਮਾਮ ਤਿਕੜਮਾਂ ਨਾਲ ਉਹ ਮਾਹੌਲ ਨੂੰ ਪ੍ਰਭਾਵਿਤ ਕਰ ਕੇ ਲੱਖਾਂ ਲੋਕਾਂ ਨੂੰ ਆਪਣੇ ਨਾਲ ਜੋੜਨ ਵਿੱਚ ਸਮਰੱਥ ਹੋ ਰਹੇ ਹਨ। ਉਹ ਆਪਣੇ ਲੱਖਾਂ ਫਾਲੋਅਰਜ਼ ਕਾਰਨ ਵੱਡੀ ਰਕਮ ਕਮਾ ਰਹੇ ਹਨ ਅਤੇ ਪ੍ਰਭਾਵਸ਼ਾਲੀ ਗਲਿਆਰਿਆਂ ਤੱਕ ਆਪਣੀ ਪਹੁੰਚ ਬਣਾਉਣ ਵਿੱਚ ਸਮਰੱਥ ਹੋ ਰਹੇ ਹਨ। ਇਹੀ ਕਾਰਨ ਹੈ ਕਿ ਉਹ ਬੇਲਗਾਮ ਹੁੰਦੇ ਜਾ ਰਹੇ ਹਨ ਅਤੇ ਸ਼ਾਸਨ-ਪ੍ਰਸ਼ਾਸਨ ਨੂੰ ਪੂਰੀ ਤਰ੍ਹਾਂ ਟਿੱਚ ਜਾਣਦੇ ਹਨ। ਅਜਿਹੇ ਵਿੱਚ ਚਾਹੀਦਾ ਤਾਂ ਇਹ ਹੈ ਕਿ ਉਨ੍ਹਾਂ 'ਤੇ ਪੂਰੀ ਤਰ੍ਹਾਂ ਸ਼ਿਕੰਜਾ ਕੱਸਿਆ ਜਾਵੇ ਤਾਂ ਜੋ ਉਹ ਸਮਾਜ ਅਤੇ ਮੁਲਕ ਨੂੰ ਨੁਕਸਾਨ ਨਾ ਪਹੁੰਚਾ ਸਕਣ।

ਇੱਕ ਅਜਿਹੇ ਸਮਾਜ ਵਿੱਚ ਜਿੱਥੇ ਲੋਕਪ੍ਰਿਅਤਾ ਨਾਲ ਸੱਤਾ ਅਤੇ ਸ਼ਕਤੀ ਦੇ ਦਰਵਾਜ਼ੇ ਖੁੱਲ੍ਹਣ ਲੱਗਦੇ ਹਨ, ਉੱਥੇ ਇਹ ਇਨਫਲੂਐਂਸਰ ਆਪਣੀ ਪੈਂਠ ਨਾਲ ਮਾਹੌਲ ਨੂੰ ਪ੍ਰਭਾਵਿਤ ਕਰਨ ਤੋਂ ਲੈ ਕੇ ਰੁਝਾਨਾਂ ਦੀ ਦਸ਼ਾ-ਦਿਸ਼ਾ ਤੋਂ ਲੈ ਕੇ ਸੰਸਕ੍ਰਿਤਕ ਪਹਿਲੂਆਂ ਨੂੰ ਆਪਣੇ ਹਿਸਾਬ ਨਾਲ ਤੈਅ ਕਰਨ ਲੱਗਦੇ ਹਨ। ਉਨ੍ਹਾਂ ਨੂੰ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇਣ ਤੋਂ ਵੀ ਕੋਈ ਝਿਜਕ ਨਹੀਂ ਹੈ।

ਬਸ ਉਨ੍ਹਾਂ ਦਾ ਕੰਟੈਂਟ ਵਾਇਰਲ ਹੁੰਦਾ ਰਹਿਣਾ ਚਾਹੀਦਾ ਹੈ। ਜਦ ਤੁਸੀਂ ਇੱਕ ਵੱਡੇ ਤਬਕੇ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਹਾਸਲ ਕਰ ਲੈਂਦੇ ਹੋ ਤਾਂ ਇਸ ਦੇ ਨਾਲ ਜ਼ਿੰਮੇਵਾਰੀ ਦਾ ਭਾਵ ਆਪਣੇ-ਆਪ ਜੁੜਦਾ ਹੈ। ਇਸ ਤਾਕਤ ਜ਼ਰੀਏ ਕਿਸੇ ਨੂੰ ਸੱਭਿਅਤਾ ਅਤੇ ਸੰਸਕ੍ਰਿਤੀ ਨੂੰ ਖੋਰਾ ਲਾਉਣ ਦੀ ਛੋਟ ਨਹੀਂ ਮਿਲ ਜਾਂਦੀ ਪਰ ਇਹ ਲੋਕ ਅਜਿਹਾ ਹੀ ਕਰ ਰਹੇ ਹਨ। ਉਨ੍ਹਾਂ ਨੂੰ ਸਫਲਤਾ ਵੀ ਇਸ ਕਾਰਨ ਮਿਲ ਰਹੀ ਹੈ ਕਿਉਂਕਿ ਉਨ੍ਹਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ ਅਤੇ ਅਸੀਂ ਉਨ੍ਹਾਂ ਨੂੰ ਅਜਿਹਾ ਕਰਨ ਦੀ ਖੁੱਲ੍ਹ ਦੇ ਦਿੰਦੇ ਹਾਂ। ਨੌਜਵਾਨਾਂ ਦਾ ਕੱਚ-ਘਰੜ ਮਨ ਆਸਾਨੀ ਨਾਲ ਇਨਫਲੂਐਂਸਰਾਂ ਦੀਆਂ ਗੱਲਾਂ ਦਾ ਸ਼ਿਕਾਰ ਹੋ ਜਾਂਦਾ ਹੈ।

ਜੇ ਅਜਿਹੇ ਲੋਕ ਹੀ ਨੌਜਵਾਨਾਂ ਦੇ ਆਦਰਸ਼ ਬਣਨ ਲੱਗਣ ਤਾਂ ਸਮਝੋ ਕਿ ਅਸੀਂ ਕਿਹੋ ਜਿਹੀ ਨਵੀਂ ਪੀੜ੍ਹੀ ਦੀ ਸਿਰਜਣਾ ਕਰ ਰਹੇ ਹਾਂ। ਇਸ ਲਈ ਆਪਣੇ ਭਵਿੱਖ ਨੂੰ ਬਚਾਉਣ ਲਈ ਸਾਨੂੰ ਬਿਨਾਂ ਦੇਰੀ ਕੀਤੇ ਕਦਮ ਚੁੱਕਣੇ ਹੋਣਗੇ। ਆਖ਼ਰ ਇਸ ਮਾਮਲੇ ਵਿੱਚ ਕੀ ਕੀਤਾ ਜਾ ਸਕਦਾ ਹੈ?

ਇਸ ਦਾ ਜਵਾਬ ਜਿੰਨਾ ਸਰਲ ਹੈ, ਓਨਾ ਹੀ ਜਟਿਲ ਵੀ ਹੈ। ਅਸਲ ਵਿੱਚ ਇਨਫਲੂਐਂਸਰਜ਼ ਦਾ ਕੱਦ ਹੀ ਉਨ੍ਹਾਂ ਦੀ ਤਾਕਤ ਹੈ। ਅਜਿਹੇ ਵਿੱਚ ਬਿਹਤਰ ਇਹੀ ਹੋਵੇਗਾ ਕਿ ਅਸੀਂ ਉਨ੍ਹਾਂ ਦਾ ਕੱਦ ਹੀ ਨਾ ਵਧਣ ਦੇਈਏ। ਇਹ ਕੱਦ ਉਨ੍ਹਾਂ ਨੂੰ ਉਨ੍ਹਾਂ ਦੀ ਸਮੱਗਰੀ ਨੂੰ ਮਿਲਣ ਵਾਲੀ ਚਰਚਾ ਤੋਂ ਹਾਸਲ ਹੁੰਦਾ ਹੈ। ਅਜਿਹੇ ਵਿੱਚ ਸਰਬੋਤਮ ਉਪਾਅ ਇਹੀ ਹੈ ਕਿ ਅਸੀਂ ਉਨ੍ਹਾਂ ਨਾਲ ਭਾਗੀਦਾਰੀ ਨਾ ਕਰੀਏ ਕਿਉਂਕਿ ਲੋਕਾਂ ਨਾਲ ਜੁੜਨਾ ਹੀ ਉਨ੍ਹਾਂ ਦੀ ਪੂੰਜੀ ਹੈ। ਉਨ੍ਹਾਂ ਦੀ ਸਮੱਗਰੀ ਦਾ ਪ੍ਰਸਾਰ ਸੀਮਤ ਹੋਣ ਨਾਲ ਉਨ੍ਹਾਂ ਦਾ ਕੱਦ ਸੁਭਾਵਕ ਤੌਰ 'ਤੇ ਘਟ ਜਾਵੇਗਾ। ਚੇਤੇ ਰਹੇ ਕਿ ਅਸੀਂ ਜਿਹੋ ਜਿਹੀ ਸਮੱਗਰੀ ਦੇਖਦੇ ਹਾਂ, ਇੰਟਰਨੈੱਟ ਮੀਡੀਆ ਅਲਗੋਰਿਦਮ ਸਾਨੂੰ ਉਹੀ ਪਰੋਸਣ ਲੱਗਦਾ ਹੈ। ਜਦ ਅਸੀਂ ਅਜਿਹੀ ਘਟੀਆ ਸਮੱਗਰੀ ਦੀ ਅਣਦੇਖੀ ਕਰਨ ਲੱਗਾਂਗੇ ਤਾਂ ਉਸ ਨੂੰ ਬਣਾਉਣ ਵਾਲਿਆਂ ਦੀ ਜਟਿਲ ਤਾਕਤ ਵੀ ਸੁੰਗੜਦੀ ਜਾਵੇਗੀ। ਸਾਨੂੰ ਚੌਕਸੀ ਵਰਤਦੇ ਹੋਏ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਸਾਡੇ ਬੱਚੇ ਅਤੇ ਦੋਸਤ-ਮਿੱਤਰ ਅਜਿਹੀ ਸਮੱਗਰੀ ਦੇ ਜਾਲ਼ ਵਿੱਚ ਨਾ ਫਸਣ।

ਘਰ ਅਤੇ ਆਲੇ-ਦੁਆਲੇ ਸਾਰਥਕ ਸੰਵਾਦ ਜ਼ਰੀਏ ਇਸ ਦਿਸ਼ਾ ਵਿੱਚ ਜਾਗਰੂਕਤਾ ਦੇ ਪਸਾਰੇ ਵਿਚ ਮਦਦ ਮਿਲ ਸਕਦੀ ਹੈ। ਕਿਸੇ ਵੀ ਸੂਰਤ ਵਿੱਚ ਸੱਭਿਆਚਾਰਕ ਪ੍ਰਦੂਸ਼ਣ ਫੈਲਾਉਣ ਦੀ ਆਗਿਆ ਨਹੀਂ ਦਿੱਤੀ ਜਾਣੀ ਚਾਹੀਦੀ। ਸਾਨੂੰ ਆਪਣੇ ਲਈ ਬਿਹਤਰ ਨਾਇਕ ਸਿਰਜਣੇ ਹੋਣਗੇ। ਸਾਨੂੰ ਵਿਗਿਆਨੀਆਂ, ਅਧਿਆਪਕਾਂ, ਕਲਾਕਾਰਾਂ, ਉੱਦਮੀਆਂ ਅਤੇ ਵਿਚਾਰਕਾਂ ਆਦਿ ਨੂੰ ਮਾਣ-ਸਨਮਾਨ ਦੇ ਕੇ ਉਨ੍ਹਾਂ ਨੂੰ ਲੋਕਾਂ ਦੇ ਮਨਾਂ ਵਿੱਚ ਨਾਇਕਾਂ ਵਜੋਂ ਸਥਾਪਤ ਕਰਨਾ ਹੋਵੇਗਾ ਤਾਂ ਜੋ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕੇ ਸ਼ਾਨੂੰ ਅਜਿਹੀ ਸਮੱਗਰੀ ਨੂੰ ਹੱਲਾਸ਼ੇਰੀ ਦੇਣੀ ਹੋਵੇਗੀ ਜੋ ਸਾਡੀਆਂ ਕਦਰਾਂ-ਕੀਮਤਾਂ ਨੂੰ ਪੋਸ਼ਿਤ ਕਰਨ ਅਤੇ ਸਹੀ ਮਾਅਨਿਆਂ ਵਿੱਚ ਪ੍ਰੇਰਿਤ ਕਰਨ ਵਾਲੀ ਹੋਵੇ ਅਤੇ ਸਾਡੀ ਵਿਰਾਸਤ 'ਤੇ ਮਾਣ ਕਰਨਾ ਸਿਖਾਉਂਦੀ ਹੋਵੇ। ਇੰਟਰਨੈੱਟ ਮੀਡੀਆ ਕੰਪਨੀਆਂ ਅਤੇ ਉਨ੍ਹਾਂ ਦੇ ਮੰਚਾਂ ਦੀ ਜਵਾਬਦੇਹੀ ਵੀ ਤੈਅ ਕਰਨੀ ਹੋਵੇਗੀ ਕਿ ਉਹ ਕਿਸ ਤਰ੍ਹਾਂ ਦੀ ਸਮੱਗਰੀ ਅੱਗੇ ਵਧਾਉਣ। ਜੋ ਵੀ ਉਲੰਘਣਾ ਕਰੇ, ਉਸ ਨੂੰ ਜਲਦ ਢੁੱਕਵੀਂ ਸਜ਼ਾ ਮਿਲਣੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਸਾਰਥਕ ਸਮੱਗਰੀ ਨੂੰ ਤਰਜੀਹ ਦੇਣ ਵਾਲੀ ਪ੍ਰਣਾਲੀ ਵਿਕਸਤ ਕਰਨੀ ਹੋਵੇਗੀ। ਇੱਕ ਸਮਾਜ ਦੇ ਰੂਪ ਵਿੱਚ ਸਾਨੂੰ ਉਹ ਤਾਕਤ ਹਾਸਲ ਕਰਨੀ ਹੋਵੇਗੀ ਕਿ ਅਸੀਂ ਆਪਣੇ ਲਈ ਜ਼ਰੂਰੀ ਸਮੱਗਰੀ ਦੇ ਮਾਪਦੰਡ ਤੈਅ ਕਰ ਸਕੀਏ। ਸਾਡੀ ਤਰੱਕੀ ਯਾਤਰਾ ਵਿੱਚ ਰੁਕਾਵਟਾਂ ਖੜ੍ਹੀਆਂ ਕਰਨ ਵਾਲੇ ਮਾੜੇ ਅਨਸਰਾਂ ਅਤੇ ਉਨ੍ਹਾਂ ਦੀਆਂ ਭੱਦੀਆਂ ਸੁਰਾਂ ਦੀ ਕੋਈ ਜਗ੍ਹਾ ਨਹੀਂ ਹੋ ਸਕਦੀ। ਸਾਨੂੰ ਉਨ੍ਹਾਂ ਤੋਂ ਹਰ ਹਾਲਤ ਵਿੱਚ ਛੁਟਕਾਰਾ ਪਾਉਣਾ ਹੀ ਹੋਵੇਗਾ।

# ਬੁਢਾਪਾ ਜੀਵਨ-ਜਸ਼ਨ ਦੇ ਦਾਇਰੇ ਤੋਂ ਬਾਹਰ ਕਿਉਂ ?

**ਕਰਨੈਲ ਸਿੰਘ ਸੋਮਲ**





ਸਾਡੀਆਂ ਮਹਾਨ ਲਿਖਤਾਂ ਵਿੱਚ ਮਨੁੱਖੀ ਜੀਵਨ ਨੂੰ ਦੁਰਲੱਭ ਕਿਹਾ ਗਿਆ ਹੈ। ਨਾਲ ਇਹ ਵੀ ਸੁਝਾਇਆ ਗਿਆ ਹੈ ਕਿ ਇਸ ਅਨਮੋਲ ਜੀਵਨ ਨੂੰ ਜਸ਼ਨ ਵਾਂਗ ਜੀਵਿਆ ਜਾਵੇ ਨਾ ਕਿ ਦਿਨ-ਕਟੀ ਕੀਤੀ ਜਾਵੇ। ਇਸੇ ਲਈ ਪਰਿਵਾਰ ਵਿੱਚ ਕਿਸੇ ਜੀਵ ਦੇ ਜੰਮਣ ਉੱਤੇ ਚਾਅ ਕੀਤੇ ਜਾਂਦੇ ਹਨ। ਉਸ ਦੇ ਜਨਮ-ਦਿਨ ਦੇ ਜਸ਼ਨ ਮਨਾਏ ਜਾਂਦੇ ਹਨ। ਇਸ ਭਾਂਤ ਮਨੁੱਖ ਦਾ ਸਾਰਾ ਜੀਵਨ ਤਿਉਹਾਰ ਜਿਹਾ ਯਾਨੀ ਖ਼ੁਸ਼ੀਆਂ ਦਾ ਸਰੋਤ ਹੁੰਦਾ ਹੈ। ਇੰਝ ਜੀਵਨ ਨੂੰ ਮੌਲਦਾ ਵੇਖ ਅਕਹਿ ਅਨੰਦ ਮਹਿਸੂਸ ਕੀਤਾ ਜਾਂਦਾ ਹੈ। ਜਦੋਂ ਮਨੁੱਖ ਭਰਪੂਰ ਜੀਵਨ ਜਿਉਂ ਕੇ ਪੂਰਾ ਹੁੰਦਾ ਹੈ ਤਾਂ ਪਰਿਵਾਰ ਆਪਣੇ ਸਬੰਧੀਆਂ ਅਤੇ ਭਾਈਚਾਰੇ ਵਿੱਚ ਇਸ ਮ੍ਰਿਤੂ ਦਾ ਜਸ਼ਨ ਮਨਾਉਂਦਾ ਹੈ। ਇਸ ਵਰਤਾਰੇ ਨੂੰ 'ਪੂਰਾ ਹੋਣਾ' ਕਿਹਾ ਜਾਂਦਾ ਹੈ। ਭਾਵ ਇਹੋ ਕਿ ਮਨੁੱਖ ਇਸ ਧਰਤੀ ਉੱਤੇ ਜਨਮ ਲੈ ਕੇ, ਜੀਵਨ ਦੀਆਂ ਸਾਰੀਆਂ ਅਵਸਥਾਵਾਂ ਅਤੇ ਸਾਰੇ ਰੰਗਾਂ ਨੂੰ ਮਾਣਦਾ ਧੰਨ ਹੋਇਆ ਹੈ।

ਹੁਣ, ਜੇ ਜੀਵਨ ਦਾ ਸਾਰਾ ਕੁਝ ਜਸ਼ਨ ਵਾਂਗ ਹੈ ਤਾਂ ਜੀਵਨ ਦਾ ਅੰਤਲਾ ਪੜਾਅ ਯਾਨੀ ਬੁਢਾਪਾ ਵੀ ਜਸ਼ਨ ਵਾਂਗ ਮੰਨਣਾ ਚਾਹੀਦਾ ਹੈ। ਅਸੀਂ ਦੁਪਹਿਰ ਤੋਂ ਬਾਅਦ ਦੇ ਦਿਨ ਦੇ ਅਰਸੇ ਨੂੰ ਕਦੇ ਹਕਾਰਤ ਨਾਲ ਨਹੀਂ ਵੇਖਦੇ। ਢਲਦੇ ਪਰਛਾਵਿਆਂ ਨੂੰ ਕਦੇ ਵੀ ਨਖਿੱਧ ਨਹੀਂ ਕਹਿੰਦੇ। ਪੱਕਦੀਆਂ ਫ਼ਸਲਾਂ ਵੇਖ ਕੇ ਅਸੀਂ ਮੂੰਹ ਨਹੀਂ ਲਟਕਾਉਂਦੇ। ਅਜਿਹੀਆਂ ਹੋਰ ਸੈਂਕੜੇ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਮਨੁੱਖ ਆਪਣੀ ਅਉਧ ਦੇ ਪ੍ਰਸੰਗ ਵਿੱਚ ਇੱਕ-ਇੱਕ ਧਉਲੇ ਦੀ ਆਮਦ ਉੱਤੇ ਤ੍ਰਭਕਦਾ ਹੈ। ਉਸ ਦੀ ਜੀਵਨ-ਦ੍ਰਿਸ਼ਟੀ ਨਜ਼ਰ ਵਿੱਚ ਹੀ ਕੁਝ ਵਿਗਾੜ ਆ ਗਿਆ ਜਾਪਦਾ ਹੈ। ਉਹ ਆਪਣੇ ਹੀ ਕੰਨਾਂ ਨੂੰ ਮੁੜ-ਮੁੜ ਸੁਣਾਉਂਦਾ ਹੈ ਕਿ 'ਹੁਣ ਬੁਢਾਪਾ ਮਾਰੋ-ਮਾਰ ਚੜ੍ਹਿਆ ਆਉਂਦਾ ਹੈ।'


ਅਸਲ ਵਿੱਚ ਇਹ ਅਵਸਥਾ ਉਸ ਦੀ ਸਿਆਣਪ ਦਾ ਮੁੱਢ ਹੈ, ਉਸ ਦੇ ਸੰਜੀਦਾ ਹੋਣ ਦਾ ਅਰੰਭ ਹੈ। ਸਾਡੇ ਪੰਜਾਬੀ ਦੇ ਸ਼ਬਦ 'ਸਿਆਣ' ਦਾ ਭਾਵ ਪਛਾਣ ਹੈ। ਸੋ ਸਿਆਣਾ ਉਹ ਹੋਇਆ ਜਿਹੜਾ ਜੀਵਨ ਦੇ ਅਨੇਕ ਰੰਗਾਂ ਨੂੰ ਜਾਣੇ, ਸਿਆਣੇ ਅਤੇ ਹਰੇਕ ਰੰਗ ਦੀਆਂ ਵਿਭਿੰਨ ਅਵਸਥਾਵਾਂ ਨੂੰ ਵੀ ਸਮਝੇ। ਦਿਨ ਢਲਣ 'ਤੇ ਵੀ ਉਵੇਂ ਹੀ ਚਾਅ ਨਾਲ ਕੰਮ ਕੀਤੇ ਜਾਂਦੇ ਹਨ, ਜਿੰਨੇ ਦਿਨ ਦੇ ਪਹਿਲੇ ਅੱਧ ਵਿੱਚ। ਬਾਬਾ ਬੁੱਢਾ ਜੀ ਬਾਲ ਉਮਰ ਤੋਂ ਹੀ ਸਿਆਣੇ ਭਾਵ ਬੁੱਢੇ ਬਣ ਗਏ ਸਨ। ਅਜਿਹੀ ਸਿਆਣੀ ਉਮਰ ਉੱਤੇ ਕਿੰਨੇ ਹੀ ਜੀਵਨ ਕੁਰਬਾਨ!


ਰੰਗਰੇਜ਼ ਰੰਗਾਂ ਦਾ ਪਾਰਖੂ ਹੁੰਦਾ ਹੈ, ਮੁਸੱਵਰ (ਚਿੱਤਰਕਾਰ) ਵੀ ਰੰਗਾਂ ਦੀਆਂ ਬਾਰੀਕੀਆਂ ਦਾ ਜਾਣੂ ਹੁੰਦਾ ਹੈ। ਹੁਣ ਤਾਂ ਵਿਗਿਆਨ ਨੇ ਹਰ ਰੰਗ ਦੇ ਅਣਗਿਣਤ ਭਾਹ, ਭਾਵ ਉਸ ਦੀਆਂ ਅਨੇਕ ਰੰਗਤਾਂ ਦੀ ਪਛਾਣ ਕਰ ਲਈ ਹੈ। ਉਂਜ ਵੀ ਸੂਰਜ ਦੇ ਢਲਣ ਦੇ ਹਰ ਪਲ ਉਸ ਦੀ ਰੋਸ਼ਨੀ, ਮਿੱਠਾ-ਮਿੱਠਾ ਨ੍ਹੇਰਾ ਹੋਣ ਤੀਕ, ਜਿੰਨੇ ਰੰਗ ਬਿਖੇਰਦੀ ਹੈ, ਉਸ ਨੂੰ ਜਾਣਨ, ਪਛਾਨਣ ਅਤੇ ਮਾਣਨ ਲਈ ਕੁਦਰਤ ਦੀ ਲੀਲਾ ਵਿੱਚ ਗੜੂੰਦ ਹੁੰਦੀ ਹੈ। ਜੀਵਨ ਦੇ ਵੀ ਸਹੰਸਰਾਂ ਰੰਗ ਤੇ ਅਨੰਤ ਹੀ ਭਾਹਾਂ ਹਨ।

ਵਕਤ ਦਾ ਸਿਤਮ ਵੇਖੋ ਕਿ ਸਮਾਜ ਵਿੱਚੋਂ ਕਿੰਨੇ ਹੀ ਛੋਟੇ-ਵੱਡੇ ਵਰਗ ਹਾਸ਼ੀਏ ਤੋਂ ਬਾਹਰ ਸਮਝੇ ਜਾਂਦੇ ਹਨ। ਸਾਰੇ ਗ਼ਰੀਬ ਲੋਕ, ਇਸਤਰੀਆਂ ਦਾ ਵਡੇਰਾ ਭਾਗ, ਹੋਰ ਹਰ ਪ੍ਰਕਾਰ ਦੇ ਪਛੜੇਵਿਆਂ ਦੀ ਮਾਰ ਹੇਠ ਆਏ ਲੋਕ, ਅਨੇਕਾਂ ਦੁਰਭਾਵਨਾਵਾਂ ਦੇ ਸ਼ਿਕਾਰ ਇਨਸਾਨ, ਜਾਤੀ ਤੇ ਨਸਲੀ ਭੇਦ-ਭਾਵਾਂ ਦੇ ਲਿਤਾੜੇ ਜਨ, ਆਤਮਹੀਣਤਾ ਦੇ ਡੰਬੇ ਹੋਏ ਜੀਵਨ ਨੂੰ ਜਸ਼ਨ ਕਿਵੇਂ ਸਮਝਣ? ਜੀਵਨ ਦੀ ਖ਼ੂਬਸੂਰਤੀ ਦਾ ਅਹਿਸਾਸ ਉਨ੍ਹਾਂ ਨੂੰ ਕਿਸ ਬਿਧ ਹੋਵੇ? ਸਾਡੇ ਸਮਾਜ ਵਿੱਚ ਬਹੁਤੇ ਉਮਰ-ਦਰਾਜ਼ ਲੋਕਾਂ ਦੀ ਜਿਊਣ-ਲਾਲਸਾ ਕਮਜ਼ੋਰ ਪੈ ਜਾਂਦੀ ਹੈ। ਸੋਹਣਾ ਬਣਨ, ਤੰਦਰੁਸਤ ਰਹਿਣ ਦੀ ਕਾਮਨਾ ਨਾਂਮਾਤਰ ਬਚਦੀ ਹੈ। ਆਪਾ ਜਤਾਉਣ ਦੀ ਹੁਬ, ਆਦਰ-ਮਾਣ ਦੇ ਅਧਿਕਾਰੀ ਹੋਣ ਦੀ ਇੱਛਾ ਰਹਿੰਦੀ ਹੀ ਨਹੀਂ।

ਨੁਕਤਾ ਇਹੋ ਕਿ ਮਨੁੱਖੀ ਅਉਧ ਦੀ ਅੰਤਲੀ ਅਵਸਥਾ ਭਾਵ ਬੁਢਾਪੇ ਨੂੰ ਜਸ਼ਨ ਦੇ ਤੌਰ 'ਤੇ ਕਿਉਂ ਨਹੀਂ ਲਿਆ ਜਾਂਦਾ। ਉਸ ਬੰਦੇ ਨੇ ਆਪਣੇ ਹਾਲਾਤ ਮੁਤਾਬਿਕ ਬਥੇਰੀਆਂ ਪ੍ਰਾਪਤੀਆਂ ਕੀਤੀਆਂ ਹੁੰਦੀਆਂ ਹਨ, ਆਪਣੇ ਹਿੱਸੇ ਆਈਆਂ ਔਕੜਾਂ ਨੂੰ ਵੀ ਝੱਲਿਆ ਹੁੰਦਾ ਹੈ। ਉਸ ਕੋਲ ਆਪਣਾ ਅਨੁਭਵ ਹੁੰਦਾ ਹੈ, ਉਸ ਦਾ ਸਰੀਰਕ ਬਲ ਬੇਸ਼ੱਕ ਘਟਿਆ ਹੁੰਦਾ ਹੈ, ਪਰ ਜੀਵਨ ਦੀ ਕਲਾ ਬਥੇਰੀ ਹੁੰਦੀ ਹੈ। ਘਰ ਵਿੱਚ ਉਸ ਦੀ ਹੋਂਦ ਬੜੇ ਅਰਥ ਰੱਖਦੀ ਹੈ। ਉਸ ਦੀ ਵਿਹਲ ਉਸ ਦੀ ਕਮਾਈ ਹੈ। ਉਸ ਕੋਲੋਂ ਪਹਿਲੀ ਉਮਰ ਦੀਆਂ ਆਸਾਂ ਕਿਉਂ ਰੱਖੀਆਂ ਜਾਣ। ਉਸ ਦਾ ਹੱਕ ਬਣਦਾ ਹੈ ਕਿ ਉਸ ਨੂੰ ਢਲੀ ਉਮਰ ਵਿੱਚ ਜਿਵੇਂ ਦੇ ਸਹਾਰੇ ਦੀ ਲੋੜ ਹੈ, ਉਹ ਮਿਲੇ। ਜੀਵਨ-ਜਸ਼ਨ ਦਾ ਉਹ ਵੀ ਭਾਗੀ ਬਣੇ। ਅਸੀਂ ਸੰਧਿਆ ਵੇਲੇ ਅਰਾਧਨਾ ਕਰਦੇ ਹਾਂ, ਘਰ ਵਿੱਚ ਜੀਵੰਤ ਸੰਧਿਆ ਵੱਲ ਅਸੀਂ ਪਿੱਠ ਕਿਉਂ ਕਰੀਏ? ਕੋਈ ਵੀ ਜਸ਼ਨ ਇਕੱਲਿਆਂ ਕਿਵੇਂ ਮਨਾਇਆ ਜਾ ਸਕੇ। ਜੇਕਰ ਬੁਢਾਪਾ ਬੋਝ ਹੈ ਤਾਂ ਜੀਵਨ ਦੀ ਹਰ ਅਵਸਥਾ ਬੋਝ ਹੈ। ਮੁੱਢਲੀਆਂ ਲੋੜਾਂ ਦੀ ਅਪੂਰਤੀ ਅਤੇ ਭੁੱਖ, ਜੀਵਨ-ਜਸ਼ਨ ਦਾ ਖ਼ਿਆਲ ਹੀ ਨਹੀਂ ਆਉਣ ਦਿੰਦੇ।

# ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ : ਸਾਕਾ ਨਨਕਾਣਾ ਸਾਹਿਬ





ਇਕਵਾਕ ਸਿੰਘ ਪੱਟੀ
ਅੰਮ੍ਰਿਤਸਰ ਸਾਹਿਬ
ਮੋ. 9478767620

ਜਗਤ ਗੁਰੂ, ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਜਨਮ ਅਸਥਾਨ ਗੁ. ਨਨਕਾਣਾ ਸਾਹਿਬ ਜੀ ਦੀ ਪਵਿੱਤਰ ਧਰਤੀ ਨੂੰ ਭ੍ਰਿਸ਼ਟ ਮਹੰਤਾਂ ਤੋਂ ਆਜ਼ਾਦ ਕਰਵਾਉਣ ਹਿੱਤ ਵਾਪਰੇ ਦੁਖਾਂਤ ਦੇ ਉਸ ਕਹਿਰੀ ਸਮੇਂ ਨੂੰ ਸਾਕਾ ਨਨਕਾਣਾ ਸਾਹਿਬ ਦੇ ਨਾਮ ਨਾਲ ਹਰ ਸਾਲ ਯਾਦ ਕੀਤਾ ਜਾਂਦਾ ਹੈ। ਯਾਦ ਰਹੇ ਕਿ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਦਾ ਮਕਸਦ ਸਿਰਫ਼ ਸਬੰਧਿਤ ਜਗ੍ਹਾ ਨੂੰ ਆਪਣੇ ਕਬਜ਼ੇ ਵਿੱਚ ਲੈਣਾ ਹੀ ਨਹੀਂ ਸੀ ਬਲਕਿ ਉਸ ਪਵਿੱਤਰ ਅਸਥਾਨ ਨੂੰ ਗੁਰੂ ਨਾਨਕ ਦੇ ਸਿਧਾਂਤਾਂ ਨੂੰ ਪ੍ਰਚਾਰਣ ਦੇ ਕੇਂਦਰ ਵੱਜੋਂ ਪੇਸ਼ ਕਰਕੇ ਉੱਥੇ ਗੁਰ ਮਰਿਯਾਦਾ ਲਾਗੂ ਕਰਵਾਉਣਾ ਵੀ ਸੀ, ਕਿਉਂਕਿ ਸਮੇਂ ਦੇ ਮਹੰਤ ਨਰੈਣੂ (ਨਰਾਇਣ ਦਾਸ) ਨੇ ਅਤੇ ਇਸਤੋਂ ਪਹਿਲਾਂ ਦੇ ਰਹਿ ਚੁੱਕੇ ਮਹੰਤ ਸਾਧੂ ਰਾਮ ਅਤੇ ਕਿਸ਼ਨ ਦਾਸ ਨੇ ਨਨਕਾਣਾ ਸਾਹਿਬ ਵਿਖੇ ਮੱਸੇ ਰੰਘੜ ਵਾਲੇ ਸਮੇਂ ਦੇ ਹਾਲਾਤ ਤੋਂ ਵੀ ਬੱਦਤਰ ਹਾਲਾਤ ਉਸ ਸਥਾਨ ਦੇ ਬਣਾ ਛੱਡੇ ਸਨ।ਅਗਸਤ 1917 ਵਿੱਚ ਉਸਨੇ ਨਾਚੀਆਂ ਸੱਦ ਕੇ, ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਨਾਚ-ਗਾਣਾ ਕਰਵਾਇਆ।ਜਦ ਸੰਨ 1918 ਵਿੱਚ ਇੱਕ ਰਿਟਾਇਰਡ ਸਿੰਧੀ ਅਫ਼ਸਰ ਆਪਣੇ ਪਰਿਵਾਰ ਸਮੇਤ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਇਆ ਤਾਂ ਰਾਤ ਸਮੇਂ ਉਸਦੀ 13 ਵਰ੍ਹਿਆਂ ਦੀ ਮਾਸੂਮ ਬੱਚੀ ਨਾਲ ਮਹੰਤ ਦੇ ਚੇਲੇ ਨੇ ਜਬਰ ਜਿਨਾਹ ਕੀਤਾ। ਇਸੇ ਹੀ ਸਾਲ ਪੂਰਨਮਾਸੀ ਦੀ ਇੱਕ ਰਾਤ

ਨੂੰ ਜ਼ਿਲ੍ਹਾ ਲਾਇਲਪੁਰ ਦੇ ਜੜ੍ਹਾਂ ਵਾਲੇ ਇਲਾਕੇ ਦੀਆਂ 6 ਬੀਬੀਆਂ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਹਿੱਤ ਪੁਜੀਆਂ ਉਹਨਾਂ ਨਾਲ ਵੀ ਮਹੰਤ ਦੇ ਚੇਲਿਆਂ ਨੇ ਉਹੀ ਹਸ਼ਰ ਕੀਤਾ ਅਤੇ ਖੇਹ ਖਾਧੀ। ਅਜਿਹੀਆਂ ਵਾਰਦਾਤਾਂ ਅਕਸਰ ਹੀ ਇੱਥੇ ਹੋਣ ਲੱਗ ਪਈਆਂ ਸਨ। ਇੱਥੋਂ ਤੱਕ ਕਿ ਜਦੋਂ ਸਿੱਖਾਂ ਨੇ ਮਹੰਤ ਦੀਆਂ ਇਹ ਆਪਹੁਦਰੀਆਂ ਕਰਤੂਤਾਂ ਅਤੇ ਮੰਦਭਾਗੀਆਂ ਘਟਨਾਵਾਂ ਵਿਰੁੱਧ ਰੋਸ ਪ੍ਰਗਟ ਕੀਤਾ ਤਾਂ ਅਗੋਂ ਮਹੰਤ ਨੇ ਐਲਾਨੀਆ ਕਹਿ ਦਿੱਤਾ ਕਿ ਇਹ ਗੁਰਦੁਆਰਾ ਸਾਡੀ ਨਿੱਜੀ ਜਾਗੀਰ ਹੈ, ਤੁਸੀਂ ਆਪਣੀਆਂ ਇਸਤਰੀਆਂ ਨੂੰ ਨਾ ਭੇਜਿਆ ਕਰੋ।

ਤਦ ਨਨਕਾਣਾ ਸਾਹਿਬ ਦੇ ਪਵਿੱਤਰ ਸਥਾਨ 'ਤੇ ਐਸੇ ਕੁਕਰਮਾਂ ਨੂੰ ਬੰਦ ਕਰਵਾਉਣ ਅਤੇ ਗੁਰ ਮਰਿਯਾਦਾ ਲਾਗੂ ਕਰਵਾਉਣ ਹਿੱਤ ਕਰਵਾਉਣ ਬਾਬਤ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਇੱਕ ਚਿੱਠੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਂ ਭੇਜੀ ਜਿਸ ਵਿੱਚ ਲਿਖਿਆ ਗਿਆ ਕਿ, 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਹਾਲਤ ਦਾ ਫ਼ਿਕਰ ਕਰਨਾ ਚਾਹੀਦਾ ਹੈ ਅਤੇ ਮਹੰਤ ਦੀਆਂ ਕਾਰਵਾਈਆਂ ਦੇ ਖ਼ਿਲਾਫ਼ ਕੋਈ ਕਾਰਵਾਈ ਕਰਨੀ ਚਾਹੀਦੀ ਹੈ ਵਰਨਾ ਕਿਤੇ ਅਜਿਹਾ ਨਾ ਹੋਵੇ ਕਿ ਸੰਗਤਾਂ ਆਪ ਹੀ ਨਨਕਾਣਾ ਸਾਹਿਬ ਵੱਲ ਚਾਲੇ ਪਾ ਦੇਣ। ਤਾਂ ਸਕੱਤਰ ਨੇ 21 ਜਨਵਰੀ 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਣ ਵਾਲੀ ਇੱਕ ਮੀਟਿੰਗ ਦੇ ਏਜੰਡੇ ਵਿੱਚ ਰੱਖ ਦਿੱਤੀ ਤਾਂ ਇਸ ਬਾਬਤ ਇੱਕ ਵਿਸ਼ੇਸ਼ ਗੁਰਮਤਾ ਪਾਸ ਕਰਕੇ ਮਿਤੀ 4,5,6 ਮਾਰਚ 1921 ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਿੱਖ ਕੌਮ ਦਾ ਇੱਕ ਭਾਰੀ ਇਕੱਠ ਸੱਦਣ ਬਾਰੇ ਵਿਚਾਰ ਚਰਚਾ ਕੀਤੀ ਗਈ ਤਾਂ ਕਿ ਉਸ ਸਮੇਂ ਸਮੁੱਚੇ ਪੰਥਕ ਰੂਪ ਵਿੱਚ ਮਿਲ ਬੈਠ ਕੇ ਗੁਰਦੁਆਰਿਆਂ ਦੇ ਪ੍ਰਬੰਧ ਅਤੇ ਮਹੰਤ ਨਰਾਇਣ ਦਾਸ ਦਾ ਮਸਲਾ ਵਿਚਾਰਿਆ ਜਾ ਸਕੇ ਅਤੇ ਮਹੰਤ ਨੂੰ ਸੁਧਰਨ ਲਈ ਕਿਹਾ ਜਾਵੇ। ਇਸ ਸਬੰਧੀ ਫ਼ੈਸਲਾ ਹੋਇਆ ਕਿ ਇੱਕ ਖੁੱਲ੍ਹਾ ਚਿੱਠਾ ਛਾਪ ਕੇ ਸੰਗਤਾਂ ਵਿੱਚ ਵੰਡਿਆ ਜਾਵੇ ਅਤੇ ਮਹੰਤ ਨੂੰ ਆਪ ਸੁਧਾਰ ਵਾਸਤੇ ਕਿਹਾ ਜਾਵੇ। ਕਿਉਂ ਜੁ ਇਸਨੇ ਪ੍ਰਬੰਧ ਸੰਭਾਲਣ ਵੇਲੇ ਇਹ ਗੱਲ ਮੰਨੀ ਸੀ ਕਿ ਪਹਿਲੇ ਮਹੰਤਾਂ ਦੀ ਤਰ੍ਹਾਂ ਕਿਸੇ ਵੀ ਤਰ੍ਹਾਂ ਦੀ ਕੋਈ ਸ਼ਿਕਾਇਤ ਨਹੀਂ ਆਵੇਗੀ ਅਤੇ ਉਹ ਸੰਗਤ ਦੀ ਮਰਜ਼ੀ ਨਾਲ ਹੀ ਚੱਲੇਗਾ, ਪਰ ਉਸ ਨੇ ਇਹ ਪਵਿੱਤਰ ਅਸਥਾਨ ਤੇ ਨਸ਼ੇ ਅਤੇ ਵਿਭਚਾਰ ਸ਼ੁਰੂ ਕੀਤਾ ਹੋਇਆ ਸੀ। ਇਹ ਹੋਣ ਵਾਲੇ ਇਸ ਪੰਥਕ ਇਕੱਠ ਦੀ ਸੂਹ ਮਹੰਤ ਨਰੈਣੂ ਨੂੰ ਲੱਗ ਗਈ ਤਾਂ ਉਸਨੇ ਵਿਉਂਤ ਘੜ ਲਈ ਕਿ ਉਸ ਸਮੇਂ ਸਿੱਖਾਂ ਦੇ ਉਸ ਭਾਰੀ ਇਕੱਠ ਉੱਤੇ ਹਮਲਾ ਕਰਕੇ ਸਭ ਗੁਰਮਤਿ ਸੁਧਾਰਕਾਂ ਨੂੰ ਖ਼ਤਮ ਕਰ ਦੇਣਾ ਹੈ। ਇਸ ਲਈ ਉਸਨੇ ਜੰਗੀ ਤਿਆਰੀ ਆਰੰਭ ਦਿੱਤੀ। ਵੱਡੀ ਗਿਣਤੀ ਵਿੱਚ ਗੁਰਦੁਆਰਾ ਸਾਹਿਬ ਦੀ ਹਦੂਦ ਦੇ ਅੰਦਰ ਗੋਲੀ, ਸਿੱਕਾ, ਟਕੂਏ, ਪਿਸਤੌਲਾਂ, ਬੰਦੂਕ, ਮਿੱਟੀ ਦੇ ਤੇਲ ਦੇ ਪੀਪਿਆਂ ਅਤੇ ਲੱਕੜਾਂ ਦਾ ਜ਼ਖੀਰਾ ਇਕੱਠਾ ਕਰ ਲਿਆ ਤਾਂ ਕਿ ਉੱਠ ਰਹੀ ਗੁਰਦੁਆਰਾ ਸੁਧਾਰ ਲਹਿਰ ਦੇ ਮੁਖੀਆਂ ਸਮੇਤ ਹਾਜ਼ਰ ਸਾਰੇ ਸਿੱਖ ਆਗੂਆਂ ਦਾ ਖੁਰਾ ਖੋਜ ਉਸ ਦਿਨ ਹੋਣ ਵਾਲੀ ਇੱਤਰਤਾ ਮੌਕੇ ਮਿਟਾਇਆ ਜਾ ਸਕੇ। ਉਸਨੇ 28 ਪਠਾਣ ਅਤੇ ਖੂੰਖਾਰ ਕਾਤਲ ਭਾੜੇ 'ਤੇ ਰੱਖ ਲਏ। ਗੁਰਦੁਆਰੇ ਦੇ ਬਾਹਰ ਦਾ ਲੱਖੜ ਵਾਲਾ ਦਰਵਾਜਾ ਹਟਾ ਕੇ ਲੋਹੇ ਦਾ ਲਗਵਾ ਲਿਆ ਅਤੇ ਉਸ ਵਿੱਚ ਗੋਲੀਆਂ ਚਲਾਉਣ ਲਈ ਛੇਕ ਰੱਖ ਲਏ। ਮਹੰਤ ਨਰੈਣੂ ਦੇ ਇਸ ਕਾਰੇ ਦੀ ਸੂਹ ਗੁਰਸਿੱਖਾਂ ਕੋਲ ਪੁੱਜੀ ਤਾਂ ਉਹਨਾਂ

ਨੇ 17 ਫ਼ਰਵਰੀ 1921 ਨੂੰ ਇੱਕ ਵਿਸ਼ੇਸ਼ ਮੀਟਿੰਗ ਸੱਦ ਕੇ ਇਹ ਮਤਾ ਪਕਾ ਦਿੱਤਾ ਗਿਆ ਕਿ 19 ਫ਼ਰਵਰੀ ਨੂੰ ਭਾਈ ਲਛਮਣ ਸਿੰਘ ਅਤੇ ਭਾਈ ਕਰਤਾਰ ਸਿੰਘ ਝੱਬਰ ਸ੍ਰੀ ਨਨਕਾਣਾ ਸਾਹਿਬ ਦੀ ਆਜ਼ਾਦੀ ਲਈ ਚਾਲੇ ਪਾ ਦੇਣਗੇ


ਕਿਉਂਕਿ ਉਸ ਮਹੰਤ ਦੇ ਵਿਰੁੱਧ ਅਤੇ ਗੁਰਦੁਆਰਾ ਸਾਹਿਬ ਨੂੰ ਆਜ਼ਾਦ ਕਰਵਾਉਣ ਲਈ ਸਿੱਖ ਸੰਗਤਾਂ ਦੇ ਮਨਾਂ ਵਿੱਚ ਪਹਿਲਾਂ ਹੀ ਜੋਸ਼ ਠਾਠਾਂ ਮਾਰ ਰਿਹਾ ਸੀ ਅਤੇ ਮਹੰਤ ਦੀ ਸਿੱਖਾਂ ਉੱਪਰ ਹਮਲਾ ਕਰਨ ਦੀ ਬਦਨੀਤੀ ਨੇ ਸਿੱਖਾਂ ਵਿੱਚਲੇ ਰੋਹ ਨੂੰ ਭਾਂਬੜ ਦਾ ਰੂਪ ਦੇ ਦਿੱਤਾ।

ਮਿਥੀ ਮਿਤੀ ਤੇ ਅਰਦਾਸਾ ਸੋਧ ਕੇ ਗੁਰੂ ਦੇ ਲਾਡਲੇ ਸਿੰਘਾਂ ਨੇ ਗੁਰਧਾਮ ਆਜ਼ਾਦ ਕਰਵਾਉਣ ਲਈ ਗੁਰੂ ਦੀ ਸਿੱਖਿਆ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥' ਅਤੇ 'ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ

ਹੁਕਮਿ ਮੰਨਿਐ ਪਾਈਐ ॥' ਦੇ ਮਾਹਾਂ ਵਾਕਾਂ ਨੂੰ ਮੰਨਦਿਆਂ ਗੁਰਧਾਮਾਂ ਦੀ ਆਜ਼ਾਦੀ ਲਈ ਅਤੇ ਗੁਰੂ ਅਸਥਾਨ ਦੀ ਬੇਅਦਬੀ ਰੋਕਣ ਲਈ ਸ੍ਰੀ ਨਨਕਾਣਾ ਸਾਹਿਬ ਨੂੰ ਚਾਲੇ ਪਾ ਦਿੱਤੇ। ਰਸਤੇ ਵਿੱਚ ਪੰਥਕ ਲੀਡਰਾਂ ਦੇ ਕਹੇ

'ਤੇ ਉਹਨਾਂ ਨੂੰ ਰਸਤੇ ਵਿੱਚ ਹੀ ਰੋਕਣ ਲਈ ਉਪਰਾਲਾ ਕੀਤਾ ਗਿਆ ਤਾਂ ਕਿ ਮਾਹੌਲ ਨਾ ਵਿਗੜੇ ਪਰ ਸਿੱਖਾਂ ਨੇ ਇੱਕੋ ਗੱਲ ਕਹੀ ਕਿ ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਕੇ ਤੁਰੇ ਹਾਂ, ਅਕਾਲ ਪੁਰਖ ਆਪ ਸਹਾਈ ਹੋਵੇਗਾ ਅਤੇ ਸਾਡੀ ਜਿੱਤ ਨਿਸਚਿਤ ਹੈ। ਅਸੀਂ ਅੱਗੇ ਹੋ ਕੇ ਮਰ ਜਾਵਾਂਗੇ ਪਰ ਹੁਣ ਪਿੱਛੇ ਨਹੀਂ ਹਟਾਂਗੇ। ਜਾਂ ਨਾਨਕ ਦਾ ਨਨਕਾਣਾ ਆਜ਼ਾਦ ਕਰਵਾਵਾਂਗੇ ਜਾਂ ਫ਼ਿਰ ਸ਼ਹੀਦ ਹੋਵਾਂਗੇ। (ਬਾਕੀ ਸਫ਼ਾ 31 'ਤੇ)

# ਸਿੱਖ ਇਤਿਹਾਸ ਵਿੱਚ ਸ਼ਹਾਦਤ ਸ਼ਬਦ ਦੀ ਮਹਾਨਤਾ



ਪ੍ਰੋਫੈਸਰ ਯਸ਼ਪ੍ਰੀਤ ਕੌਰ

ਸ਼ਹਾਦਤ ਸ਼ਬਦ ਨੇ ਸਿੱਖ ਇਤਿਹਾਸ ਦੇ ਸਫ਼ਿਆਂ ਨੂੰ ਉਹ ਮਾਣ ਬਖਸ਼ਿਆ, ਜੋ ਦੁਨੀਆ ਅੰਦਰ ਬੇਮਿਸਾਲ ਹੈ। 'ਸ਼ਹੀਦ' ਜਾਂ 'ਸ਼ਹਾਦਤ' ਇਹ ਲਫ਼ਜ਼ ਅਰਬ ਤੋਂ ਆਏ ਪ੍ਰਤੀਤ ਹੁੰਦੇ ਹਨ। ਇਸਲਾਮ ਦੀ ਪਵਿੱਤਰ ਕਿਤਾਬ ਕੁਰਾਨ ਸ਼ਰੀਫ਼ ਵਿੱਚ ਸ਼ਹੀਦ ਨੂੰ ਅੱਵਲ ਰੁਤਬਾ ਹਾਸਿਲ ਹੈ। ਸ਼ਹੀਦ ਨੂੰ ਅੱਲ੍ਹਾ ਦੇ ਸਭ ਤੋਂ ਨੇੜੇ ਹੋਣ ਦਾ ਮਾਣ ਬਖਸ਼ੇ ਜਾਣ ਦੀ ਗੱਲ ਹੈ। ਸ਼ਹੀਦ ਦੇ ਅੱਖਰੀ ਅਰਥ ਹਨ, ਸ਼ਾਹਿਦ ਹੋਣਾ, ਗਵਾਹ ਹੋਣਾ। ਸ਼ਹੀਦ ਹੋਣ ਵਾਲਾ ਕਿਸ ਗੱਲ ਦੀ ਗਵਾਹੀ ਭਰਦਾ ਹੈ? ਇਹ ਸਮਝਣ ਲਈ ਦੁਨੀਆਂ ਭਰ ਵਿੱਚ ਹੋਈਆਂ ਸ਼ਹਾਦਤਾਂ ਦੇ ਕਾਰਨਾਂ ਦੇ ਨਾਲ-ਨਾਲ ਸਮਾਜ ਉੱਤੇ ਪੈਣ ਵਾਲੇ ਪ੍ਰਭਾਵਾਂ ਨੂੰ ਜਾਣਨ ਅਤੇ ਸਮਝਣ ਦੀ ਕੋਸ਼ਿਸ਼ ਕਰਾਂਗੇ ਤਾਂ ਹਰ ਸ਼ਹਾਦਤ ਦਾ ਪ੍ਰਮੁੱਖ ਕਾਰਨ ਸਾਹਮਣੇ ਆਵੇਗਾ ਕਿ ਸ਼ਹੀਦ ਹੋਣ ਵਾਲਾ ਕਿਸੇ ਹਾਕਮ ਦਾ ਹੰਕਾਰ ਤੋੜਦਾ ਹੋਇਆ ਸੱਚੇ ਰੱਬ ਦੀ ਹੋਂਦ ਦੀ ਗਵਾਹੀ ਦਿੰਦਾ ਹੋਇਆ ਨਿਸ਼ਕਾਮਤਾ ਨਾਲ ਆਪਣੀ ਜਾਨ ਵਾਰ ਗਿਆ। ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸਿੱਖ ਧਰਮ ਦੇ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ। ਇਸ ਮਹਾਨ ਅਤੇ ਲਾਸਾਨੀ ਸ਼ਹਾਦਤ ਨੇ ਸਤਿਗੁਰ ਦਾ ਓਟ ਆਸਰਾ ਲੈ ਕੇ ਜ਼ਾਲਮ ਅਤੇ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਜੂਝਣ ਦੀ ਸਿੱਖਾਂ ਅੰਦਰ ਅਜਿਹੀ ਰੂਹ ਫੂਕੀ ਕਿ ਸਿੱਖਾਂ ਦੀਆਂ ਕੁਰਬਾਨੀਆਂ ਨੇ ਦੁਨੀਆਂ ਨੂੰ ਦੰਗ ਕਰ ਦਿੱਤਾ। ਸਿੱਖ ਧਰਮ ਅੰਦਰ ਸ਼ਹਾਦਤ ਦੇ ਸਿਧਾਂਤ ਅਤੇ ਸੰਕਲਪ ਨੂੰ ਸਮਝਣ ਲਈ ਕਿਸੇ ਵੀ ਸ਼ਹਾਦਤ ਨੂੰ ਅਚਨਚੇਤ ਵਾਪਰੀ ਸਿਰਫ ਇੱਕ ਘਟਨਾ ਦੇ ਰੂਪ ਨਹੀਂ ਵੇਖਣਾ ਹੋਵੇਗਾ, ਸਗੋਂ ਸ਼ਹਾਦਤ ਨੂੰ ਗੁਰੂ ਨਾਨਕ ਸਾਹਿਬ ਦੇ ਸਿਰਜੇ ਹੋਏ ਫਲ਼ਸਫੇ ਅਨੁਸਾਰ ਵਾਪਰ ਰਹੇ ਇੱਕ ਮਹੱਤਵਪੂਰਨ ਵਰਤਾਰੇ ਵਜੋਂ ਵੇਖਣਾ ਹੋਵੇਗਾ, ਜਿਵੇਂ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਸਾਹਿਬ ਜੀ ਵੱਲੋਂ ਭੁੱਖੇ ਸਾਧੂਆਂ ਲਈ ਲਗਾਇਆ ਗਿਆ 20 ਰੁਪਇਆਂ ਦਾ ਲੰਗਰ ਨਿਰੰਤਰ ਚੱਲ ਰਿਹਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਪਾਤਿਸ਼ਾਹ ਦਾ ਫੁਰਮਾਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਉੱਤੇ ਪਹਿਰਾ ਦਿੰਦਿਆਂ ਹੱਕ ਸੱਚ ਲਈ ਆਵਾਜ਼ ਉਠਾਉਂਦਿਆਂ, ਜ਼ਾਲਮ ਹਾਕਮ ਨੂੰ ਲਲਕਾਰਦਿਆਂ ਸਿੱਖ ਰਹਿੰਦੀ ਦੁਨੀਆਂ ਤੱਕ ਹੱਸ ਕੇ ਸ਼ਹਾਦਤਾਂ ਕਬੂਲਦੇ ਰਹਿਣਗੇ। ਪੰਜਵੇਂ ਪਾਤਿਸ਼ਾਹ ਦੀ ਸ਼ਹਾਦਤ ਤੋਂ ਬਾਅਦ ਮੁਗ਼ਲਾਂ ਨਾਲ ਲੜੀਆਂ ਗਈਆਂ ਲੜਾਈਆਂ ਮੌਕੇ ਬੇਸ਼ੱਕ ਗੁਰੂ ਸਾਹਿਬਾਨਾਂ ਦੀਆਂ ਲਾਡਲੀਆਂ ਫ਼ੌਜਾਂ 'ਚ ਸ਼ਹਾਦਤਾਂ ਹੋਈਆਂ ਹੋਣਗੀਆਂ, ਪਰ ਇਤਿਹਾਸ ਦੇ ਵਰਕਿਆਂ ਉੱਪਰ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਦੇ ਨਾਲ ਸ਼ਹੀਦ ਕੀਤੇ ਜਾਣ ਵਾਲੇ ਸਿੱਖਾਂ ਜਿਨ੍ਹਾਂ ਵਿਚ ਭਾਈ ਮਤੀਦਾਸ, ਭਾਈ ਸਤੀਦਾਸ ਅਤੇ ਭਾਈ ਦਿਆਲਾ ਜੀ ਦਾ ਜ਼ਿਕਰ ਪ੍ਰਮੁੱਖ ਹੈ, ਵਿਸ਼ੇਸ਼ ਅਹਿਮੀਅਤ ਰੱਖਦੀਆਂ ਹਨ। ਅੱਗੇ ਤੁਰਨ ਤੋਂ ਪਹਿਲਾਂ ਇਨ੍ਹਾਂ ਸ਼ਹਾਦਤਾਂ ਲਈ ਜ਼ਾਲਮਾਂ ਵੱਲੋਂ ਅਪਣਾਏ ਗਏ ਬੇਕਿਰਕ ਤਰੀਕਿਆਂ ਬਾਰੇ ਗੱਲ ਕਰਨਾ ਅਤਿਅੰਤ ਜ਼ਰੂਰੀ ਹੈ। ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬਿਠਾ ਕੇ ਨੰਗੇ ਪਿੰਡੇ ਉਪਰ ਤੱਤੀ ਰੇਤ ਦੇ ਕੜਛੇ ਪਾਉਣ ਉਪਰੰਤ ਉਨ੍ਹਾਂ ਨੂੰ ਰਾਵੀ ਦਰਿਆ 'ਚ ਵਹਾਇਆ ਗਿਆ। ਭਾਈ ਸਤੀਦਾਸ ਜੀ ਨੂੰ ਰੂੰਅ 'ਚ ਲਪੇਟ ਕੇ ਜਿਉਂਦਿਆਂ ਅੱਗ ਲਗਾ ਕੇ ਸਾੜਿਆ ਗਿਆ, ਭਾਈ ਮਤੀਦਾਸ ਜੀ ਨੂੰ ਆਰੇ ਨਾਲ ਵਿਚਾਲਿਓ ਚੀਰ ਦਿੱਤਾ ਗਿਆ, ਭਾਈ ਦਿਆਲਾ ਜੀ ਨੂੰ ਦੇਗ 'ਚ ਉਬਾਲਿਆ ਗਿਆ, ਮਨੁੱਖੀ ਹੱਕਾਂ ਅਤੇ ਕਦਰਾਂ-ਕੀਮਤਾਂ ਦੇ ਰਾਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਕਲਮ ਕੀਤਾ ਗਿਆ।

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥
(ਅੰਗ 1105)

ਸ਼ਾਹਿ ਸ਼ਹਿਨਸ਼ਾਹ, ਬਾਦਸ਼ਾਹ ਦਰਵੇਸ਼, ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਵਾਜ਼ 'ਤੇ ਸੀਸ ਭੇਟਾ ਦੇਣ ਵਾਲੇ ਪੰਜ ਪਿਆਰਿਆਂ ਨੇ ਗੁਰੂ ਤੋਂ ਅੰਮਿਜ਼ ਦੀ ਦਾਤ ਲੈ ਖ਼ਾਲਸਾ ਰੂਪ ਹੋ, ਜਦੋਂ ਗੁਰੂ ਨੂੰ ਅੰਮ੍ਰਿਤ ਦੀ ਬਖ਼ਸ਼ਿਸ਼ ਕੀਤੀ ਤਾਂ ਇਸ ਅਲੌਕਿਕ ਵਰਤਾਰੇ ਨੇ ਦੀਨ-ਦੁਖੀਆਂ ਅਤੇ ਮਜ਼ਲੂਮਾਂ ਅੰਦਰ ਚੜ੍ਹਦੀ ਕਲਾ ਦੀ ਅਜਿਹੀ ਰੂਹ ਫੂਕੀ ਕਿ ਉਹ ਬੱਬਰ ਸ਼ੇਰ ਹੋ ਗਏ। ਖ਼ਾਲਸੇ ਦੀ ਗਰਜ ਨੇ ਭ੍ਰਿਸ਼ਟ ਚੁੱਕੀ ਹਕੂਮਤ ਦੀ ਰੂਹ ਨੂੰ ਕਾਂਬਾ ਛੇੜ ਦਿੱਤਾ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਚੜ੍ਹਦੀ ਕਲਾ ਦੇ ਜੈਕਾਰਿਆਂ ਦੀ ਗੂੰਜ ਸੁਣ ਅਸਮਾਨ ਨੇ ਝੁਕ ਕੇ ਅਨੰਦਪੁਰ ਦੀ ਧਰਤੀ ਨੂੰ ਨਮਸਕਾਰ ਕੀਤੀ। ਵਹਿਮਾਂ-ਭਰਮਾਂ, ਜਾਤ-ਪਾਤ, ਕਰਮ-ਕਾਂਡਾਂ ਦੀ ਦਲਦਲ ਵਿੱਚ ਹੀਣ-ਭਾਵਨਾ ਦੇ ਸ਼ਿਕਾਰ ਲੋਕ ਪੰਜਾਂ ਕਕਾਰਾਂ ਦੇ ਧਾਰਨੀ ਹੋ ਗੁਰੂ ਦਾ ਖ਼ਾਲਸਾ ਬਣ ਬਾਗ਼ੀ ਜਾਂ ਬਾਦਸ਼ਾਹ ਹੋ ਗਏ। ਚਮਕੌਰ ਦੀ ਗੜ੍ਹੀ ਦੀ ਅਸਾਵੀਂ ਜੰਗ ਮੌਕੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤਾਂ ਅਤੇ ਸਰਹਿੰਦ ਦੀਆਂ ਕੰਧਾਂ ਵਿੱਚ ਚੋਏ ਛੋਟੇ ਸਾਹਿਬਜ਼ਾਦਿਆਂ ਦੇ ਲਹੂ ਨੇ ਇਤਿਹਾਸ ਦੇ ਵਰਕਿਆਂ ਨੂੰ ਧਾਰਮਿਕ ਦ੍ਰਿੜ੍ਹਤਾ ਅਤੇ ਪਿਆਰ ਦੇ ਅਜਿਹੇ ਰੰਗ 'ਚ ਰੰਗਿਆ ਕਿ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੇ ਖ਼ਾਲਸੇ ਨੂੰ ਬਹਾਦਰ ਮਰਜੀਵੜਿਆਂ ਦੀ ਕੌਮ ਬਣਾ ਦਿੱਤਾ।

ਮਰਣੁ ਮੁਣਸਾ ਸੂਰਿਆ ਹਕੁ ਹੈ
ਜੋ ਹੋਇ ਮਰਨਿ ਪਰਵਾਣੋ ॥ (579)

ਜੇਕਰ ਇਤਿਹਾਸ ਦੇ ਝਰੋਖੇ 'ਤੇ ਨਜ਼ਰ ਮਾਰੀਏ ਤਾਂ ਸ਼ਹਾਦਤ ਦੇ ਜੋ ਕਾਰਨ ਸਮਝ 'ਚ ਆਉਂਦੇ ਹਨ ਉਹ ਇਸ ਪ੍ਰਕਾਰ ਹਨ- ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਮੁੱਖ ਕਾਰਨ ਅਤੇ ਮਕਸਦ ਹੰਕਾਰੀ ਬਾਦਸ਼ਾਹ ਜਹਾਂਗੀਰ ਦਾ ਹੰਕਾਰ ਤੋੜਨਾ ਸੀ, ਮੁਗ਼ਲ ਬਾਦਸ਼ਾਹ ਔਰਗੰਜ਼ੇਬ ਇਸ ਪ੍ਰਕਾਰ ਹਨ ਜੋ ਆਪਣੀ ਪਰਜਾ ਤੋਂ ਧਾਰਮਿਕ ਆਜ਼ਾਦੀ ਨੂੰ ਮਾਣਨ ਦਾ ਹੱਕ ਅਤੇ ਹੋਰ ਮੁਢਲੇ ਮਨੁੱਖੀ ਹੱਕ ਖੋਹ ਰਿਹਾ ਸੀ, ਨੂੰ ਗੁਰੂ ਸਾਹਿਬ ਨੇ ਇਨ੍ਹਾਂ ਮਨੁੱਖੀ ਹੱਕਾਂ ਦੇ ਰਾਖੇ ਬਣ ਕੇ ਚੁਣੌਤੀ ਦਿੱਤੀ ਤੇ ਮਜ਼ਲੂਮਾਂ ਦੇ ਹੱਕਾਂ ਲਈ ਬੋਲਦਿਆਂ ਸ਼ਹੀਦ ਹੋ ਗਏ। ਨੌਵੇਂ ਪਾਤਿਸ਼ਾਹ ਦੀ ਸ਼ਹਾਦਤ ਨੇ ਜ਼ਾਲਮ ਹਕੂਮਤ ਦੀ ਨੀਂਹ ਨੂੰ ਅਜਿਹਾ ਹਲੂਣਾ ਦਿੱਤਾ ਕਿ ਮੁੜ ਮੁਗ਼ਲ ਉਹ ਬਾਦਸ਼ਾਹਤ ਕਾਇਮ ਨਾ ਕਰ ਸਕੇ।

ਗੁਰੂ ਗੋਬਿੰਦ ਸਿੰਘ ਜੀ ਤੋਂ ਪੰਜ ਤੀਰ ਲੈ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਜਦ ਸਰਹਿੰਦ ਫ਼ਤਹਿ ਕਰਨ ਲਈ ਚਾਲੇ ਪਾਏ ਤਾਂ ਸਿੱਖਾਂ ਵੱਲ ਲਿਖ ਕੇ ਚਿੱਠੀਆਂ ਪਾਈਆਂ ਕਿ ਅਸਾਂ ਗੁਰੂ ਸਾਹਿਬ ਜੀ ਦੇ ਹੁਕਮ ਨੂੰ ਮੰਨਦਿਆਂ ਸਰਹਿੰਦ 'ਤੇ ਚੜ੍ਹਾਈ ਕਰਨੀ ਹੈ, ਤੁਹਾਨੂੰ ਫ਼ੌਜ 'ਚ ਭਰਤੀ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ, ਪਰ ਖ਼ਾਲਸੇ ਦੀ ਫ਼ੌਜ ਵਿੱਚ ਭਰਤੀ ਹੋਣ 'ਤੇ ਤਨਖਾਹ ਨਹੀਂ ਮਿਲੇਗੀ, ਸਗੋਂ ਹੋ ਸਕਦਾ ਪਾਤਿਸ਼ਾਹ ਦੀ ਮਿਹਰ ਸਦਕਾ ਸ਼ਹਾਦਤ ਨਸੀਬ ਹੋ ਜਾਵੇ। ਸ਼ਹਾਦਤ ਦਾ ਚਾਅ ਐਸਾ ਕਿ ਮਾਝੇ, ਮਾਲਵੇ, ਦੁਆਬੇ ਅਤੇ ਪੰਜਾਬ ਤੋਂ ਇਲਾਵਾ ਹੋਰ ਵੀ ਦੂਰੋਂ-ਦੂਰੋਂ ਸਿੱਖ ਘਰੀਂ ਫ਼ਤਹਿ ਬੁਲਾ ਸ਼ਹੀਦੀਆਂ ਪਾਉਣ ਖਾਤਰ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਤੁਰ ਪਏ। ਇਤਿਹਾਸ ਦੇ ਇਹ ਸਫ਼ੇ ਬਾਖੂਬੀ ਸਮਝਾਉਂਦੇ ਨੇ ਕਿ ਸ਼ਹੀਦ ਹੋਣ ਵਾਲਾ ਪੂਰੇ ਹੋਸ਼ੋ-ਹਵਾਸ ਅਤੇ ਸੁਚੇਤ ਰੂਪ 'ਚ ਉਸ ਮਕਸਦ ਨੂੰ ਸਮਰਪਿਤ ਹੁੰਦਾ ਹੈ, ਜਿਸ ਲਈ ਉਹ ਸ਼ਹੀਦ ਹੋਣ ਜਾ ਰਿਹਾ ਹੁੰਦਾ ਹੈ।

ਮਰਣੁ ਜੀਵਣੁ ਜੋ ਸਮ ਕਰਿ ਜਾਣੈ
ਸੋ ਮੇਰੇ ਪ੍ਰਭ ਭਾਇਦਾ ॥ (ਅੰਗ 1059)

ਗੁਰਬਾਣੀ ਦੇ ਇਸ ਮਹਾਂਵਾਕ ਅਨੁਸਾਰ ਰੱਬ ਦੀ ਰਜ਼ਾ ਨੂੰ ਸਤਿ ਕਰ ਮੰਨਣ ਵਾਲੇ ਮਨੁੱਖ ਜੋ ਜੀਵਨ ਅਤੇ ਮੌਤ ਨੂੰ ਇਕੋ ਜਿਹਾ ਹੀ ਸਮਝਦੇ ਹਨ, ਉਹ ਪਰਮਾਤਮਾ ਨੂੰ ਪਿਆਰੇ ਲੱਗਦੇ ਹਨ। ਸ਼ਹਾਦਤ ਦਾ ਜਾਮ ਪੀਣ ਵਾਲੇ ਨੂੰ ਮੌਤ ਡਰਾਉਂਦੀ ਨਹੀਂ, ਉਹ ਤਾਂ ਮੌਤ ਨੂੰ ਮਖੌਲਾਂ ਕਰਦੇ ਹੋਏ ਅੱਗੇ ਹੋ ਕੇ ਗੱਲ ਲਾਉਂਦੇ ਹਨ। ਸ਼ਹੀਦ ਹੋ ਜਾਣ ਵਾਲੇ ਕੋਲ ਸ਼ਹੀਦ ਹੋਣ ਤੋਂ ਪਹਿਲਾਂ ਜ਼ਿੰਦਾ ਰਹਿਣ ਲਈ ਕਈ ਵਾਰ ਇਕ ਹੀ ਨਹੀਂ, ਸਗੋਂ ਬਹੁਤ ਸਾਰੇ ਬਦਲ ਹੁੰਦੇ ਹਨ, ਪਰ ਉਹ ਸੱਚ ਅਤੇ ਹੱਕ 'ਤੇ ਪਹਿਰਾ ਦਿੰਦਾ ਹੋਇਆ ਸ਼ਹੀਦ ਹੋ ਜਾਣ ਨੂੰ ਚੁਣਦਾ ਹੈ। ਸ਼ਹੀਦ ਦੀ ਨਜ਼ਰ ਵਿੱਚ ਮਕਸਦ ਵੱਡਾ ਅਤੇ ਜ਼ਿੰਦਗੀ ਜਾਂ ਮੌਤ ਦੋਵੇਂ ਛੋਟੇ ਹੁੰਦੇ ਹਨ।

ਕਬੀਰਾ ਮਰਤਾ ਮਰਤਾ ਜਗੁ ਮੁਆ
ਮਰਿ ਭਿ ਨ ਜਾਨੈ ਕੋਇ ॥
ਐਸੀ ਮਰਨੀ ਜੋ ਮਰੈ ਬਹੁਰਿ
ਨ ਮਰਨਾ ਹੋਇ ॥ (ਅੰਗ 555)

ਭਗਤ ਕਬੀਰ ਜੀ ਦਾ ਫੁਰਮਾਨ ਹੈ ਕਿ ਸਾਰਾ ਜਗ ਮਰ ਰਿਹਾ ਹੈ, ਪਰ ਸੱਚੀ ਮੌਤ ਮਰਨ ਦੀ ਸੋਝੀ ਕਿਸੇ ਕੋਲ ਨਹੀਂ, ਪਰ ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਪੈ ਜਾਂਦੀ ਹੈ, ਉਹ ਫਿਰ ਵਾਰ-ਵਾਰ ਨਹੀਂ ਮਰਦੇ ਭਾਵ ਜੀਵਨ ਮਰਨ ਦੇ ਚੱਕਰ ਤੋਂ ਮੁਕਤ ਹੋ ਜਾਂਦੇ ਹਨ। ਸ਼ਹੀਦ ਹੋ ਜਾਣ ਵਾਲੇ ਰੱਬ ਦੇ ਪਰਵਾਨਿਆਂ ਉੱਤੇ ਅਜਿਹੀ ਰੱਬੀ ਕ੍ਰਿਪਾ ਹੁੰਦੀ ਹੈ ਕਿ ਜੀਵਨ ਮੌਤ ਤੋਂ ਅਗਾਂਹ ਦੀ ਸੋਝੀ ਲੈ ਸ਼ਹਾਦਤ ਨੂੰ ਚੁਣਦੇ ਹਨ ਅਤੇ ਖ਼ਾਸ ਮਕਸਦ ਲਈ ਜਾਨ ਵਾਰ ਕੇ ਸਦਾ ਲਈ ਅਮਰ ਹੋ ਜਾਂਦੇ ਹਨ।

-ਪ੍ਰਿੰਸੀਪਲ, ਚੀਫ਼ ਖ਼ਾਲਸਾ ਦੀਵਾਨ ਇੰਟਰਨੈਸ਼ਨਲ ਨਰਸਿੰਗ ਕਾਲਜ, ਅੰਮ੍ਰਿਤਸਰ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ਼ਾਹ ਹੁਸੈਨ

ਸ਼ਾਹ ਹੁਸੈਨ 16ਵੀਂ ਸਦੀ ਦਾ ਰਹੱਸਵਾਦੀ ਸੰਤ ਮੁਸਲਮਾਨ ਪੰਜਾਬੀ ਕਵੀ ਹੋਇਆ ਹੈ। ਉਹ ਮਸਤ, ਅਨੁਭਵੀ, ਸੋਚਵਾਨ, ਚੇਤੰਨ, ਚਿੰਤਕ, ਸਰਬੰਗੀ, ਮਿੱਠਾ, ਮਿਲਾਪੜਾ, ਸਰਬੰਗੀ, ਮਿੱਠਾ, ਮਿਲਾਪੜਾ, ਸ਼ਹਿਰਦ ਨਿਮਾਣਾ ਸੀ। ਉਸ ਦਾ ਜਨਮ 1538 ਈਸਵੀ ਲਾਹੌਰ ਦੇ ਟਕਸਾਲੀ ਦਰਵਾਜ਼ੇ ਅੰਦਰ ਹੋਇਆ। ਦਾਦਾ ਦਾ ਨਾਉਂ ਰੁਲਜਸ ਸੀ, ਜੋ ਕਲਸ ਰਾਇ ਹਿੰਦੂ ਸੀ। ਹਾਲਾਤ ਦੀਆਂ ਮਜਬੂਰੀਆਂ ਸਦਕਾ ਉਹਨਾਂ ਨੂੰ ਧਰਮ ਪਰਿਵਰਤਨ ਕਰਨਾ ਪਿਆ। ਪਿਉ ਦਾ ਨਾਉਂ ਸ਼ੇਖ ਉਸਮਾਨ ਸੀ, ਜੋ ਕਿ ਜੁਲਾਹਾ/ਕਾਸਬੀ ਦਾ ਕੰਮ ਕਰਦਾ ਸੀ। ਆਪਣੇ ਘਰ ਵਿੱਚ ਘੋਰ ਗਰੀਬੀ ਅਤੇ ਬੇਵਸੀ ਦਾ ਸਮਾਂ ਸੀ। ਆਪਣੇ ਪਿਤਾ ਨੇ ਤਲਵਾਰ ਛੱਡ ਦੇ ਖੱਡੀਆਂ ਬੁਨਣ ਦਾ ਕੰਮ ਕੀਤਾ। ਆਪਣੀ ਜਾਤ ਪੇਸ਼ੇ ਅਤੇ ਨਿਰਮਾਣਤਾ ਤੇ ਨਾਮ ਉਪਾਸਨਾ ਬਾਰੇ ਕਹਿੰਦਾ ਹੈ

ਨਾਉਂ ਹੁਸੈਨ ਤੇ ਜਾਤ ਜੁਲਾਹਾ,
ਗਾਲ਼ੀਆਂ ਦੇਂਦੀਆਂ ਤਾਣੀਆਂ ਵਾਲੀਆਂ
ਸੱਭੇ ਜਾਤੀ ਵੱਡੀਆਂ ਨਿਮਾਣੀ ਫਕੀਰਾਂ ਦੀ ਜਾਤ
ਸ਼ਾਹ ਹੁਸੈਨ ਦੀ ਆਜ਼ਿਜੀ ਕਾਠ ਕੁਹਾੜੇ ਵਾਤ
ਇਸ ਦੁਨੀਆਂ ਦਾ ਕੂੜਾ ਖਾਂਦਾ, ਕਹੈ ਹੁਸੈਨ ਜੁਲਾਹਾ।

ਹੁਸੈਨ ਦੀ ਮੁੱਢਲੀ ਵਿਦਿਆ ਲਾਹੌਰ ਵਿੱਚ ਹੋਈ। ਉਹ ਸੱਤ ਸਾਲ ਦਾ ਸੀ ਕਿ ਉਸ ਨੇ ਸ਼ੇਖ ਅਬੂਬਕਰ ਕੋਲੋਂ ਕੁਰਆਨ ਸ਼ਰੀਫ਼ ਪੜ੍ਹਨੀ ਸ਼ੁਰੂ ਕੀਤੀ। ਡਾਕਟਰ ਮੋਹਨ ਸਿੰਘ ਦੀਵਾਨਾ ਅਨੁਸਾਰ ਹੁਸੈਨ ਨੇ ਬਹਿਲੋਲ ਪਾਸੋਂ ਦਸ ਸਾਲ ਦੀ ਉਮਰ ਵਿੱਚ ਬੈਅਤ ਕੀਤਾ। ਬਹਿਲੋਲ ਦਾ ਵਤਨ ਚੰਦਿਊਣ ਕਸਬਾ ਤੋਂ ਸੱਤ ਮੀਲ ਦੂਰੀ ਤੇ ਸੀ। ਹੁਸੈਨ ਨੇ 26 ਸਾਲ ਦੀ ਉਮਰ ਤੱਕ ਸ਼ੇਖ ਸਾਦੂੱਲਾ ਲਹੌਰੀਏ ਪਾਸੋਂ ਤਫ਼ਸੀਰ ਪੜ੍ਹੀ। ਇੱਕ ਦਿਨ ਦਫਸੀਰ ਮਦਾਰਕ ਪੜ ਰਿਹਾ ਸੀ, ਆਇਤ ਆਈ, ਦੁਨੀਆਂ ਬਸ ਮਾਲਕ ਦੀ ਲੀਲ੍ਹਾ ਬਗੈਰ ਹੋਰ ਕੁਝ ਨਹੀਂ ਹੈ ਤਾਂ ਹੁਸੈਨ ਲੀਲ੍ਹਾ ਵਿੱਚ ਜੁੱਟ ਗਿਆ। ਲੀਲ੍ਹਾ ਰਚਾ ਕੇ ਉਮਰ ਦੇ ਬਾਕੀ 27 ਸਾਲ ਗੁਜ਼ਾਰੇ। ਉਸਨੇ ਮਾਲਾਮਤੀ ਫਿਰਕੇ ਦੀ ਚਾਲ ਫੜੀ। ਸਿਰ ਮੂੰਹ ਮੁਨਾ ਛੱਡਿਆ ਤੇ ਲੱਗਾ ਪਿਆਲਾ ਪੀਣ। ਮਸਤਾਨਾ ਬਣ ਕੇ ਗਲੀ ਮੁਹੱਲੇ , ਠੇਕੇ ਤੇ ਮਸੀਤੀ ਫਿਰਨ ਲੱਗਾ। ਕਦੇ ਹੱਸੇ ਕਦੇ ਰੁਵੇ ਕਦੀ ਜੰਗਲੀ ਛੱਪ ਖਲੋਵੇ (ਸੂਫੀਆ ਦਾ ਕਲਾਮ ਸਫ਼ਾ 144) ਲਾਲ ਪੁਸ਼ਾਕ ਪਾ ਲਈ ਲੋਕ ਉਸ ਨੂੰ ਲਾਲ ਹੁਸੈਨ ਕਹਿਣ ਲੱਗੇ।

ਸ਼ਾਹ ਹੁਸੈਨ ਭਾਰਤੀ ਮਹਾਂਦੀਪ ਦੇ ਸਾਹਿਤਕ ਦ੍ਰਿਸ਼ ਵਿੱਚ ਇੱਕ ਰਹੱਸਵਾਦੀ ਪੰਜਾਬੀ ਕਵੀ ਵਜੋਂ ਇੱਕ ਵੱਖਰਾ ਸਥਾਨ ਹੈ। ਲਾਹੌਰ ਦੇ ਸੰਤਾਂ ਦੇ ਸ਼ਹਿਰ ਵਿੱਚ ਸਤਿਕਾਰਿਆ ਜਾਂਦਾ ਸ਼ਾਇਰ ਹੈ। ਹੁਸੈਨ ਦੀ ਪੰਜਾਬ ਸਾਹਿਤਕ ਦੇਣ ਵਿੱਚ ਉਸ ਨੇ ਸਾਹਿਤ ਦੀ ਵਿਧਾ 'ਕਾਫ਼ੀ' ਵੰਨਗੀ ਵਿੱਚ ਦਿਲ ਖੋਹਲ ਕੇ ਕੰਮ ਕੀਤਾ ਹੈ। ਇਸ ਵਿੱਚ ਮੁਹਾਰਤ ਅਤੇ ਹੁਸੈਨ ਦੀ ਕਵਿਤਾ ਪੂਰੀ ਤਰਾਂ ਛੋਟੀਆਂ ਕਵਿਤਾਵਾਂ ਹਨ, ਜਿਹਨਾਂ ਨੂੰ ਕਾਫ਼ਿਸ ਵਜੋਂ ਜਾਣਿਆ ਜਾਂਦਾ ਹੈ। ਆਮ ਤੌਰ ਤੇ 4-10 ਲਾਇਨਾਂ ਦੀਆਂ ਸੰਗੀਤਕ ਰਚਨਾਵਾਂ ਹਨ, ਜਿਹਨਾਂ ਨੂੰ ਗਾਇਆ ਜਾਂਦਾ ਹੈ। ਫ਼ਿਲਮ ਉਦਯੋਗ ਨੇ ਵੀ ਕਾਫ਼ੀਆਂ ਨੂੰ ਵਰਤਿਆ ਹੈ। ਸ਼ਾਹ ਹੁਸੈਨ ਇੱਕ ਨਿਮਰਤਾ ਵਾਲਾ ਸ਼ਾਇਰ ਹੈ, ਉਹ ਆਪਣੀ ਰਚਨਾ ਵਿੱਚ ਹਲੀਮੀ ਇਸ ਤਰਾਂ ਦਰਸਾਉਂਦਾ ਹੈ ਕਿ ਆਪਣੇ ਆਪ ਨੂੰ ਫ਼ਕੀਰ , ਨਿਮਾਣਾ, ਫਕੀਰ ਸੈਨ ਦਾ, ਫਕੀਰ ਮੌਲਾ ਦਾ ਫਕੀਰ ਰੱਬ ਦਾ, ਫਕੀਰ ਗਦਾਈ, ਫਕੀਰ ਭਿਖਾਰੀ ਵਜੋਂ ਆਦਿ। ਹੁਸੈਨ ਦੀ ਕਵਿਤਾ ਦਾ ਆਰੰਭ ਅਰਬ ਤੋਂ ਹੋਇਆ ਹੈ। ਉਸ ਦੀ ਲੇਖਣੀ ਦੀ ਵਿਧਾ ਕਾਫ਼ੀ ਰਾਗਣੀ ਵਜੋਂ ਪੰਜਾਬ ਤੋਂ ਬਾਹਰ ਵੀ ਆਪਣੀ ਹੋਂਦ ਲਈ ਪਿਆਰ ਤੇ ਚਾਉ ਉਤਪੰਨ ਕਰਾ ਚੁੱਕੀ ਸੀ। ਹੁਸੈਨ ਦੀ ਬੋਲੀ ਠੇਠ, ਉੱਤਮ ਕੇਂਦਰੀ ਸਾਹਿਤਕ ਪੰਜਾਬੀ ਹੈ। ਹੁਸੈਨ ਲਹਿੰਦੀ ਮੁਲਤਾਨੀ ਵੀ ਵਰਤਦਾ ਹੈ। ਹੁਸੈਨ ਦੀ ਮਿੱਠੀ, ਸਿੱਧੀ, ਮੁਹਾਵਰੇਦਾਰ, ਲੋਕ ਉਚਾਰਨ ਦੇ ਨੇੜੇ ਅਤੇ ਲੋਕ ਪਿਆਰ ਨਾਵਾਂ ਚੀਜ਼ਾਂ, ਰੂਪਕਾ;, ਉਪਮਾਆ ਨਾਲ ਰਹਲੀ ਬੋਲੀ ਹੈ। ਉਸ ਦੇ ਵਿਚਾਰ ਸਾਦਾ ਮੁਰਾਦੇ ਹਨ। ਹੁਸੈਨ ਨੇ ਉਹਨਾਂ ਚੀਜ਼ਾਂ ਤੇ ਵਿਚਾਰਾਂ ਨੂੰ ਕਵਿਤਾ ਵਿਚ ਰਚਾਇਆ ਜੋ ਨਿੱਤ ਦੇ ਜੀਵਨ ਦੀਆਂ ਹਨ। ਹਰਮਨ ਪਿਆਰੀ ਹਨ। ਘਰ ਦੀਆਂ ਚੀਜ਼ਾਂ, ਆਮ ਰਸਮਾਂ। ਉਸ ਨੇ ਲੇਖਣੀ ਵਿੱਚ ਉਸ ਸਮੇਂ ਮੌਜੂਦਾ ਚੀਜ਼ਾਂ ਦੀ ਖੁੱਲ ਮਾਣੀ ਹੈ।

ਉਸ ਦੇ ਵਿਚਾਰ ਉਸ ਦੇ ਸਾਰੇ ਬਚਨ ਉਸ ਦੀ ਆਤਮਾ ਦੇ ਹੁਲਾਰੇ ਹਨ, ਜੋ ਵੱਖ ਵੱਖ ਤਮਾਸ਼ਾ ਵੇਖਦੀ ਹੈ। ਅਨੁਭਵਾਂ ਦੇ ਬਿਨਾਂ ਟੀਕਾ ਟਿੱਪਣੀ ਸ਼ਿਕਾਇਤ ਕਟਾਖ ਦੇ ਸੁਆਦ ਮਾਣਦੀ ਹੈ। ਉਹ ਬਹੁਤ ਸਾਰੇ ਰੰਗਾਂ ਦੇ ਮੋਟੇ ਪਤਲੇ ਧਾਗਿਆਂ ਦਾ ਕਪੜਾ ਉਣਦਾ ਹੈ। ਉਹ ਹਰ ਰਾਗ ਰਸ ਰੰਗ ਰੂਪ ਦਾ ਪੁਜਾਰੀ ਹੈ। ਉਸ ਲਈ ਪਾਪ ਤੋਂ ਪਰੇ, ਪੁੰਨ ਤੋਂ ਪਰੇ ਕੋਈ ਲੀਲ੍ਹਾ ਮਾਤਰ ਕੰਮ ਹੈ, ਜਿਸ ਨੂੰ ਰੱਬੀ ਹਾਲਤ ਵਿੱਚ ਉਹ ਆਪਣੇ ਵਿੱਚ ਰਹਿ ਕੇ ਖੇਡਦਾ ਹੈ। ਉਹ ਵਿਸ਼ਾ ਬਦਲਦਾ ਹੈ। ਰਾਗ ਬਦਲਤਾ ਹੈ। ਜਬਾਨ ਬਦਲਦਾ ਹੈ। ਰੂਪਕ ਉਪਮਾਂ ਬਦਲਦਾ ਹੈ ਪਰ ਉਹ ਸਾਰੀਆਂ ਹਾਲਤਾਂ ਵਿੱਚ ਆਪਣੀ ਮਸਤੀ ਨੂੰ ਕਾਇਮ ਸਾਬਤ ਬਰਕਰਾਰ ਰੱਖਦਾ ਹੈ।

ਹੁਸੈਨ ਨੇ ਹਾਫ਼ਜ਼ ਬਣਨ ਤੋਂ ਅਨੁਭਵ ਤੇ ਗਿਆਨ ਪ੍ਰਾਪਤ ਕੀਤਾ, ਫੇਰ ਤੱਪ ਸਾਧਿਆ। ਜਦੋਂ ਮਨ ਨਿਰਮਲ ਹੋ ਗਿਆ ਤਾਂ ਉਹ ਮਸਤੀ ਦੇ ਖੁੱਲੇ ਮੰਡਲਾਂ ਵਿੱਚ ਉਡਾਰੀਆਂ ਲਾਉਣ ਲੱਗਾ। ਉਸ ਵਿੱਚ ਪ੍ਰੀਵਰਤਨ ਹੋ ਗਿਆ। ਉਹ ਕੁਰਾਨ ਕਰੀਮ ਨੂੰ ਡੂੰਘਾਈ ਨਾਲ ਜਾਨਣ ਲੱਗਾ। ਬਜਾਇ ਪੀਰ ਅਖਵਾਉਣ ਦੇ ਉਹ ਮੁਲਾਮਤ ਮੁੱਲ ਲੈਣ ਲੱਗਾ। ਬੇਸ਼ਰਾਹੀਪਣੇ ਵਿੱਚ ਰਹਿਣ ਲੱਗਾ। ਉਸ ਨੇ ਲੋਕਾਂ ਤੋਂ ਦੂਰੀ ਬਣਾ ਲਈ। ਮਨ ਨੂੰ ਉਹ ਬੜਾ ਉੱਚਾ ਦਰਜਾ ਦੇਣ ਲੱਗਾ। ਵਸਲ ਤੇ ਵਸਾਲ ਦੇ ਗੀਤ ਗਾਉਣ ਲੱਗਾ। ਉਸ ਦਾ ਬਿਰਹਾ, ਬਿਰਹਾ ਨਹੀਂ, ਜਿਸ ਦੀਆਂ ਸ਼ਿਕਾਇਤਾਂ ਵੀ ਸਿਫ਼ਤ ਹਨ। ਪਿਰਮ ਦੀ ਵਡਿਆਈ ਹੈ। ਦੁੱਖ,ਸੁੱਖ ਪਾਪ ਪੁੰਨ ਵਿਸ਼ਾਲ ਵਿਛੋੜੇ ਤੋਂ ਉਪਰ ਅਡੋਲ, ਟਿੱਕੀ, ਅਨੰਦ ਰਸ, ਬਿਸਮਾਦ, ਹਲੀਮੀ ਨਾਲ ਪ੍ਰੇਮ ਰੱਤੀ ਅਵਸਥਾ ਹੈ।

ਹੁਸੈਨ ਦੀ ਕਵਿਤਾ ਮਸਤੀ ਦੀ ਕਵਿਤਾ ਹੈ
ਕਹੈ ਹੁਸੈਨ ਫਕੀਰ ਸਾਈਂ ਦਾ,
ਸਵਾ ਸੇਰ ਕੀ ਮਸਤੀ ਹੈ
ਜ਼ਾਹਿਰ ਬਾਤਨ ਇੱਕ ਕਰ ਜਾਨਣ
ਸਭ ਮੁਸ਼ਕਲ ਥੀਆ ਅਸਾਨ
ਸ਼ਾਦੀ ਗ਼ਮੀ ਨ ਦਿਲ ਤੇ ਮਾਨਣ
ਸਦਾ ਰਹਿਣ ਮਸਤਾਨ
ਜਾਂ ਫਿਰ ਮਸਤੀ ਦੀ ਪ੍ਰਾਪਤੀ ਦੀ, ਵਿਸਾਲ ਦੀ,
ਆਪਾ ਪਛਾਣ ਦੀ ਮਸਤੀ ਹੈ
ਜਿਸ ਸ਼ਹੁ ਨੂੰ ਮੈਂ ਢੂੰਡਦੀ,
ਢੂੰਡ ਲੱਧਾ ਸ਼ਹੁ ਸੋਈ
ਤੁਸੀਂ ਰਲ ਮਿਲ ਦਿਉਹ ਮੁਮਾਰਖਾਂ,
ਮੇਰਾ ਸੋਹਣਾ ਸੱਜਣ ਘਰ ਆਇਆ ਹੀ
ਜਿਸ ਸੱਜਣ ਨੂੰ ਮੈਂ ਢੂੰਡਦੀ ਵੱਤਾਂ,
ਸੋ ਸੱਜਣ ਮੈਂ ਪਾਇਆ ਹੀ
ਵਿਹੜਾ ਤਾਂ ਆਂਗਣ ਮੇਰਾ ਭਇਆ ਸੁਹਾਵਣਾ
ਮਾਥੈ ਨੂਰ ਸੁਹਾਇਆ ਹੀ
ਕਹੈ ਹੁਸੈਨ ਫ਼ਕੀਰ ਨਿਮਾਣਾ, ਮੁਰਸ਼ਦ ਦੋਸਤ ਮਿਲਾਇਆ ਹੀ।

ਮਸਤੀ ਦੀਂ ਪ੍ਰਾਪਤੀ ਦੇ ਕੀ ਸਾਧਨ ਹਨ ? ਇਹੋ ਸੂਫੀ ਸਿਧਾਂਤ ਵਿੱਚ ਹਨ। ਓਹੀ ਸਾਧੂ, ਸੰਤ, ਸੂਫ਼ੀ, ਮਸਤ, ਮਲੰਗ ਬਣ ਸਕਦਾ ਹੈ ਜਿਸਦੇ ਭਾਗ ਵਿੱਚ ਲਿਖਿਆ ਹੋਇਆ ਹੈ। ਪ੍ਰਭੂ ਉਸ ਨੂੰ ਆਪ ਚੁਣਦਾ ਹੈ, ਜਿਸ ਤੇ ਪ੍ਰਭੂ ਦੀ ਮਿਹਰ, ਕ੍ਰਿਪਾ, ਰਹਿਮਤ, ਫ਼ਜ਼ਲ ਹੁੰਦਾ ਹੈ। ਜਿਸ ਨੂੰ ਪ੍ਰਭੂ ਆਪ ਚੁਣਦਾ ਹੈ। ਇਹ ਧੁਰ ਦੇ ਪਹਿਲੇ ਲਿਖੇ ਲੇਖ ਹਨ।

ਮਸਤਕ ਜਿੰਨਾ ਦੇ ਪਈ ਫਕੀਰੀ ਭਾਗ ਤਿਨਹਾ ਦੇ ਚੰਗੇ
ਕਹੈ ਹੁਸੈਨ ਸੁਹਾਗਨ ਸਾਈਂ ਜਾਂ ਸਹੁ ਆਪ ਸਿੰਞਾਪੇ
ਕਹੈ ਹੁਸੈਨ ਫਕੀਰ ਸਾਈਂ ਦਾ ਫ਼ਜ਼ਲ ਕਰੇ ਤਾਂ ਮੈਂ ਤਾਰੀਆਂ
ਜੇ ਤੂੰ ਨਜ਼ਰ ਮਿਹਰ ਦੀ ਭਾਲੇ, ਚੜ ਚੌਬਾਰੇ ਮੈਂ ਸੁੱਤੀਆਂ
ਕਹੈ ਹੁਸੈਨ ਫਕੀਰ ਨਿਮਾਣਾ ਛੁੱਟਾਂ ਕਰੇ ਸੱਤਾਰੀ।

ਪ੍ਰੇਮ ਦੇ ਝਰੋਖੇ ਵਿਚੋਂ ਉਹ ਦਿੱਸਣ ਲੱਗ ਪੈਂਦਾ ਹੈ। ਮੈਂ ਨਹੀਂ ਰਹਿੰਦਾ, ਤੂੰ ਹੀ ਹੋ ਜਾਂਦਾ ਹੈ। ਸਾਹਿਬ ਨਾਲ ਰਾਤਾਂ ਲੰਘਦੀਆਂ ਹਨ। ਦੁਨੀਆਂ ਨਾਲੋਂ ਪੂਰਨ ਟੁੱਟ ਜਾਂਦੀ ਹੈ। ਨਮਿਤ ਮਾਤਰ ਜੋੜ ਰਹਿ ਜਾਂਦਾ ਹੈ।

ਜਿਨਹਾ ਪਾਕ ਨਿਗਾਹਾਂ ਹੋਈਆਂ ਸੇ ਕਹੀਂ ਨਾ ਜਾਂਦੇ ਠੱਗੇ
ਜੈ ਘੱਟ ਵਸਿਆ ਮੇਰਾ ਪਿਆਰਾ,
ਉਥੇ ਦੂਜਾ ਨਹੀਂ ਸਮਾਉਂਦਾ
ਕਹੈ ਹੁਸੈਨ ਫਕੀਰ ਸਾਈਂ ਜੀਵੰਦਿਆਂ ਮਰ ਰਹੀਏ ਵੋ।

ਹੁਸੈਨ ਦੀ ਕਵਿਤਾ ਸੂਫ਼ੀ ਸਿਧਾਂਤ ਤੋਂ ਪ੍ਰੇਰਿਤ ਹੈ। ਸੂਫ਼ੀ ਸਿਧਾਂਤ ਵਿੱਚ ਉਦੇਸ਼ ਹੈ ਪ੍ਰਭੂ ਪ੍ਰਾਪਤੀ ਤੇ ਸਾਧਨ ਹੈ ਪ੍ਰੇਮ। ਉਦੇਸ਼ ਹੈ ਮਸਤੀ ਤੇ ਸਾਧਨ ਹੈ। ਆਪਣਾ ਤਿਆਗ, ਆਪਾ ਮਾਰ। ਉਦੇਸ਼ ਹੈ ਰੱਬ ਦੀ ਪਛਾਨ ਤੇ ਸਾਧਨ ਹੈ ਆਪਾ ਪਛਾਣ। ਉਦੇਸ਼ ਹੈ ਆਨੰਦ ਤੇ ਬਿਸਮਾਦ ਤੇ ਸਾਧਨ ਹਨ ਦੁੱਖ ਸੁੱਖ ਤੋਂ ਉਚਾ ਉਠਣਾਂ ਤੇ ਅਕਾਲੀ ਤੇ ਦਿਲ ਤੋਂ ਉਚਰਾ ਉਡਣਾ।

ਹੁਸੈਨ ਕੋਲ ਪੰਜਾਬੀ ਸਾਹਿਤ ਦੇ ਵਿਚਾਰ ਦੀ ਦਾਤ ਰੱਬੀ ਦੇਣ ਹੈ ਤੇ ਉਸਤੇ ਕਿਸੇ ਦਾ ਪ੍ਰਭਾਵ ਨਹੀਂ ਹੈ। ਉਸ ਨੇ ਸਿਰਫ਼ ਜੀਵਨ ਦੇ ਚਲੰਤ ਧਾਰਨੀਆਂ ਨੂੰ ਲੈ ਕੇ ਵਰਤਿਆ ਹੈ। ਪੰਜਾਬੀ ਸਾਹਿਤ ਦੇ ਅਲੰਕਾਰ ਉਸ ਦੇ ਦੁਆਲੇ ਪਸਰੇ ਪਏ ਸਨ। ਉਸ ਨੇ ਚਰਖਾ ਅਤੇ ਖੱਡੀ ਜੋ ਆਰਥਿਕਤਾ ਦਾ ਪ੍ਰਤੀਕ ਹੈ ਨੂੰ ਪੰਜਾਬੀ ਬੋਲੀ ਵਿੱਚ ਲੋਕ ਬੋਲੀ ਵਿੱਚ ਇਕ ਸੁਰ ਕਰ ਦਿੱਤਾ। ਉਸ ਦੀ ਕਵਿਤਾ ਵਿੱਚ ਪੰਜਾਬੀ ਦੀ ਕੁਦਰਤ, ਧਰਤੀ ਅਤੇ ਸਭਿਆਚਾਰ ਝਲਕਦਾ ਹੈ। ਰੋਜ਼ਾਨਾ ਜੀਵਨ ਰੱਬ ਵੱਲ ਯਾਤਰਾ ਦਾ ਅਲੰਕਾਰ ਹੈ। ਬ੍ਰਹਮ ਲਈ ਇੱਕ ਸਰਵ ਵਿਆਪਕ ਪਿਆਰ ਹੈ। ਇਸ ਦੁਨਿਆਵੀ ਇੱਛਾਵਾਂ ਪਿਆਰ ਅਤੇ ਸਮਾਜਿਕ ਬੰਧਨਾ ਤੋਂ ਪਾਰ ਹੈ। ਹੁਸੈਨ ਦੀ ਰਚਨਾ ਪਰਮਾਤਮਾ ਨਾਹਲ ਮਿਲਣ ਦੀ ਖ਼ੋਜ਼ ਹੈ। ਮੱਖਣ ਦਾ ਰਿੜਕਣਾ, ਨਦੀ ਦਾ ਗੂੰਜਣਾਂ, ਪੰਛੀਆਂ ਦਾ ਚਹਿਕਣਾ ਰੋਜ਼ਾਨਾ ਜੀਵਨ ਤੋਂ ਖਿੱਚੀ ਕਲਪਨਾ ਦੀ ਵਰਤੋ ਕਰਕੇ ਉਹ ਕਿਸਾਨਾਂ ਅਤੇ ਜੁਲਾਹੇ, ਪ੍ਰੇਮੀਆਂ ਅਤੇ ਰਾਜਿਆਂ ਤੇ ਰੋਜਾਨਾਂ ਸੰਸਾਰ ਅਤੇ ਬ੍ਰਹਮ ਪਿਆਰ ਅਤੇ ਬ੍ਰਹਿਮੰਡੀ ਚੇਤਨਾ ਦੇ ਖੇਤਰ ਵਿੱਚ ਵਿਛੋੜੇ ਅਤੇ ਤਾਂਘ ਲਈ ਇੱਛਾ ਅਤੇ ਆਨੰਦਮਈ ਅਨਾਦ ਦਾ ਗਾਉਣਾ ਹੈ। ਇਹ ਸੰਜੋਗ ਵਿੱਚ ਵਿਲੱਖਣ ਤਣਾਅ ਅਤੇ ਡੂੰਘਾਈ ਪੈਂਦਾ ਕਰਦਾ ਹੈ ਕਿ ਬ੍ਰਹਮ ਮੰਦਰ ਅਤੇ ਮਸਜਿਦਾਂ ਤੱਕ ਸੀਮਿਤ ਨਹੀਂ।

ਪੰਜਾਬੀ ਸਾਹਿਤ ਵਿੱਚ ਸਤਿਕਾਰੇ ਜਾਂਦੇ ਸ਼ਾਇਰ ਦਾ ਦਿਹਾਂਤ 1601 ਈਸਵੀ ਵਿੱਚ 63 ਸਾਲ ਦੀ ਉਮਰ ਵਿੱਚ ਸ਼ਾਹਦਰੇ ਵਿਖੇ ਰਾਵੀ ਨਦੀ ਦੇ ਕੰਢੇ ਹੋਇਆ। ਲਾਹੌਰ ਵਿੱਚ ਉਸ ਦਾ ਮਜ਼ਾਰ ਹੈ। ਲਾਹੌਰ ਦੇ ਸ਼ਾਲਾਮਾਰ ਬਾਗ ਦੇ ਬਾਹਰ ਹੁਸੈਨ ਦੀ ਕਬਰ ਨੇੜੇ ਬਸੰਤ ਦੀ ਰੁੱਤ ਵਿੱਚ 'ਮੇਲਾ ਚਿਰਾਘਣ' ਜਾਂ ਰੋਸ਼ਨੀਆਂ ਦਾ ਤਿਉਹਾਰ ਨਾਮਕ ਸਲਾਨਾ ਤਿਉਹਾਰ ਮਨਾਇਆ ਜਾਂਦਾ ਹੈ। ਨਾਚ ਗਾਉਣ ਦੇ ਕਲਾਕਾਰ ਹੁੰਮ ਹੁੰਮਾ ਕੇ ਇੱਕਠੇ ਹੋ ਕੇ ਆਪਣੇ ਫ਼ਨ ਦਾ ਮੁਜ਼ਾਹਰਾ ਕਰਦੇ ਹਨ। ਅਜਿਹਾ ਰੰਗ ਬੱਝਦਾ ਹੈ ਕਿ ਸ਼ਾਹ ਹੁਸੈਨ ਦੀ ਯਾਦ ਹਮੇਸ਼ਾ ਤਾਜ਼ਾ ਹੁੰਦੀ ਰਹਿੰਦੀ ਹੈ।

ਸ਼ਾਹ ਹੁਸੈਨ, ਬਾਬਾ ਫਰੀਦ ਤੋਂ ਬਾਅਦ ਇੱਕ ਮੁੱਖ ਸੂਫ਼ੀ ਪੰਜਾਬੀ ਕਵੀ ਹੈ। ਉਹ ਕਾਫ਼ੀਆਂ ਦੀ ਸਾਹਿਤ ਵਿਧਾ ਵਿੱਚ ਇੱਕ ਉਸਤਾਦ ਹੈ। ਇਸ ਖੇਤਰ ਵਿੱਚ ਉਸ ਦਾ ਕੋਈ ਮੁਕਾਬਲਾ ਨਹੀਂ ਹੈ। ਉਸ ਨੇ ਅਰਬੀ ਭਾਸ਼ਾ ਦੀ ਕਾਫ਼ੀ ਵਿਧਾ ਨੂੰ ਪੰਜਾਬੀ ਬੋਲੀ ਵਿੱਚ ਪ੍ਰਚਲਤ ਕਰਕੇ ਪੰਜਾਬੀ ਸਾਹਿਤ ਨੂੰ ਹੋਰ ਅਮੀਰੀ ਬਖ਼ਸ਼ੀ ਹੈ।








# ਮਾਨਸਿਕ ਸਿਹਤ ਦਾ ਵੀ ਰੱਖੋ ਖਿਆਲ

## ਇੱਕਲਤਾ ਤੋਂ ਹੁੰਦੀ ਹੈ ਮਨੋਰੋਗ ਦੀ ਸ਼ੁਰੂਆਤ

**ਹਰਪ੍ਰੀਤ ਕੌਰ ਸੰਧੂ**

ਅੱਜ ਦਾ ਮਨੁੱਖ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਰਿਹਾ ਹੈ। ਇਸ ਵਿੱਚ ਸਭ ਤੋਂ ਜ਼ਿਆਦਾ ਡਿਪਰੈਸ਼ਨ ਫ਼ੈਲ ਰਿਹਾ ਹੈ। ਡਿਪਰੈਸ਼ਨ ਇੱਕ ਮਨੋਰੋਗ ਹੈ, ਪਰ ਇਸ ਦੀ ਸ਼ੁਰੂਆਤ ਕਿਤੇ ਇਕੱਲਤਾ ਤੋਂ ਹੁੰਦੀ ਹੈ। ਅੱਜ ਸਾਡੇ ਸਮਾਜ ਦੀ ਤ੍ਰਾਸਦੀ ਸਾਡੀ ਇਕੱਲਤਾ ਹੈ। ਇਕੱਲਾਪਣ ਸਾਡੇ ਸਮਾਜ ਵਿੱਚ ਇਸ ਕਦਰ ਫ਼ੈਲ ਚੁੱਕਾ ਹੈ ਕਿ ਅੰਦਰੋਂ ਹਰ ਕੋਈ ਖੋਖਲਾ ਹੋ ਰਿਹਾ ਹੈ।

ਮਾਤਾ-ਪਿਤਾ ਜੋ ਸਾਰੀ ਜ਼ਿੰਦਗੀ ਬੱਚਿਆਂ ਦੇ ਲੇਖੇ ਲਾ ਦਿੰਦੇ ਹਨ, ਉਹ ਜਦੋਂ ਸਿਆਣੀ ਉਮਰ ਵਿੱਚ ਪਹੁੰਚਦੇ ਹਨ ਤਾਂ ਇਕੱਲੇ ਹੋ ਜਾਂਦੇ ਹਨ। ਬੱਚੇ ਹੁਣ ਤਾਂ ਬਹੁਤ ਛੋਟੀ ਉਮਰ ਵਿੱਚ ਹੀ ਪੜ੍ਹਨ ਲਈ ਘਰੋਂ ਬਾਹਰ ਚਲੇ ਜਾਂਦੇ ਹਨ। ਫ਼ਿਰ ਉਨ੍ਹਾਂ ਦੀਆਂ ਨੌਕਰੀਆਂ ਉਨ੍ਹਾਂ ਨੂੰ ਦੇਸ਼ ਵਿਦੇਸ਼ ਵਿੱਚ ਲੈ ਜਾਂਦੀਆਂ ਹਨ।ਅਜਿਹੇ ਵਿੱਚ ਮਾਤਾ-ਪਿਤਾ ਇਕੱਲੇ ਰਹਿ ਜਾਂਦੇ ਹਨ।

ਪੰਛੀ ਆਪਣੀ ਗੱਲ ਸਾਨੂੰ ਬੋਲ ਕੇ ਨਹੀਂ ਦੱਸ ਸਕਦੇ, ਪਰ ਜਦੋਂ ਉਨ੍ਹਾਂ ਦੇ ਆਲ੍ਹਣਿਆਂ ਵਿੱਚੋਂ ਬੱਚੇ ਉਡ ਜਾਂਦੇ ਹਨ ਤਾਂ ਉਨ੍ਹਾਂ ਦੇ ਚਿਹਰੇ 'ਤੇ ਮਾਯੂਸੀ ਦੇਖੀ ਜਾ ਸਕਦੀ ਹੈ।ਠੀਕ ਇਸੇ ਤਰ੍ਹਾਂ ਮਾਤਾ-ਪਿਤਾ ਵੀ ਬੱਚਿਆਂ ਤੋਂ ਬਿਨਾਂ ਬਹੁਤ ਇਕੱਲੇ ਹੋ ਜਾਂਦੇ ਹਨ। ਉਸ ਉਮਰ ਵਿੱਚ ਉਨ੍ਹਾਂ ਨੂੰ ਕਿਸੇ ਦਾ ਸਹਾਰਾ ਚਾਹੀਦਾ ਹੁੰਦਾ ਹੈ, ਪਰ ਉਨ੍ਹਾਂ ਕੋਲ ਕੋਈ ਵੀ ਨਹੀਂ ਹੁੰਦਾ।ਫ਼ਿਰ ਉਹ ਆਪਣੇ ਨੌਕਰਾਂ ਦੇ ਮੁਥਾਜ ਹੋ ਜਾਂਦੇ ਹਨ।

ਸਾਡਾ ਸਮਾਜਿਕ ਢਾਂਚਾ ਦਿਨ ਬ ਦਿਨ ਬਦਲ ਰਿਹਾ ਹੈ। ਇਹ ਆਧੁਨਿਕਤਾ ਦੀ ਭੇਂਟ ਚੜ੍ਹਦਾ ਜਾ ਰਿਹਾ ਹੈ। ਹੁਣ ਅਸੀਂ ਕਿਸੇ ਦੇ ਘਰ ਜਾਣਾ ਹੋਵੇ ਤਾਂ ਫ਼ੋਨ ਕਰਕੇ ਜਾਂਦੇ ਹਾਂ। ਬਾਕਾਇਦਾ ਪੁੱਛਦੇ ਹਾਂ ਕਿ ਅਸੀਂ ਮਿਲਣ ਆਉਣਾ ਹੈ।ਵੈਸੇ ਬਿਨਾਂ ਕੰਮ ਤੋਂ ਤਾਂ ਕੋਈ ਕਿਸੇ ਨੂੰ ਮਿਲਣ ਵੀ ਨਹੀਂ ਜਾਂਦਾ।ਅਕਸਰ ਇਹ ਆਉਣਾ ਜਾਣਾ ਸੁੱਖ ਦੁੱਖ ਵਿੱਚ ਹੀ ਹੁੰਦਾ ਹੈ। ਬਹੁਤਾ ਕੰਮ ਤਾਂ ਵਟਸਐਪ ਹੀ ਸਾਰ ਦਿੰਦਾ ਹੈ।ਹੁਣ ਅਸੀਂ ਦਿਨ ਤਿਉਹਾਰ 'ਤੇ ਆਂਢ-ਗੁਆਂਢ ਵਿੱਚ ਮਿਠਾਈ ਦੀ ਪਲੇਟ ਲੈ ਕੇ ਨਹੀਂ ਜਾਂਦੇ। ਅਸੀਂ ਵਟਸਐਪ 'ਤੇ ਸੁਨੇਹਾ ਭੇਜ ਦਿੰਦੇ ਹਾਂ।

ਦਿਨ ਤਿਉਹਾਰ 'ਤੇ ਜੇ ਅਸੀਂ ਕਿਸੇ ਦੇ ਘਰ ਜਾਂਦੇ ਵੀ ਹਾਂ ਤਾਂ ਰਸਮੀ ਤੌਰ 'ਤੇ ਡੱਬਾ ਦੇਣ ਹੀ ਜਾਂਦੇ ਹਾਂ। ਉੱਥੇ ਬੈਠ ਕੇ ਇੱਕ ਕੱਪ ਚਾਹ ਪੀਣੀ ਵੀ ਸਾਨੂੰ ਭਾਰੂ ਹੋਣ ਲੱਗਦੀ ਹੈ।ਪਤਾ ਨਹੀਂ ਸਾਡੇ ਪਿੱਛੇ ਕੌਣ ਲੱਗਾ ਹੋਇਆ ਹੈ ਜੋ ਇੰਨੀ ਹਫ਼ੜਾ ਦਫ਼ੜੀ ਮਚੀ ਹੋਈ ਹੈ।ਜ਼ਿੰਦਗੀ ਵਿੱਚ ਦੋ ਪਲ ਕਿਸੇ ਨਾਲ ਗੱਲ ਦੀ ਸਾਂਝ ਨਹੀਂ ਪਾਉਂਦੇ। ਕੋਈ ਸਮਾਂ ਸੀ ਜਦੋਂ ਬਜ਼ੁਰਗ ਇਕੱਠੇ ਬਹਿ ਕੇ ਸੱਥ ਵਿੱਚ ਕਿੰਨਾ ਕਿੰਨਾ ਚਿਰ ਗੱਲਾਂ ਕਰਦੇ ਸਨ। ਉਨ੍ਹਾਂ ਨੂੰ ਦਿਲ ਦੇ ਦੌਰੇ ਨਹੀਂ ਪੈਂਦੇ ਸਨ। ਨਾ ਹੀ ਉਹ ਖ਼ੂਨ ਪਤਲਾ ਕਰਨ ਦੀ ਦਵਾਈ ਖਾਂਦੇ ਸਨ।

ਸਾਡੀਆਂ ਮਾਵਾਂ ਬੱਚਿਆਂ ਨੂੰ ਤੇ ਪਤੀ ਨੂੰ ਤੋਰ ਕੇ ਘਰ ਦਾ ਕੰਮ ਮੁਕਾ ਕੇ ਕਿਸੇ ਇੱਕ ਦੇ ਘਰ ਇਕੱਠੀਆਂ ਹੋ ਬਹਿ ਜਾਂਦੀਆਂ ਸਨ। ਹੱਸ ਹੱਸ ਕੇ ਗੱਲਾਂ ਕਰਦੀਆਂ।ਆਪਣਾ ਦੁੱਖ ਸੁੱਖ ਵੀ ਸਾਂਝਾ ਕਰ ਲੈਂਦੀਆਂ। ਉਹ ਹੌਲੀਆਂ ਫ਼ੁੱਲ ਹੋ ਕੇ ਘਰਾਂ ਨੂੰ ਆਉਂਦੀਆਂ ਤੇ ਹੱਸ ਕੇ ਆਪਣੇ ਬੱਚਿਆਂ ਤੇ ਪਤੀ ਦਾ ਸਵਾਗਤ ਕਰਦੀਆਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਕਨਾਲੋਜੀ ਨੇ ਸਾਨੂੰ ਬਹੁਤ ਸਹੂਲਤਾਂ ਦਿੱਤੀਆਂ ਹਨ। ਸਾਡੀ ਜ਼ਿੰਦਗੀ ਨੂੰ ਬਿਹਤਰ ਤੇ ਸੁਖਾਲਾ ਬਣਾਇਆ ਹੈ। ਇਸ ਨੇ ਸਾਨੂੰ ਸੁੱਖ ਤਾਂ ਜ਼ਰੂਰ ਦਿੱਤਾ ਹੈ, ਪਰ ਸਕੂਨ ਖੋਹ ਲਿਆ ਹੈ।ਹੁਣ ਸਾਡੇ ਕੋਲ ਸਮਾਂ ਨਹੀਂ ਕਿਸੇ ਨਾਲ ਵਿਹਲੀਆਂ ਗੱਲਾਂ ਕਰਨ ਦਾ। ਇੱਧਰ ਉੱਧਰ ਦੀਆਂ ਉਹ ਗੱਲਾਂ ਜੋ ਮਨ ਨੂੰ ਹੌਲਾ ਫ਼ੁੱਲ ਕਰ ਦੇਣ।ਅਸੀਂ ਫ਼ੋਨ ਵੀ ਉਦੋਂ ਹੀ ਕਰਦੇ ਹਾਂ ਜਦੋਂ ਬਹੁਤ ਜ਼ਰੂਰੀ ਹੋਵੇ।ਅੱਜਕੱਲ੍ਹ ਦੇ ਬੱਚੇ ਤਾਂ ਫ਼ੋਨ ਵੀ ਨਹੀਂ ਕਰਦੇ।ਉਹ ਸਿਰਫ਼ ਮੈਸੇਜ 'ਤੇ ਹੀ ਆਪਣੀ ਗੱਲ ਇੱਕ ਦੂਜੇ ਨੂੰ ਕਹਿੰਦੇ ਹਨ।ਕਈ ਵਾਰ ਤਾਂ ਬਹੁਤ ਹੈਰਾਨੀ ਹੁੰਦੀ ਹੈ ਜਦੋਂ ਬੱਚਾ ਇਕਦਮ ਉੱਠ ਕੇ ਦਰਵਾਜ਼ਾ ਖੋਲ੍ਹਦਾ ਹੈ ਤੇ ਸਾਹਮਣੇ ਉਸ ਦਾ ਦੋਸਤ ਖੜ੍ਹਾ ਹੁੰਦਾ ਹੈ। ਅਕਸਰ ਮਾਤਾ-ਪਿਤਾ ਸੋਚਦੇ ਹਨ ਕਿ ਇਸ ਨੂੰ ਕਿੰਝ ਪਤਾ ਲੱਗਾ ਦੋਸਤ ਦੇ ਆਉਣ ਦਾ ਕਿਉਂਕਿ ਉਸ ਨੇ ਬੈੱਲ ਤਾਂ ਵਜਾਈ ਹੀ ਨਹੀਂ, ਨਾ ਹੀ ਫ਼ੋਨ ਕੀਤਾ। ਪਰ ਦੋਸਤ ਨੇ ਮੈਸੇਜ ਕਰ ਦਿੱਤਾ ਹੁੰਦਾ ਹੈ।

ਘਰ ਵਿੱਚ ਜੇ ਚਾਰ ਜੀ ਹਨ ਤਾਂ ਕੋਈ ਆਪਣਾ ਕੰਪਿਊਟਰ ਖੋਲ੍ਹੀਂ ਬੈਠਾ ਹੈ, ਕੋਈ ਲੈਪਟਾਪ, ਕੋਈ ਫ਼ੋਨ 'ਤੇ ਗਾਣੇ ਸੁਣ ਰਿਹਾ ਹੈ। ਮਸ਼ੀਨਾਂ ਨਾਲ ਰਹਿੰਦਿਆਂ ਰਹਿੰਦਿਆਂ ਅਸੀਂ ਮਸ਼ੀਨ ਹੋ ਰਹੇ ਹਾਂ। ਪਤਾ ਨਹੀਂ ਸਾਡੇ ਅੰਦਰੋਂ ਭਾਵਨਾਵਾਂ ਖ਼ਤਮ ਹੋ ਰਹੀਆਂ ਹਨ ਜਾਂ ਅਸੀਂ ਮਹਿਸੂਸ ਕਰਨਾ ਬੰਦ ਕਰ ਰਹੇ ਹਾਂ। ਰਿਸ਼ਤੇ ਬੜੇ ਤਕਨੀਕੀ ਹੁੰਦੇ ਜਾ ਰਹੇ ਹਨ। ਮੋਹ ਪਿਆਰ ਖ਼ਤਮ ਹੋ ਚੁੱਕਾ ਹੈ। ਰਿਸ਼ਤੇ ਸ਼ਰਤਾਂ 'ਤੇ ਨਿਭ ਰਹੇ ਹਨ। ਜੇ ਕੋਈ ਮੇਰੇ ਮੁਤਾਬਿਕ ਚੱਲਦਾ ਹੈ ਤਾਂ ਰਿਸ਼ਤਾ ਚੱਲਦਾ ਹੈ ਨਹੀਂ ਤਾਂ ਵੱਖਰੇ ਹੋ ਜਾਂਦੇ ਹਾਂ।

ਅਜਿਹੇ ਵਿੱਚ ਹਰ ਮਨੁੱਖ ਇੱਕ ਖਲਾਅ ਵਿੱਚ ਜੀ ਰਿਹਾ ਹੈ। ਉਦਾਸ ਸਿਰਫ਼ ਉਹ ਨਹੀਂ ਜੋ ਉਦਾਸ ਨਜ਼ਰ ਆਉਂਦਾ ਹੈ।ਉਦਾਸ ਤੇ ਇਕੱਲਾ ਉਹ ਵੀ ਹੈ ਜੋ ਬਹੁਤ ਖ਼ੁਸ਼ ਹੈ ਤੇ ਖਿੜ ਖਿੜਾਉਂਦਾ ਹੈ। ਜੋ ਆਪ ਹੱਸਦਾ ਹੈ ਤੇ ਦੂਸਰਿਆਂ ਨੂੰ ਹਸਾਉਣ ਦੀ ਕੋਸ਼ਿਸ਼ ਕਰਦਾ ਹੈ।ਉਹ ਅਸਲ ਆਪਣੇ ਅੰਦਰ ਦੇ ਖਾਲੀਪਣ ਨੂੰ ਭਰ ਰਿਹਾ ਹੁੰਦਾ ਹੈ। ਅੱਜ ਬਹੁਤ ਜ਼ਰੂਰਤ ਹੈ ਕਿ ਅਸੀਂ ਸਮਾਜਿਕ ਤੌਰ 'ਤੇ ਇਸ ਇਕੱਲੇਪਣ ਦੀ ਵਲਗਣ ਨੂੰ ਤੋੜ ਕੇ ਫ਼ਿਰ ਰਿਸ਼ਤਿਆਂ ਵੱਲ ਮੁੜੀਏ।

ਹਰ ਗੱਲ ਨੂੰ ਮਸਲਾ ਨਾ ਬਣਾਈਏ।ਦਰਗੁਜ਼ਰ ਕਰਨੀ ਸਿੱਖੀਏ। ਜ਼ਿੰਦਗੀ ਵਿੱਚ ਮਹੱਤਵਪੂਰਨ ਤੁਹਾਡਾ ਹਉਮੈ ਨਹੀਂ ਤੁਹਾਡੇ ਆਪਣੇ ਹਨ। ਗੱਲਬਾਤ ਕਰੀਏ।ਕਦੇ ਕਿਸੇ ਮਿੱਤਰ ਨੂੰ ਬਿਨਾਂ ਕਿਸੇ ਕੰਮ ਤੋਂ ਫ਼ੋਨ ਕਰੀਏ। ਸਿਰਫ਼ ਉਸ ਦਾ ਹਾਲ ਚਾਲ ਪੁੱਛਣ ਲਈ ਉਸ ਦੇ ਘਰ ਜਾਈਏ। ਕਦੇ ਕਿਸੇ ਨੂੰ ਆਪਣੇ ਘਰ ਬੁਲਾਈਏ। ਜਿਸ ਤਰ੍ਹਾਂ ਵੀ ਹੋ ਸਕੇ ਆਪਣੇ ਹਮਸਾਇਆ ਨਾਲ ਆਪਣੇ ਆਪਣਿਆਂ ਨਾਲ ਸਾਂਝ ਵਧਾਈਏ। ਇਹ ਸਾਡੀ ਮਾਨਸਿਕ ਸਿਹਤ ਲਈ ਬਹੁਤ ਜ਼ਰੂਰੀ ਹੈ।

# ਮਨੁੱਖ ਦਾ ਸੁਰੱਖਿਆ ਕਵਚ ਲੰਮੇ ਕੇਸ

## ਕੇਸ ਹਨ ਮਨੁੱਖ ਦੀ ਸ਼ਖ਼ਸੀ, ਲਿੰਗਕ, ਨਸਲੀ ਅਤੇ ਭੂਗੋਲਿਕ ਪਛਾਣ

**ਡਾ. ਦਰਸ਼ਨਜੋਤ ਕੌਰ**





ਸਿਰ ਉੱਤੇ ਲੰਮੇ ਕੇਸ ਮਨੁੱਖਤਾ ਦੀ ਵਿਲੱਖਣਤਾ ਹੈ। ਇਹ ਇੱਕ ਵਿਗਿਆਨਕ ਤੱਥ ਹੈ ਕਿ ਮਨੁੱਖ ਦੇ ਹੀ ਸਿਰ ਦੇ ਵਾਲ ਇੰਨੀ ਜ਼ਿਆਦਾ ਲੰਬਾਈ ਤਕ ਵਧੇ ਹਨ, ਜਦੋਂਕਿ ਇਸੇ ਜਾਤੀ ਦੇ ਹੋਰ ਜੀਵਾਂ ਦੇ ਸਿਰ ਦੇ ਵਾਲ ਇਸ ਲੰਬਾਈ ਤੱਕ ਨਹੀਂ ਵਧਦੇ। ਕੁਦਰਤ ਦਾ ਵਿਕਾਸ ਯੋਜਨਾਬੱਧ ਤਰੀਕੇ ਨਾਲ ਹੋ ਰਿਹਾ ਹੈ। ਜਿਉਂ ਜਿਉਂ ਮਨੁੱਖ ਦੇ ਦਿਮਾਗ਼ ਦਾ ਵਿਕਾਸ ਹੁੰਦਾ ਗਿਆ, ਤਿਉਂ ਤਿਉਂ ਇਸ ਦੇ ਸਿਰ ਦੇ ਵਾਲ ਵੀ ਲੰਮੇ ਹੁੰਦੇ ਗਏ। ਬਾਕੀ ਬਾਂਦਰ ਅਤੇ ਅਜਿਹੇ ਹੋਰ ਥਣਧਾਰੀ ਜੀਵਾਂ ਨਾਲੋਂ ਮਨੁੱਖ ਦਾ ਦਿਮਾਗ਼ ਸੱਤ ਗੁਣਾ ਵੱਡਾ ਹੈ।ਮਨੁੱਖੀ ਦਿਮਾਗ਼ ਸਮੁੱਚੀ ਕਾਇਨਾਤ ਦਾ ਸਭ ਤੋਂ ਉਪਰਲਾ ਸਿਰਾ ਹੈ।ਦਿਮਾਗ਼ ਸਿਰ ਵਿੱਚ ਹੈ। ਸਾਰੀ ਕਾਇਨਾਤ ਵਿੱਚ ਸਿਰਫ਼ ਮਨੁੱਖ ਹੀ ਇੱਕ ਅਜਿਹਾ ਜੀਵ ਹੈ ਜਿਸ ਦੇ ਸਿਰ ਉੱਤੇ ਲੰਮੇ ਵਾਲ ਹਨ। ਵਿਗਿਆਨਕ ਪੱਖ ਤੋਂ ਕਿਸੇ ਜੀਵ ਨੂੰ ਮਨੁੱਖ ਤਾਂ ਹੀ ਕਿਹਾ ਜਾਂਦਾ ਹੈ ਜੇ ਉਸ ਦੇ ਸਿਰ ਉੱਤੇ ਲੰਬੇ ਵਾਲ ਹੋਣ।ਕੇਸ ਕੁਦਰਤ ਵੱਲੋਂ ਨਿਰਧਾਰਿਤ ਨਿਸ਼ਚਿਤ ਲੰਬਾਈ ਤੱਕ ਹੀ ਵਧਦੇ ਹਨ। ਜੇ ਕੇਸ ਕੱਟ ਵੀ ਦਿੱਤੇ ਜਾਣ ਤਾਂ ਫਿਰ ਉਸੇ ਲੰਬਾਈ ਤੱਕ ਹੀ ਦੁਬਾਰਾ ਆ ਜਾਂਦੇ ਹਨ, ਨਾ ਵੱਧ ਤੇ ਨਾ ਹੀ ਘੱਟ।

ਕੇਸ ਮਨੁੱਖ ਦੀ ਸ਼ਖ਼ਸੀ, ਲਿੰਗਕ, ਨਸਲੀ ਅਤੇ ਭੂਗੋਲਿਕ ਪਛਾਣ ਵੀ ਹਨ। ਹਰ ਭੂਗੋਲਿਕ ਖੇਤਰ ਦੀਆਂ ਜ਼ਰੂਰਤਾਂ ਜੀਵਨ ਸ਼ੈਲੀ ਮੁਤਾਬਿਕ ਵੱਖ ਵੱਖ ਹੁੰਦੀਆਂ ਹਨ।ਜ਼ਰੂਰਤ ਅਨੁਕੂਲ ਬਣਾਉਣ ਲਈ ਸਰੀਰਕ ਬਣਤਰ ਵਿੱਚ ਸੋਧ ਹੁੰਦੀ ਰਹਿੰਦੀ ਹੈ।ਸੋਧ ਜੀਵ ਦੀ ਹੋਂਦ ਨੂੰ ਕਾਇਮ ਰੱਖਦੀ ਹੈ। ਜੀਵਨ ਸ਼ੈਲੀ ਅਨੁਸਾਰ ਵਾਲਾਂ ਦੀ ਬਣਤਰ ਵਿੱਚ ਵੀ ਯੋਜਨਾਬੱਧ ਵਿਕਾਸ ਰਾਹੀਂ ਸੋਧ ਹੁੰਦੀ ਰਹੀ ਹੈ। ਸਭ ਤੋਂ ਪਹਿਲਾ ਮਨੁੱਖ ਭੂ-ਮੱਧ ਰੇਖਾ ਦੇ ਨੇੜੇ ਰਹਿੰਦਾ ਸੀ।ਹੌਲੀ ਹੌਲੀ ਉਹ ਭੂ-ਮੱਧ ਰੇਖਾ ਤੋਂ ਦੂਰ ਜਾਣਾ ਸ਼ੁਰੂ ਹੋਇਆ। ਉੱਥੇ ਵਾਤਾਵਰਣ ਵਿੱਚ ਪਰਾਬੈਂਗਣੀ (ਯੂ.ਵੀ.) ਕਿਰਨਾਂ ਦੀ ਮਾਤਰਾ ਘੱਟ ਸੀ। ਇਹ ਕਿਰਨਾਂ ਵਿਟਾਮਿਨ ਡੀ ਬਣਾਉਣ ਲਈ ਲੋੜੀਂਦੀਆਂ ਹਨ। ਵਿਟਾਮਿਨ ਡੀ ਸਰੀਰ ਦੇ ਹਰ ਕਾਰਜ ਲਈ ਲੋੜੀਂਦਾ ਹੈ।ਪਰਾਬੈਂਗਣੀ ਕਿਰਨਾਂ ਦੀ ਲੋੜੀਂਦੀ ਮਾਤਰਾ ਨੂੰ ਜਜ਼ਬ ਕਰਨ ਲਈ ਵਾਲਾਂ ਦੀ ਬਣਤਰ ਵਿੱਚ ਤਬਦੀਲੀ ਆਈ। ਵਾਲ ਘੱਟ ਘੁੰਗਰਾਲੇ, ਸਿੱਧੇ ਅਤੇ ਸੰਘਣੇ ਹੋ ਗਏ। ਵੰਸ਼ ਅਣੂਆਂ ਅਰਥਾਤ ਜੀਨਾਂ ਵਿੱਚ ਵੀ ਤਬਦੀਲੀ ਹੋਈ। ਜੀਨ ਵਾਲਾਂ ਦੀ ਬਣਤਰ ਨੂੰ ਨਿਯੰਤਰਿਤ ਕਰਦੇ ਹਨ। ਜੈਨੇਟਿਕ ਬਣਤਰ ਉੱਤੇ ਸਰੀਰ ਦੀਆਂ ਕਿਰਿਆਵਾਂ ਨਿਰਭਰ ਕਰਦੀਆਂ ਹਨ।



ਅਗਲੇਰੇ ਵੰਸ਼ਾਂ ਵਿੱਚ ਵਾਲ ਅਜਿਹੇ ਹੀ ਆਉਣੇ ਸ਼ੁਰੂ ਹੋ ਗਏ।ਗਰਮੀ ਸਿਰ ਅਤੇ ਚਿਹਰੇ ਦੇ ਵਾਲਾਂ ਰਾਹੀਂ ਜ਼ਿਆਦਾ ਆਦਾਨ ਪ੍ਰਦਾਨ ਹੁੰਦੀ ਹੈ। ਇਸ ਲਈ ਠੰਢੇ ਮੁਲਕਾਂ ਵਿੱਚ ਸਿਰ ਦੇ ਵਾਲ ਵਧੇਰੇ ਸੰਘਣੇ ਹੁੰਦੇ ਗਏ।

ਇਹ ਤਬਦੀਲੀਆਂ ਕੁਦਰਤ ਦੀ ਖ਼ਾਸ ਯੋਜਨਾ ਮੁਤਾਬਿਕ ਹਨ। ਗੁਰੂ ਨਾਨਕ ਦੇਵ ਜੀ ਨੇ ਜਪੁ ਬਾਣੀ ਵਿੱਚ ਉਚਾਰਨ ਕੀਤਾ ਹੈ: ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥

ਮਨੁੱਖੀ ਸਰੀਰ ਦਾ ਆਕਾਰ ਹੁਕਮ ਵਿੱਚ ਹੀ ਹੋਇਆ ਹੈ। ਵਾਲਾਂ ਦੀ ਬਣਤਰ ਵੀ ਖ਼ਾਸ ਕਾਇਦੇ ਮੁਤਾਬਿਕ ਹੋਈ ਹੈ। ਸਰੀਰ ਉੱਤੇ ਕੇਸਾਂ ਦੀ ਘਾੜਤ ਗਰਭ ਦੌਰਾਨ ਹੀ ਸ਼ੁਰੂ ਹੋ ਜਾਂਦੀ ਹੈ। ਫਿਰ ਸਾਰੀ ਉਮਰ ਇਹ ਪ੍ਰਕਿਰਿਆ ਚਲਦੀ ਰਹਿੰਦੀ ਹੈ।ਜਨਮ ਤੋਂ ਪਹਿਲਾਂ ਦੇ ਵਾਲ, ਬਚਪਨ ਦੇ ਵਾਲ ਅਤੇ ਕਿਸ਼ੋਰ ਉਮਰ ਦੇ ਵਾਲਾਂ ਦੀ ਬਣਤਰ ਜ਼ਰੂਰਤ ਮੁਤਾਬਿਕ ਭਿੰਨ ਭਿੰਨ ਹੁੰਦੀ ਹੈ।ਸਰੀਰ ਦੇ ਹਰ ਭਾਗ ਦੇ ਵਾਲਾਂ ਦੀ ਬਣਤਰ ਵੀ ਭਿੰਨ ਭਿੰਨ ਹੁੰਦੀ ਹੈ। ਔਰਤ ਤੇ ਮਰਦ ਦੇ ਵਾਲਾਂ ਦਾ ਖਿਲਾਰ ਵੀ ਵੱਖ ਵੱਖ ਹੁੰਦਾ ਹੈ। ਵਾਲ ਸਰੀਰ ਦੇ ਅੰਗਾਂ ਦੀ ਦੇਖਭਾਲ ਲਈ ਮਹੱਤਵਪੂਰਨ ਹਨ। ਇਹ ਰੋਗਾਣੂਆਂ ਲਈ ਵਾੜ ਹਨ। ਇਹ ਸਾਡਾ ਸੁਰੱਖਿਆ ਕਵਚ ਹਨ।

ਕੇਸਾਂ ਦੀ ਜ਼ਰੂਰਤ ਕਿਸੇ ਖ਼ਾਸ ਫ਼ਿਰਕੇ ਜਾਂ ਧਰਮ ਨਾਲ ਸਬੰਧਿਤ ਲੋਕਾਂ ਨੂੰ ਨਹੀਂ ਸਗੋਂ ਇਹ ਹਰ ਮਨੁੱਖ ਲਈ ਇੱਕੋ ਜਿੰਨੀ ਮਹੱਤਤਾ ਰੱਖਦੇ ਹਨ।ਸਰੀਰ ਦੇ ਹਰ ਅੰਗ ਉੱਤੇ ਉੱਗੇ ਵਾਲਾਂ ਦਾ ਆਪਣਾ ਹੀ ਮਨੋਰਥ ਹੈ। ਅੱਖਾਂ ਦੀਆਂ ਪੁਤਲੀਆਂ ਗਰਭ ਦੌਰਾਨ ਅੱਖਾਂ ਨੂੰ ਗਰਭਕੋਸ਼ ਵਿਚਲੇ ਪਾਣੀ ਤੋਂ ਬਚਾਉਂਦੀਆਂ ਹਨ।ਅੱਖਾਂ ਨੂੰ ਭਰਵੱਟੇ ਧੁੱਪ, ਪਸੀਨੇ ਅਤੇ ਮਿੱਟੀ ਘੱਟੇ ਤੋਂ ਬਚਾਉਂਦੇ ਹਨ। ਪਲਕਾਂ ਦੇ ਵਾਲਾਂ ਦੀਆਂ ਜੜ੍ਹਾਂ ਨਸਤੰਤੂਆਂ ਕਾਰਨ ਅੱਖਾਂ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ।ਕੀੜੇ ਆਦਿ ਤੋਂ ਖ਼ਤਰੇ ਦੀ ਇਤਲਾਹ ਝੱਟ ਮਿਲ ਜਾਂਦੀ ਹੈ। ਜਿਨ੍ਹਾਂ ਦੀਆਂ ਪਲਕਾਂ ਨਹੀਂ ਹੁੰਦੀਆਂ, ਉਨ੍ਹਾਂ ਨੂੰ ਅੱਖਾਂ ਦੀ ਇਨਫੈਕਸ਼ਨ ਵਾਰ ਵਾਰ ਹੁੰਦੀ ਰਹਿੰਦੀ ਹੈ।ਅੰਨ੍ਹਾਪਣ ਵੀ ਹੋ ਸਕਦਾ ਹੈ।

ਸੁੰਘਣ ਸ਼ਕਤੀ, ਸਾਹ ਪ੍ਰਣਾਲੀ ਦੀ ਏਅਰ ਕੰਡੀਸ਼ਨਿੰਗ, ਬਿਮਾਰੀਆਂ ਦੇ ਕਿਰਮਾਂ ਨੂੰ ਅੰਦਰ ਜਾਣ ਤੋਂ ਰੋਕਣਾ ਅਤੇ ਸਾਹ ਪ੍ਰਣਾਲੀ ਨੂੰ ਸਾਫ਼ ਰੱਖਣਾ ਨੱਕ ਵਿਚਲੇ ਵਾਲਾਂ ਉੱਤੇ ਨਿਰਭਰ ਹੈ।ਕੇਸ ਸਰੀਰ ਦੀ ਫ਼ੌਜ ਹਨ।ਇਨ੍ਹਾਂ ਨੇ ਸਮੁੱਚੇ ਸਰੀਰ ਦੀ ਕਿਲਾਬੰਦੀ ਕੀਤੀ ਹੋਈ ਹੈ।ਲੋੜ ਮੁਤਾਬਿਕ ਕਿਤੇ ਇਹ ਲੰਮੇ ਹਨ, ਕਿਤੇ ਛੋਟੀ ਛੋਟੀ ਲੂੰਈ ਦੀ ਤਰ੍ਹਾਂ।ਸਰੀਰ ਦੀ ਇਹ ਫ਼ੌਜ ਸਰੀਰ ਦੇ ਨੌਂ ਦਰਵਾਜ਼ਿਆਂ ਦੇ ਬਾਹਰ ਵਧੇਰੇ ਗਿਣਤੀ ਵਿੱਚ ਹੈ।

ਕੁਦਰਤ ਦਾ ਨਿਯਮ ਹੈ ਕਿ ਜਿਨ੍ਹਾਂ ਅੰਗਾਂ ਦੀ ਸਰੀਰ ਨੂੰ ਵਧੇਰੇ ਲੋੜ ਹੁੰਦੀ ਹੈ, ਉਨ੍ਹਾਂ ਅੰਗਾਂ ਦਾ ਵਿਕਾਸ ਹੋਰ ਅੰਗਾਂ ਨਾਲੋਂ ਤੇਜ਼ ਗਤੀ ਨਾਲ ਹੁੰਦਾ ਹੈ। ਹੱਡੀਆਂ ਦੀ ਮਿੱਝ ਤੋਂ ਬਾਅਦ ਵਾਲ ਹੀ ਅਜਿਹੇ ਅੰਗ ਹਨ, ਜਿਨ੍ਹਾਂ ਦਾ ਵਿਕਾਸ ਬਾਕੀ ਸਾਰੇ ਅੰਗਾਂ ਨਾਲੋਂ ਤੇਜ਼ ਅਤੇ ਲਗਾਤਾਰਤਾ ਨਾਲ ਹੋ ਰਿਹਾ ਹੈ। ਕੁਦਰਤ ਵਾਲਾਂ ਪ੍ਰਤੀ ਇੰਨੀ ਸੰਜੀਦਾ ਹੈ ਕਿ ਪੁਰਾਣਾ ਵਾਲ ਉਦੋਂ ਹੀ ਝੜਦਾ ਹੈ, ਜਦੋਂ ਨਵਾਂ ਉਸ ਦੀ ਥਾਂ ਉੱਤੇ ਆਉਣਾ ਸ਼ੁਰੂ ਹੋ ਜਾਂਦਾ ਹੈ।

(ਬਾਕੀ ਸਫ਼ਾ 31 'ਤੇ)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST


## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# 'ਰਿਸ਼ਤੇ ਹੀ ਰਿਸ਼ਤੇ'



**ਰਵਿੰਦਰ ਰੁਪਾਲ ਕੌਲਗੜ੍ਹ**

'ਉਹ' ਦਫ਼ਤਰੋਂ ਮੁੜਦੀ ਜਾਂ ਦਫ਼ਤਰ ਨੂੰ ਜਾ ਰਹੀ ਹੁੰਦੀ, ਰਸਤੇ 'ਚ ਥਾਂ-ਥਾਂ ਉੱਤੇ ਲੱਗੇ, ਰਿਸ਼ਤੇ ਹੀ ਰਿਸ਼ਤੇ ਵਾਲਿਆਂ ਦੇ ਬੋਰਡ, ਅਕਸਰ ਹੀ ਉਸ ਦਾ ਧਿਆਨ ਆਪਣੇ ਵੱਲ ਖਿੱਚਦੇ ਤਾਂ ਉਸ ਨੂੰ ਮਹਿਸੂਸ ਹੁੰਦਾ ਜਿਵੇਂ ਇਹ ਬੋਰਡ ਵੀ ਉਸ ਨੂੰ ਮੂੰਹ ਚਿੜਾਅ ਰਹੇ ਹੋਣ। ਕਦੀ-ਕਦੀ ਉਸ ਦੇ ਮਨ ਵਿੱਚ ਆਉਂਦਾ ਕਿ ਉਹ ਇਨ੍ਹਾਂ ਬੋਰਡਾਂ ਨੂੰ ਤੋੜ ਕੇ ਸੁੱਟ ਕਿਉਂ ਨਹੀਂ ਦਿੰਦੀ ਅਤੇ ਕਦੀ ਸੋਚਦੀ, ਨਹੀਂ-ਨਹੀਂ ਇਹ ਰਿਸ਼ਤੇ ਕਰਵਾਉਣ ਵਾਲੇ 'ਦਫ਼ਤਰੀ ਵਿਚੋਲੇ' ਚਲੋ ਕਿਸੇ ਦਾ ਤਾਂ ਘਰ ਵਸਾਉਂਦੇ ਨੇ, ਕਿਸੇ ਦੀ ਤਾਂ ਰੋਟੀ ਪੱਕਦੀ ਕਰਦੇ ਨੇ, ਉਹ ਰੋਜ਼ ਇਨ੍ਹਾਂ ਹੀ ਖ਼ਿਆਲਾਂ 'ਚ ਉਲਝੀ, ਘਰੋਂ ਦਫ਼ਤਰ ਅਤੇ ਦਫ਼ਤਰੋਂ ਘਰ ਪਹੁੰਚ ਜਾਂਦੀ ਅਨੀਤਾ ਦੀ ਉਮਰ ਹੁਣ ਤੀਹਾਂ ਨੂੰ ਢੁੱਕ ਚੁੱਕੀ ਸੀ, ਬਾਪ ਦਾ ਸਾਇਆ ਤਾਂ ਕਈ ਸਾਲ ਪਹਿਲੋਂ ਉਸ ਦੇ ਸਿਰ ਤੋਂ ਇਉਂ ਉੱਠ ਗਿਆ ਸੀ, ਜਿਵੇਂ ਸਿਖ਼ਰ ਦੁਪਹਿਰੇ ਕਿਸੇ ਸੰਘਣੇ ਰੁੱਖ ਉੱਪਰ ਅਚਾਨਕ ਬੱਦਲਾਂ ਦੀ ਭੀੜ ਜੁੜ ਜਾਵੇ ਅਤੇ ਉਸ ਦਾ ਪਰਛਾਵਾਂ ਕਿਧਰੇ ਹਵਾ ਹੋ ਜਾਵੇ। ਮਾਂ ਸਾਹਮਣੇ ਆਪਣੇ ਰਿਸ਼ਤੇ ਦੀ ਗੱਲ ਕਰਨ ਦੀ ਹਿੰਮਤ, ਉਹ ਆਪਣੇ ਅੰਦਰ ਇਕੱਠੀ ਨਾ ਕਰ ਸਕੀ। ਉਂਝ ਕਈ ਵਾਰ ਉਸ ਨੇ ਆਪਣੇ ਵਿਚਾਰਾਂ ਨੂੰ ਮਾਂ ਅੱਗੇ ਰੱਖਣ ਲਈ ਹੌਂਸਲਾ ਕੀਤਾ, ਪਰ ਉਹ ਉਨ੍ਹਾਂ ਇਕੱਤਰ ਕੀਤੇ ਵਿਚਾਰਾਂ ਨੂੰ ਉਸ ਦੇ ਸਾਹਮਣੇ ਰੱਖਣ ਦੀ ਬਜਾਏ, ਕਿਸੇ ਹੋਰ ਥਾਂ ਸੁੱਟ ਦਿੰਦੀ, ਉਹ ਸੋਚਦੀ ਮਾਂ ਕਹੇਗੀ, ਕੁੜੀਏ ਇਹ ਮੇਰੇ ਸਾਹਮਣੇ ਕੀ ਚਿੱਕੜ ਸੁੱਟਣ ਲੱਗੀ ਐ? ਮੇਰਾ ਤਾਂ ਪਹਿਲਾਂ ਹੀ ਜਿਊਣਾ ਹਰਾਮ ਹੋਇਆ ਪਿਐ ਦੁਨੀਆਂ ਸਾਹਮਣੇ, ਜੇ ਅੱਜ ਤੇਰਾ ਪਿਉ...।

ਮਾਂ ਦੇ ਇਹ ਅਣਕਹੇ ਬੋਲ ਅਨੀਤਾ ਦੇ ਬੋਝਲ ਮਨ 'ਤੇ ਹੋਰ ਭਾਰੂ ਹੋ ਜਾਂਦੇ, ਪਰ ਕਦੀ-ਕਦੀ ਉਹ ਆਪਣਾ ਨਜ਼ਰੀਆ ਬਦਲਕੇ ਵੀ ਸੋਚਦੀ 'ਖ਼ਬਰੇ ਮਾਂ ਇੰਝ ਕਹੇ ਹੀ ਨਾਂਹ, ਇਹ ਮੇਰਾ ਹੀ ਭਰਮ ਹੋਵੇ, ਜਿਸ ਨੂੰ ਮੈਂ ਐਵੇਂ ਮੀਚੀ ਪਾਲ੍ਹ ਰਹੀ ਹਾਂ' ਉਹ ਅਜਿਹੀਆਂ ਹੀ ਜੱਕੋ ਤੱਕੀਆਂ 'ਚ ਉਲਝੀ ਹੋਈ, ਅੱਜ ਤੀਹਵੇਂ ਵਰ੍ਹੇ ਦਾ ਅੱਧ ਟੱਪ ਚੁੱਕੀ ਸੀ, ਉਂਝ ਤੇ ਅਨੀਤਾ ਤੋਂ ਦੋਵੇਂ ਛੋਟੀਆਂ ਕੁੜੀਆਂ ਵੀ ਖੜ੍ਹੀ ਮਾਂ ਦੇ ਮੋਢਿਆਂ ਉੱਤੇ ਠੋਡੀ ਧਰਨ ਲੱਗ ਪਈਆਂ ਸਨ, ਪਰ ਉਂਗਲ਼ ਕੌਣ ਫੜ੍ਹੇ, ਇਸ ਮੰਝਧਾਰ 'ਚ ਫਸੀ ਕਿਸ਼ਤੀ ਨੂੰ ਕਿਨਾਰੇ ਕੌਣ ਲਾਵੇ? ਉਹ ਇਸੇ ਦੁਬਿਧਾ 'ਚ ਫਸੀ ਜ਼ਿਆਦਾ ਚੁੱਪ-ਚੁੱਪ ਰਹਿਣ ਲੱਗੀ।

ਦਫ਼ਤਰ 'ਚ ਸਾਰੀ ਦਿਹਾੜੀ ਨਿਕਲ ਜਾਂਦੀ, ਕਦੀ ਕਿਸੇ ਦਾ ਟੈਲੀਫੋਨ ਆ ਗਿਆ, ਕਦੀ ਟਾਇਪ ਮਸ਼ੀਨ ਦੀ ਟਿਕ-ਟਿਕ ਨਾਲ ਢੇਰੋ-ਢੇਰ ਚਿੱਠੀਆਂ ਦੇ ਜੁਆਬ, ਭਲਾ ਇਹ ਵੀ ਕੋਈ ਜ਼ਿੰਦਗੀ ਐ? ਕਦੇ ਅੱਕੀ ਹੋਈ ਆਪਣੇ-ਆਪ ਨੂੰ ਉਹ ਸੰਬੋਧਨ ਹੁੰਦੀ, ਟੈਲੀਫੋਨ ਉੱਪਰ ਵੀ ਕਈ ਕਿਸਮ ਦੀਆਂ ਆਵਾਜ਼ਾਂ ਆਉਂਦੀਆਂ ਰਹਿੰਦੀਆਂ, ਹਰ ਸਵਾਲ ਕਰਨ ਵਾਲੇ ਨੂੰ ਉਹ ਹੱਸ-ਹੱਸ ਕੇ ਜੁਆਬ ਦਿੰਦੀ।

ਇੱਕ ਦਿਨ ਉਸ ਨੇ ਦਫਤਰ ਜਾਣ ਵੇਲੇ ਦੇਖਿਆ ਕਿ ਰਿਸ਼ਤੇ ਕਰਵਾਉਣ ਵਾਲਿਆਂ ਦੇ ਦਫ਼ਤਰੋਂ, ਇੱਕ ਖ਼ੂਬਸੂਰਤ ਮੁਟਿਆਰ ਖਿੜ ਖਿੜਾਉਂਦੀ ਹੋਈ ਅੰਦਰੋਂ ਬਾਹਰ ਨਿਕਲ਼ ਰਹੀ ਹੈ ਤਾਂ ਉਸਨੂੰ ਮਹਿਸੂਸ ਹੋਇਆ, ਜਿਵੇਂ ਇਹ ਕੁੜੀ ਵੀ ਉਸ ਉੱਪਰ ਮੂੰਹ ਚਿੜਾ ਰਹੀ ਹੋਵੇ। ਪਰ ਉਸ ਕੁੜੀ ਨੂੰ ਦੇਖ ਕੇ ਅਨੀਤਾ ਦੇ ਮਨ ਵਿੱਚ ਕੁਝ ਹਲਚਲ ਜਿਹੀ ਪੈਦਾ ਜ਼ਰੂਰ ਹੋ ਗਈ ਸੀ ਅਤੇ ਉਸ ਦੇ ਢਿੱਲੇ ਪਏ ਇਰਾਦੇ ਹੋਰ ਮਜ਼ਬੂਤ ਹੋ ਗਏ ਸਨ। ਉਂਝ ਤਾਂ ਉਸ ਦੇ ਦਫ਼ਤਰ ਦਾ ਬੌਸ ਵੀ ਖ਼ੂਬਸੂਰਤ ਨੌਜਵਾਨ ਸੀ, ਪਰ ਉਹ ਦੋ ਬੱਚਿਆਂ ਦਾ ਬਾਪ ਵੀ ਸੀ। ਜਦੋਂ ਕਦੀ ਉਹ ਉਸ ਨੂੰ ਕੋਈ ਕੰਮ ਸਮਝਾ ਰਿਹਾ ਹੁੰਦਾ ਤਾਂ ਉਸ ਦਾ ਮਨ ਭਟਕ ਜਾਂਦਾ। ਉਹ ਬੌਸ ਬਾਰੇ ਵੀ ਕੁਝ ਨਾ ਕੁਝ ਸੋਚਦੀ ਰਹਿੰਦੀ, ਪਰ ਅਗਲੇ ਹੀ ਪਲ ਉਹ ਆਪਣੀ ਸੋਚ ਪਲਟਦੀ, ਨਹੀਂ, ਨਹੀਂ। ਉਸ ਦੇ ਹੱਸਦੇ ਵਸਦੇ ਘਰ ਨੂੰ ਮੈਂ ਉਜਾੜ ਨਹੀਂ ਸਕਦੀ। ਉਸ ਦੇ ਫੁੱਲਾਂ ਜਿਹੇ ਪਰਿਵਾਰ ਨੂੰ ਆਪਣੀ ਹੱਥੀਂ ਮਧੋਲ ਨਹੀਂ ਸਕਦੀ। ਉਹ ਬੌਸ ਦੇ ਪਰਿਵਾਰ ਨੂੰ ਕਈ ਵਾਰ ਮਿਲ ਵੀ ਚੁੱਕੀ ਸੀ। ਇਵੇਂ ਉਹ ਆਪਣੇ ਬੌਸ ਬਾਰੇ ਦਿਲ 'ਚ ਉੱਠਦੇ ਭਾਵਾਂ ਦਾ ਕਤਲ ਕਰ ਦਿੰਦੀ ਅਤੇ ਆਪਣਾ ਧਿਆਨ ਕੰਮ 'ਚ ਲਗਾ ਲੈਂਦੀ ਅਤੇ ਉਸ 'ਚ ਹੀ ਸਾਰਾ ਦਿਨ ਲੰਘਾ ਦਿੰਦੀ।

ਸਵੇਰੇ ਸ਼ਾਮ ਦਿੱਲੀ ਵਰਗੇ ਭੀੜ-ਭੜੱਕੇ ਵਾਲੇ ਸ਼ਹਿਰ ਵਿੱਚ, ਬੱਸਾਂ 'ਚ ਭੀੜ ਕਿਹੜਾ ਘੱਟ ਹੁੰਦੀ ਐ। ਭੀੜ ਵਿੱਚ ਚੜ੍ਹਨਾ ਮੁਸ਼ਕਿਲ, ਉਤਰਨਾ ਮੁਸ਼ਕਿਲ ਅਤੇ ਭੀੜ 'ਚ ਖੜ੍ਹਨਾ, ਤੌਬਾ-ਤੌਬਾ, ਉਹ ਆਪਣੇ ਕੰਨਾਂ ਨੂੰ ਹੱਥ ਲਾਉਂਦੀ। ਕਦੀ-ਕਦੀ ਭੀੜ ਵਿੱਚੋਂ ਆਉਂਦੀਆਂ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ, ਉਸ ਦੇ ਕਲੇਜੇ ਤੇ ਆਰੀ ਬਣ ਫਿਰ ਜਾਂਦੀਆਂ, ਜਦੋਂ ਕੋਈ ਅਚਨਚੇਤ ਆਖਦਾ 'ਅੰਟੀ ਸਾਈਡ ਪਲੀਜ਼' ਸੁਣ ਕੇ ਉਸ ਦਾ ਹਿਰਦਾ ਵਲੂੰਧਰਿਆ ਜਾਂਦਾ। ਉਸ ਦਾ ਦਿਲ ਕਰਦਾ ਇਸ ਮੁੰਡੇ ਦੇ ਮੂੰਹ 'ਤੇ ਥੱਪੜ ਕੱਢ ਮਾਰੇ ਤੇ ਕਹੇ ਕਿ ਝੱਲਿਆ ਮੈਂ ਤੈਨੂੰ ਅੰਟੀ ਦਿਸਦੀ ਆਂ? ਪਰ ਨਿੱਤ ਦਿਨ ਉਹ ਕਿਸ-ਕਿਸ ਨਾਲ਼ ਲੜ੍ਹਦੀ ਫਿਰੇ? ਉਹ ਸੋਚਦੀ, ਉਂਝ ਅੰਟੀ ਕਹਿਣ ਵਾਲੇ ਦਾ ਵੀ ਕੀ ਕਸੂਰ ਐ। 'ਵਾਲਾਂ' ਨੂੰ ਲਾਈਆਂ ਹੋਈਆਂ ਕਾਲੀਆਂ ਮਹਿੰਦੀਆਂ ਵੀ ਅੱਗ ਲੱਗਣੀਆਂ ਅੱਜਕੱਲ੍ਹ ਕਿਹੜਾ ਅਸਲੀ ਆਉਂਦੀਆਂ ਨੇ। ਬੁੱਧਵਾਰ ਤੱਕ ਹੀ ਵਾਲਾਂ ਦੀਆਂ ਜੜ੍ਹਾਂ ਵਿੱਚੋਂ ਚਿੱਟੀ ਭਾਅ ਮਾਰਨ ਲੱਗ ਜਾਂਦੀ ਐ, ਉਹ ਨਾਲੋਂ-ਨਾਲ ਕਾਲੀ ਮਹਿੰਦੀ ਬਣਾਉਣ ਵਾਲੀਆਂ ਕੰਪਨੀਆਂ ਨੂੰ ਵੀ ਕੋਸਦੀ ਰਹਿੰਦੀ। ਕਸੂਰ ਅੰਟੀ ਕਹਿਣ ਵਾਲੇ ਦਾ ਵੀ ਨਹੀਂ, ਕਸੂਰ ਤਾਂ ਉਸ ਦੀ ਮਾਂ ਦਾ ਹੁੰਦਾ ਜਾਂ ਫਿਰ ਬਾਪੂ ਵੱਲੋਂ ਬਣਾਈ ਪ੍ਰੰਪਰਾ ਦਾ 'ਪੁੱਤ ਜ਼ਮਾਨਾ ਬੜਾ ਖਰਾਬ ਐ, ਸਾਡੀ ਇੱਜ਼ਤ ਰੱਖਣਾ ਥੋਡਾ ਫਰਜ਼ ਬਣਦੈ। ਅਸੀਂ ਥੋਡੇ ਪ੍ਰਛਾਵੇਂ ਤਾਂ ਬਣ ਨਹੀਂ ਸਕਦੇ ਹਰ ਵਕਤ।'

ਬਾਪੂ ਵੀ ਉਸ ਨੂੰ ਮਜ਼ਬੂਰ ਲੱਗਦਾ, ਤਿੰਨ ਧੀਆਂ ਨੂੰ ਜਨਮ ਦੇ ਕੇ, ਇਨ੍ਹਾਂ ਹੀ ਸੋਚਾਂ ਵਿਚ ਡੁੱਬਿਆ ਇੱਕ ਰਾਤ, ਇਉਂ ਸੌਂ ਗਿਆ ਸੀ ਜਿਵੇਂ ਅਨੀਤਾ ਖਾਤਰ ਵਰ ਲੱਭਣ ਦੀ ਭਾਲ 'ਚ ਥੱਕ ਕੇ ਚੂਰ ਹੋ ਗਿਆ ਹੋਵੇ।

ਪਿਉ ਦੇ ਤੁਰ ਜਾਣ ਤੋਂ ਬਾਅਦ ਮਾਂ ਦੀ ਅਜਿਹੀ ਜ਼ਿੰਮੇਵਾਰੀ ਵਧੀ ਕਿ ਰਾਤ ਸਮੇਂ ਘਰ 'ਚ ਕਿਧਰੇ ਰਤੀ ਭਰ ਵੀ ਖੜਾਕ ਹੁੰਦਾ ਤਾਂ ਉਸ ਦੀ ਝੱਟ ਅੱਖ ਖੁੱਲ੍ਹ ਜਾਂਦੀ ਤੇ ਉੱਚੀ-ਉੱਚੀ ਰੱਬ ਦਾ ਨਾਂ ਜਪਣ ਲੱਗ ਜਾਂਦੀ ਤਾਂ ਕਿ ਖੜਕਾ ਕਰਨ ਵਾਲਾ ਇਹ ਜਾਣ ਜਾਵੇ ਕਿ ਇਸ ਘਰ ਦੇ ਮੈਂਬਰ ਸੁੱਤੇ ਨਹੀਂ, ਬਲਕਿ ਜਾਗਦੇ ਹਨ। ਅਨੀਤਾ ਹੁਣ ਚੁੱਪ ਰਹਿਣ ਦੇ ਨਾਲ-ਨਾਲ ਖਿੱਝੀ-ਖਿੱਝੀ ਵੀ ਰਹਿਣ ਲੱਗ ਪਈ ਸੀ। ਉਸ ਦੇ ਸੁਭਾਅ ਅੰਦਰ ਆਏ ਬਦਲਾਅ ਅਤੇ ਚਿੜਚਿੜੇਪਣ ਤੋਂ ਭਾਵੇਂ ਸਾਰਾ ਪਰਿਵਾਰ ਜਾਣੂ ਸੀ, ਪਰ ਸਭ ਬੇਵੱਸ ਸਨ। ਉਸ ਨੂੰ ਹੁਣ ਇਉਂ ਸੁਣਨਾ ਬਿਲਕੁਲ ਵੀ ਚੰਗਾ ਨਹੀਂ ਸੀ ਲੱਗਦਾ ਕਿ ਉਸ ਦੀ ਫਲਾਣੀ ਸਹੇਲੀ ਕੋਲ ਮੁੰਡਾ ਹੋਇਆ ਅਤੇ ਫਲਾਣੀ ਕੋਲ ਕੁੜੀ, ਇਹ ਬੋਲ ਸਭ ਉਸ ਨੂੰ ਬਕਵਾਸ ਲੱਗਦੇ।

ਅੱਜ ਅਨੀਤਾ ਦਾ ਇਕੱਤੀਵਾਂ ਜਨਮ ਦਿਨ ਸੀ, ਉਹ ਘਰ ਵਿੱਚ ਹੀ ਆਪਣੀਆਂ ਛੋਟੀਆਂ ਭੈਣਾਂ ਨਾਲ ਮਨਾ ਰਹੀ ਸੀ, ਪਰ ਉਸ ਦੇ ਮਨ 'ਚ ਕੋਈ ਖ਼ੁਸ਼ੀ ਨਹੀਂ ਸੀ, ਕੋਈ ਚਾਅ ਨਹੀਂ ਸੀ, ਕੋਈ ਉਮੰਗ ਨਹੀਂ, ਜਿਵੇਂ ਇਹ ਉਸ ਦਾ ਇਕੱਤੀਵਾਂ ਜਨਮ ਦਿਨ ਨਹੀਂ, ਬਲਕਿ ਉਸ ਦੀ ਇਕੱਤੀਵੀਂ ਬਰਸੀ ਹੋਵੇ। ਅੱਜ ਉਹ ਗੁਬਾਰੇ ਵਾਂਗ ਭਰੀ ਪੀਤੀ ਪਈ ਸੀ, ਕਾਲਜਾ ਉਸ ਦਾ ਇਸ ਤਰ੍ਹਾਂ ਧੜਕ ਰਿਹਾ ਸੀ, ਜਿਵੇਂ ਹੁਣੇ ਫ਼ਟ ਜਾਵੇਗਾ। ਉਹ ਆਪਣੇ ਆਪ ਨੂੰ ਕਿਸੇ ਹੁੰਮਸ ਵਿੱਚ ਫਸੀ ਮਹਿਸੂਸ ਕਰ ਰਹੀ ਸੀ, ਉਸ ਨੂੰ ਲੱਗ ਰਿਹਾ ਸੀ ਕਿ ਅੱਜ ਉਹ ਸਮਾਜ ਦੇ ਸਾਰੇ ਬੰਧਨਾਂ ਨੂੰ ਤੋੜ ਸੁੱਟੇਗੀ ਅਤੇ ਖੁੱਲ੍ਹੇ ਅਸਮਾਨ 'ਚ ਉਡਾਰੀ ਭਰੇਗੀ।

ਕੁਝ ਦੇਰ ਉਹ ਇਕੱਲੀ ਬੈਠੀ ਸੋਚਦੀ ਰਹੀ, ਯਕਦਮ ਉਸ ਦੇ ਚਿਹਰੇ ਉੱਤੇ ਇੱਕ ਮੁਸਕਾਨ ਆਈ, ਫਿਰ ਖ਼ੁਸ਼ੀ ਦੀ ਲਹਿਰ ਦੌੜੀ, ਅੱਜ ਉਹ ਆਪਣੇ ਦਫ਼ਤਰ ਦੀ ਬਜਾਏ ਸਿੱਧਾ ਰਿਸ਼ਤੇ ਹੀ ਰਿਸ਼ਤੇ ਵਾਲਿਆਂ ਦੇ ਦਫ਼ਤਰ ਜਾਵੇਗੀ ਅਤੇ 'ਵਰ' ਦੀ ਲੋੜ ਲਈ ਫਾਰਮ ਭਰੇਗੀ। ਐਡਰੈੱਸ ਅਤੇ ਫੋਨ ਨੰਬਰ ਆਪਣੇ ਘਰ ਦਾ ਨਹੀਂ ਬਲਕਿ ਆਪਣੇ ਦਫ਼ਤਰ ਦਾ ਦੇਵੇਗੀ, ਇਉਂ ਸੋਚਦੀ ਹੋਈ ਨੇ, ਆਪਣੀ ਛੋਟੀ ਭੈਣ ਨੂੰ ਕਿਹਾ, ਮੈਂ ਜਲਦੀ ਦਫ਼ਤਰ ਜਾਣੈ, ਤੂੰ ਆਹ ਜਨਮ ਦਿਨ ਵਾਲਾ ਸਾਮਾਨ ਸਮੇਟ ਦੇਈਂ, ਇਉਂ ਕਹਿਕੇ ਉਹ ਕਾਹਲੀ ਨਾਲ ਘਰੋਂ ਨਿਕਲ ਗਈ, ਸਿਰ ਉੱਤੇ ਚੁੰਨੀ ਵੀ ਉਸ ਨੇ ਬੜੀ ਮੁਸ਼ਕਲ ਨਾਲ ਉਲਝੀ ਜਿਹੀ ਟਿਕਾਈ ਹੋਈ ਸੀ, ਉਹ ਬੱਸ ਚੜ੍ਹ ਕੇ ਸਿੱਧੀ ਰਿਸ਼ਤੇ ਹੀ ਰਿਸ਼ਤੇ ਵਾਲਿਆਂ ਦੇ ਦਫ਼ਤਰ ਜਾ ਉਤਰੀ। ਅੱਜ ਉਸ ਨੂੰ ਇਉਂ ਲੱਗ ਰਿਹਾ ਸੀ ਜਿਵੇਂ ਉਸ ਨੇ ਕਿਸੇ ਯੁੱਧ ਨੂੰ ਫਤਿਹ ਕਰ ਲੈਣਾ ਹੋਵੇ ਅਤੇ ਜ਼ਿੰਦਗੀ ਦੀ ਇਹ ਆਖਰੀ ਲੜਾਈ ਜਿੱਤ ਲੈਣੀ ਹੋਵੇ, ਸੋਚਾਂ ਵਿੱਚ ਦ੍ਰਿੜ੍ਹਤਾ ਅਤੇ ਅੱਖਾਂ ਵਿੱਚ ਬੇਸ਼ੁਮਾਰ ਚਮਕ, ਚਿਹਰੇ ਉੱਤੇ ਰੌਣਕ ਆ ਗਈ ਸੀ ਉਸ ਦੇ।

ਦਫ਼ਤਰ ਅੰਦਰ ਵੜ੍ਹਨ ਤੋਂ ਪਹਿਲਾਂ, ਫਿਰ ਉਸ ਨੇ ਆਪਣੀ ਚੁੰਨੀ ਨੂੰ ਦੁਬਾਰਾ ਸਿਰ ਉੱਪਰ ਦੀ ਸੁੱਟਿਆ ਅਤੇ ਉਸ ਦੇ ਮੇਨ ਦਰਵਾਜ਼ੇ ਦੀ ਹੱਥੀ ਨੂੰ ਜਾ ਹੱਥ ਪਾਇਆ ਤੇ ਕਾਹਲੀ ਨਾਲ ਇਉਂ ਅੰਦਰ ਵੜ੍ਹਨ ਲੱਗੀ, ਜਿਵੇਂ ਉਸ ਨੂੰ ਕੋਈ ਘਰ ਦਾ ਮੈਂਬਰ ਜਾਂ ਕੋਈ ਹੋਰ ਜਾਣੂ ਪਹਿਚਾਣੂ ਦੇਖ ਈ ਨਾ ਲਵੇ, ਤਾਂ ਅਚਾਨਕ ਹੀ ਉਸ ਦੀ ਚੁੰਨੀ ਦਾ ਲੜ ਦਰਵਾਜ਼ੇ ਦੇ ਕੁੰਡੇ 'ਚ ਫਸ ਗਿਆ ਅਤੇ ਉਹ ਅੰਦਰ ਵੜ੍ਹਦੀ ਹੋਈ ਇੱਕ ਝਟਕੇ ਨਾਲ ਰੁਕ ਗਈ।

ਇੱਕ ਵਾਰ ਉਸ ਨੂੰ ਦਰਵਾਜ਼ੇ ਦਾ ਕੁੰਡਾ ਆਪਣਾ ਬਾਪੂ ਹੀ ਜਾਪਿਆ, ਜਿਵੇਂ ਕੁੰਡਾ ਉਸ ਨੂੰ ਕਹਿ ਰਿਹਾ ਹੋਵੇ ਪੁੱਤ ਜ਼ਮਾਨਾ ਬੜਾ ਖਰਾਬ ਐ, ਸਾਡੀ ਇੱਜ਼ਤ ਰੱਖਣਾ ਥੋਡਾ ਫਰਜ਼ ਬਣਦੈ, ਅਸੀਂ ਥੋਡੇ ਪ੍ਰਛਾਵੇਂ ਤਾਂ ਨਹੀਂ ਬਣ ਸਕਦੇ ਹਰ ਵਕਤ ਉਹ ਯਕਦਮ ਠਠੰਬਰ ਜਿਹੀ ਗਈ। ਉਸ ਨੇ ਕੁੰਡੇ 'ਚ ਫਸੀ, ਆਪਣੀ ਚੁੰਨੀ ਨੂੰ ਪਿਆਰ ਨਾਲ ਬਾਹਰ ਕੱਢਿਆ 'ਤੇ ਝਟਕੇ ਨਾਲ, ਰਿਸ਼ਤੇ ਹੀ ਰਿਸ਼ਤੇ ਵਾਲਿਆਂ ਦੇ ਦਫ਼ਤਰੋਂ ਬਾਹਰ ਨਿਕਲ ਗਈ।

## ਮਿੰਨੀ ਕਹਾਣੀਆਂ

### ਕਬਜ਼ਾ

**ਜਗਜੀਤ ਸਿੰਘ ਲੋਹਟਬੱਦੀ**

ਪਿੰਡ ਦੀ ਸੱਥ ਵਿੱਚ ਬੈਠਾ ਨਿਰਮਲ ਸਿਹੁੰ ਪੰਜਾਬ ਦੇ ਹਾਲਾਤ 'ਤੇ ਚਾਨਣਾ ਪਾ ਰਿਹਾ ਸੀ, ਲੈ ਦੇਖ ਲੈ. ਬਾਈ ਗਾਮਿਆ.. ਆਪਣੇ ਤਾਂ ਇੱਥੇ ਪਰਵਾਸੀ ਮਜ਼ਦੂਰਾਂ ਨੇ ਹੀ ਸਭ ਕਾਸੇ 'ਤੇ ਕਬਜ਼ਾ ਕੀਤਾ ਹੋਇਐ। ਨਿਰਮਲ ਸਿੰਹਾਂ.. ਮੈਨੂੰ ਇੱਕ ਗੱਲ ਦੱਸ.. ਭਲਾ ਆਪਾਂ ਨੂੰ ਇਨ੍ਹਾਂ ਕੰਮਾਂ 'ਤੇ ਕਬਜ਼ਾ ਕਰਨ ਤੋਂ ਕੀਹਨੇ ਰੋਕਿਆ ਸੀ?

ਨਿਰਮਲ ਨੂੰ ਕੋਈ ਜਵਾਬ ਨਹੀਂ ਸੀ ਅਹੁੜ ਰਿਹਾ।

ਉਹ ਅਜੇ ਪਿਛਲੇ ਹਫ਼ਤੇ ਹੀ ਕੈਨੇਡਾ 'ਜੌਬ' ਕਰਦੇ ਆਪਣੇ ਪੁੱਤ ਕੋਲੋਂ ਪਰਤਿਆ ਸੀ।

* * *

### ਪਹਿਰੇਦਾਰ

**ਪਰਮਜੀਤ ਸਿੰਘ ਨਿੱਕੇ ਘੁੰਮਣ**

ਉਹ ਸ਼ਖ਼ਸ 'ਮਾਂ ਬੋਲੀ ਦੇ ਪਹਿਰੇਦਾਰ' ਨਾਮਕ ਸਭਾ ਦਾ ਜ਼ਿਲ੍ਹਾ ਪ੍ਰਧਾਨ ਸੀ ਤੇ ਸੂਬਾ ਸਰਕਾਰ ਅਤੇ ਕਾਨਵੈਂਟ ਸਕੂਲਾਂ ਵੱਲੋਂ ਪੰਜਾਬੀ ਮਾਂ ਬੋਲੀ ਦੀ ਨਿਰੰਤਰ ਕੀਤੀ ਜਾ ਰਹੀ ਅਣਦੇਖੀ ਦੇ ਰੋਸ ਵਜੋਂ ਕੱਢੀ ਗਈ ਰੈਲੀ ਤੇ ਉਪਰੰਤ ਦਿੱਤੇ ਗਏ ਰੋਸ ਧਰਨੇ ਨੂੰ ਸੰਬੋਧਨ ਕਰਕੇ ਅਜੇ ਘਰ ਪਰਤਿਆ ਹੀ ਸੀ ਕਿ ਉਸ ਦੀ ਪਤਨੀ ਉਸ ਨੂੰ ਬਿਨਾਂ ਪਾਣੀ ਦੀ ਘੁੱਟ ਪੁੱਛਿਆਂ ਹੀ ਉਸ ਦੇ ਗਲ ਪੈ ਗਈ, " ਮੈਂ ਪੁੱਛਦੀ ਆਂ ਇਹ ਸਭ ਕੁਝ ਕਦੋਂ ਮੁੱਕਣਾ ਏ? ਸਵੇਰ ਦੇ ਗਏ ਸ਼ਾਮ ਨੂੰ ਮੁੜੇ ਓ ਘਰ ਦੀ ਵੀ ਕੋਈ ਫ਼ਿਕਰ ਹੈ ਕਿ ਨਹੀਂ?"

"ਕਿਉਂ ਕੀ ਹੋਇਆ ਏ?" ਵਾਸ਼ ਬੇਸਿਨ 'ਤੇ ਹੱਥ ਧੋਂਦਿਆਂ ਉਸ ਨੇ ਪੁੱਛਿਆ।

"ਹੋਣਾ ਕੀ ਏ ਪਿਛਲੇ ਸ਼ਨਿਚਰਵਾਰ ਤੁਸਾਂ ਅੱਜ ਲਈ ਕਿਹਾ ਸੀ ਕਿ ਆਪਣੇ ਹੈਰੀ ਦੀ ਐਡਮਿਸ਼ਨ ਲਈ ਸੇਂਟ ਜਾਰਜ ਸਕੂਲ ਜਾਓਗੇ। ਅੱਜ ਆਖ਼ਰੀ ਤਰੀਕ ਸੀ ਤੇ ਉਹ ਵੀ ਤੁਸਾਂ ਲੰਘਾ ਦਿੱਤੀ ਮੈਨੂੰ ਤਾਂ ਲੱਗਦਾ ਏ ਕਿ ਹੁਣ ਕਿਸੇ ਹੋਰ ਸਕੂਲ 'ਚ ਦਾਖ਼ਲ ਕਰਵਾਉਣਾ ਪੈਣਾ ਏ ਇਸਨੂੰ," ਬੜੇ ਹੀ ਖਿਝੇ ਹੋਏ ਸੁਰ 'ਚ ਉਹ ਬੋਲੀ।

ਉਸ ਦੀ ਗੱਲ ਖ਼ਤਮ ਹੋਣ ਤੋਂ ਪਹਿਲਾਂ ਹੀ ਉਹ ਬੋਲ ਪਿਆ, "ਨਾ ਹੋਰ ਕਿਸੇ ਸਕੂਲ 'ਚ ਕਿਉਂ? ਇਸ ਤੋਂ ਵਧੀਆ ਹੋਰ ਕਿਹੜਾ ਸਕੂਲ ਹੋਣਾ ਏ? ਸਾਡੀ ਸਭਾ ਦੇ ਜਨਰਲ ਸਕੱਤਰ ਦਾ ਬੇਟਾ ਸੈਂਡੀ ਵੀ ਉਸੇ ਸਕੂਲ 'ਚ ਪੜ੍ਹਦਾ ਏ। ਕਿਧਰੇ ਗੱਲ ਕਰਕੇ ਵੇਖੋ ਉਸ ਨਾਲ, ਐਸੀ ਫਰਾਟੇਦਾਰ ਅੰਗਰੇਜ਼ੀ ਬੋਲਦਾ ਏ ਕਿ ਸੁਣਨ ਵਾਲੇ ਦਾ ਮੂੰਹ ਹੀ ਅੱਡਿਆ ਰਹਿ ਜਾਂਦਾ ਏ। ਮੇਰਾ ਤਾਂ ਸੁਪਨਾ ਏ ਕਿ ਸਾਡਾ ਹੈਰੀ ਵੀ ਇੰਝ ਹੀ ਪਾਣੀ ਵਾਂਗ ਅੰਗਰੇਜ਼ੀ ਬੋਲੇ। ਨਾਲੇ ਉਂਝ ਵੀ ਜ਼ਮਾਨਾ ਬੜਾ ਐਡਵਾਂਸ ਆ ਰਿਹੈ। ਪੰਜਾਬੀ-ਪੰਜੂਬੀ ਨੂੰ ਕਿਸੇ ਨੇ ਨਹੀਂ ਪੁੱਛਣਾ। ਜੇ ਕਿਧਰੇ ਅੰਗਰੇਜ਼ੀ ਨਾ ਆਉਂਦੀ ਹੋਈ ਤਾਂ ਆਹ ਸਾਰੀ ਪੜ੍ਹਾਈ-ਲਿਖਾਈ ਦਾ ਧੇਲਾ ਮੁੱਲ ਨਹੀਂ ਰਹਿਣਾਤ ਦਾਖ਼ਲਾ ਤਾਂ ਮੈਂ ਹੈਰੀ ਦਾ ਇਸੇ ਸਕੂਲ 'ਚ ਹੀ ਕਰਵਾਊਂ। ਇਹਦੇ ਲਈ ਭਾਵੇਂ ਮੈਨੂੰ ਐੱਮ.ਐੱਲ.ਏ. ਤੋਂ ਹੀ ਫੋਨ ਕਿਉਂ ਨਾ ਕਰਵਾਉਣਾ ਪਏ।" ਏਨਾ ਆ ਕੇ ਪੰਜਾਬੀ ਮਾਂ ਬੋਲੀ ਦੇ ਉਸ ਪਹਿਰੇਦਾਰ ਨੇ ਆਪਣੀ ਜੇਬ 'ਚੋਂ ਇੱਕ ਡਾਇਰੀ ਕੱਢੀ ਤੇ ਐੱਮ.ਐੱਲ.ਏ. ਦਾ ਫੋਨ ਨੰਬਰ ਲੱਭਣ ਲੱਗ ਪਿਆ।

* * *

### ਅੰਬਾਂ ਵਾਲੀ ਬੰਬੀ

**ਸਰਤਾਜ ਸਿੰਘ ਸੰਧੂ**

ਹਰ ਰੋਜ਼ ਮੁੰਡਿਆਂ ਤੇ ਕੁੜੀ ਦੀਆਂ ਝਿੜਕਾਂ, "ਬਾਪੂ ਜੀ, ਅਸੀਂ ਤੁਹਾਨੂੰ ਕਿੰਨੀ ਵਾਰ ਕਿਹਾ ਹੈ ਕਿ ਅਸੀਂ ਹੁਣ ਨਹੀਂ ਉੱਥੇ ਜਾਣਾ। ਸਾਡੇ ਬੱਚਿਆਂ ਨੂੰ ਵੀ ਕੋਈ ਸ਼ੌਕ ਨਹੀਂ ਏ ਉੱਥੇ ਜਾਣ ਦਾ। ਉੱਥੇ ਸਾਡਾ ਹੈ ਈ ਕੀ? ਇਸ ਵਾਰ ਪੰਜਾਬ ਜਾ ਕੇ ਪਿੰਡ ਵਾਲੀ ਜ਼ਮੀਨ ਵੇਚ ਕੇ ਆਓ ਜਿੰਨੇ ਵਿੱਚ ਵੀ ਵਿਕਦੀ ਏ" ਸੁਣਦਾ ਤੇ ਕਈ ਕਈ ਵਾਰ ਮੈਂ ਵੀ ਸੋਚਦਾ ਕਿ ਹੁਣ ਮੇਰੀ ਉਮਰ ਵੀ ਸੁਖ ਨਾਲ ਸੱਤਰ ਪੰਝੱਤਰ ਸਾਲ ਦੀ ਹੋ ਚੁੱਕੀ ਏ, ਇਸ ਵਾਰ ਪਿੰਡ ਜਾ ਕੇ ਜ਼ਮੀਨ ਦਾ ਸੌਦਾ ਕਰ ਹੀ ਆਵਾਂਗਾ। ਨਾਲੇ ਇਹ ਵੀ ਡਰ ਮੁੱਕੇ ਕਿ ਕਿਤੇ ਸ਼ਰੀਕ ਹੀ ਨਾ ਦੱਬ ਲੈਣ। ਬੰਦੇ ਦਾ ਕੀ ਪਤਾ ਕਦ ਕੀ ਹੋ ਜਾਵੇ। ਸਮਾਂ ਆਇਆ ਤੇ ਮੈਂ ਆਪਣੇ ਘਰ ਪਿੰਡ ਗਿਆ। ਕਾਫ਼ੀ ਘੱਟ ਜਣੇ ਹਾਲ ਪੁੱਛਣ ਆਏ। ਜ਼ਿਆਦਾ ਜਣੇ ਪੁੱਛਣ ਕਿ 'ਕਿੰਨੀ ਛੁੱਟੀ ਆਇਆ ਏਂ ਗੁਰਨਾਮ ਸਿੰਹਾ?' ਮੈਂ ਲੰਮਾ ਹਾਉਕਾ ਲੈ ਕੇ ਆਖਦਾ, "ਬੱਸ, ਹੁਣ ਆਖ਼ਰੀ ਵਾਰ ਹੀ ਆਇਆਂ। ਸੋਚਿਆ ਏ ਇਸ ਵਾਰ ਜ਼ਮੀਨ ਦਾ ਸੌਦਾ ਕਰਕੇ ਹੀ ਜਾਣਾ ਏ ਕਿਉਂਕਿ ਆਰਡਰ ਬਹੁਤ ਸਖ਼ਤ ਨੇ ਜਵਾਕਾਂ ਦੇ।" ਮੈਂ ਆਪਣੀ ਜ਼ਮੀਨ ਪ੍ਰਾਪਰਟੀ ਡੀਲਰ ਨੂੰ ਦਿਖਾਉਣ ਖੇਤ ਲੈ ਕੇ ਗਿਆ। ਚਾਰ ਚੁਫ਼ੇਰਿਓਂ ਜ਼ਮੀਨ ਦਿਖਾ ਕੇ ਗੱਲਬਾਤ ਕੀਤੀ। ਕੀਮਤ ਤੇ ਸੌਦਾ ਲਗਭਗ ਤੈਅ ਹੋ ਹੀ ਚੁੱਕਾ ਸੀ। ਅਸੀਂ ਆਪਣੀ ਅੰਬਾਂ ਵਾਲੀ ਬੰਬੀ 'ਤੇ ਛਾਵੇਂ ਬੈਠ ਗਏ। ਮੈਂ ਸੋਚਾਂ ਵਿੱਚ ਡੁੱਬ ਗਿਆ। ਸੋਚਾਂ ਵਿੱਚ ਮੇਰੀ ਮਾਂ ਤੇ ਛੋਟਾ ਭਰਾ ਵੱਟੇ ਵੱਟ ਰੋਟੀ ਵਾਲਾ ਛਾਬਾ ਸਿਰ 'ਤੇ ਟਿਕਾਈ ਤੇ ਚਾਹ ਵਾਲਾ ਡੋਲੂ ਹੱਥ 'ਚ ਫੜੀ ਮੇਰੇ ਤੇ ਮੇਰੇ ਬਾਪੂ ਕੋਲ ਅੰਬਾਂ ਵਾਲੀ ਬੰਬੀ 'ਤੇ ਆ ਗਏ। ਮੇਰੀ ਮਾਂ ਮੇਰਾ ਸਿਰ ਪਲੋਸ ਕੇ ਕਹਿੰਦੀ 'ਅੱਜ ਮੇਰੇ ਪੁੱਤ ਨੇ ਬਹੁਤ ਕੰਮ ਕੀਤਾ ਏ ਆਪਣੇ ਬਾਪੂ ਨਾਲ।' ਮੈਂ ਕੰਮ ਕੀ ਕੀਤਾ ਸੀ! ਬਾਪੂ ਦੀਆਂ ਲੱਤਾਂ ਵਿੱਚ ਬਹਿ ਕੇ ਸੁਹਾਗੇ ਦਾ ਮਜ਼ਾ ਲੈ ਰਿਹਾ ਸੀ ਕਿ ਸੁਹਾਗੇ ਥੱਲੇ ਆ



ਗਿਆ, ਪਰ ਹੋਇਆ ਕੁਝ ਵੀ ਨਹੀਂ। ਬਸ ਮਾੜੀ ਜਿਹੀ ਝਰੀਟ ਹੀ ਆਈ ਸੀ ਤੇ ਬਾਪੂ ਨੇ ਮਿੱਟੀ ਨੂੰ ਥੋੜ੍ਹਾ ਗਿੱਲਾ ਕੀਤਾ, ਫੂਕ ਮਾਰੀ ਤੇ ਮੇਰੀ ਸੱਟ ਵਾਲੀ ਜਗ੍ਹਾ 'ਤੇ ਲਾ ਦਿੱਤੀ। ਬੇਬੇ ਬਾਪੂ ਮੇਰੇ ਕੋਲ ਬੈਠੇ ਕਹਿ ਰਹੇ ਸਨ ਕਿ ਪੁੱਤ ਤੂੰ ਭਾਵੇਂ ਪੜ੍ਹ ਲਿਖ ਕੇ ਜਿੱਡਾ ਵੀ ਵੱਡਾ ਅਫਸਰ ਲੱਗ ਜਾਵੇਂ, ਪਰ ਆਪਣੀ ਜ਼ਮੀਨ ਨਾ ਵੇਚੀਂ। ਜ਼ਮੀਨ ਵੱਡੇ ਵਡੇਰਿਆਂ ਦੀ ਜੜ੍ਹ ਹੁੰਦੀ ਏ। ਬੜੀ ਮੁਸ਼ਕਿਲ ਨਾਲ ਬੂਝੇ ਝਾੜੀਆਂ ਪੁੱਟ ਪੁੱਟ ਕੇ ਆਬਾਦ ਕੀਤੀ ਏ। ਬੇਬੇ ਨੇ ਕਿਹਾ, "ਰੋਟੀ ਖਾ ਲਓ। ਮੇਰੇ ਪੁੱਤ ਨੂੰ ਭੁੱਖ ਬਹੁਤ ਲੱਗੀ ਹੋਵੇਗੀ।" ਅਚਾਨਕ ਵਰਤਮਾਨ 'ਚ ਪਰਤਿਆ ਤਾਂ ਵੇਖਿਆ ਕਿ ਨਾ ਬੇਬੇ ਬਾਪੂ, ਨਾ ਹੀ ਰੋਟੀਆਂ ਤੇ ਨਾ ਹੀ ਛੋਟਾ ਭਰਾ ਤੇ ਚਾਹ ਵਾਲਾ ਡੋਲੂ। ਬਸ ਡੀਲਰ ਕੋਲ ਬੈਠਾ ਮੁੱਛਾਂ ਨੂੰ ਵੱਟ ਦੇ ਰਿਹਾ ਸੀ। ਉਸ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਤੇ ਕਿਹਾ, "ਗੁਰਨਾਮ ਸਿੰਹਾਂ, ਸੌਦਾ ਫਿਰ ਪੱਕਾ?" ਮੈਂ ਕਿਹਾ, "ਨਹੀਂ ਡੀਲਰ ਸਾਹਿਬ, ਬੇਬੇ ਬਾਪੂ ਨਹੀਂ ਮੰਨਦੇ।" ਉਹ ਮੇਰੇ ਵੱਲ ਵੇਖ ਕੇ ਬੋਲਿਆ, "ਉਹ ਤਾਂ ਵੀਹ-ਬਾਈ ਸਾਲ ਪਹਿਲਾਂ ਜਹਾਨੋਂ ਤੁਰ ਗਏ ਸਨ।" ਮੈਂ ਕਿਹਾ, "ਉਨ੍ਹਾਂ ਨੂੰ ਜਹਾਨੋਂ ਗਿਆਂ ਭਾਵੇਂ ਕਈ ਸਾਲ ਹੋ ਗਏ ਨੇ, ਪਰ ਜਦ ਵੀ ਮੈਂ ਆਪਣੇ ਖੇਤ ਆਉਂਦਾ ਹਾਂ ਤਾਂ ਬਾਪੂ ਖੇਤਾਂ ਵਿੱਚ ਕੰਮ ਕਰਦਾ ਤੇ ਬੇਬੇ ਤੇ ਨਿੱਕਾ ਵੀਰਾ ਚਾਹ ਤੇ ਰੋਟੀ ਪਾਣੀ ਲਿਆਉਂਦੇ ਨਜ਼ਰ ਆਉਂਦੇ ਨੇ। ਬੇਬੇ ਆਉਂਦੇ ਸਾਰ ਹੀ ਕਹਿੰਦੀ ਹੁੰਦੀ ਆ, 'ਅੱਜ ਮੇਰੇ ਪੁੱਤ ਨੇ ਬੜਾ ਕੰਮ ਕੀਤਾ ਏ ਆਪਣੇ ਬਾਪੂ ਨਾਲ। ਚੱਲ ਰੋਟੀ ਖਾ ਲੈ ਥੱਕ ਗਿਆ ਹੋਵੇਂਗਾ'। ਰੱਬਾ! ਕਿਵੇਂ ਸਮਝਾਵਾਂ ਇਨ੍ਹਾਂ ਜਵਾਕਾਂ ਨੂੰ ਬਈ ਅਸੀਂ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ ਵੱਟ ਕੇ ਕਿੱਥੋਂ ਆਪਣੇ ਵੱਡੇ ਵਡੇਰਿਆਂ ਨੂੰ ਲੱਭ ਲਵਾਂਗੇ! ਜਿੰਨਾ ਚਿਰ ਵੀ ਮੈਂ ਜਿਉਂਦਾ ਹਾਂ ਮੈਂ ਤਾਂ ਨਹੀਂ ਵੇਚਾਂਗਾ ਆਪਣੇ ਵੱਡੇ ਵਡੇਰਿਆਂ ਨੂੰ। ਚੱਲ ਛੱਡ ਯਾਰ, ਉੱਠ ਚੱਲੀਏ ਸੌਦਾ ਕੈਂਸਲ।"

# ਮੇਰੀ ਕਲਮ

## ਪਿਆਰ ਤੇ ਨਫ਼ਰਤ...
ਲਖਵੀਰ ਕੌਰ



ਪਿਆਰ ਤੇ ਨਫ਼ਰਤ ਦੋ ਪੱਖ ਨੇ,
ਪਿਆਰ ਰੂਹ ਨੂੰ ਰੌਸ਼ਨ ਕਰਦਾ,
ਨਫਰਤ ਅੰਧੇਰੇ ਨੂੰ ਫੈਲਾਉਂਦੀ ।
ਪਿਆਰ ਸਾਨੂੰ ਮਿਲਾ ਦਿੰਦੇ ,
ਨਫ਼ਰਤ ਸਾਨੂੰ ਤੋੜ ਦਿੰਦੀ ।
ਪਿਆਰ ਵਿੱਚ ਖੁਸ਼ੀ,
ਜਦੋਂ ਦਿਲ ਇੱਕ ਹੋ ਜਾਂਦੇ ਨੇ।
ਨਫ਼ਰਤ ਵਿੱਚ ਦੁੱਖ ,
ਜਦੋਂ ਦਿਲ ਟੁੱਟ ਜਾਂਦੇ ਨੇ।
ਪਿਆਰ ਸਾਥ ਬਣਾਉਂਦਾ ,
ਨਫ਼ਰਤ ਦੂਰੀਆਂ ਪਾਉਂਦੀ।
ਪਿਆਰ ਤੋਂ ਭਰੀ ਜਿੰਦਗੀ,
ਨਫ਼ਰਤ ਨਾਲ ਬੇਹਾਲ ਹੋ ਜਾਂਦੀ ।
ਪਿਆਰ ਸਾਡੇ ਚਿਹਰੇ 'ਤੇ ਖੁਸ਼ੀ ਲਿਆਉਂਦਾ,
ਨਫ਼ਰਤ ਸਾਡੀ ਅੱਖਾਂ 'ਚ ਹੰਝੂ ਛੁਪਾ ਦਿੰਦੀ ।
ਪਰ ਅਜੇ ਵੀ,
ਜਦੋਂ ਦਿਲ ਵਿੱਚ ਪਿਆਰ ਹੋਵੇ,
ਤਾਂ ਨਫ਼ਰਤ ਸੱਚਮੁੱਚ ਜਿੱਤ ਨਹੀਂ ਸਕਦੀ।
ਇੱਕ ਪਾਸੇ 'ਵੀਰ' ਪਿਆਰ ਦਾ ਰੰਗ
ਦੂਜੇ ਪਾਸੇ 'ਕੁਲ' ਨਫ਼ਰਤ ਦਾ ਝਟਕਾ।
ਸਾਡਾ ਚੁਣਾਵੇ ਇਹ ਹੁੰਦਾ ,
ਕਿਸਨੂੰ ਆਪਣੀ ਜ਼ਿੰਦਗੀ ਵਿੱਚ ਰੱਖਣਾ ।
ਲਿਖੇ ਸ਼ਬਦ ਦਿਲ ਤੋਂ
ਪਿਆਰ ਤੇ ਨਫ਼ਰਤ ਦੇ
ਕਦੇ ਲਖਵੀਰ ਤੋਂ ਪੁੱਛ ਕੇ ਦੇਖ
ਇੱਕ ਪਾਸੇ 'ਵੀਰ' ਪਿਆਰ ਦਾ ਰੰਗ
ਦੂਜੇ ਪਾਸੇ 'ਕੁਲ' ਨਫ਼ਰਤ ਦਾ ਝਟਕਾ।

## ਇਸ਼ਕ ਦੇ ਪੱਤਣਾਂ 'ਤੇ ਮੇਲੇ ਜੁੜ ਗਏ
ਸੁਖਵਿੰਦਰ ਅੰਮ੍ਰਿਤ

ਇਸ਼ਕ ਦੇ ਪੱਤਣਾਂ 'ਤੇ ਮੇਲੇ ਜੁੜ ਗਏ
ਇਲਮ ਦੇ ਸਾਰੇ ਕਿਨਾਰੇ ਖੁਰ ਗਏ
ਖ਼ਾਕ ਮੇਰੀ 'ਚੋਂ ਮੁਹੱਬਤ ਖਿੜ ਪਈ
ਮੁੱਲ ਤੇਰੇ ਪਾਣੀਆਂ ਦੇ ਮੁੜ ਗਏ
ਉੱਚੀ ਹੋਈ ਲਾਟ ਜਦ ਵੀ ਇਸ਼ਕ ਦੀ
ਰੰਗ ਰਸਮਾਂ ਵਾਲਿਆਂ ਦੇ ਉਡ ਗਏ
ਸੁਹਣੀਆਂ ਹਿੱਕਾਂ 'ਤੇ ਓਹੀ ਸੋਭਦੇ
ਸੂਈ ਦੇ ਨੱਕੇ 'ਚ ਜਿਹੜੇ ਪੁਰ ਗਏ
ਗੀਤ ਦੀ ਟਾਹਣੀ ਤੋਂ ਨਾਤਾ ਤੋੜ ਕੇ
ਦੋ ਗੁਲਾਬੀ ਫੁੱਲ ਝਨਾਂ ਵਿੱਚ ਰੁੜ੍ਹ ਗਏ
ਬਾਲ਼ ਕੇ ਅਪਣੀ ਅਕੀਦਤ ਦੇ ਚਿਰਾਗ
ਤੇਰੀ ਦੁਨੀਆਂ 'ਚੋਂ ਮੁਸਾਫ਼ਰ ਮੁੜ ਗਏ
ਸਜ ਗਈ ਹੈ ਫੇਰ ਮਹਿਫ਼ਿਲ ਸ਼ਾਮ ਦੀ
ਚੰਨ ਦੀ ਸੁਹਬਤ 'ਚ ਤਾਰੇ ਜੁੜ ਗਏ

## ਕਿਹੜਾ ਕਿਹੜਾ ਵਿਕਿਆ
ਹਰਦੀਪ ਬਿਰਦੀ

ਕਿਹੜਾ-ਕਿਹੜਾ ਵਿਕਿਆ ਹੋਇਆ
ਕਿਹੜਾ ਮੱਥੇ ਲਿਖਿਆ ਹੋਇਆ।
ਜਿਸ ਨੂੰ ਭਰਵੇਂ ਫ਼ਲ ਲੱਗੇ ਹਨ
ਰੁੱਖ ਉਹ ਹੀ ਹੈ ਲਿਫਿਆ ਹੋਇਆ।
ਹਰ ਬੰਦੇ ਨੂੰ ਇਹੀ ਭੁਲੇਖਾ
ਸਭ ਕੁਝ ਉਸ ਸਿਰ ਟਿਕਿਆ ਹੋਇਆ।
ਤੇਰਾ ਨਾਂ ਦਿਲ ਉੱਤੇ ਓਵੇਂ
ਹੱਥ ਤੋਂ ਭਾਵੇਂ ਮਿਟਿਆ ਹੋਇਆ।
ਮੰਜ਼ਿਲ ਉਸ ਨੂੰ ਲੱਭਦੀ ਫਿਰਦੀ
ਜਿਸ ਨੇ ਪੁੱਜਣਾ ਮਿਥਿਆ ਹੋਇਆ।
ਤੇਰੇ ਪਿੰਡ ਨੂੰ ਜਾਂਦਾ ਰਸਤਾ
ਮੈਂ ਅੱਖਾਂ ਨਾਲ ਮਿਣਿਆ ਹੋਇਆ।
ਦੁਨੀਆਂ ਦੇ ਵਿੱਚ ਹਰ ਬੰਦਾ ਹੀ
ਜਾਪੇ ਜਿੱਦਾਂ ਪਿਸਿਆ ਹੋਇਆ।
ਨਾ ਰਿਸ਼ਤਾ ਨਾ ਸ਼ੀਸ਼ਾ ਬਚਦਾ
ਜਿਹੜਾ ਹੋਵੇ ਤਿੜਿਆ ਹੋਇਆ।
****

## ਗ਼ਜ਼ਲ
ਗੁਰਿੰਦਰ ਪ੍ਰੀਤ ਧਾਰੋਵਾਲੀ

ਮੈਥੋਂ ਝੂਠ ਬਿਆਨ ਨਹੀਂ ਹੁੰਦਾ
ਤਾਂ ਹੀ ਮੈਂ ਪਰਵਾਨ ਨਹੀਂ ਹੁੰਦਾ।
ਸ਼ਮ੍ਹਾ ਬੁਝਾ ਕੇ ਤੁਰ ਜਾਂਦੈ ਹੁਣ
ਪਰਵਾਨਾ, ਕੁਰਬਾਨ ਨਹੀਂ ਹੁੰਦਾ।
ਮੰਦਿਰ, ਮਸਜਿਦ ਲੁੱਟ ਦਾ ਸਾਧਨ
ਰੱਬ ਦਾ ਕੋਈ ਮਕਾਨ ਨਹੀਂ ਹੁੰਦਾ।
ਇਸ਼ਕ 'ਚ ਜਿੱਤਾਂ ਹਾਰਾਂ ਇੱਕੋ
ਫ਼ਾਇਦਾ ਜਾਂ ਨੁਕਸਾਨ ਨਹੀਂ ਹੁੰਦਾ।
ਰੋਜ਼ੇ ਛੱਡ ਰਜ਼ਾ ਵਿੱਚ ਰਹਿਣਾ
ਐਨਾ ਵੀ ਆਸਾਨ ਨਹੀਂ ਹੁੰਦਾ।
ਬੰਦਾ ਬੰਦੇ ਨੂੰ ਕਿਉਂ ਪੂਜੇ
ਬੰਦਾ ਤਾਂ ਭਗਵਾਨ ਨਹੀਂ ਹੁੰਦਾ।
ਜਾਨ ਵਾਰਨੀ ਯਾਰੀ ਖ਼ਾਤਰ
ਫ਼ਰਜ਼ ਹੁੰਦਾ ਅਹਿਸਾਨ ਨਹੀਂ ਹੁੰਦਾ।
ਦੌਲਤ ਸ਼ੁਹਰਤ ਲਾਹਨਤ ਨੇ ਜੇ
ਪੱਲੇ ਦੀਨ ਈਮਾਨ ਨਹੀਂ ਹੁੰਦਾ।
ਖਾਲੀ ਬਟੂਏ ਨਾਲੋਂ ਭਾਰਾ
ਸਫ਼ਰ 'ਚ ਹੋਰ ਸਾਮਾਨ ਨਹੀਂ ਹੁੰਦਾ।
ਰੌਲਾ-ਰੱਪਾ ਸੁਣਦੇ ਸਾਰੇ
ਚੁੱਪ ਦੇ ਵੱਲ ਧਿਆਨ ਨਹੀਂ ਹੁੰਦਾ।
ਸੀਰਤ ਵਿੱਚੋਂ ਦਿਸ ਪੈਂਦਾ ਏ
ਸੱਚ ਦਾ ਕੋਈ ਨਿਸ਼ਾਨ ਨਹੀਂ ਹੁੰਦਾ।
ਦਿਲ ਵਿੱਚ ਸੁਪਨੇ ਦੱਬਿਆ ਨਾ ਕਰ
ਦਿਲ ਤਾਂ ਕਬਰਸਤਾਨ ਨਹੀਂ ਹੁੰਦਾ।
ਉਹ ਘਰ ਵੀ ਕੀ ਘਰ ਹੈ ਜਿਸਦਾ
ਕੋਈ ਵੀ ਰੋਸ਼ਨਦਾਨ ਨਹੀਂ ਹੁੰਦਾ।
ਤਿੱਖੇ ਤੀਰਾਂ ਨੂੰ ਕੀ ਕਰਨਾ
ਜੇਕਰ ਕੋਲ ਕਮਾਨ ਨਹੀਂ ਹੁੰਦਾ।

## ਮਾਂ ਬੋਲੀ
ਜਸਵੀਰ ਸਿੰਘ ਭਲੂਰੀਆ

ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ
ਪਾਕਿ ਹੱਥਾਂ ਦੇ ਨਾਲ ਗੁਰਾਂ,
ਸ੍ਰੀ ਗ੍ਰੰਥ ਸਾਹਿਬ 'ਚ ਮੈਨੂੰ ਧਰ ਦਿੱਤਾ
ਮੈਂ ਕਿੱਡੀ ਵੱਡੀ ਵਡਭਾਗਣ ਹਾਂ,
ਮੈਨੂੰ ਸਭ ਤੋਂ ਵੱਡੀ ਕਰ ਦਿੱਤਾ
ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ
ਭਾਵੇਂ ਮੇਰੇ ਦੁਸ਼ਮਣ ਮੇਰੇ,
ਘੁੰਮਦੇ ਰਹਿੰਦੇ ਚਾਰ-ਚੁਫ਼ੇਰੇ
ਪਰ ਮੇਰੇ ਤਾਂ ਦਿਨੋਂ-ਦਿਨ ਹੀ,
ਹੋਈ ਜਾਂਦੇ ਨੇ ਵੱਡੇ ਘੇਰੇ
ਮੇਰੇ ਪੰਜਾਬੀ ਪੁੱਤਰਾਂ ਮੈਨੂੰ
ਦੁਨੀਆਂ ਭਰ ਵਿੱਚ ਭਰ ਦਿੱਤਾ
ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ
ਫ਼ਿਕਰਮੰਦੋ ਨਾ ਫ਼ਿਕਰ ਕਰੋ,
ਮੈਂ ਹਰ ਵਾਰ ਨੂੰ ਜਰ ਜਾਊਂਗੀ
ਗੁਰਾਂ ਦਾ ਖਾਲਸਾ ਅਮਰ ਹੈ,
ਤਾਂ ਮੈਂ ਕਿਵੇਂ ਫਿਰ ਮਰ ਜਾਊਂਗੀ
ਮੇਰੇ ਗੁਰਾਂ ਨੇ ਰਹਿਣ ਦੇ ਲਈ,
ਮੈਨੂੰ ਪਾਕਿ-ਪਵਿੱਤਰ ਘਰ ਦਿੱਤਾ
ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ
ਹਾਸ਼ਮ, ਵਾਰਸ, ਬੁੱਲ੍ਹਾ, ਫਰੀਦ
ਬੇਸ਼ੱਕ ਜੱਗ ਤੋਂ ਚਾਲੇ ਪਾ ਗਏ
ਆਪਣੀਆਂ ਕਲਮਾਂ ਨਾਲ ਉਹ,
ਮੇਰੀਆਂ ਜੜ੍ਹਾਂ ਡੂੰਘੀਆਂ ਲਾ ਗਏ
ਤਿੰਨਾਂ ਮਾਵਾਂ ਦੀ ਇੱਜ਼ਤ ਕਰੋ,
ਉਨ੍ਹਾਂ ਹੋਕਾ ਸੀ ਘਰ ਘਰ ਦਿੱਤਾ
ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ
ਭਲੂਰੀਆ ਗੁਰੂ ਸਾਹਿਬਾਨ ਨੇ
ਮੈਨੂੰ ਮਣਾਂਮੂਹੀਂ ਹੈ ਪਿਆਰ ਦਿੱਤਾ
'ਗੁਰਮੁਖੀ' ਦਾ ਹੈ ਨਾਮ ਵੀ ਦਿੱਤਾ
ਉਨ੍ਹਾਂ ਸਰੂਪ ਵੀ ਮੇਰਾ ਸੰਵਾਰ ਦਿੱਤਾ
'ਗੁਰਮੁਖੀ' ਵਿੱਚ ਉਚਾਰ ਕੇ ਬਾਣੀ
ਮੈਨੂੰ ਅਮਰ ਹੋਣ ਦਾ ਵਰ ਦਿੱਤਾ
ਲੋਕੋ ਮੈਂ ਪੰਜਾਬੀ ਬੋਲੀ ਹਾਂ
ਮੈਂ ਹਰ ਮੌਸਮ ਵਿੱਚ ਮੌਲੀ ਹਾਂ

## ਸਾਡੀ ਮਾਂ ਬੋਲੀ
ਓਮਕਾਰ ਸੂਦ ਬਹੋਨਾ

ਕਿਸਮਤ ਵਾਲੇ ਹਾਂ ਕਿ ਸਾਡੀ ਮਾਂ ਬੋਲੀ ਪੰਜਾਬੀ ਏ!
ਇਸ ਤੋਂ ਸਦਕੇ ਜਾਂ ਕਿ ਸਾਡੀ ਮਾਂ ਬੋਲੀ ਪੰਜਾਬੀ ਏ!
ਇਸ ਦਾ ਉੜਾ-ਆੜਾ ਪੜ੍ਹਕੇ ਬਣ ਗਏ ਹਾਂ ਵਿਦਵਾਨ ਅਸੀਂ।
ਦੁਨੀਆਂ ਦੇ ਕੋਨੇ-ਕੋਨੇ ਵਿੱਚ ਜਾ ਕੇ ਬਣ ਬੈਠੇ ਪ੍ਰਧਾਨ ਅਸੀਂ।
ਅੰਗਰੇਜ਼ੀ ਦਾ ਪਿੱਛਾ ਕਰਦਿਆਂ ਕਿਉਂ ਇਸ ਨੂੰ ਭੁੱਲ ਜਾਂ,
ਕਿ ਸਾਡੀ ਮਾਂ ਬੋਲੀ ਪੰਜਾਬੀ ਏ!
ਮਾਂ-ਦਾਦੀ ਦੇ ਮੂੰਹੋਂ ਸੁਣੀਆਂ ਇਸ ਦੀਆਂ ਮਿੱਠੀਆਂ ਲੋਰੀਆਂ ਨੂੰ।
ਕਿਵੇਂ ਭੁਲਾ ਸਕਦੇ ਹਾਂ ਮਿੱਠੀਆਂ ਬਾਤਾਂ ਦੁੱਧ ਕਟੋਰੀਆਂ ਨੂੰ।
ਕਿਵੇਂ ਭੁਲਾਈਏ ਘੋੜੀ ਗਾਉਂਦੀ ਬੁੱਕਲ ਵਿੱਚ ਲੈ ਕੇ ਮਾਂ,
ਕਿ ਸਾਡੀ ਮਾਂ ਬੋਲੀ ਪੰਜਾਬੀ ਏ!
ਇਸ ਦਾ ਕਰਜ਼ਾ ਸਦੀਆਂ ਤਾਈਂ ਅਸੀਂ ਕਦੇ ਨਹੀਂ ਲਾਹ ਸਕਦੇ।
ਇਸ ਦੇ ਮਿੱਠੇ ਬੋਲ ਕਦੇ ਨਹੀਂ ਦਿਲ 'ਚੋਂ ਅਸੀਂ ਭੁਲਾ ਸਕਦੇ।
ਇਸ ਦੇ ਲੋਕ ਗੀਤਾਂ ਨੂੰ ਲਈਏ ਹਰ ਪਲ ਗੁਣਗੁਣਾ,
ਕਿ ਸਾਡੀ ਮਾਂ ਬੋਲੀ ਪੰਜਾਬੀ ਏ!
ਇਸ ਦੇ ਅੱਖਰਾਂ ਦੇ ਵਿੱਚ ਕਵਿਤਾ ਰਚ ਲਈ ਸੰਤ-ਫ਼ਕੀਰਾਂ ਨੇ।
ਪੜ੍ਹ-ਪੜ੍ਹ ਕੇ ਉਹੀ ਰਚਨਾਵਾਂ ਅਸੀਂ ਬਦਲ ਲਈਆਂ ਤਕਦੀਰਾਂ ਨੇ।
ਦੁਨੀਆਂ ਦੇ ਵਿੱਚ ਕਿਤੇ ਵੀ ਜਾਈਏ ਇਹ ਬਣਦੀ ਸਾਡੀ ਛਾਂ,
ਕਿ ਸਾਡੀ ਮਾਂ ਬੋਲੀ ਪੰਜਾਬੀ ਏ!
ਆਪਣਾ ਤਨ-ਮਨ ਸਾਰਾ ਯਾਰੋ ਇਸ ਦੇ ਲੇਖੇ ਲਾ ਦੇਈਏ।
ਜਨਮਾਂ ਤੋਂ ਕਰਜ਼ਾਈ ਇਸ ਦੇ ਕੁਝ ਤਾਂ ਕਰਜ਼ਾ ਲਾਹ ਦੇਈਏ।
ਦੁਨੀਆ ਦੇ ਵਿੱਚ ਇਸ ਬੋਲੀ ਦੀ ਲੈ ਨਾ ਸਕੇ ਕੋਈ ਥਾਂ,
ਕਿ ਸਾਡੀ ਮਾਂ ਬੋਲੀ ਪੰਜਾਬੀ ਏ!

## ਪੰਜ ਆਬਾਂ ਵਾਲਾ ਪੰਜਾਬ
ਰਮਨਦੀਪ ਸਿੰਘ



ਬੜੇ ਕਿੱਸੇ ਮਾਏ ਸੁਣੇ ਮੈਂ, ਸੁਣੀਆਂ ਕਹਾਣੀਆਂ
ਪਿਆਰ ਦਾ ਸੁਨੇਹਾ ਜਿੱਥੇ, ਜੁੜਦੀਆਂ ਢਾਣੀਆਂ
ਰੰਗਲਾ ਉਹ ਫੁੱਲਾਂ 'ਚੋਂ, ਗੁਲਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਸਵਾ ਲੱਖ ਨਾਲ ਭਿੜਨਾ, ਸਿਖਾਇਆ ਜਿੱਥੇ ਗੁਰਾਂ ਨੇ
ਕਿਰਤ ਦਾ ਸੂਰਜ, ਚੜ੍ਹਾਇਆ ਜਿੱਥੇ ਗੁਰਾਂ ਨੇ
ਭਲੇ ਸਰਬੱਤ ਵਾਲਾ, ਹਿਸਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਜਿੱਥੇ ਰਾਜ ਸੀ ਉਹ ਰਾਜੇ ਦਾ, ਮਹਾਰਾਜਾ ਕਹਿੰਦੇ ਜਿਹਨੂੰ
ਪੰਡਾਂ ਸਿਰ ਉੱਤੇ ਚੱਕਦਾ ਸੀ, ਦਿਲ ਵਾਲਾ ਕਹਿੰਦੇ ਜਿਹਨੂੰ
ਰਣਜੀਤ ਸਿੰਘ ਸੂਰਮਾ, ਜਨਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਵਹਿੰਦੀਆਂ ਹਵਾਵਾਂ ਵਿੱਚ ਪਹਿਲਾਂ ਜਿਹੀ ਲੋਰ ਨਈਂ
ਪੰਜਾਬ ਦਿਆਂ ਚੋਬਰਾਂ ਦੀ, ਪਹਿਲਾਂ ਜਿਹੀ ਤੋਰ ਨਈਂ
ਸਰਾਭਾ, ਭਗਤ ਤੇ ਊਧਮ ਸੁਨਾਮ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਕਹਿੰਦੇ ਨਸ਼ਿਆਂ 'ਚ ਡੁੱਬਿਆ ਏ, ਅੱਜ ਦਾ ਪੰਜਾਬ ਮਾਏ
ਪਹਿਲਾਂ ਜਿਹੇ ਨੂਰ ਨਾਲ, ਨਹੀਂ ਜਚਦਾ ਪੰਜਾਬ ਮਾਏ
ਠਾਠਾਂ ਮਾਰਦਾ ਉਹ ਜੁੱਸਾ ਤੇ ਸ਼ਬਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਜਿੱਥੇ ਦੁੱਧ ਦੀਆਂ ਨਹਿਰਾਂ ਸੀ, ਤੇ ਨਹਿਰਾਂ ਵਿੱਚ ਲਹਿਰਾਂ ਸੀ
ਜਿੱਥੇ ਦਾਦੇ ਦਿਆਂ ਮੋਢਿਆਂ 'ਤੇ ਪੋਤੇ ਦੀਆਂ ਸੈਰਾਂ ਸੀ
ਰਿਸ਼ਤਿਆਂ 'ਚ ਪ੍ਰੇਮ ਦਾ ਸੈਲਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?
ਸਿੰਘ ਰਮਨਦੀਪ ਲੋਚਦਾ, ਜੋ ਪਹਿਲਾਂ ਜਿਹਾ ਪੰਜਾਬ ਮਾਏ
ਸਾਫ਼ ਰੜਿਆਂ 'ਚ ਸੋਭਦਾ, ਜੋ ਮਹਿਲਾਂ ਜਿਹਾ ਪੰਜਾਬ ਮਾਏ
ਤਿਨਾਬ ਦਿੱਤਾ, ਜਿਹਲਮ ਚਨਾਬ ਅੱਜ ਕਿੱਥੇ ਐ?
ਪੰਜ ਆਬਾਂ ਵਾਲਾ ਅੰਮੀਏ, ਪੰਜਾਬ ਅੱਜ ਕਿੱਥੇ ਐ?

## ਅੱਜ ਦਾ ਸੱਚ
ਅਮਰਜੀਤ ਜੰਜੂਆ

ਪੰਜਾਬੀ ਦਾ ਇੱਕ ਵੱਡਾ ਵਿਦਵਾਨ ਹੈ
ਲੋਕ ਲੁਭਾਊ ਦਿੰਦਾ ਵੱਡੇ ਬਿਆਨ ਹੈ।
ਆਖੇ ਪੰਜਾਬੀ ਭਾਸ਼ਾ ਨੂੰ ਪਿਆਰ ਕਰੋ
ਆਪਣੀ ਮਾਂ ਬੋਲੀ ਦਾ ਸਤਿਕਾਰ ਕਰੋ।
ਅੰਗਰੇਜ਼ੀ ਸਕੂਲਾਂ ਵਿੱਚ ਬੱਚੇ ਉਸ ਦੇ ਪੜ੍ਹਦੇ ਨੇ
ਪੰਜਾਬੀ ਭਾਸ਼ਾ ਪੜ੍ਹਨ ਤੋਂ ਉਹ ਡਰਦੇ ਨੇ।
ਵਹੁਟੀ ਉਸ ਦੀ ਅੰਗਰੇਜ਼ੀ 'ਚ ਗਿਟਮਿਟ ਕਰਦੀ ਹੈ
ਪੰਜਾਬੀ ਭਾਸ਼ਾ ਤੋਂ ਉਸ ਨੂੰ ਤਾਂ ਬੜੀ ਅਲਰਜੀ ਹੈ।
ਆਖੇ ਪੰਜਾਬੀ ਤਾਂ ਗੰਵਾਰਾਂ ਦੀ ਭਾਸ਼ਾ ਹੈ
ਇਹ ਜ਼ਿੰਦਗੀ ਦਾ ਹਨੇਰਾ ਪਾਸਾ ਹੈ।
ਵਿਦਵਾਨ ਵੀ ਉਸ ਦੀ ਹਾਮੀ ਭਰਦਾ ਹੈ
ਪਰ ਲੋਕਾਂ ਨਾਲ ਧੋਖਾ ਕਰਦਾ ਹੈ।
ਗੱਲ ਕਿਸੇ ਨੂੰ ਸਮਝ ਨਹੀਂ ਆਉਂਦੀ
ਮਾਂ ਬੋਲੀ ਫਿਰੇ ਵਾਸਤੇ ਪਾਉਂਦੀ।

## ਬਸੰਤ ਰੁੱਤ
ਓਮਕਾਰ ਸੂਦ ਬਹੋਨਾ

ਖੇੜੇ ਖੁਸ਼ੀਆਂ ਨਾਲ ਲਿਆਈ।
ਸੁਹਣੀ ਰੁੱਤ ਬਸੰਤ ਹੈ ਆਈ।
ਕੁਦਰਤ ਰਾਣੀ ਮੌਲ ਪਈ ਹੈ,
ਪੱਤਝੜ ਕੀਤੀ ਝੱਟ ਵਿਦਾਈ।
ਪਾਲਾ ਗਿਆ ਤੇ ਸੁਹਣਾ ਮੌਸਮ,
ਮਨ ਦੀ ਜਿਸਨੇ ਤਰੰਗ ਛਿੜਾਈ।
ਬੱਚਿਆਂ ਅਤੇ ਜਵਾਨਾਂ ਰਲਕੇ,
ਪਤੰਗਾਂ ਦੀ ਹੈ ਡੋਰ ਵਧਾਈ।
ਲਾਉਂਦੇ ਪੇਚੇ ਨਾਲ ਡੋਰ ਦੇ,
ਆਸਮਾਨ ਵਿੱਚ ਧੁੰਮ ਮਚਾਈ।
ਸਰ੍ਹੋਆਂ ਦੇ ਪੀਲੇ ਫੁੱਲਾਂ ਨੇ,
ਖੇਤਾਂ ਦੇ ਵਿੱਚ ਛਹਿਬਰ ਲਾਈ।
ਰੰਗ ਬਸੰਤੀ ਚਾਰ ਦਿਸ਼ਾਵੀਂ,
ਇੰਦਰ-ਧਨੁਸ਼ ਦੀ ਸ਼ਕਲ ਬਣਾਈ।
ਛੇ ਰੁੱਤਾਂ 'ਚੋਂ ਰੁੱਤ ਬਸੰਤੀ,
ਰੁੱਤਾਂ ਦੀ ਰਾਣੀ ਕਹਿਲਾਈ।
ਗੁਰਬਾਣੀ ਦੇ ਰਾਗਾਂ ਦੇ ਵਿੱਚ,
ਮਹਾਂਪੁਰਖਾਂ ਇਸ ਦੀ ਮਹਿਮਾ ਗਾਈ।
ਰੁੱਖਾਂ ਉੱਤੇ ਖੇੜਾ ਆਉਂਦਾ,
ਹਰੀ-ਭਰੀ ਹਰ ਸ਼ਾਖ ਹੋ ਆਈ।
ਕੁਦਰਤ ਦਾ ਵਡਮੁੱਲਾ ਸੁਹੱਪਣ,
ਫਿਰਦੀ ਆਪਣੇ ਵਿੱਚ ਸਮਾਈ।
ਸੂਰਜ ਪਿਆ ਹਰ ਟਾਹਣੀ ਉੱਤੇ,
ਰੁੱਖਾਂ ਨੇ ਹੈ ਸ਼ਾਂ-ਸ਼ਾਂ ਲਾਈ।
ਇਹ ਹੈ ਮੌਸਮ ਬੜਾ ਪਿਆਰਾ,
ਕਿਧਰੋਂ ਨਾ ਕੁਦਰਤ ਕੁਮਲਾਈ।
ਚੁੰਨੀ ਲੈ ਕੇ ਰੁੱਤ ਬਸੰਤੀ,
ਫੁੱਲਾਂ ਦੀ ਹੈ ਮਹਿਕ ਵਧਾਈ।
'ਵਾਵਾਂ ਦੇ ਵਿੱਚ ਮਹਿਕਾਂ ਘੁਲੀਆਂ,
ਜੀਕਰ ਮਹਿਕ ਹਿਮਾਲਿਓਂ ਆਈ।
ਖਿੜੀ-ਖਿੜੀ ਰੁੱਤ ਸੁੰਦਰ ਸੁੰਦਰ,
ਸੱਜਰਾਪਣ ਹੈ ਨਾਲ ਲਿਆਈ।
'ਆਈ ਬਸੰਤ-ਪਾਲਾ ਉਡੰਤ',
ਲੋਕਾਂ ਮੂੰਹੋਂ ਗੱਲ ਕਹਿਲਾਈ।
ਪੀਲੇ ਚੋਲ ਚਿਲਮਚੀ ਭਰਕੇ,
ਰੁੱਤ ਬਸੰਤੀ ਵੰਡਣ ਆਈ।
ਭਾਬੀਆਂ ਵਾਂਗੂੰ ਦਿਲਕਸ਼ ਕਿੰਨੀ
ਦੁਲਹਨ ਵਾਂਗੂੰ ਸਜੀ-ਸਜਾਈ।
ਛੇਤੀ-ਛੇਤੀ ਆਇਆ ਕਰ ਤੂੰ,
ਤੈਨੂੰ ਦੇਣੀ ਅਸੀਂ ਵਧਾਈ।

# ਚੈਂਪੀਅਨਜ਼ ਟਰਾਫ਼ੀ ’ਚ ਭਾਰਤ ਦੀ ਪਾਕਿਸਤਾਨ ’ਤੇ ‘ਵਿਰਾਟ’ ਜਿੱਤ



ਦੁਬਈ/ਏ.ਟੀ.ਨਿਊਜ਼: ਵਿਰਾਟ ਕੋਹਲੀ (100) ਦੇ ਨਾਬਾਦ ਸੈਂਕੜੇ ਤੇ ਸ਼੍ਰੇਅਰ ਅੱਈਅਰ (56) ਦੇ ਨੀਮ ਸੈਂਕੜੇ ਅਤੇ ਇਸ ਤੋਂ ਪਹਿਲਾਂ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਭਾਰਤ ਨੇ ਇਥੇ ਆਈ.ਸੀ.ਸੀ. ਚੈਂਪੀਅਨਜ਼ ਟਰਾਫੀ ਦੇ ਗਰੁੱਪ ਏ ਦੇ ਮਹਾਂ ਮੁਕਾਬਲੇ ਵਿੱਚ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 6 ਵਿਕਟਾਂ ਨਾਲ ਹਰਾ ਦਿੱਤਾ ਹੈ।

ਇਸ ਜਿੱਤ ਨਾਲ ਭਾਰਤ ਨੇ ਜਿੱਥੇ ਚੈਂਪੀਅਨਜ਼ ਟਰਾਫ਼ੀ ਦੇ ਸੈਮੀ ਫਾਈਨਲ ਲਈ ਥਾਂ ਪੱਕੀ ਕਰ ਲਈ ਹੈ, ਉਥੇ ਮੇਜ਼ਬਾਨ ਪਾਕਿਸਤਾਨ ਟੂਰਨਾਮੈਂਟ ’ਚੋਂ ਲਗਪਗ ਬਾਹਰ ਹੋ ਗਿਆ। ਹਾਲਾਂਕਿ ਦੋਵਾਂ ਟੀਮਾਂ ਦਾ ਗਰੁੱਪ ਗੇੜ ਦਾ ਇੱਕ ਇੱਕ ਮੈਚ ਬਾਕੀ ਹੈ। ਭਾਰਤ ਆਪਣਾ ਅਗਲਾ ਗਰੁੱਪ ਮੁਕਾਬਲਾ 2 ਮਾਰਚ ਨੂੰ ਨਿਊਜ਼ੀਲੈਂਡ ਖਿਲਾਫ਼ ਖੇਡੇਗਾ। ਪਾਕਿਸਤਾਨ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 49.4 ਓਵਰਾਂ ਵਿੱਚ 241 ਦੌੜਾਂ ਬਣਾਈਆਂ ਸਨ ਤੇ ਭਾਰਤ ਨੇ ਇਸ ਟੀਚੇ ਨੂੰ 42.3 ਓਵਰਾਂ ਵਿੱਚ 244 ਦੌੜਾਂ ਬਣਾ ਕੇ ਪੂਰਾ ਕਰ ਲਿਆ।

ਕੋਹਲੀ ਨੇ 111 ਗੇਂਦਾਂ ਦੀ ਪਾਰੀ ਵਿੱਚ 11 ਚੌਕੇ ਜੜੇ। ਕੋਹਲੀ ਦਾ ਚੈਂਪੀਅਨਜ਼ ਟਰਾਫ਼ੀ ਵਿੱਚ ਇਹ ਪਲੇਠਾ ਜਦੋਂਕਿ ਇੱਕ ਰੋਜ਼ਾ ਕ੍ਰਿਕਟ ਵਿੱਚ 51ਵਾਂ ਸੈਂਕੜਾ ਹੈ। ਕੋਹਲੀ ਪਾਕਿਸਤਾਨ ਖਿਲਾਫ਼ ਏਸ਼ੀਆ ਕੱਪ, ਵਿਸ਼ਵ ਕੱਪ ਤੇ ਚੈਂਪੀਅਨਜ਼ ਟਰਾਫ਼ੀ ਵਿੱਚ ਸੈਂਕੜਾ ਲਾਉਣ ਵਾਲਾ



ਪਹਿਲਾ ਬੱਲੇਬਾਜ਼ ਬਣ ਗਿਆ ਹੈ।

ਕੋਹਲੀ ਨੇ ਇੱਕ ਰੋਜ਼ਾ ਕ੍ਰਿਕਟ ਵਿੱਚ 14,000 ਦੌੜਾਂ ਵੀ ਪੂਰੀਆਂ ਕੀਤੀਆਂ। ਕੋਹਲੀ ਨੂੰ ‘ਪਲੇਅਰ ਆਫ਼ ਦੀ ਮੈਚ’ ਐਲਾਨਿਆ ਗਿਆ।

ਸ਼੍ਰੇਅਰ ਅੱਈਅਰ ਨੇ 67 ਗੇਂਦਾਂ ’ਤੇ 56 ਦੌੜਾਂ ਬਣਾਈਆਂ ਤੇ ਇਸ ਦੌਰਾਨ 5 ਚੌਕੇ ਤੇ ਇੱਕ ਛੱਕਾ ਜੜਿਆ। ਸ਼ੁਭਮਨ ਗਿੱਲ ਨੇ 46 ਦੌੜਾਂ ਤੇ ਕਪਤਾਨ ਰੋਹਿਤ ਸ਼ਰਮਾ ਨੇ 20 ਦੌੜਾਂ ਦਾ ਯੋਗਦਾਨ ਪਾਇਆ। ਹਾਰਦਿਕ ਪਟੇਲ ਨੇ 8 ਤੇ ਅਕਸ਼ਰ ਪਟੇਲ ਨੇ ਨਾਬਾਦ 3 ਦੌੜਾਂ ਬਣਾਈਆਂ। ਪਾਕਿਸਤਾਨ ਲਈ ਸ਼ਾਹੀਨ ਸ਼ਾਹ ਅਫ਼ਰੀਦੀ ਨੇ ਦੋ ਜਦੋਂਕਿ ਅਬਰਾਰ ਅਹਿਮਦ ਤੇ ਖ਼ੁਸ਼ਦਿਲ ਸ਼ਾਹ ਨੇ ਇੱਕ ਇੱਕ ਵਿਕਟ ਲਈ। ਅਬਰਾਰ ਅਹਿਮਦ ਨੇ 10 ਓਵਰਾਂ ਵਿੱਚ 28 ਦੌੜਾਂ ਬਦਲੇ ਇੱਕ ਵਿਕਟ ਲਈ।

ਇਸ ਤੋਂ ਪਹਿਲਾਂ ਪਾਕਿਸਤਾਨ ਨੇ 49.4 ਓਵਰਾਂ ਵਿੱਚ 241 ਦੌੜਾਂ ਬਣਾਈਆਂ। ਪਾਕਿਸਤਾਨ ਲਈ ਸੌਦ ਸ਼ਕੀਲ ਨੇ ਸਭ ਤੋਂ ਵੱਧ 62 ਦੌੜਾਂ ਬਣਾਈਆਂ। ਕਪਤਾਨ ਮੁਹੰਮਦ ਰਿਜ਼ਵਾਨ ਨੇ 46 ਦੌੜਾਂ ਦਾ ਯੋਗਦਾਨ ਪਾਇਆ

(ਬਾਕੀ ਸਫ਼ਾ 31 ’ਤੇ)

## ਸਭ ਤੋਂ ਤੇਜ਼ 14,000 ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਬਣਿਆ ਵਿਰਾਟ

ਦੁਬਈ/ਏ.ਟੀ.ਨਿਊਜ਼: ਭਾਰਤੀ ਸੁਪਰਸਟਾਰ ਵਿਰਾਟ ਕੋਹਲੀ ਨੇ ਪਾਕਿਸਤਾਨ ਖ਼ਿਲਾਫ਼ ਚੈਂਪੀਅਨਜ਼ ਟਰਾਫ਼ੀ ਮੁਕਾਬਲੇ ਦੌਰਾਨ ਇਤਿਹਾਸ ਰਚ ਦਿੱਤਾ ਹੈ। ਉਹ ਸਚਿਨ ਤੇਂਦੁਲਕਰ ਦੇ ਪਿਛਲੇ ਰਿਕਾਰਡ ਨੂੰ ਤੋੜਦਿਆਂ ਇੱਕ ਰੋਜ਼ਾ ਕ੍ਰਿਕਟ ਵਿੱਚ ਸਭ ਤੋਂ ਤੇਜ਼ 14,000 ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਬਣ ਗਿਆ ਹੈ। ਕੋਹਲੀ ਹੁਣ ਇੱਕ ਰੋਜ਼ਾ ਕ੍ਰਿਕਟ ਵਿੱਚ 14,000 ਤੋਂ ਵੱਧ ਦੌੜਾਂ ਬਣਾਉਣ ਵਾਲਾ ਤੀਜਾ ਬੱਲੇਬਾਜ਼ ਹੈ। ਭਾਰਤ ਦਾ ਮਹਾਨ ਬੱਲੇਬਾਜ਼ ਸਚਿਨ ਤੇਂਦੁਲਕਰ (18,246) ਅਤੇ ਸ੍ਰੀਲੰਕਾ ਦਾ ਕੁਮਾਰ ਸੰਗਕਾਰਾ (14,234) ਨਾਲ ਉਸ ਤੋਂ ਅੱਗੇ ਹੈ। ਵਿਰਾਟ ਕੋਹਲੀ ਨੇ 287 ਪਾਰੀਆਂ ਵਿੱਚ 14,000 ਦੌੜਾਂ ਪੂਰੀਆਂ ਕੀਤੀਆਂ, ਜਦਕਿ ਤੇਂਦੁਲਕਰ ਨੇ 350 ਅਤੇ ਸੰਗਕਾਰਾ ਨੇ 378 ਪਾਰੀਆਂ ਵਿੱਚ ਇਹ ਅੰਕੜਾ ਹਾਸਲ ਕੀਤਾ ਹੈ। ਕੋਹਲੀ ਅਤੇ ਤੇਂਦੁਲਕਰ ਦੋਵਾਂ ਨੇ ਹੀ ਪਾਕਿਸਤਾਨ ਖ਼ਿਲਾਫ਼ 14,000ਵੀਂ ਦੌੜ ਬਣਾਈ। ਕੋਹਲੀ ਨੂੰ ਇਸ ਅੰਕੜੇ ਤੱਕ ਪਹੁੰਚਣ ਲਈ 15 ਦੌੜਾਂ ਦੀ ਲੋੜ ਸੀ ਅਤੇ 13ਵੇਂ ਓਵਰ ਵਿੱਚ ਚੌਕਾ ਜੜ ਕੇ ਉਹ ਇੱਥੋਂ ਤੱਕ ਪਹੁੰਚਿਆ।

# ਇੱਕ ਉਲੰਪਿਕ ’ਚ ਦੋ ਤਗ਼ਮੇ ਜਿੱਤਣ ਵਾਲੀ ਨਿਸ਼ਾਨੇਬਾਜ਼ ਮਨੂ ਭਾਕਰ

ਨਵੀਂ ਦਿੱਲੀ/ਏ.ਟੀ.ਨਿਊਜ਼: ਸਾਡੀਆਂ ਧੀਆਂ ਮੁੰਡਿਆਂ ਤੋਂ ਘੱਟ ਨਹੀਂ... ਹਰਿਆਣਾ, ਭਾਰਤ ਦਾ ਇੱਕ ਅਜਿਹਾ ਸੂਬਾ ਹੈ ਜਿੱਥੋਂ ਬਹੁਤ ਸਾਰੇ ਚੈਂਪੀਅਨ ਨਿਕਲੇ ਹਨ ਭਾਵੇਂ ਉਹ ਮੁੱਕੇਬਾਜ਼ੀ ਹੋਵੇ, ਕੁਸ਼ਤੀ ਹੋਵੇ ਜਾਂ ਸ਼ੂਟਿੰਗ ਹੋਵੇ।

ਇੱਥੋਂ ਦੇ ਖਿਡਾਰੀਆਂ ਨੇ ਪੂਰੀ ਦੁਨੀਆ ਵਿੱਚ ਆਪਣੀ ਪਛਾਣ ਬਣਾਈ ਹੈ। ਇਸ ਵਿੱਚ ਭਾਰਤ ਦੀ ਲਾਡਲੀ ਮੰਨੂ ਭਾਕਰ ਦਾ ਨਾਂ ਵੀ ਲਿਆ ਜਾਂਦਾ ਹੈ, ਜਿਸ ਨੇ ਆਪਣੇ ਸ਼ੁਰੂਆਤੀ ਸਫ਼ਰ ਵਿੱਚ ਟੈਨਿਸ, ਮੁਕਾਬਲੇਬਾਜ਼ੀ ਤੇ ਸ਼ੂਟਿੰਗ ਵਿੱਚ ਹੱਥ ਅਜ਼ਮਾਇਆ। ਉਸ ਨੇ ਮਾਰਸ਼ਲ ਆਰਟਸ ਵਿੱਚ ਵੀ ਦਬਦਬਾ ਬਣਾਇਆ।

ਇਨ੍ਹਾਂ ਸਾਰੀਆਂ ਖੇਡਾਂ ਵਿੱਚ ਦਾਅ ਖੇਡਣ ਤੋਂ ਬਾਅਦ 14 ਸਾਲ ਦੀ ਉਮਰ ਵਿੱਚ ਮੰਨੂ ਭਾਕਰ ਨੂੰ ਪਤਾ ਲੱਗਾ ਕਿ ਉਸ ਕੋਲ ਕਿਹੜੀ ਕਲਾ ਦਾ ਤੋਹਫ਼ਾ ਹੈ। ਅੱਜ ਮੰਨੂ ਨੇ ਆਪਣੀ ਮਿਹਨਤ ਦੇ ਦਮ ’ਤੇ ਪੂਰੀ ਦੁਨੀਆਂ ’ਚ ਆਪਣੀ ਪਛਾਣ ਬਣਾਈ ਹੈ। ਉਹ ਦੇਸ਼ ਦੀ ਆਜ਼ਾਦੀ ਤੋਂ ਬਾਅਦ ਇੱਕ ਹੀ ਉਲੰਪਿਕ ਵਿੱਚ ਦੋ ਤਗ਼ਮੇ ਜਿੱਤਣ ਵਾਲੀ ਪਹਿਲੀ





ਭਾਰਤੀ ਐਥਲੀਟ ਹੈ। 2024 ਪੈਰਿਸ ਉਲੰਪਿਕ ਵਿੱਚ ਉਸ ਨੇ 10 ਮੀਟਰ ਏਅਰ ਪਿਸਟਲ ਈਵੈਂਟ ਦੇ ਸਿੰਗਲ ਤੇ ਟੀਮ ਮੁਕਾਬਲੇ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ। ਉਹ ਉਲੰਪਿਕ ਤਗ਼ਮਾ ਜਿੱਤਣ ਵਾਲੀ ਇਕਲੌਤੀ ਭਾਰਤੀ ਮਹਿਲਾ ਨਿਸ਼ਾਨੇਬਾਜ਼ ਹੈ। ਇਸ ਦੇ ਨਾਲ ਹੀ ਉਹ ਉਲੰਪਿਕ ਤਗ਼ਮਾ ਜਿੱਤਣ ਵਾਲੀ ਦੂਜੀ ਭਾਰਤੀ ਐਥਲੀਟ ਹੈ। ਉਸ ਨੇ ਸਾਲ 2024 ਵਿੱਚ ਪੈਰਿਸ ਉਲੰਪਿਕ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਾਰਿਆਂ ਦਾ ਦਿਲ ਜਿੱਤਿਆ ਸੀ। ਉਸ ਤੋਂ ਬਾਅਦ ਮੰਨੂ ਭਾਕਰ ਨੂੰ ਦੇਸ਼ ਦੇ ਸਭ ਤੋਂ ਵੱਡੇ ਖੇਡ ਪੁਰਸਕਾਰ ਮੇਜਰ ਧਿਆਨ ਚੰਦ ਖੇਡ ਰਤਨ ਨਾਲ ਵੀ ਸਨਮਾਨਿਤ ਕੀਤਾ ਗਿਆ।

### ਮੰਨੂ ਭਾਕਰ ਦੀ ਨਿੱਜੀ ਜਾਣਕਾਰੀ

ਪੂਰਾ ਨਾਂ – ਮੰਨੂ ਭਾਕਰ
ਜਨਮਦਿਨ – 18 ਫਰਵਰੀ 2002
ਉਮਰ – 23 ਸਾਲ
ਕਿੱਥੇ ਹੋਇਆ ਜਨਮ – ਹਰਿਆਣਾ, ਝੱਜਰ
ਕੱਦ– 5 ਫੁੱਟ 6 ਇੰਚ
ਪੜਾਈ – ਪੰਜਾਬ ਯੂਨੀਵਰਸਿਟੀ ਤੋਂ ਪਬਲਿਕ ਅਡਮਿਨਿਸਟ੍ਰੇਸ਼ਨ ਵਿੱਚ ਡਿਗਰੀ ਕਰ ਰਹੀ ਹੈ
ਮਾਤਾ–ਪਿਤਾ– ਸੁਮੇਧਾ ਭਾਕਰ/ਰਾਮ ਕਿਸ਼ਨ

### ਮੰਨੂ ਭਾਕਰ ਦਾ ਨੈੱਟਵਰਥ

ਮੰਨੂ ਭਾਕਰ ਦਾ ਨੈੱਟਵਰਥ ਪੈਰਿਸ ਉਲੰਪਿਕ 2024 ਤੋਂ ਪਹਿਲਾਂ 60 ਲੱਖ ਰੁਪਏ ਦੇ ਨੇੜੇ ਸੀ ਪਰ ਮੰਨੂ ਨੂੰ ਉਲੰਪਿਕ ਵਿੱਚ 2 ਤਗ਼ਮੇ ਜਿੱਤਣ ਤੋਂ ਬਾਅਦ ਮਿਲੀ ਇਨਾਮੀ ਰਾਸ਼ੀ ਨਾਲ ਕੁਝ ਬ੍ਰਾਂਡ ਐਂਡੋਰਸਮੈਂਟ ਵੀ ਮਿਲੇ ਤੇ ਉਸ ਦੀ ਆਮਦਨ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਹੁਣ ਮੰਨੂ ਭਾਕਰ ਦਾ ਨੈੱਟਵਰਥ 12 ਕਰੋੜ ਰੁਪਏ ਤੋਂ ਵੱਧ ਹੋ ਗਿਆ ਹੈ।

ਉਲੰਪਿਕ ਵਿੱਚ ਦੋ ਕਾਂਸੀ ਦੇ ਤਗ਼ਮੇ ਜਿੱਤਣ ਤੋਂ ਬਾਅਦ ਮੰਨੂ ਕੋਲ ਕਈ ਇਸ਼ਤਿਹਾਰਾਂ ਦੇ ਆਫਰ ਆਏ, ਜਿਸ ਵਿੱਚ ਮੁੱਖ ਤੌਰ ’ਤੇ ਕੋਲਡ ਡਰਿੰਕ ਬ੍ਰਾਂਡ ਥਮਸ–ਅੱਪ ਇੱਕ ਹੈ। ਮੰਨਿਆ ਜਾ ਰਿਹਾ ਹੈ ਕਿ ਥਮਸ–ਅੱਪ ਨਾਲ ਮੰਨੂ ਦੀ ਕਰੀਬ 1.5 ਕਰੋੜ ਰੁਪਏ ’ਚ ਡੀਲ ਹੋਈ। ਆਪਣੀ ਉਲੰਪਿਕ ਪ੍ਰਸਿੱਧੀ ਤੋਂ ਬਾਅਦ ਉਸ ਨੇ ਕੌਸਮੋਪੋਲੀਟਨ ਤੇ ਗ੍ਰਾਜ਼ੀਆ ਵਰਗੇ ਮੈਗਜ਼ੀਨਾਂ ਦੇ ਕਵਰ ਪੇਜਾਂ ’ਤੇ ਪ੍ਰਦਰਸ਼ਿਤ ਕੀਤਾ ਗਿਆ ਤੇ ਲੈਕਮੇ ਫੈਸ਼ਨ ਵੀਕ ਰੈਂਪ ’ਤੇ ਵਾਕ ਕੀਤਾ ।

### ਆਲੀਸ਼ਾਨ ਘਰ ’ਚ ਰਹਿੰਦੀ ਹੈ ਮੰਨੂ ਭਾਕਰ

ਪੈਰਿਸ ਉਲੰਪਿਕ 2024 ਤਗ਼ਮਾ ਜੇਤੂ ਮੰਨੂ ਭਾਕਰ ਮੌਜੂਦਾ ਸਮੇਂ ਵਿੱਚ ਹਰਿਆਣਾ ਦੇ ਫਰੀਦਾਬਾਦ ਵਿੱਚ ਸਥਿਤ ਅਪਾਰਟਮੈਂਟ ਵਿੱਚ ਰਹਿੰਦੀ ਹੈ, ਜਿਸ ਦੀ ਕੀਮਤ ਲਗਪਗ 3 ਕਰੋੜ ਰੁਪਏ ਹੈ। ਮੰਨੂ ਦਾ ਅਪਾਰਟਮੈਂਟ 2300 ਵਰਗ ਫੁੱਟ ਦਾ ਹੈ ਤੇ ਉਸ ਦੇ ਗੋਲਡਨ ਰੀਟ੍ਰੀਵਰ ਕੁੱਤੇ ਲਈ ਵੱਖਰੀ ਜਗ੍ਹਾ ਹੈ।

ਜ਼ਿਕਰਯੋਗ ਹੈ ਕਿ ਮੰਨੂ ਭਾਕਰ ਕੋਲ ਲਗਜ਼ਰੀ ਕਾਰ ਹੈ, ਜਿਸ ਨੂੰ ਟਾਟਾ ਮੋਟਰਸ ਨੇ ਤੋਹਫੇ ਵਜੋਂ ਉਸ ਨੂੰ ਦਿੱਤਾ ਸੀ। ਇਸ ਕਾਰ ਦੀ ਕੀਮਤ 17–18 ਲੱਖ ਰੁਪਏ ਹੈ।

# ਜਦੋਂ ਉਲੰਪਿਕ ਹਾਕੀ ’ਚ ਜੇਤੂ ਬਣਿਆ ਸੀ ਭਾਰਤ

ਮਨਦੀਪ ਸਿੰਘ ਸੁਨਾਮ

ਸਾਲ 1928 ਦੀਆਂ ਉਲੰਪਿਕ ਖੇਡਾਂ ਦੇ ਇਤਿਹਾਸਕ ਸੋਨ ਤਗ਼ਮੇ ਤੋਂ ਬਾਅਦ ਭਾਰਤ ਨੇ 1932 ਦੀਆਂ ਖੇਡਾਂ ਵਿੱਚ ਵੀ ਭਾਗ ਲਿਆ। ਭਾਰਤ ਦੇ 19 ਖਿਡਾਰੀਆਂ ਨੇ 3 ਖੇਡਾਂ ਅਥਲੈਟਿਕਸ, ਤੈਰਾਕੀ ਤੇ ਫੀਲਡ ਹਾਕੀ ਵਿੱਚ ਭਾਗ ਲਿਆ। ਇਨ੍ਹਾਂ ਖੇਡਾਂ ਵਿੱਚ ਵੀ ਭਾਰਤੀ ਹਾਕੀ ਟੀਮ ਨੇ ਆਪਣੇ ਸੋਨ ਤਗ਼ਮੇ ਦਾ ਬਚਾਅ ਕਰਦੇ ਹੋਏ ਭਾਰਤ ਦਾ ਝੰਡਾ ਬੁਲੰਦ ਕੀਤਾ। 1932 ਦੀਆਂ ਉਲੰਪਿਕ ਖੇਡਾਂ, ਜੋ ਅਮਰੀਕਾ ਦੇ ਲਾਸ ਏਂਜਲਸ ਵਿੱਚ ਹੋਣ ਜਾ ਰਹੀਆਂ ਸਨ। ਇਸ ਵਾਰ ਵੀ ਖਿਡਾਰੀਆ ਨੂੰ ਭੇਜਣ ਲਈ ਪੈਸੇ ਦੀ ਕਮੀ ਸੀ। ਉਸ ਸਮੇਂ ਦੇਸ਼ ਅੰਗਰੇਜ਼ਾਂ ਦੇ ਸਾਏ ਹੇਠ ਸੀ। ਹਾਕੀ ਸੰਘ ਅੱਗੇ ਪੈਸੇ ਦੀ ਸਮੱਸਿਆ ਜਿਉਂ ਦੀ ਤਿਉਂ ਹੀ ਸੀ । ਇਸ ਵਾਰ ਵੀ ਭਾਰਤੀ ਹਾਕੀ ਸੰਘ ਦੇ ਪ੍ਰਧਾਨ ਅਤੇ ਰੇਲਵੇ ਬੋਰਡ ਦੇ ਉੱਚ ਅਧਿਕਾਰੀ ਹੇਮੈਨ ਅੱਗੇ ਆਏ। ਹਾਕੀ ਸੰਘ ਦੇ ਸਕੱਤਰ ਪੰਕਜ ਗੁਪਤਾ ਨੇ ਵੀ ਸਾਥ ਦਿੱਤਾ। ਜਦੋਂ ਪੈਸੇ ਦਾ ਪ੍ਰਬੰਧ ਹੁੰਦਾ ਨਜ਼ਰ ਨਾ ਆਇਆ ਤਾਂ ਬੈਂਕ ਤੋਂ ਕਰਜ਼ ਲੈਣ ਦੀ ਯੋਜਨਾ ਬਣਾਈ। ਆਖ਼ਿਰਕਾਰ ਪੰਜਾਬ ਨੈਸ਼ਨਲ ਬੈਂਕ ਨੇ ਟੀਮ ਨੂੰ ਭੇਜਣ ਲਈ ਕਰਜ਼ਾ ਦੇਣ ਦੀ ਹਾਮੀ ਭਰੀ ਤੇ 1932 ਦੀਆਂ ਉਲੰਪਿਕ ਖੇਡਣ ਲਈ ਹਾਕੀ ਟੀਮ ਦਾ ਰਸਤਾ ਸਾਫ਼ ਕੀਤਾ। 1932 ਦੀਆਂ ਉਲੰਪਿਕ ਖੇਡਾਂ ਵਿੱਚ ਸ਼ਾਮਿਲ ਹੋਣ ਵਾਲੀ ਭਾਰਤੀ ਹਾਕੀ




ਟੀਮ ਵਿੱਚ ਨਿਮਨਲਿਖਤ ਖਿਡਾਰੀ ਸਨ–ਲਾਲ ਸ਼ਾਹ ਬੁਖਾਰੀ (ਕਪਤਾਨ), ਰਿਚਰਡ ਜੇ ਐਲਨ (ਗੋਲਕੀਪਰ), ਸਈਅਦ ਮੁਹੰਮਦ ਜਾਫ਼ਰ, ਮੁਹੰਮਦ ਅਸਲਮ, ਫ੍ਰੈਂਕ ਬ੍ਰੀਵਿਨ, ਰਿਚਰਡ ਜੇ. ਕੈਰ, ਧਿਆਨ ਚੰਦ, ਲੈਸਲੀ ਸੀ. ਹੈਮੰਡ, ਆਰਥਰ ਸੀ ਹਿੰਦ, ਮਸੂਦ ਮਿਨਹਾਸ, ਬਰੂਮ ਐਰਿਕ ਪਿਨਿਗਰ, ਗੁਰਮੀਤ ਸਿੰਘ ਕੁਲਾਰ, ਰੂਪ ਸਿੰਘ, ਕਾਰਲਾਈਲ ਸੀ. ਟੈਪਸੇਲ, ਵਿਲੀਅਮ ਸੁਲੀਵਾਨ।

ਭਾਰਤੀ ਟੀਮ ਨੇ 4 ਅਗਸਤ ਨੂੰ ਜਪਾਨ ਖ਼ਿਲਾਫ਼ ਪਹਿਲਾ ਮੈਚ ਖੇਡਿਆ ਤੇ ਉਸਨੂੰ 1 ਦੇ ਮੁਕਾਬਲੇ 11 ਗੋਲਾਂ ਨਾਲ ਹਰਾਇਆ। ਜਪਾਨ ਵੱਲੋਂ ਕੀਤਾ ਇਹ ਇੱਕ ਗੋਲ ਭਾਰਤੀਆਂ ਲਈ ਇਤਿਹਾਸਕ ਮਹੱਤਵ ਰੱਖਦਾ ਹੈ ਕਿਉਂਕਿ 1928 ਉਲੰਪਿਕ ਖੇਡਾਂ ’ਚ ਭਾਰਤ ਖ਼ਿਲਾਫ਼ ਕੋਈ ਟੀਮ ਗੋਲ ਨਹੀਂ ਕਰ ਪਾਈ ਸੀ।


ਧਿਆਨ ਚੰਦ ਨੇ 4, ਰੂਪ ਸਿੰਘ ਨੇ 3, ਗੁਰਮੀਤ ਸਿੰਘ ਕੁਲਾਰ ਨੇ 3 ਅਤੇ ਰਿਚਰਡ.ਜੇ.ਕੈਰ ਨੇ 1 ਗੋਲ ਕੀਤੇ। ਅਮਰੀਕਾ ਨੂੰ ਪਹਿਲੇ ਮੈਚ ਵਿੱਚ ਜਾਪਾਨ ਨੇ 9–2 ਨਾਲ ਤੇ ਅਗਲੇ ਮੈਚ ’ਚ ਭਾਰਤ ਨੇ 1 ਦੇ ਮੁਕਾਬਲੇ 24 ਗੋਲਾਂ ਨਾਲ ਹਰਾ ਕੇ ਵਿਸ਼ਵ ਰਿਕਾਰਡ ਬਣਾਉਂਦੇ ਹੋਏ ਆਪਣੇ ਸੋਨ ਤਗ਼ਮੇ ਦਾ ਬਚਾਅ ਕੀਤਾ। ਇਸ ਮੈਚ ਵਿੱਚ ਧਿਆਨ ਚੰਦ ਨੇ 8 ਤੇ ਉਸਦੇ ਛੋਟੇ ਭਾਈ ਰੂਪ ਸਿੰਘ ਨੇ ਵੱਡੇ ਭਰਾ ਦੀਆਂ ਪੈੜਾਂ ਨੱਪਦੇ 10 ਗੋਲ ਵਿਰੋਧੀ ਟੀਮ ਦੇ ਗੋਲ ਅੰਦਰ ਠੋਕੇ। ਫਾਈਨਲ ਅੰਦਰ 24 ਵਿੱਚੋਂ 18 ਗੋਲ ਇਨ੍ਹਾਂ ਦੋਵੇਂ ਭਰਾਵਾਂ ਨੇ ਕੀਤੇ ਤੇ ਬਾਕੀ 6 ਗੋਲਾਂ ’ਚੋਂ 5 ਗੋਲ ਗੁਰਮੀਤ ਸਿੰਘ ਕੁਲਾਰ ਤੇ 1 ਗੋਲ ‘ਬਰੂਮ ਐਰਿਕ ਪਿਨਿਗਰ’ ਦੇ ਹਿੱਸੇ ਆਏ। ਭਾਰਤੀ ਹਾਕੀ ਨੂੰ ਆਲਮੀ ਜੇਤੂ ਮੰਨ ਲਿਆ ਗਿਆ ਜਿਸ ਨੇ ਸਮੁੱਚੇ ਧਰਤ ਗੋਲੇ ਉੱਤੇ ਆਪਣੀ ਜਿੱਤ ਦੇ ਝੰਡੇ ਝੁਲਾ ਦਿੱਤੇ ਸਨ।

# ਸਟੋਰੀਟੈੱਲਰ

## ਕਲਾ ਅਤੇ ਬਾਜ਼ਾਰ ਵਿਚਾਲੇ ਟਕਰਾਅ



ਕਲਪਨਾ ਪਾਂਡੇ
9082574315




ਸਤਿਆਜੀਤ ਰੇਅ ਦੀ ਗੋਲਪੋ ਬੋਲਿਏ ਤਾਰਿਨੀ ਖੁਰੂ ਕਹਾਣੀ 'ਤੇ ਆਧਾਰਿਤ, ਅਨੰਤ ਮਹਾਦੇਵਨ ਦੀ ਫ਼ਿਲਮ ਦਿ ਸਟੋਰੀਟੈੱਲਰ (2025) ਅਸਲ ਮਿਹਨਤ ਅਤੇ ਪੈਸੇ ਵਿਚਾਲੇ ਟਕਰਾਅ ਨੂੰ ਕੇਂਦਰ ਵਿੱਚ ਰੱਖਦੀ ਹੈ। ਇਹ ਫ਼ਿਲਮ ਦੋ ਬਹੁਤ ਹੀ ਵੱਖਰੇ ਕਿਰਦਾਰਾਂ ਦੀ ਕਹਾਣੀ ਦਰਸਾਉਂਦੀ ਹੈ: ਇੱਕ ਪਾਸੇ, ਬੰਗਾਲੀ ਕਹਾਣੀਕਾਰ ਤਾਰਿਨੀ ਬੰਦਿਓਪਾਧਿਆਏ (ਪਰੇਸ਼ ਰਾਵਲ), ਜੋ ਕਿ ਇੱਕ ਬਜ਼ੁਰਗ ਅਤੇ ਕਮਿਊਨਿਸਟ ਸਿਧਾਂਤਾਂ ਵਾਲਾ ਹੈ ਅਤੇ ਦੂਜੇ ਪਾਸੇ, ਗੁਜਰਾਤੀ ਅਮੀਰ ਵਪਾਰੀ ਰਤਨ ਗਰੋਡੀਆ (ਅਦਿਲ ਹੁਸੈਨ), ਜਿਸ ਨੂੰ ਕਈ ਸਾਲਾਂ ਤੋਂ ਨੀਂਦ ਨਹੀਂ ਆਉਂਦੀ। ਇਨ੍ਹਾਂ ਦੋਵਾਂ ਦੀਆਂ ਵੱਖਰੀਆਂ ਦੁਨੀਆਂ ਇਹ ਦਰਸਾਉਂਦੀਆਂ ਹਨ ਕਿ ਨਫ਼ਾ-ਚਲਿਤ ਪ੍ਰਣਾਲੀਆਂ ਅਕਸਰ ਰਚਨਾਤਮਕ ਕੰਮ ਦਾ ਸ਼ੋਸ਼ਣ ਕਰਦੀਆਂ ਹਨ। ਇਹ ਫ਼ਿਲਮ ਸਿਰਫ਼ ਮਨੋਰੰਜਕ ਨਹੀਂ ਹੈ, ਬਲਕਿ ਇਹ ਵੀ ਜਾਂਚਦੀ ਹੈ ਕਿ ਕਹਾਣੀਆਂ ਹਕੀਕਤ ਵਿੱਚ ਕਿਸ ਦੀਆਂ ਹਨ, ਉਨ੍ਹਾਂ ਦਾ ਸਨਮਾਨ ਕਿਸ ਨੂੰ ਮਿਲਦਾ ਹੈ ਅਤੇ ਰਚਨਾਕਾਰ ਇਸ ਸ਼ੋਸ਼ਣ ਦੇ ਖ਼ਿਲਾਫ਼ ਕਿਵੇਂ ਲੜਦਾ ਹੈ।

ਫ਼ਿਲਮ 'ਦਿ ਸਟੋਰੀਟੈੱਲਰ' ਵਿੱਚ ਅਸੀਂ ਵੇਖਦੇ ਹਾਂ ਕਿ ਹਕੀਕਤੀ ਜੀਵਨ ਵਿੱਚ ਕਲਾ ਦਾ ਕਿਵੇਂ ਗਲਤ ਇਸਤੇਮਾਲ ਹੁੰਦਾ ਹੈ। ਬੰਗਾਲ ਦੀ ਅਮੀਰ ਸਾਹਿਤਕ ਪਰੰਪਰਾ ਵਿੱਚ ਪਲਿਆ-ਵੱਡਾ ਹੋਇਆ, ਕਹਾਣੀਆਂ ਸੁਣਾਉਣ ਦਾ ਡੂੰਘਾ ਜੋਸ਼ ਰੱਖਣ ਵਾਲਾ ਤਾਰਿਨੀ, ਅਹਿਮਦਾਬਾਦ ਦੇ ਇੱਕ ਅਮੀਰ ਕਪੜਾ ਵਪਾਰੀ, ਰਤਨ ਗਰੋਡੀਆ ਵੱਲੋਂ ਕਹਾਣੀਆਂ ਸੁਣਾਉਣ ਲਈ ਨਿਯੁਕਤ ਕੀਤਾ ਜਾਂਦਾ ਹੈ, ਜਿਸ ਨੂੰ ਕਈ ਸਾਲਾਂ ਤੋਂ ਨੀਂਦ ਨਹੀਂ ਆਉਂਦੀ। ਸ਼ੁਰੂ ਵਿੱਚ ਇਹ ਬੰਦੋਬਸਤ ਸਾਧਾਰਨ ਲੱਗਦਾ ਹੈ, ਪਰ ਜਲਦੀ ਹੀ ਰਤਨ ਦਾ ਅਸਲ ਚਿਹਰਾ ਸਾਹਮਣੇ ਆ ਜਾਂਦਾ ਹੈ। ਆਪਣੀ ਦੌਲਤ ਦੇ ਬਾਵਜੂਦ, ਰਤਨ ਸਾਬਕਾ ਪ੍ਰੇਮਿਕਾ ਸਰਸਵਤੀ (ਰੇਵਥੀ) ਨੂੰ ਪੈਸਿਆਂ ਨਾਲ ਪ੍ਰਭਾਵਿਤ ਕਰਨ ਵਿੱਚ ਨਾਕਾਮ ਰਹਿ ਜਾਂਦਾ ਹੈ। ਇਸ ਦੀ ਬਜਾਏ, ਉਹ ਤਾਰਿਨੀ ਦੀਆਂ ਤਾਜ਼ੀਆਂ ਮੌਖਿਕ ਕਹਾਣੀਆਂ ਦਾ ਸ਼ੋਸ਼ਣ ਕਰਕੇ ਉਹਨਾਂ ਨੂੰ ਆਪਣਾ ਦਿਖਾ ਕੇ, ਸਰਸਵਤੀ 'ਤੇ ਆਪਣਾ ਨਿਸ਼ਾਨ ਛੱਡਣ ਦੀ ਕੋਸ਼ਿਸ਼ ਕਰਦਾ ਹੈ। ਇਹ ਵਿਚਾਰਾਂ ਦੀ ਚੋਰੀ ਦਾ ਕਰਤਬ ਮਜ਼ਬੂਤ ਢੰਗ ਨਾਲ ਦਰਸਾਉਂਦਾ ਹੈ ਕਿ ਕੈਪੀਟਲਿਸਟ ਪ੍ਰਣਾਲੀਆਂ ਕਿਵੇਂ ਆਮ ਲੋਕਾਂ, ਜਿਵੇਂ ਕਿ ਘੋਸਟ ਰਾਈਟਰ, ਕਲਾਕਾਰ ਅਤੇ ਵਰਕਿੰਗ ਕਲਾਸ ਦੇ ਰਚਨਾਤਮਕ ਦੀ ਮਿਹਨਤ ਅਤੇ ਰਚਨਾਤਮਕਤਾ ਦਾ ਸ਼ੋਸ਼ਣ ਕਰਦੀਆਂ ਹਨ।

ਤਾਰਿਨੀ ਆਪਣੇ ਕਹਾਣੀਆਂ ਲਿਖਣ ਅਤੇ ਪ੍ਰਕਾਸ਼ਿਤ ਕਰਨ ਤੋਂ ਡਰਦਾ ਹੈ, ਕਿਉਂਕਿ ਉਸ ਨੂੰ ਆਲੋਚਨਾ, ਨਾਕਾਮੀ ਅਤੇ ਠੀਕ ਤਰ੍ਹਾਂ ਵਿਕਰੀ ਨਾ ਹੋਣ ਦਾ ਡਰ ਹੈ। ਦੂਜੇ ਪਾਸੇ, ਇੱਕ ਸੱਚਾ ਵਪਾਰੀ ਅਤੇ ਕੈਪੀਟਲਿਸਟ ਅਵਸਰਵਾਦ ਦਾ ਪ੍ਰਤੀਕ, ਰਤਨ, ਤਾਰਿਨੀ ਦੀਆਂ ਤੁਰੰਤ ਬਣਦੀਆਂ ਕਹਾਣੀਆਂ ਦਾ ਫ਼ਾਇਦਾ ਚੁੱਕਦਾ ਹੈ ਅਤੇ ਉਹਨਾਂ ਨੂੰ ਆਪਣੇ ਨਾਮ 'ਤੇ ਪ੍ਰਕਾਸ਼ਿਤ ਕਰਦਾ ਹੈ। ਇਹ ਕਰਤਬ ਸਿਰਫ਼ ਕਥਾ ਦਾ ਇੱਕ ਮੋੜ ਨਹੀਂ ਹੈ, ਸਗੋਂ ਇਹ ਸਾਫ਼ ਸਾਫ਼ ਦਰਸਾਉਂਦਾ ਹੈ ਕਿ ਕੈਪੀਟਲਿਸਟ ਪ੍ਰਣਾਲੀ ਰੋਜ਼ਾਨਾ ਵਰਕਿੰਗ ਕਲਾਸ ਦੀਆਂ ਕਠਿਨ ਮਿਹਨਤਾਂ ਅਤੇ ਰਚਨਾਤਮਕਤਾ ਦਾ ਸ਼ੋਸ਼ਣ ਕਰਦੀ ਹੈ। ਉਹ ਅਮੀਰ ਵਪਾਰੀ, ਜੋ ਤਾਰਿਨੀ ਦੀਆਂ ਕਹਾਣੀਆਂ ਚੋਰੀ ਕਰਦਾ ਹੈ, ਉਸ ਨੂੰ ਕੋਈ ਨੈਤਿਕ ਦੋਸ਼ ਮਹਿਸੂਸ ਨਹੀਂ ਹੁੰਦਾ। ਉਹ ਸ਼ਾਂਤੀ ਨਾਲ ਮੁਸਕਰਾਉਂਦਾ ਹੈ ਅਤੇ ਕਹਾਣੀਕਾਰ ਦੇ ਕੰਮ ਨੂੰ ਆਪਣੇ ਮਨਚਾਹੇ ਅੰਕੜੇ ਹਾਸਲ ਕਰਨ ਲਈ ਵਰਤਦਾ ਹੈ, ਨਾ ਹੀ ਉਸ ਨੂੰ ਕੁਝ ਗਲਤ ਮਹਿਸੂਸ ਹੁੰਦਾ ਹੈ। ਇਹ ਸਤਿਆਜੀਤ ਰੇਅ ਦੀ ਕਹਾਣੀ ਦਾ ਕੇਂਦਰੀ ਸੂਤਰ ਹੈ ਕਿ ਕਿਵੇਂ ਕੈਪੀਟਲਿਸਟ ਪ੍ਰਣਾਲੀ ਆਮ ਲੋਕਾਂ ਦੀ ਕਠਿਨ ਮਿਹਨਤ ਅਤੇ ਰਚਨਾਤਮਕਤਾ ਦਾ ਸ਼ੋਸ਼ਣ ਕਰਦੀ ਹੈ।

ਇਸ ਫ਼ਿਲਮ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਤਾਕਤਵਰ ਸੰਸਕ੍ਰਿਤੀਆਂ ਛੋਟੀਆਂ, ਸਥਾਨਕ ਸੰਸਕ੍ਰਿਤੀਆਂ 'ਤੇ ਕਿਵੇਂ ਹਾਵੀ ਹੋ ਜਾਂਦੀਆਂ ਹਨ। ਫ਼ਿਲਮ ਦੋ ਬਿਲਕੁਲ ਵੱਖਰੀਆਂ ਦੁਨੀਆਂ ਦੀ ਤੁਲਨਾ ਕਰਦੀ ਹੈ: ਕੋਲਕਾਤਾ ਦੀ ਬੰਗਾਲੀ ਸੰਸਕ੍ਰਿਤੀ ਅਤੇ ਅਹਿਮਦਾਬਾਦ ਦੀ ਗੁਜਰਾਤੀ ਸੰਸਕ੍ਰਿਤੀ। ਕੋਲਕਾਤਾ ਵਿੱਚ, ਜਿੱਥੇ ਤਾਰਿਨੀ ਵੱਸਦਾ ਹੈ, ਸ਼ਹਿਰ ਜੀਵੰਤ ਅਤੇ ਪਰੰਪਰਾ ਨਾਲ ਭਰਪੂਰ ਮਹਿਸੂਸ ਹੁੰਦਾ ਹੈ, ਮੱਛੀ ਬਾਜ਼ਾਰ, ਇਤਿਹਾਸਕ ਪੁਰਾਣੀਆਂ ਇਮਾਰਤਾਂ ਅਤੇ ਪੀੜ੍ਹੀਆਂ-ਦਰ-ਪੀੜ੍ਹੀਆਂ ਚੱਲਦੀਆਂ ਕਹਾਣੀਆਂ। ਇੱਥੇ ਕਹਾਣੀ ਸੁਣਾਉਣਾ ਕਿਸੇ ਵਿਚਾਰ ਦੀ ਮਾਲਕੀ ਬਾਰੇ ਨਹੀਂ ਹੁੰਦਾ; ਇਹ ਇੱਕ ਭਾਈਚਾਰਕ ਖ਼ਜ਼ਾਨੇ ਵਾਂਗ ਹੁੰਦਾ ਹੈ ਜੋ ਸਾਰੇ ਮਿਲ ਕੇ ਸਾਂਝਾ ਕਰਦੇ ਹਨ। ਉਲਟੇ ਪਾਸੇ, ਅਹਿਮਦਾਬਾਦ ਵਿੱਚ ਰਤਨ ਗਰੋਡੀਆ ਦਾ ਮੈਂਸ਼ਨ ਕੈਪੀਟਲਿਸਟ ਪ੍ਰਣਾਲੀ ਦੇ ਠੰਡੇ ਅਤੇ ਬੇਹਿਸਾਸ ਪੱਖ ਨੂੰ ਦਰਸਾਉਂਦਾ ਹੈ। ਉਸ ਦੇ ਘਰ ਵਿੱਚ ਮਹਿੰਗਾ ਫ਼ਰਨੀਚਰ, ਕੀਮਤੀ ਪੁਸਤਕਾਂ, ਜੋ ਕਦੇ ਨਹੀਂ ਪੜ੍ਹੀਆਂ ਜਾਂਦੀਆਂ ਅਤੇ ਪਿਕਾਸੋ ਦੇ ਪ੍ਰਿੰਟ ਵਰਗੀਆਂ ਮਹਿੰਗੀਆਂ ਕਲਾ ਰਚਨਾਵਾਂ ਹੁੰਦੀਆਂ ਹਨ, ਜੋ ਸਿਰਫ਼ ਉਸ ਦੀ ਦੌਲਤ ਅਤੇ ਦਰਜੇ ਨੂੰ ਪ੍ਰਗਟ ਕਰਨ ਲਈ ਹੁੰਦੀਆਂ ਹਨ। ਐਸਾ ਮਹੌਲ ਕਲਾ ਅਤੇ ਕਹਾਣੀਆਂ ਦੀ ਆਤਮਾ ਨੂੰ ਖੋ ਬੈਠਦਾ ਹੈ ਅਤੇ ਸਿਰਫ਼ ਵਿਕਰੀ ਲਈ ਪੈਕੇਜ



ਕੀਤਾ ਜਾਂਦਾ ਹੈ, ਜਿਸ ਨਾਲ ਖੇਤਰੀ ਪਰੰਪਰਾਵਾਂ ਦੀ ਵਿਲੱਖਣਤਾ ਮਿਟ ਜਾਂਦੀ ਹੈ। ਕੈਪੀਟਲਿਸਮ ਵੱਖ-ਵੱਖ ਸੰਸਕ੍ਰਿਤੀਆਂ ਨੂੰ ਇਕਸਾਰ, ਬਾਜ਼ਾਰ-ਮਿੱਤਰ ਰੂਪ ਵਿੱਚ ਬਦਲ ਦਿੰਦਾ ਹੈ, ਜਿਸ ਨਾਲ ਉਹਨਾਂ ਦੀ ਵਿਲੱਖਣਤਾ ਅਤੇ ਖ਼ੂਬਸੂਰਤੀ ਖੋ ਜਾਂਦੀ ਹੈ। ਕੋਲਕਾਤਾ ਦੀ ਸਮੂਹਕ ਖੁਸ਼ੀ ਅਤੇ ਅਹਿਮਦਾਬਾਦ ਦੇ ਮੈਂਸ਼ਨ ਦੀ ਖਾਲੀਪਣ ਇਸ ਸੰਘਰਸ਼ ਦੀ ਪਹਿਚਾਨ ਹਨ।

ਫ਼ਿਲਮ ਦਾ ਸੁਨੇਹਾ ਇਹ ਹੈ ਕਿ ਰਚਨਾਤਮਕ ਸੱਚਾਈ ਕਿਵੇਂ ਕੈਪੀਟਲਿਸਟ ਦਬਾਅ ਤੋਂ ਬਚਾਉਂਦੀ ਹੈ ਅਤੇ ਉਸ ਦੇ ਖ਼ਿਲਾਫ਼ ਮੁਕਾਬਲਾ ਕਰਨ ਦੀ ਤਾਕਤ ਦਿੰਦੀ ਹੈ। ਆਖ਼ਰ ਵਿੱਚ, ਤਾਰਿਨੀ ਅਤੇ ਰਤਨ ਇੱਕ-ਦੂਜੇ ਦੀਆਂ ਕਹਾਣੀਆਂ ਲਿਖਣ ਲੱਗ ਪੈਂਦੇ ਹਨ। ਤਾਰਿਨੀ ਆਪਣੀਆਂ ਕਹਾਣੀਆਂ ਲਿਖਣ ਦੀ ਸ਼ੁਰੂਆਤ ਕਰਦਾ ਹੈ ਤਾਂ ਜੋ ਆਪਣੀ ਬੌਧਿਕ ਜਾਇਦਾਦ ਦੀ ਰੱਖਿਆ ਕਰ ਸਕੇ ਅਤੇ ਆਪਣੀ ਪਛਾਣ ਮੁੜ ਪ੍ਰਾਪਤ ਕਰ ਸਕੇ, ਜਦਕਿ ਰਤਨ ਵੀ ਲਿਖਣਾ ਸ਼ੁਰੂ ਕਰ ਦਿੰਦਾ ਹੈ। ਦੋਹਾਂ ਕਿਰਦਾਰਾਂ ਵਿੱਚ ਬਦਲਾਅ ਆ ਜਾਂਦਾ ਹੈ, ਹਾਲਾਂ ਕਿ ਅੰਤ ਬਹੁਤ ਆਦਰਸ਼ਵਾਦੀ ਮਹਿਸੂਸ ਹੁੰਦਾ ਹੈ। ਜਦ ਰਤਨ, ਜੋ ਪੂਰੀ ਤਰ੍ਹਾਂ ਸਬਜ਼ੀਹਾਰੀ ਹੈ ਅਤੇ ਆਪਣੇ ਵਿਰੋਧੀ ਵਿਹਾਰ ਲਈ ਜਾਣਿਆ ਜਾਂਦਾ ਹੈ, ਆਪਣੇ ਨੌਕਰ ਤੋਂ ਪੁੱਛਦਾ ਹੈ ਕਿ ਕੀ ਉਸ ਨੇ ਮੱਛੀ ਨੂੰ ਖਵਾਇਆ ਅਤੇ ਮੱਛੀ ਨੂੰ ਚਾਰਾ ਦਿੱਤਾ, ਅਤੇ ਤਾਰਿਨੀ ਨੂੰ ਮੱਛੀ ਦਾ ਚਾਰਾ ਕਹਿ ਕੇ ਸੰਬੋਧਨ ਕਰਦਾ ਹੈ, ਤਾਂ ਇਸ ਨਾਲ ਉਸ ਦੇ ਕਰਮਾਂ ਦੀ ਸੱਚੀ ਕੀਮਤ ਬੇਨਕਾਬ ਹੋ ਜਾਂਦੀ ਹੈ।


ਇਸ ਫ਼ਿਲਮ ਵਿੱਚ, ਇੱਕ ਬਿੱਲੀ, ਜੋ ਕੁਦਰਤੀ ਤੌਰ 'ਤੇ ਮੱਛੀ ਪ੍ਰਤੀ ਲਾਲਚ ਰੱਖਦੀ ਹੈ, ਨੂੰ ਸਬਜ਼ੀਹਾਰੀ ਖ਼ੁਰਾਕ ਖਾਣ ਲਈ ਮਜਬੂਰ ਕੀਤਾ ਜਾਂਦਾ ਹੈ। ਆਖ਼ਰਕਾਰ, ਉਹ ਆਪਣੇ ਮਾਲਕ ਦੇ ਟੈਂਕ ਵਿੱਚੋਂ ਮੱਛੀ ਚੋਰੀ ਕਰਕੇ ਬਗਾਵਤ ਕਰ ਜਾਂਦੀ ਹੈ। ਬਿੱਲੀ ਦੀ ਆਪਣੇ ਅੰਦਰਲੀ ਮੱਛੀ ਦੀ ਲਾਲਚ ਅਤੇ ਉਸ 'ਤੇ ਥਾਪੀ ਗਈ ਸਬਜ਼ੀਹਾਰੀ ਖ਼ੁਰਾਕ ਵਿਚਕਾਰ ਦੀ ਲੜਾਈ, ਮੁੱਢਲੇ ਜਜ਼ਬਾਤਾਂ ਅਤੇ ਸਮਾਜਿਕ ਪਾਬੰਦੀਆਂ ਵਿਚਕਾਰ ਦੇ ਤਣਾਅ ਦਾ ਇੱਕ ਰੂਪਕ ਹੈ। ਆਪਣੇ ਜੀਵ ਵਿਗਿਆਨਕ ਲੋੜਾਂ ਨੂੰ ਦਬਾਉਣ ਲਈ ਮਜਬੂਰ ਹੋ ਕੇ, ਇਹ ਚੋਰੀ ਕ੍ਰਿਤ੍ਰਿਮ ਨਿਯੰਤਰਣ ਦੇ ਖ਼ਿਲਾਫ਼ ਬਗਾਵਤ ਦਾ ਪ੍ਰਤੀਕ ਬਣ ਜਾਂਦੀ ਹੈ, ਜਿਸ ਨਾਲ ਸਵੈ-ਸੰਪ੍ਰਭੂਤਾ ਅਤੇ ਕੁਦਰਤੀ ਜਜ਼ਬਾਤਾਂ ਨੂੰ ਅਣਦੇਖਾ ਕਰਨ ਦੀ ਬੇਕਾਰਤਾ ਨੂੰ ਰੌਸ਼ਨ ਕੀਤਾ ਜਾਂਦਾ ਹੈ। ਸਬਜ਼ੀਹਾਰੀ ਖ਼ੁਰਾਕ, ਦਬਾਉਣ ਵਾਲੇ ਨਿਯਮਾਂ ਜਾਂ ਗਲਤ ਆਦਰਸ਼ਾਂ ਦਾ ਪ੍ਰਤੀਕ ਹੈ, ਜਦਕਿ ਚੋਰੀ ਕੀਤੀ ਗਈ ਮੱਛੀ ਖਰੇਪਣ ਅਤੇ ਸਵੈ-ਪੂਰਨਤਾ ਦਾ ਪ੍ਰਤੀਨਿਧਤਾ ਕਰਦੀ ਹੈ। ਨੈਤਿਕ ਰੂਪ ਵਿੱਚ, ਇਹ ਕਰਤਬ ਇਸ ਗੱਲ 'ਤੇ ਸਵਾਲ ਉਠਾਉਂਦਾ ਹੈ ਕਿ ਬਚਣ ਅਤੇ ਅਨੁਕੂਲਤਾ ਵਿਚੋਂ ਕਿਹੜਾ ਵੱਧ ਨੈਤਿਕ ਮਹੱਤਵ ਰੱਖਦਾ ਹੈ ਅਤੇ ਉਹ ਪ੍ਰਣਾਲੀਆਂ ਦੀ ਆਲੋਚਨਾ ਕਰਦਾ ਹੈ ਜੋ ਵਿਅਕਤੀਆਂ ਨੂੰ ਕੁਦਰਤੀ ਤੌਰ 'ਤੇ ਗੈਰ-ਸਹਜ ਭੂਮਿਕਾਵਾਂ ਵਿੱਚ ਰੱਖਣ ਲਈ ਮਜਬੂਰ ਕਰਦੀਆਂ ਹਨ। ਚਾਹੇ ਇਸ ਨੂੰ ਇੱਕ ਜਿੱਤਿਆ ਹੋਇਆ ਬਗਾਵਤ ਵਜੋਂ ਦੇਖਿਆ ਜਾਵੇ ਜਾਂ ਇੱਕ ਚਿਤਾਵਨੀ ਕਹਾਣੀ ਵਜੋਂ, ਇਹ ਕਹਾਣੀ ਵਿਆਪਕ ਸੰਘਰਸ਼ਾਂ, ਸਮਾਜਿਕ ਉਮੀਦਾਂ ਦਾ ਵਿਰੋਧ ਕਰਨ ਜਾਂ ਆਪਣੀ ਪਛਾਣ ਮੁੜ ਪ੍ਰਾਪਤ ਕਰਨ ਦਾ ਪ੍ਰਤੀਬਿੰਬ ਹੈ, ਜੋ ਕੁਦਰਤ ਅਤੇ ਪਰਵਰਿਸ਼, ਆਜ਼ਾਦੀ ਅਤੇ ਨਿਯੰਤਰਣ ਵਿਚਕਾਰ ਦੇ ਸਾਰਵਭੌਮ ਟਕਰਾਅ ਨੂੰ ਉਜਾਗਰ ਕਰਦੀ ਹੈ। ਤਾਰਿਨੀ, ਜੋ ਬਿੱਲੀ ਦੀ ਅਸਲ ਕੁਦਰਤ ਨੂੰ ਸਮਝਦਾ ਹੈ, ਉਸ ਨੂੰ ਮੱਛੀ ਖਵਾਉਂਦਾ ਹੈ। ਜਦ ਤਾਰਿਨੀ ਅਹਿਮਦਾਬਾਦ ਛੱਡ ਕੇ ਕੋਲਕਾਤਾ ਚਲਾ ਜਾਂਦਾ ਹੈ, ਉਹ ਬਿੱਲੀ ਨੂੰ ਵੀ ਆਪਣੇ ਨਾਲ ਲੈ ਜਾਂਦਾ ਹੈ ਅਤੇ ਕੋਲਕਾਤਾ ਵਿੱਚ ਉਸ ਨੂੰ ਲਗਾਤਾਰ ਮੱਛੀ ਖਵਾਉਂਦਾ ਹੈ।

ਫ਼ਿਲਮ ਦੀਆਂ ਮੁੱਖ ਮਹਿਲਾ ਕਿਰਦਾਰਾਂ ਨੂੰ ਸਵੈ-ਨਿਰਭਰ ਅਤੇ ਮਜ਼ਬੂਤ ਦਰਸਾਇਆ ਗਿਆ ਹੈ। ਵਿਧਵਾ ਸਰਸਵਤੀ (ਰੇਵਥੀ) ਬਹੁਤ ਸਿਆਣੀ ਹੈ ਅਤੇ ਉਹ ਆਪਣੇ ਸਿਧਾਂਤਾਂ ਦੀ ਕਦਰ ਕਰਦੀ ਹੈ। ਉਹ ਰਤਨ ਨੂੰ ਕਹਿੰਦੀ ਹੈ, ਮੈਂ ਇੱਕ ਵਪਾਰੀ ਦੇ ਸਿਧਾਂਤਾਂ ਨਾਲ ਨਿਭਾ ਸਕਦੀ ਸੀ, ਪਰ ਇੱਕ ਚੋਰ ਨਾਲ ਨਹੀਂ, ਅਤੇ ਉਸ ਨੂੰ ਆਪਣੀਆਂ ਸਾਰੀਆਂ ਸ਼ੁਭਕਾਮਨਾਵਾਂ ਦੇ ਕੇ ਛੱਡ ਦਿੰਦੀ ਹੈ। ਇਸ ਦੇ ਮੁਕਾਬਲੇ ਵਿੱਚ, ਰਤਨ ਬੇਸਹਾਰਾ ਅਤੇ ਕਮਜ਼ੋਰ ਦਿਸਦਾ ਹੈ। ਸਰਸਵਤੀ ਪਦਾਰਥਕ ਦੌਲਤ ਦੀ ਬਜਾਏ ਗਿਆਨ ਅਤੇ ਬੁੱਧੀ ਦੀ ਕਦਰ ਕਰਦੀ ਹੈ, ਜੋ ਦਰਸਾਉਂਦਾ ਹੈ ਕਿ ਅਸਲ ਤਾਕਤ ਅੰਦਰੋਂ ਹੀ ਆਉਂਦੀ ਹੈ। ਲਾਇਬ੍ਰੇਰੀਅਨ ਸੁਜ਼ੀ (ਤਨਿਸ਼ਥਾ ਚੈਟਰਜੀ) ਨੂੰ ਵੀ ਵਿਸ਼ਵਾਸਪੂਰਕ ਅਤੇ ਆਪਣੀ ਵਿਲੱਖਣ ਰਾਏ ਪੇਸ਼ ਕਰਦਿਆਂ ਦਰਸਾਇਆ ਗਿਆ ਹੈ। ਤਾਰਿਨੀ ਦੀ ਮਰੀ ਹੋਈ ਪਤਨੀ ਦੀ ਯਾਦ, ਜਿਸ ਨੇ ਉਸ ਨੂੰ ਲਿਖਣ ਲਈ ਇੱਕ ਪੈਨ ਤੋਹਫ਼ੇ ਵਜੋਂ ਦਿੱਤਾ ਸੀ, ਲੰਮੇ ਸਮੇਂ ਤੱਕ ਪ੍ਰੇਰਣਾ ਦਾ ਸਰੋਤ ਬਣ ਜਾਂਦੀ ਹੈ ਅਤੇ ਇਹ ਦਰਸਾਉਂਦੀ ਹੈ ਕਿ ਕਲਾ 'ਤੇ ਮਹਿਲਾਵਾਂ ਦਾ ਕਿੰਨਾ ਪ੍ਰਭਾਵਸ਼ਾਲੀ ਅਸਰ ਹੁੰਦਾ ਹੈ। ਇਹ ਮਹਿਲਾਵਾਂ ਪੁਰਾਣੇ ਸਾਹਿਤ ਦੀ ਦਿਆ ਭਰੀਆਂ ਤਸਵੀਰਾਂ ਨਹੀਂ ਹਨ, ਬਲਕਿ ਸਤਿਆਜੀਤ ਰੇਅ ਦੀ ਤਰੱਕੀਸ਼ੀਲ ਦ੍ਰਿਸ਼ਟੀ ਨਾਲ ਬਣੇ ਮਜ਼ਬੂਤ ਕਿਰਦਾਰ ਹਨ, ਜੋ ਇਸ ਕਹਾਣੀ ਨੂੰ ਇੱਕ ਧਨਵੰਤ ਅਤੇ ਸਕਾਰਾਤਮਕ ਪਰਿਭਾਸ਼ਾ ਦਿੰਦੇ ਹਨ।

ਆਧੁਨਿਕ ਫ਼ਿਲਮਾਂ ਦੀ ਤੇਜ਼ ਰਫ਼ਤਾਰ ਤੋਂ ਇਲਾਵਾ, ਦਿ ਸਟੋਰੀਟੈੱਲਰ ਦਰਸ਼ਕਾਂ ਨੂੰ ਹੌਲੀ-ਹੌਲੀ ਜੀਵਨ ਦੇ ਵਿਸਥਾਰਾਂ ਦਾ ਆਨੰਦ ਮਾਣਨ ਲਈ ਬੁਲਾਉਂਦੀ ਹੈ। ਮਹਾਦੇਵਨ ਇੱਕ ਆਹਿਸਤਾ ਅਤੇ ਵਿਚਾਰਸ਼ੀਲ ਰਫ਼ਤਾਰ ਵਰਤਦੇ ਹਨ, ਜਦਕਿ ਐਲਫ਼ਾਂਸ ਰੋਇ ਦੀ ਸੁੰਦਰ ਸਿਨੇਮਾਟੋਗ੍ਰਾਫ਼ੀ ਕੋਲਕਾਤਾ ਵਿੱਚ ਹੱਥ ਨਾਲ ਖਿੱਚੀਆਂ ਰਿਕਸ਼ਾ ਅਤੇ ਅਹਿਮਦਾਬਾਦ ਦੀਆਂ ਸੁੰਦਰ ਮਾਰਬਲ ਇਮਾਰਤਾਂ ਵਰਗੇ ਨੋਸਟੈਲਜਿਕ ਦ੍ਰਿਸ਼ਾਂ ਨੂੰ ਕੈਦ ਕਰਦੀ ਹੈ। ਇਹ ਸ਼ਾਂਤ, ਲਗਭਗ ਧਿਆਨਮਗਨ ਅੰਦਾਜ਼, ਅੱਜ ਦੇ ਤੇਜ਼ ਕੱਟਾਂ ਅਤੇ ਚਮਕਦਾਰ ਐਡੀਟਿੰਗ ਤੋਂ ਬਿਲਕੁਲ ਵੱਖਰਾ ਹੈ ਅਤੇ ਦਰਸ਼ਕਾਂ ਨੂੰ ਇਹ ਸਿਖਾਉਂਦਾ ਹੈ ਕਿ ਅਸਲ ਕਲਾ ਨੂੰ ਬਣਨ ਲਈ ਸਮਾਂ ਲੱਗਦਾ ਹੈ। ਇਹ ਇੱਕ ਐਸੀ ਪ੍ਰਕਿਰਿਆ ਹੈ ਜਿਸ ਨੂੰ ਜਲਦੀ ਨਹੀਂ ਕੀਤਾ ਜਾ ਸਕਦਾ, ਸਗੋਂ ਇਸ ਲਈ ਧੀਰਜ, ਬਲੀਦਾਨ ਅਤੇ ਹਿੰਮਤ ਦੀ ਲੋੜ ਹੁੰਦੀ ਹੈ। ਜੀਵਨ ਅਤੇ ਇੱਕ ਕਹਾਣੀ ਦੇ ਅਸਲ ਸਾਰ ਨੂੰ ਸਮਝਣ ਲਈ, ਠਹਿਰ ਕੇ ਸੋਚਣਾ ਅਤੇ ਵਿਚਾਰ ਕਰਨਾ ਹੀ ਅਸਲ ਕਲਾ ਦੀ ਤਾਕਤ ਹੈ।

ਫ਼ਿਲਮ ਦਾ ਪ੍ਰਭਾਵ ਇਸ ਦੇ ਮੁੱਖ ਅਦਾਕਾਰਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਨਾਲ ਹੋਰ ਵੀ ਵੱਧ ਜਾਂਦਾ ਹੈ। ਪਰੇਸ਼ ਰਾਵਲ ਨੇ ਤਾਰਿਨੀ ਦੇ ਕਿਰਦਾਰ ਨੂੰ ਬਹੁਤ ਹੀ ਉੱਤਮ ਢੰਗ ਨਾਲ ਨਿਭਾਇਆ ਹੈ। ਜਦ ਤਾਰਿਨੀ ਨੂੰ ਰਤਨ ਦੀ ਧੋਖਾਧੜੀ ਦਾ ਅਹਿਸਾਸ ਹੁੰਦਾ ਹੈ, ਉਹ ਸੋਚ-ਵਿਚਾਰ ਕਰਕੇ ਅਤੇ ਸ਼ਾਂਤੀ ਨਾਲ ਉਸ ਦਾ ਸਾਹਮਣਾ ਕਰਦਾ ਹੈ ਅਤੇ ਤਿੰਨ ਤੋਂ ਚਾਰ ਮਹੀਨੇ ਤੱਕ ਉਸ ਦੇ ਘਰ ਵਿੱਚ ਰਹਿ ਕੇ ਆਪਣਾ ਵਿਚਾਰ ਰੱਖਦਾ ਹੈ। ਉਹ ਆਪਣੇ ਆਪ ਨੂੰ ਵਸਤੂ ਵਜੋਂ ਪੇਸ਼ ਕੀਤੇ ਜਾਣ ਤੋਂ ਇਨਕਾਰ ਕਰਦਾ ਹੈ ਅਤੇ ਇੱਕ ਆਮ ਆਦਮੀ ਹੋਣ ਦੇ ਬਾਵਜੂਦ, ਦੋਸਤ, ਪਰਿਵਾਰਕ ਮੈਂਬਰ ਅਤੇ ਸਹਾਇਕ ਵਜੋਂ ਆਪਣੀ ਪਛਾਣ ਸਾਬਤ ਕਰਦਾ ਹੈ। ਦੂਜੇ ਪਾਸੇ, ਰਤਨ ਇੱਕ ਇਕੱਲਾ ਅਤੇ ਅਮੀਰ ਵਿਅਕਤੀ ਵਜੋਂ ਦਰਸਾਇਆ ਜਾਂਦਾ ਹੈ। ਅਦਿਲ ਹੁਸੈਨ ਨੇ ਰਤਨ ਗਰੋਡੀਆ ਦੇ ਕਿਰਦਾਰ ਨੂੰ ਬਹੁਤ ਸੰਜਮ ਅਤੇ ਨਿਯੰਤਰਣ ਨਾਲ ਨਿਭਾਇਆ ਹੈ, ਜਿਸ ਨਾਲ ਇਹ ਦਰਸਾਉਂਦਾ ਹੈ ਕਿ ਕੈਪੀਟਲਿਸਟ ਪ੍ਰਣਾਲੀ ਵਿੱਚ ਉਸ ਦੀ ਆਪਣੀ ਅਸੁਰੱਖਿਆ ਵੀ ਵੱਧ ਜਾਂਦੀ ਹੈ।

ਦਿ ਸਟੋਰੀਟੈੱਲਰ ਸਤਿਆਜੀਤ ਰੇਅ ਦੀ ਕਲਾਸਿਕ ਕਹਾਣੀ ਦਾ ਸਿਰਫ਼ ਦੁਬਾਰਾ ਕਹਿਣਾ ਨਹੀਂ ਹੈ, ਬਲਕਿ ਇਹ ਸਾਨੂੰ ਲਾਭ-ਚਲਿਤ ਸਮਾਜ ਵਿੱਚ ਕਲਾ ਦੀ ਭੂਮਿਕਾ ਅਤੇ ਉਸ ਦੀ ਕੀਮਤ ਬਾਰੇ ਮੁੜ ਸੋਚਣ ਲਈ ਮਜਬੂਰ ਕਰਦੀ ਹੈ। ਫ਼ਿਲਮ ਇਹ ਦਰਸਾਉਂਦੀ ਹੈ ਕਿ ਕੈਪੀਟਲਿਸਟ ਪ੍ਰਣਾਲੀ ਕਿਵੇਂ ਰਚਨਾਤਮਕ ਕੰਮ ਦਾ ਸ਼ੋਸ਼ਣ ਕਰਦੀ ਹੈ ਅਤੇ ਉਸ ਦੀ ਕੀਮਤ ਨੂੰ ਘਟਾ ਦਿੰਦੀ ਹੈ। ਜਦ ਤਾਰਿਨੀ ਆਖ਼ਰਕਾਰ ਆਪਣੀ ਪਛਾਣ ਸਥਾਪਤ ਕਰਨ ਲਈ ਆਪਣੀਆਂ ਕਹਾਣੀਆਂ ਲਿਖਣ ਲੱਗਦਾ ਹੈ, ਉਹ ਆਪਣੀ ਰਚਨਾਤਮਕਤਾ 'ਤੇ ਨਿਯੰਤਰਣ ਮੁੜ ਪ੍ਰਾਪਤ ਕਰਨ ਲਈ ਕਦਮ ਚੁੱਕਦਾ ਹੈ। ਇਹ ਫ਼ਿਲਮ ਪੂਰੀ ਤਰ੍ਹਾਂ ਇਸ ਸੰਘਰਸ਼ ਬਾਰੇ ਹੈ। ਜਦ ਤਾਰਿਨੀ ਹਾਸੇ-ਹਾਸੇ ਵਿੱਚ ਕਹਿੰਦਾ ਹੈ, ਨਕਲ ਕਰਨ ਲਈ ਵੀ ਦਿਮਾਗ ਚਾਹੀਦਾ ਹੈ, ਉਹ ਉਸ ਦੁਨੀਆਂ ਦਾ ਮਜ਼ਾਕ ਉਡਾਉਂਦਾ ਹੈ, ਜਿੱਥੇ ਵਿਚਾਰਾਂ ਦੀ ਚੋਰੀ ਕਰਨਾ ਬਣਾਉਣ ਤੋਂ ਵੱਧ ਆਸਾਨ ਹੈ। ਦਿ ਸਟੋਰੀਟੈੱਲਰ ਉਹ ਕਹਾਣੀ ਹੈ ਜੋ ਬਾਜ਼ਾਰ ਤੋਂ ਰਚਨਾਤਮਕਤਾ ਨੂੰ ਮੁੜ ਪ੍ਰਾਪਤ ਕਰਨ ਅਤੇ ਉਹਨਾਂ ਲੋਕਾਂ ਨੂੰ ਨਿਆਂ ਦੇਣ ਬਾਰੇ ਹੈ, ਜੋ ਤੇਜ਼ੀ ਨਾਲ ਮਿਹਨਤ ਕਰਕੇ ਕਲਾ ਰਚਦੇ ਹਨ।



## ਚੀਨੀ ਵਿਗਿਆਨੀਆਂ ਨੂੰ ਨਵਾਂ

ਕਿਸਮ ਦਾ ਨਵਾਂ ਕੋਰੋਨਾ ਵਾਇਰਸ ਹੈ, ਪਰ ਇਨਸਾਨਾਂ ਵਿੱਚ ਇਸ ਦੇ ਫ਼ੈਲਣ ਦੇ ਜੋਖਮਾਂ ਨੂੰ ਵਧਾ-ਚੜ੍ਹਾ ਕੇ ਨਹੀਂ ਦੱਸਿਆ ਜਾਣਾ ਚਾਹੀਦਾ। ਮੁੱਢਲੀ ਖੋਜ ਤੋਂ ਪਤਾ ਚਲਦਾ ਹੈ ਕਿ ਭਲੇ ਹੀ ਇਹ ਹਿਊਮਨ ਰਿਸੈਪਟਰ ਏ ਸੀ ਈ-2 ਨਾਲ ਬੱਝਾ ਹੋ ਸਕਦਾ ਹੈ, ਪਰ ਸਾਰਸ-ਕੋਵ-2 ਦੀ ਤੁਲਨਾ 'ਚ ਕਮਜ਼ੋਰ ਹੈ। ਫ਼ਿਲਹਾਲ ਇਸ ਦੀ ਪ੍ਰਕਿਰਤੀ ਨੂੰ ਵਿਸਥਾਰ ਵਿੱਚ ਸਮਝਿਆ ਜਾਣਾ ਅਜੇ ਬਾਕੀ ਹੈ, ਇਸ ਲਈ ਸ਼ੁਰੂਆਤੀ ਸਥਿਤੀਆਂ ਤੋਂ ਭਵਿੱਖ ਦੇ ਖ਼ਤਰੇ ਨੂੰ ਲੈ ਕੇ ਬਹੁਤ ਜ਼ਿਆਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਮਿਨੇਸੋਟਾ ਯੂਨੀਵਰਸਿਟੀ ਦੇ ਲਾਗ ਰੋਗ ਮਾਹਿਰ ਡਾ. ਮਾਈਕਲ ਓਸਟਰਹੋਮ ਦਾ ਕਹਿਣਾ ਹੈ ਕਿ ਅਜਿਹਾ ਕਹਿਣਾ ਅਜੇ ਅਸੰਭਵ ਹੋਵੇਗਾ। ਜਦੋਂ 2019 ਵਿੱਚ ਕੋਰੋਨਾ ਵਾਇਰਸ ਫ਼ੈਲਿਆ ਸੀ, ਉਸ ਦੀ ਤੁਲਨਾ ਵਿੱਚ ਲੋਕ ਹੁਣ ਸਾਰਸ ਤੇ ਮਰਸ ਵਾਇਰਸ ਦੇ ਟਾਕਰੇ ਲਈ ਕਾਫ਼ੀ ਤਕੜੇ ਹੋ ਚੁੱਕੇ ਹਨ। ਨਵੇਂ ਵਾਇਰਸ ਨਾਲ ਮਹਾਂਮਾਰੀ ਦਾ ਖਦਸ਼ਾ ਫ਼ਿਲਹਾਲ ਨਹੀਂ ਹੈ। ਹਾਲਾਂ ਕਿ ਵਾਇਰਸ ਕਿੰਨਾ ਖਤਰਨਾਕ ਹੋ ਸਕਦਾ ਹੈ, ਇਸ ਨੂੰ ਸਮਝਿਆ ਜਾਣਾ ਅਜੇ ਬਾਕੀ ਹੈ।

****

## 25 ਮਈ ਨੂੰ ਸ਼ਰਧਾਲੂਆਂ ਲਈ ਖੁੱਲ੍ਹ

ਇਹ ਤੀਰਥ ਸਥਾਨ ਸਿੱਖ ਧਰਮ ਦੇ ਅਧਿਆਤਮਿਕ ਵਿਕਾਸ, ਸੰਜਮ ਅਤੇ ਸ਼ਰਧਾ ਦਾ ਪ੍ਰਤੀਕ ਹੈ। ਇਸ ਧਾਰਮਿਕ ਸਥਾਨ ਤਕ ਦੀ ਚੁਣੌਤੀਪੂਰਨ ਯਾਤਰਾ, ਜਿਸ ਵਿੱਚ ਔਖੇ ਇਲਾਕਿਆਂ ਅਤੇ ਕਠੋਰ ਮੌਸਮੀ ਹਾਲਾਤਾਂ ਦਾ ਸਾਹਮਣਾ ਕਰਨਾ ਸ਼ਾਮਲ ਹੈ, ਨੂੰ ਅਧਿਆਤਮਿਕ ਯਾਤਰਾ ਦਾ ਇਕ ਜ਼ਰੂਰੀ ਹਿੱਸਾ ਮੰਨਿਆ ਜਾਂਦਾ ਹੈ। ਟਰੱਸਟ ਦੇ ਮੁਖੀ ਨਰਿੰਦਰ ਸਿੰਘ ਬਿੰਦਰਾ ਨੇ ਕਿਹਾ ਕਿ ਯਾਤਰਾ ਦੌਰਾਨ, ਦੇਸ਼-ਵਿਦੇਸ਼ ਤੋਂ ਸ਼ਰਧਾਲੂ ਸ਼੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਲਈ ਆਉਂਦੇ ਹਨ। ਉਨ੍ਹਾਂ ਕਿਹਾ ਕਿ ਜਿੱਥੇ ਟਰੱਸਟ ਨੇ ਪਵਿੱਤਰ ਯਾਤਰਾ ਲਈ ਵਿਸਤ੍ਰਿਤ ਪ੍ਰਬੰਧ ਕੀਤੇ ਹਨ, ਉੱਥੇ ਉੱਤਰਾਖੰਡ ਸਰਕਾਰ ਨੇ ਵੀ ਸ਼ਰਧਾਲੂਆਂ ਲਈ ਸੁਰੱਖਿਅਤ ਅਤੇ ਸੁਵਿਧਾਜਨਕ ਯਾਤਰਾ ਨੂੰ ਯਕੀਨੀ ਬਣਾਉਣ ਲਈ ਵਿਆਪਕ ਪ੍ਰਬੰਧ ਕੀਤੇ ਹਨ।

ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਲਈ ਤੀਰਥ ਯਾਤਰਾ ਮਾਰਗ 'ਤੇ ਡਾਕਟਰੀ ਸਹੂਲਤਾਂ ਅਤੇ ਐਮਰਜੈਂਸੀ ਸੇਵਾਵਾਂ ਉਪਲਬਧ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ, ਆਉਣ ਵਾਲੇ ਲੋਕਾਂ ਲਈ ਰਿਹਾਇਸ਼ ਦੀਆਂ ਸਹੂਲਤਾਂ ਅਤੇ ਲੰਗਰ ਦੇ ਪੂਰੇ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਸਰਕਾਰ ਵੱਲੋਂ ਪੂਰੀ ਸੁਰੱਖਿਆ ਪ੍ਰਦਾਨ ਕਰਨ ਲਈ ਵਿਸ਼ੇਸ਼ ਪੁਲਿਸ ਪ੍ਰਬੰਧ ਕੀਤੇ ਗਏ ਹਨ।

***

## ਸ੍ਰੀ ਅਕਾਲ ਤਖ਼ਤ ਸਾਹਿਬ ਦਿੱਲੀ ਦੇ

ਅੱਗੇ ਬੋਲਦੇ ਹੋਏ ਉਹਨਾਂ ਨੇ ਕਿਹਾ ਕਿ ਪਿਛਲੇ ਦਿਨੀਂ ਸੱਤ ਮੈਂਬਰੀ ਕਮੇਟੀ ਵੱਲੋਂ ਕੀਤੀ ਮੀਟਿੰਗ ਦੀ ਰਿਪੋਰਟ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਹੁਣਾਂ ਨੂੰ ਸੌਂਪ ਦਿੱਤੀ ਗਈ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਭਰੋਸਾ ਦਿਵਾਇਆ ਹੈ ਕਿ ਜੋ 2 ਦਸੰਬਰ ਨੂੰ ਫਸੀਲ ਤੋਂ ਫੈਸਲੇ ਹੋਏ ਹਨ ਉਹਨਾਂ ਨੂੰ ਇਨ ਬਿਨ ਲਾਗੂ ਕੀਤਾ ਜਾਵੇਗਾ।

***

## ਸ੍ਰੀ ਅਕਾਲ ਤਖ਼ਤ ਸਾਹਿਬ ਸਾਡੀ ਸ਼ਕਤੀ

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਮੈਂ 26 ਸਾਲ ਤੋਂ ਇਸ ਖੇਤਰ ਵਿੱਚ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਮੈ ਕਦੇ ਵੀ ਪੰਥਕ ਸੰਸਥਾਵਾਂ ਖ਼ਿਲਾਫ਼ ਕੋਈ ਗੱਲ ਨਹੀ ਕੀਤੀ। ਉਨ੍ਹਾਂ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਚ ਸੰਸਥਾ ਹੈ ਇਸ ਦੇ ਖ਼ਿਲਾਫ਼ ਗੱਲ ਕਰਨੀ ਚੰਗੀ ਨਹੀਂ ਲੱਗਦੀ। ਉਨ੍ਹਾਂ ਨੇ ਕਿਹਾ ਹੈ ਕਿ ਮੈਨੂੰ ਦੁੱਖ ਹੋਇਆ ਹੈ ਕਿ ਕਮੇਟੀ ਦੇ ਚੀਫ਼ ਸਕੱਤਰ ਨੇ ਬਿਆਨ ਦਿੱਤਾ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਚੋਰਾਂ ਦੀ ਕਮੇਟੀ ਕਿਹਾ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਇਹ ਗੱਲ ਬਿਲਕੁਲ ਵੀ ਨਹੀਂ ਕਹੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਮੇਰੇ ਖ਼ਿਲਾਫ਼ ਕਿਹਾ ਕਿ 30 ਸਾਲ ਪਰਿਵਾਰ ਪਾਲਿਆ ਹੁਣ ਕਮੇਟੀ ਨੂੰ ਮਾੜਾ ਕਹਿ ਰਿਹਾ। ਉਨ੍ਹਾਂ ਨੇ ਕਿਹਾ ਹੈ ਕਿ ਮੈ ਕਦੇ ਵੀ ਇਵੇਂ ਦੀ ਕੋਈ ਗੱਲ ਨਹੀ ਕੀਤੀ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਇੱਕ ਵਿਅਕਤੀ ਨੂੰ ਕਿਹਾ ਹੈ ਪਰ ਇੱਕ ਵਿਅਕਤੀ ਸ਼੍ਰੋਮਣੀ ਕਮੇਟੀ ਨਹੀਂ ਹੈ। ਇੱਕ ਵਿਅਕਤੀ ਸਮੁੱਚਾ ਅਕਾਲੀ ਦਲ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਅਸੀ ਵਿਅਕਤੀਆਂ ਦੇ ਹਮਾਇਤੀ ਨਹੀਂ ਹਾਂ ਅਸੀਂ ਸੰਸਥਾਵਾਂ ਦੇ ਹਮਾਇਤੀ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਜੋ ਵੀ ਗਲਤ ਹੈ ਉਹ ਗਲਤ ਹੈ ਅਤੇ ਜੋ ਠੀਕ ਹੈ ਉਹ ਠੀਕ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਜਿਹੜੇ ਵਿਅਕਤੀ ਨੂੰ ਸੰਸਥਾ ਮੰਨ ਕਹਿੰਦੇ ਹਨ ਕਿ ਵਿਅਕਤੀ ਜਿਉਂਦੇ ਹਨ ਉਹ ਸੰਸਥਾ ਜਿਉਂਦੀ ਹੈ ਇਹ ਗਲਤ ਹੈ। ਉਨ੍ਹਾਂ ਨੇ ਕਿਹਾ ਹੈ ਚੰਗੇ ਵਿਅਕਤੀ ਸੰਸਥਾਵਾਂ ਨੂੰ ਉੱਤੇ ਲੈ ਜਾਂਦੇ ਹਨ ਅਤੇ ਮਾੜੇ ਵਿਅਕਤੀ ਦਾਗ ਲਗਾ ਦਿੰਦੇ ਹਨ। ਉਨ੍ਹਾਂ ਨੇ ਕਿਹਾ ਹੈ ਕਿ ਜੇਕਰ ਸੰਸਥਾਵਾਂ ਵਿੱਚ ਮਾੜੇ ਬੰਦੇ ਆ ਜਾਣ ਤਾਂ ਸੰਸਥਾ ਨੂੰ ਅੱਲਗ ਕਰ ਲੈਣਾ ਚਾਹੀਦਾ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਇਹ ਸੋਚ ਕੇ ਫੈਸਲਾ ਕੀਤਾ ਹੈ ਕਿ ਪੁਨਰ ਸੁਰਜੀਤੀ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਹੈ ਇੱਕ ਸਮਾਂ ਸੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਆਵਾਜ਼ ਪ੍ਰਧਾਨ ਮੰਤਰੀ ਦੇ ਕੰਨ ਚੀਰ ਦਿੰਦੇ ਸਨ ਅੱਜ ਸ਼ਹਿਰ ਦਾ ਡੀ.ਸੀ. ਵੀ ਨਹੀਂ ਸੁਣਦਾ ਸੀ। ਕੌਣ ਜ਼ਿੰਮੇਵਾਰ ਹੈ? ਜਦੋਂ ਮਾਸਟਰ ਤਾਰਾ ਸਿੰਘ ਵਰਗਾ ਬੋਲਦਾ ਸੀ ਦਿੱਲੀ ਦੇ ਗਲਿਆਰੇ ਵਿੱਚ ਚਰਚਾ ਹੁੰਦੀ ਸੀ ਅਤੇ ਅੱਜ ਕੁਝ ਵੀ ਨਹੀਂ ਹੈ, ਇਸ ਦਾ ਕੌਣ ਜਿੰਮੇਵਾਰ ਹੈ? ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਉਹ ਜਿਆਦਾ ਮਜ਼ਬੂਤ ਹੋ ਗਏ ਜਾਂ ਅਸੀਂ ਕਮਜ਼ੋਰ ਹੋ ਗਏ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਅਸੀਂ ਕਮਜੋਰ ਹੋ ਗਏ..ਇਸ ਦਾ ਕਦੇ ਵੀ ਵਿਸ਼ਲੇਸ਼ਣ ਨਹੀਂ ਹੋਇਆ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਜਦੋਂ ਕਿਸੇ ਜਥੇਦਾਰ ਦੀ ਨਿਯੁਕਤੀ ਹੁੰਦੀ ਹੈ ਤਾਂ ਸ਼੍ਰੋਮਣੀ ਪ੍ਰਬੰਧਕ ਕਮੇਟੀ ਸਿਰ ਉੱਤੇ ਦਸਤਾਰ ਰੱਖਦੀ ਹੈ ਬਹੁਤ ਸਾਰੀਆਂ ਸੰਪਰਦਾਵਾਂ ਉੱਥੇ ਪਹੁੰਚਦੀਆਂ ਹਨ। ਉਨ੍ਹਾਂ ਨੇ ਕਿਹਾ ਹੈ ਕਿ ਜਦੋਂ 2 ਜਾਂ 5 ਸਾਲਾਂ ਬਾਅਦ ਉਸੇ ਜਥੇਦਾਰ ਦੀ ਦਸਤਾਰ ਲਾਹੀ ਜਾਂਦੀ ਹੈ ਫਿਰ ਕੋਈ ਜਥੇਬੰਦੀ ਰੁਮਾਲ ਰੱਖਣ ਲਈ ਵੀ ਨਹੀਂ ਆਉਂਦੀ। ਉਨ੍ਹਾਂ ਨੇ ਕਿਹੈ ਕਿ ਚਿੱਕੜ ਸੁੱਟਣ ਵਾਲੇ ਬੰਦੇ ਬੈਠਾਏ ਹੋਏ ਹਨ ਅਤੇ ਉਹ ਸੁੱਟ ਰਹੇ ਹਨ।

***

## ਕਮਲਾ ਹੈਰਿਸ ਨੂੰ ਮਿਲਿਆ

ਵਿੱਚ ਉਨ੍ਹਾਂ ਦਾ ਮਜ਼ਾਕ ਉਡਾਇਆ ਸੀ। ਹੈਰਿਸ ਨੇ ਸਦੀਵੀਂ ਚੌਕਸੀ, ਆਜ਼ਾਦੀ ਦੀ ਕੀਮਤ, ਚੌਕਸ ਰਹਿਣ, ਸੱਚ ਦੀ ਭਾਲ ਅਤੇ ਅਮਰੀਕਾ ਦੇ ਭਵਿੱਖ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ, "ਕੁਝ ਲੋਕ ਸਾਡੇ ਦੁਮੇਲ 'ਤੇ ਅੱਗ ਦੀਆਂ ਲਪਟਾਂ ਨੂੰ

ਦੇਖਦੇ ਹਨ, ਸਾਡੇ ਸ਼ਹਿਰਾਂ ਵਿੱਚ ਪਾਣੀ ਦਾ ਪੱਧਰ ਵਧ ਰਿਹਾ ਹੈ, ਸਾਡੇ ਲੋਕਤੰਤਰ 'ਤੇ ਸਿਆਹ ਪਰਛਾਵੇਂ ਹਨ ਅਤੇ ਉਹ ਪੁੱਛਦੇ ਹਨ ਕਿ ਹੁਣ ਕੀ ਕੀਤਾ ਜਾਵੇ? ਪਰ ਅਸੀਂ ਜਾਣਦੇ ਹਾਂ ਕਿ ਅਸਲ ਵਿੱਚ ਕੀ ਕਰਨਾ ਹੈ, ਕਿਉਂਕਿ ਅਸੀਂ ਇਹ ਪਹਿਲਾਂ ਵੀ ਕੀਤਾ ਹੈ ਅਤੇ ਅਸੀਂ ਇਸ ਨੂੰ ਮੁੜ ਤੋਂ ਕਰਾਂਗੇ। ਸਾਡੀ ਤਾਕਤ ਕਦੇ ਵੀ ਆਸਾਨ ਰਸਤਾ ਅਪਨਾਉਣ ਤੋਂ ਨਹੀਂ ਆਈ ਹੈ।"

ਐਵਾਰਡਜ਼ ਨੇ ਜੰਗਲ ਦੀ ਅੱਗ ਨਾਲ ਪ੍ਰਭਾਵਿਤ ਲਾਸ ਏਂਜਲਸ ਦੇ ਵਸਨੀਕਾਂ ਨੂੰ ਮਾਨਤਾ ਦਿੱਤੀ। ਇਮੇਜ ਐਵਾਰਡਜ਼ ਦੇ ਮੇਜ਼ਬਾਨ ਡਿਓਨ ਕੋਲ ਨੇ ਅਲਤਾਡੇਨਾ ਦੇ ਵਸਨੀਕਾਂ ਨੂੰ ਸਨਮਾਨਿਤ ਕੀਤਾ ਜੋ ਹਾਲ ਹੀ ਵਿੱਚ ਲਾਸ ਏਂਜਲਸ ਖੇਤਰ ਵਿੱਚ ਲੱਗੀ ਅੱਗ ਨਾਲ ਪ੍ਰਭਾਵਿਤ ਹੋਏ ਸਨ।

***

## ਐਫ.ਬੀ.ਆਈ. ਡਾਇਰੈਕਟਰ

ਵਿਅਕਤੀ ਹਨ, ਜੋ ਇਸ ਅਹੁਦੇ 'ਤੇ ਬਿਰਾਜਮਾਨ ਹੋਏ ਹਨ। ਪਟੇਲ ਦੇ ਮਾਤਾ-ਪਿਤਾ ਗੁਜਰਾਤ ਤੋਂ ਹਨ ਪਰ ਨਸਲੀ ਦਮਨ ਤੋਂ ਬਚਣ ਲਈ

ਉਹ ਯੁਗਾਂਡਾ ਤੋਂ ਭੱਜ ਕੇ ਪਹਿਲਾਂ ਕੈਨੇਡਾ ਤੇ ਉਥੋਂ ਅਮਰੀਕਾ ਆਏ ਸਨ। ਪਟੇਲ ਨਿਊਯਾਰਕ ਵਿੱਚ ਜੰਮਿਆ ਪਲਿਆ ਤੇ ਕਾਨੂੰਨ ਦੀ ਪੜ੍ਹਾਈ ਕੀਤੀ। ਪਟੇਲ ਨੇ ਆਪਣੇ ਕੈਰੀਅਰ ਵਿੱਚ ਵੱਡੀ ਪੁਲਾਂਘ ਉਦੋਂ ਪੁੱਟੀ ਜਦੋਂ ਉਹ ਰਾਸ਼ਟਰਪਤੀ ਡੋਨਲਡ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਪੈਂਟਾਗਨ ਵਿੱਚ ਚੀਫ਼ ਆਫ਼ ਸਟਾਫ਼ ਅਤੇ ਨੈਸ਼ਨਲ ਇੰਟੈਲੀਜੈਂਸ ਦੇ ਡਿਪਟੀ ਡਾਇਰੈਕਟਰ ਬਣੇ। ਟਰੰਪ ਨੇ ਕਿਹਾ ਕਿ ਪਟੇਲ ਨੂੰ ਸਭ ਤੋਂ ਵਧੀਆ ਐੱਫ.ਬੀ.ਆਈ. ਡਾਇਰੈਕਟਰ ਵਜੋਂ ਯਾਦ ਕੀਤਾ ਜਾਵੇਗਾ।

***

## ਕੰਗਨਾ ਰਣੌਤ ਭਾਜਪਾ ਗਤੀਵਿਧੀਆਂ

ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੰਡੀ ਲੋਕ ਸਭਾ ਹਲਕੇ ਵਿੱਚ ਚੋਣ ਪ੍ਰਚਾਰ ਕਰਨ ਗਏ ਸਨ, ਤਾਂ ਉਨ੍ਹਾਂ ਪ੍ਰਤੀ ਉਨ੍ਹਾਂ ਦਾ ਸਮਰਥਨ ਸਪੱਸ਼ਟ ਸੀ। ਪ੍ਰਧਾਨ ਮੰਤਰੀ ਨੇ ਕਾਂਗਰਸ ਦੀ ਸੋਸ਼ਲ ਮੀਡੀਆ ਚੇਅਰਪਰਸਨ ਸੁਪ੍ਰੀਆ ਸ਼੍ਰੀਨੇਤ 'ਤੇ ਕੰਗਨਾ ਬਾਰੇ ਵਿਵਾਦਪੂਰਨ ਪੋਸਟ ਪਾਉਣ ਲਈ ਵੀ ਆਲੋਚਨਾ ਕੀਤੀ ਸੀ।

ਮੋਦੀ ਨੇ 24 ਮਈ ਨੂੰ ਇੱਕ ਜਨਤਕ ਮੀਟਿੰਗ ਵਿੱਚ ਕਿਹਾ, "ਤੁਸੀਂ ਦੇਖਿਆ ਹੋਵੇਗਾ ਕਿ ਕਾਂਗਰਸ ਪਾਰਟੀ ਉਨ੍ਹਾਂ ਧੀਆਂ ਦਾ ਕਿਵੇਂ ਅਪਮਾਨ ਕਰਦੀ ਹੈ ਜਿਨ੍ਹਾਂ ਨੇ ਆਪਣੀ ਮਿਹਨਤ ਨਾਲ ਸਫ਼ਲਤਾ ਪ੍ਰਾਪਤ ਕੀਤੀ ਹੈ, ਕਾਂਗਰਸ ਪਾਰਟੀ ਨੇ ਕੰਗਨਾ ਜੀ ਲਈ ਅਜਿਹੇ ਸ਼ਬਦਾਂ ਦੀ ਵਰਤੋਂ ਕਿਵੇਂ ਕੀਤੀ। ਇਹ ਮੰਡੀ ਦਾ ਅਪਮਾਨ ਹੈ, ਹਿਮਾਚਲ ਦਾ ਅਪਮਾਨ ਹੈ ਅਤੇ ਤੁਹਾਨੂੰ ਇਸ ਅਪਮਾਨ ਲਈ ਕਾਂਗਰਸ ਪਾਰਟੀ ਨੂੰ ਜਵਾਬ ਦੇਣਾ ਪਵੇਗਾ।"

ਇਹ ਵਿਵਾਦ ਕੁਝ ਮਹੀਨੇ ਪਹਿਲਾਂ ਮਾਰਚ ਵਿੱਚ ਸ਼ੁਰੂ ਹੋਇਆ ਸੀ, ਜਦੋਂ ਸ਼੍ਰੀਨੇਟ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ ਐਕਸ 'ਤੇ ਇੱਕ ਪੋਸਟ ਵਿੱਚ ਲਿਖਿਆ ਸੀ, "ਬਾਜ਼ਾਰ ਵਿੱਚ ਕੀ ਕੀਮਤ ਚੱਲ ਰਹੀ ਹੈ?"

ਇਸ ਟਿੱਪਣੀ ਤੋਂ ਨਾਰਾਜ਼ ਭਾਜਪਾ ਨੇ ਕੰਗਨਾ ਦਾ ਸਮਰਥਨ ਕੀਤਾ ਅਤੇ ਕਿਹਾ ਕਿ ਇਹ ਅਪਮਾਨਜਨਕ ਹੈ। ਸ਼੍ਰੀਨੇਤ ਨੇ ਮੁਆਫ਼ੀ ਮੰਗੀ ਅਤੇ ਪੋਸਟ ਨੂੰ ਡਿਲੀਟ ਕਰ ਦਿੱਤਾ, ਨਾਲ ਇਹ ਕਿਹਾ ਕਿ ਉਸਦੇ ਖਾਤੇ ਨਾਲ ਛੇੜਛਾੜ ਵੀ ਕੀਤੀ ਗਈ ਸੀ।

**ਤਿੱਖੀ ਬਾਈਟ ਦੇਣ ਵਿੱਚ ਮਸ਼ਹੂਰ ਕੰਗਨਾ**

ਸੰਸਦ ਵਿੱਚ ਆਪਣੇ ਪਹਿਲੇ ਸੈਸ਼ਨ ਵਿੱਚ, ਕੰਗਨਾ ਹਰ ਜਗ੍ਹਾ ਸੀ – ਅਤੇ ਟੀਵੀ 'ਤੇ ਰਾਹੁਲ ਗਾਂਧੀ ਬਾਰੇ ਰੋਜ਼ਾਨਾ ਤਿੱਖੀ ਬਾਈਟ ਦਿੰਦੀ ਸੀ। ਉਸਨੇ ਕਦੇ ਵੀ ਕਾਂਗਰਸੀ ਨੇਤਾ ਰਾਹੁਲ ਦਾ ਮਜ਼ਾਕ ਉਡਾਉਣ ਦਾ ਮੌਕਾ ਨਹੀਂ ਗੁਆਇਆ। ਜਦੋਂ ਗਾਂਧੀ ਨੇ ਵਿਰੋਧੀ ਧਿਰ ਦੇ ਨੇਤਾ ਵਜੋਂ ਆਪਣਾ ਪਹਿਲਾ ਭਾਸ਼ਣ ਦਿੱਤਾ, ਤਾਂ ਕੰਗਨਾ ਨੇ ਤੁਰੰਤ ਇਸਨੂੰ "ਸਟੈਂਡਅੱਪ ਕਾਮੇਡੀ" ਕਿਹਾ ਅਤੇ ਉਨ੍ਹਾਂ ਨੂੰ "ਥੈਰੇਪੀ" ਲੈਣ ਦੀ ਅਪੀਲ ਵੀ ਕੀਤੀ।

ਪੀਆਰਐਸ ਲੈਜਿਸਲੇਟਿਵ ਰਿਸਰਚ ਦੇ ਅਨੁਸਾਰ, ਉਸਨੇ ਛੇ ਬਹਿਸਾਂ ਵਿੱਚ ਹਿੱਸਾ ਲਿਆ ਜਿਸ ਵਿੱਚ ਉਸਨੇ ਆਪਣੇ ਹਲਕੇ ਨਾਲ ਸਬੰਧਤ ਮੁੱਦੇ ਉਠਾਏ।

***

## ਭਾਜਪਾ ਨੇ ਕੰਗਨਾ ਤੋਂ ਦੂਰੀ

ਭਾਜਪਾ ਪ੍ਰਧਾਨ ਜੇ.ਪੀ. ਨੱਡਾ ਨੇ ਨਾ ਸਿਰਫ਼ ਕੰਗਨਾ ਨੂੰ ਤਲਬ ਕੀਤਾ, ਸਗੋਂ ਪਾਰਟੀ ਨੇ ਵੀ ਉਸ ਦੇ ਬਿਆਨ ਤੋਂ ਦੂਰੀ ਬਣਾਈ ਅਤੇ ਉਸ ਨੂੰ ਭਵਿੱਖ ਵਿੱਚ ਅਜਿਹੀਆਂ ਟਿੱਪਣੀਆਂ ਨਾ ਕਰਨ ਲਈ ਚਿਤਾਵਨੀ ਦਿੱਤੀ। ਪੰਜਾਬ ਭਾਜਪਾ ਦੇ ਮੁਖੀ ਸੁਨੀਲ ਜਾਖੜ ਨੇ ਅਦਾਕਾਰਾ ਦੀ ਨਿੰਦਾ ਕੀਤੀ ਅਤੇ ਉਸਨੂੰ ਪੰਜਾਬੀਆਂ ਅਤੇ ਕਿਸਾਨਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਵਿਰੁੱਧ ਚੇਤਾਵਨੀ ਦਿੱਤੀ।

ਪਾਰਟੀ ਦੀ ਝਿੜਕ ਅਤੇ ਸਖ਼ਤ ਹਦਾਇਤਾਂ ਦੇ ਬਾਵਜੂਦ, ਕੰਗਨਾ ਨੇ ਇੱਕ ਮਹੀਨੇ ਬਾਅਦ ਤਿੰਨ ਖੇਤੀ ਕਾਨੂੰਨਾਂ ਨੂੰ ਦੁਬਾਰਾ ਲਾਗੂ ਕਰਨ ਦੀ ਮੰਗ ਕਰਕੇ ਇੱਕ ਹੋਰ ਰਾਜਨੀਤਿਕ ਤੂਫ਼ਾਨ ਖੜ੍ਹਾ ਕਰ ਦਿੱਤਾ, ਜੋ ਬਾਅਦ ਵਿਚ ਕੰਗਨਾ ਨੇ ਵਾਪਸ ਲੈ ਲਿਆ ਸੀ।

ਕੰਗਨਾ ਹੌਲੀ-ਹੌਲੀ ਸਿੱਖ ਭਾਈਚਾਰੇ ਵਿੱਚ ਸਭ ਤੋਂ ਵੱਧ ਨਫ਼ਰਤਯੋਗ ਸ਼ਖਸੀਅਤਾਂ ਵਿੱਚੋਂ ਇੱਕ ਬਣ ਗਈ ਹੈ, ਜਿਸਦਾ ਖੁਲਾਸਾ ਉਦੋਂ ਹੋਇਆ ਜਦੋਂ ਇੱਕ ਹਵਾਈ ਅੱਡੇ ਉਪਰ ਮਹਿਲਾ ਕਾਂਸਟੇਬਲ ਨੇ ਉਸਨੂੰ ਥੱਪੜ ਮਾਰਿਆ। ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ 'ਤੇ ਉਸਦੇ ਲਗਾਤਾਰ ਤਿੱਖੀ ਬਿਆਨਬਾਜ਼ੀ ਅਤੇ ਪ੍ਰਦਰਸ਼ਨਕਾਰੀਆਂ ਨੂੰ ਖ਼ਾਲਿਸਤਾਨੀ ਕਹਿਣ ਕਾਰਨ ਕੰਗਨਾ ਵਿਰੁੱਧ ਭਾਰੀ ਗੁੱਸਾ ਪੈਦਾ ਕੀਤਾ। ਉਸਨੂੰ ਲੱਗਿਆ ਕਿ ਇਹ ਉਸਦੀ ਵਿਸ਼ੇਸ਼ਤਾ ਹੈ, ਪਰ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਚੋਟੀ ਦੇ ਆਗੂਆਂ ਨੇ ਉਸਨੂੰ ਪ੍ਰਮੋਟ ਨਾ ਕਰਨ ਅਤੇ ਸਿੱਖ ਭਾਈਚਾਰੇ ਨੂੰ ਹੋਰ ਨਰਾਜ਼ ਨਾ ਕਰਨ ਦਾ ਫ਼ੈਸਲਾ ਕੀਤਾ।

****

## ਅਮਰੀਕੀ ਕੌਮਾਂਤਰੀ ਵਿਕਾਸ ਏਜੰਸੀ

ਅਰਜ਼ੀ ਨੂੰ ਖਾਰਜ ਕਰ ਦਿੱਤਾ ਸੀ, ਜਿਸ 'ਚ ਉਨ੍ਹਾਂ ਸਰਕਾਰ ਦੀ ਯੋਜਨਾ 'ਤੇ ਆਰਜ਼ੀ ਤੌਰ 'ਤੇ ਰੋਕ ਲਗਾਉਣ ਦੀ ਅਪੀਲ ਕੀਤੀ ਸੀ। ਟਰੰਪ ਪ੍ਰਸ਼ਾਸਨ ਵੱਲੋਂ ਯੂ.ਐੱਸ.ਏਡ. ਮੁਲਾਜ਼ਮਾਂ ਨੂੰ ਬੀਤੀ ਰਾਤ ਕਰੀਬ 12 ਵਜੇ ਸੁਨੇਹਾ ਭੇਜਿਆ ਗਿਆ ਕਿ ਉਨ੍ਹਾਂ ਨੂੰ ਛੁੱਟੀ 'ਤੇ ਭੇਜਿਆ ਜਾ ਰਿਹਾ ਹੈ। ਨੋਟਿਸ 'ਚ ਕਿਹਾ ਗਿਆ ਕਿ ਮੁਲਾਜ਼ਮਾਂ ਦੀ ਗਿਣਤੀ 'ਚ ਕਟੌਤੀ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਨਾਲ ਅਮਰੀਕਾ 'ਚ 2 ਹਜ਼ਾਰ ਨੌਕਰੀਆਂ ਖ਼ਤਮ ਹੋ ਜਾਣਗੀਆਂ। ਬਾਅਦ 'ਚ ਯੂ.ਐੱਸ.ਏਡ. ਦੀ ਵੈੱਬਸਾਈਟ 'ਤੇ ਪੋਸਟ ਕੀਤੇ ਗਏ ਨੋਟਿਸ 'ਚ ਖ਼ਤਮ ਕੀਤੇ ਗਏ ਅਹੁਦਿਆਂ ਦੀ ਗਿਣਤੀ ਘੱਟ ਕਰਕੇ 1,600 ਦੱਸੀ ਗਈ। ਪ੍ਰਸ਼ਾਸਨ ਨੇ ਇਸ ਸਬੰਧ 'ਚ ਕੋਈ ਸਪੱਸ਼ਟੀਕਰਨ ਜਾਰੀ ਨਹੀਂ ਕੀਤਾ ਹੈ। ਯੂ.ਐੱਸ.ਏਡ. ਦੇ ਡਿਪਟੀ ਪ੍ਰਸ਼ਾਸਕ ਪੀਟ ਮਾਰਕੋ ਨੇ ਸੰਕੇਤ ਦਿੱਤਾ ਕਿ ਉਨ੍ਹਾਂ ਦੀ ਯੋਜਨਾ ਕਰੀਬ 600 ਮੁਲਾਜ਼ਮਾਂ ਨੂੰ ਨੌਕਰੀ 'ਤੇ ਰੱਖਣ ਦੀ ਹੈ, ਜਿਨ੍ਹਾਂ 'ਚੋਂ ਜ਼ਿਆਦਾਤਰ ਅਮਰੀਕਾ 'ਚ ਰਹਿੰਦੇ ਹਨ।

***

## ਖ਼ਤਰਨਾਕ ਬਿਮਾਰੀਆਂ ਕਾਰਨ ਪੰਜਾਬ 'ਚ ਕਾਰਪੋਰੇਟਾਂ

ਸਾਲ 2020-21 ਵਿੱਚ ਦਵਾਈ ਦੀ ਖ਼ਰੀਦ 'ਤੇ ਸਰਕਾਰੀ ਖ਼ਰਚ 84 ਕਰੋੜ ਸੀ। ਇਸ ਤੋਂ ਇਲਾਵਾ ਨਸ਼ੇੜੀਆਂ ਦਾ ਨਸ਼ਾ ਛੁਡਾਉਣ ਲਈ ਜੋ ਬੁਪਰੋਨੋਰਫ਼ਿਨ ਆਦਿ ਦੀ ਗੋਲੀ ਓਟ ਕਲੀਨਿਕਾਂ 'ਚ ਦਿੱਤੀ ਜਾਂਦੀ ਹੈ, ਉਸ 'ਤੇ ਸਰਕਾਰ ਨੇ ਸਾਲ 2019 ਤੋਂ ਹੁਣ ਤੱਕ 402.51 ਕਰੋੜ ਰੁਪਏ ਖ਼ਰਚੇ ਹਨ।

ਵੀ.ਆਈ.ਪੀ. ਦੇ ਇਲਾਜ ਦਾ ਖਰਚਾ ਸਰਕਾਰੀ ਖ਼ਜ਼ਾਨੇ 'ਚੋਂ

ਕੈਬਨਿਟ ਵਜ਼ੀਰਾਂ, ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦਾ ਸਮੁੱਚਾ ਮੈਡੀਕਲ ਖਰਚਾ ਸਰਕਾਰ ਚੁੱਕਦੀ ਹੈ ਜਿਸ ਦੀ ਕੋਈ ਸੀਮਾ ਨਹੀਂ। ਜੇਲ੍ਹਾਂ ਦੇ ਬੰਦੀਆਂ ਦਾ ਖਰਚਾ ਵੀ ਖ਼ਜ਼ਾਨੇ ਵਿਚੋਂ ਹੁੰਦਾ ਹੈ ਜੋ ਅਸੀਮਿਤ ਹੁੰਦਾ ਹੈ। ਹੁਣ ਤੱਕ ਬਾਦਲ ਪਰਿਵਾਰ ਦਾ ਮੈਡੀਕਲ ਖਰਚਾ 4.98 ਕਰੋੜ, ਬਰਾੜ ਪਰਿਵਾਰ (ਸਰਾਏਨਾਗਾ) ਦਾ 4.72 ਕਰੋੜ, ਤਲਵੰਡੀ ਪਰਿਵਾਰ ਦਾ 42.26 ਲੱਖ, ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪਰਿਵਾਰ ਦਾ 29.60 ਲੱਖ ਅਤੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਦਾ ਮੈਡੀਕਲ ਖਰਚਾ ਚਾਰ ਲੱਖ ਰੁਪਏ ਰਿਹਾ ਹੈ।

***

## ਪੰਜਾਬ 'ਚ ਕਣਕ ਜ਼ਹਿਰੀਲੀ

ਇਸ ਪ੍ਰਕਿਰਿਆ ਵਿੱਚ ਪੰਜਾਬ ਨੇ ਆਪਣੇ ਕੁਦਰਤੀ ਵਸੀਲਿਆਂ ਦਾ ਇਸ ਹੱਦ ਤੱਕ ਜ਼ਿਆਦਾ ਇਸਤੇਮਾਲ ਕਰ ਲਿਆ ਕਿ ਇਸ ਦੀ ਮਿੱਟੀ ਦੀ ਸਿਹਤ ਵਿਗੜ ਗਈ ਅਤੇ ਧਰਤੀ ਹੇਠਲਾ ਪਾਣੀ ਮੁੱਕ ਗਿਆ। ਰਸਾਇਣਕ ਖਾਦਾਂ ਅਤੇ ਕੀੜੇਮਾਰ ਤੇ ਨਦੀਨਮਾਰ ਜ਼ਹਿਰਾਂ ਨੇ ਇਸ ਦੀ ਆਬੋ-ਹਵਾ ਨੂੰ ਗੰਧਲਾ ਕਰ ਦਿੱਤਾ ਹੈ। ਕਣਕ ਦੀ ਵਰਤੋਂ ਪੰਜਾਬੀ ਕਰਦੇ ਹਨ, ਉਹ ਪੰਜਾਬ ਦੀ ਸਿਹਤ ਨੂੰ ਜ਼ਹਿਰੀਲੀ ਹੋਣ ਕਰਕੇ ਤਬਾਹ ਕਰ ਰਹੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਨੀਤੀ ਤਹਿਤ ਖੇਤੀਬਾੜੀ ਦੇ ਟਿਕਾਊ ਵਿਕਾਸ, ਮਿੱਟੀ ਦੀ ਸਿਹਤ ਦੀ ਕਾਇਆ ਕਲਪ, ਫ਼ਸਲਾਂ ਦੀ ਵੰਨ-ਸਵੰਨਤਾ ਅਤੇ ਪਾਣੀ ਦੀ ਸੰਭਾਲ ਨੂੰ ਸਭ ਤੋਂ ਵੱਧ ਤਵੱਜੋ ਦਿੱਤੀ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਲੋੜੋਂ ਵੱਧ ਕੀਟਨਾਸ਼ਕਾਂ ਦੀ ਵਰਤੋਂ ਕਰਨ ਨਾਲ਼ ਕੀੜਿਆਂ ਦੀਆਂ ਅਜਿਹੀਆਂ ਨਸਲਾਂ ਪੈਦਾ ਹੋ ਗਈਆਂ ਹਨ ਜਿਨਾਂ ਉੱਤੇ ਰਸਾਇਣ ਅਸਰ ਨਹੀਂ ਕਰਦੇ, ਸਿੱਟਾ ਇਹ ਨਿੱਕਲ਼ਦਾ ਹੈ ਕਿ ਕਿਸਾਨ ਉਸੇ ਰਸਾਇਣ ਦੀ ਮਾਤਰਾ ਵਧਾਉਂਦਾ ਰਹਿੰਦਾ ਹੈ ਪਰ ਸਮੱਸਿਆ ਵਧਦੀ ਜਾਂਦੀ ਹੈ।

***

## ਸੱਜਣ ਕੁਮਾਰ ਨੂੰ ਹੋਣੀ ਚਾਹੀਦੀ ਸੀ ਫ਼ਾਂਸੀ

ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ, ਕਾਨਪੁਰ, ਬੋਕਾਰੋ ਅਤੇ ਹੋਰਨਾਂ ਸ਼ਹਿਰਾਂ ਵਿੱਚ ਹਜ਼ਾਰਾਂ ਸਿੱਖਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ। ਵੱਡੇ ਦੁੱਖ ਦੀ ਗੱਲ ਹੈ ਕਿ ਵੱਡੀ ਗਿਣਤੀ ਇਹਨਾਂ ਪੀੜਤ ਸਿੱਖ ਪਰਿਵਾਰਾਂ ਨੂੰ ਅਜੇ ਤੱਕ ਨਿਆਂ ਨਹੀਂ ਮਿਲਿਆ। ਹੁਣ ਦਿੱਲੀ ਦੀ ਇੱਕ ਅਦਾਲਤ ਵੱਲੋਂ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜਾ ਦੇਣ ਨਾਲ ਪੀੜਤਾਂ ਨੂੰ ਕੁਝ ਰਾਹਤ ਮਿਲੀ ਹੈ। ਉਹਨਾਂ ਕਿਹਾ ਕਿ ਸਿੱਖ ਕਤਲੇਆਮ ਦੇ ਜਿੰਨੇ ਵੀ ਦੋਸ਼ੀ ਹਨ, ਉਹਨਾਂ ਸਭ ਨੂੰ ਹੀ ਜਲਦੀ ਤੋਂ ਜਲਦੀ ਸਜ਼ਾ ਦੇਣੀ ਚਾਹੀਦੀ ਹੈ ਤਾਂ ਕਿ ਦੁਖੀ ਸਿੱਖ ਪਰਿਵਾਰਾਂ ਦੇ ਹਿਰਦੇ ਸ਼ਾਂਤ ਹੋ ਸਕਣ।

***

## ਐਡਵੋਕੇਟ ਧਾਮੀ ਦੇ ਅਸਤੀਫ਼ੇ

ਨਾ ਕਿ ਪਿਛਲੇ ਸਾਲ 2 ਦਸੰਬਰ ਦੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਅਨੁਸਾਰ। ਧਾਮੀ ਦੇ ਅਸਤੀਫ਼ੇ ਤੋਂ ਬਾਅਦ, ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਜਥੇਦਾਰ ਅਕਾਲ ਤਖ਼ਤ ਸਾਹਿਬ ਵਿਰੁੱਧ ਨਵਾਂ ਫ਼ਰੰਟ ਖੋਲਣ ਦਾ ਫ਼ੈਸਲਾ ਕਰ ਲਿਆ ਜਾਪਦਾ ਹੈ, ਖਾਸ ਕਰਕੇ ਜਿਸ ਤਰੀਕੇ ਨਾਲ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਕਾਰਜਕਾਰੀ ਕਮੇਟੀ ਨੂੰ ਜਥੇਦਾਰਾਂ ਨੂੰ ਹਟਾਉਣ ਦਾ ਪੂਰਾ ਅਧਿਕਾਰ ਹੈ। ਅਜਿਹਾ ਕਰਕੇ, ਉਨ੍ਹਾਂ ਨੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਨੂੰ ਹਟਾਉਣ ਨੂੰ ਜਾਇਜ਼ ਠਹਿਰਾਇਆ ਅਤੇ ਨਾਲ ਹੀ, ਅਕਾਲ ਤਖ਼ਤ ਦੇ ਜਥੇਦਾਰ ਦੇ ਅਧਿਕਾਰ ਦੀਆਂ ਸੀਮਾਵਾਂ ਨੂੰ ਰੇਖਾਂਕਿਤ ਕੀਤਾ। ਇਸ ਸਬੰਧੀ ਜਥੇਦਾਰ ਅਕਾਲ ਤਖ਼ਤ ਸਾਹਿਬ ਨਾਲ ਮੀਟਿੰਗ ਕਰਕੇ ਦਬਾਅ ਵੀ ਬਣਾਇਆ।

ਹਾਲਾਂਕਿ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਕਾਰਜਕਾਰੀ ਕਮੇਟੀ 'ਤੇ ਨਿਸ਼ਾਨਾ ਸਾਧਣ ਤੋਂ ਬਾਅਦ ਉਹ ਚੁੱਪ ਹੋ ਗਏ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਤੋਂ ਜਾਣੂ ਕਰਵਾ ਦਿੱਤਾ ਗਿਆ ਸੀ ਕਿ ਉਨ੍ਹਾਂ ਦਾ ਅਧਿਕਾਰ ਅਕਾਲ ਤਖ਼ਤ ਸਾਹਿਬ ਦੀਆਂ ਚਾਰ ਦੀਵਾਰਾਂ ਤੱਕ ਸੀਮਤ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਅੰਤ੍ਰਿੰਗ ਕਮੇਟੀ ਦੇ ਅਧਿਕਾਰਾਂ ਤੋਂ ਜਾਣੂ ਕਰਾਉਂਦਿਆਂ ਇਹ ਦੱਸਿਆ ਕਿ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ, ਜਥੇਦਾਰ ਜਾਂ ਕਿਸੇ ਵੀ ਮੁਲਾਜ਼ਮ ਨੂੰ ਸੇਵਾ ਦੇਣ ਜਾਂ ਵਾਪਸ ਲੈਣ ਦੇ ਅਧਿਕਾਰ ਰੱਖਦੀ ਹੈ। ਉਨ੍ਹਾਂ ਕਿਹਾ ਕਿ ਉਹ ਸਮਝਦੇ ਸਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਇਆ ਹੁਕਮ ਵਿਸ਼ਵ ਵਿਆਪੀ ਹੈ ਪਰ ਅੰਤ੍ਰਿੰਗ ਕਮੇਟੀ ਵੱਲੋਂ ਜੋ ਉਨ੍ਹਾਂ ਨੂੰ ਦੱਸਿਆ ਗਿਆ ਉਸ ਤੋਂ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਇਆ ਹੁਕਮ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਚਾਰਦੀਵਾਰੀ ਦੇ ਅੰਦਰ ਹੁੰਦਾ ਹੈ ਅਤੇ ਅੰਦਰ ਹੀ ਖਤਮ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਧਾਨ ਸ਼ਹੀਦਾਂ ਦੀਆਂ ਚਿਖਾਵਾਂ ਦੀ ਰੋਸ਼ਨੀ ਵਿੱਚ ਬੈਠ ਕੇ ਲਿਖਿਆ ਗਿਆ ਹੈ। ਸਾਨੂੰ ਇਹਨਾਂ ਸੰਸਥਾਵਾਂ ਨੂੰ ਹਰ ਕੀਮਤ 'ਤੇ ਬਚਾ ਕੇ ਰੱਖਣਾ ਚਾਹੀਦਾ ਹੈ। ਜਥੇਦਾਰ ਨੂੰ ਉਨ੍ਹਾਂ ਦੇ ਅਸਤੀਫ਼ੇ ਦੀਆਂ ਚਰਚਾਵਾਂ ਸਬੰਧੀ ਪੁੱਛੇ ਸਵਾਲ 'ਤੇ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਜਿੰਨੀ ਦੇਰ ਗੁਰੂ ਸਾਹਿਬ ਚਾਹੁੰਣਗੇ ਉਨੀਂ ਦੇਰ ਸੇਵਾਵਾਂ ਦੇਣਗੇ।

***

## ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ

ਕਿ ਇਸ ਮਾਮਲੇ ਵਿੱਚ ਅਕਾਲ ਤਖ਼ਤ ਸਾਹਿਬ ਜੋ ਵੀ ਹੋਰ ਹੁਕਮ ਦੇਵੇਗਾ, ਕਮੇਟੀ ਮੈਂਬਰ ਉਸ ਅਨੁਸਾਰ ਕੰਮ ਕਰਨਗੇ। ਕਮੇਟੀ ਮੈਂਬਰਾਂ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਭਰੋਸਾ ਦਿੱਤਾ ਹੈ ਕਿ ਉਹ 2 ਦਸੰਬਰ ਨੂੰ ਅਕਾਲ ਤਖ਼ਤ ਦੇ ਫ਼ੈਸਲੇ ਰਾਹੀਂ ਜਾਰੀ ਕੀਤੇ ਗਏ ਹੁਕਮ ਨੂੰ ਲਾਗੂ ਕਰਨਗੇ। ਇਹ ਵੀ ਪਤਾ ਲੱਗਾ ਹੈ ਕਿ ਦੋ ਮੈਂਬਰਾਂ ਵੱਲੋਂ ਅਸਤੀਫ਼ਾ ਦੇਣ ਕਰਕੇ ਹੁਣ ਪੰਜ ਮੈਂਬਰੀ ਕਮੇਟੀ ਹੀ ਆਪਣਾ ਕੰਮ ਅੱਗੇ ਜਾਰੀ ਰੱਖ ਸਕਦੀ ਹੈ। ਕਮੇਟੀ ਮੈਂਬਰਾਂ ਨੇ ਕਿਹਾ ਕਿ ਜਥੇਦਾਰ ਸਾਹਿਬ ਨੇ ਭਰੋਸਾ ਦੁਆਇਆ ਹੈ ਕਿ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਇਨ੍ਹਾਂ ਹੁਕਮਾਂ ਦੀ ਪਾਲਣਾ ਕਰਨੀ ਪਵੇਗੀ।

## ਮਨੁੱਖ ਦਾ ਸੁਰੱਖਿਆ ਕਵਚ

ਮੁਰਦਾ ਵਾਲ ਆਪੇ ਹੀ ਜੜ੍ਹਾਂ ਤੋਂ ਉੱਖੜ ਅਤੇ ਝੜ ਜਾਂਦੇ ਹਨ। ਵਾਲਾਂ ਦੇ ਤਣੇ ਨੂੰ ਜੇ ਸਿਰਫ ਸਿਰੇ ਤੋਂ ਹੀ ਕੱਟਿਆ ਜਾਵੇ ਤਾਂ ਉਹ ਫਿਰ ਉਸੇ ਸ਼ਕਲ ਵਿੱਚ ਦੁਬਾਰਾ ਆ ਜਾਂਦਾ ਹੈ। ਵਾਲ ਕੱਟਣ ਨਾਲ ਦਰਦ ਨਹੀਂ ਹੁੰਦਾ ਤਾਂ ਇਸ ਦਾ ਇਹ ਮਤਲਬ ਨਹੀਂ ਕਿ ਵਾਲ ਬੇਲੋੜੇ ਹਨ। ਵਾਲਾਂ ਤੋਂ ਬਿਨਾਂ ਸਰੀਰ ਦਾ ਵਾਤਾਵਰਣ ਗੰਧਲਾ ਹੋ ਜਾਵੇਗਾ ਅਤੇ ਸਰੀਰ ਦੀ ਹੋਂਦ ਨੂੰ ਹੀ ਖ਼ਤਰਾ ਹੋ ਜਾਵੇਗਾ।

ਵਾਲਾਂ ਦਾ ਵਿਕਾਸ ਸਾਰੀ ਉਮਰ ਨਿਰਵਿਘਨ ਚਲਦਾ ਰਹਿੰਦਾ ਹੈ। ਵਿਕਾਸ ਦੌਰਾਨ ਸਟੈੱਮ ਸੈੱਲ ਬਣਦੇ ਹੀ ਰਹਿੰਦੇ ਹਨ। ਵਾਲ ਸਟੈੱਮ ਸੈੱਲਾਂ ਦਾ ਭੰਡਾਰ ਹਨ। ਇਨ੍ਹਾਂ ਸੈੱਲਾਂ ਦੀ ਹੋਂਦ ਕਾਰਨ ਵਾਲਾਂ ਵਾਲੀ ਜਗ੍ਹਾ ਉੱਤੇ ਜੇ ਕੋਈ ਜ਼ਖ਼ਮ ਹੋ ਜਾਵੇ ਤਾਂ ਬਹੁਤ ਛੇਤੀ ਠੀਕ ਹੋ ਜਾਂਦਾ ਹੈ। ਮਨੁੱਖ ਦੇ ਸਾਰੇ ਸਰੀਰ ਉੱਤੇ ਵਾਲ ਹਨ। ਜਿੱਥੇ ਜ਼ਿਆਦਾ ਸੰਘਣੇ ਹਨ, ਉੱਥੇ ਜ਼ਖ਼ਮ ਜ਼ਿਆਦਾ ਛੇਤੀ ਭਰਦੇ ਹਨ। ਬਾਂਹ ਦੇ ਬਾਹਰਲੇ ਪਾਸੇ ਦੇ ਜ਼ਖ਼ਮ ਅੰਦਰਲੇ ਪਾਸੇ ਨਾਲੋਂ ਜਲਦੀ ਠੀਕ ਹੁੰਦੇ ਹਨ। ਦੰਦਾਂ ਅਤੇ ਹੱਡੀਆਂ ਦੀ ਸਿਹਤ ਵੀ ਵਾਲਾਂ ਨਾਲ ਜੁੜੀ ਹੋਈ ਹੈ। ਕੇਸ ਸਾਡੀ ਅਹਿਸਾਸ ਸ਼ਕਤੀ ਨੂੰ ਵਧਾ ਕੇ ਸੰਭਾਵੀ ਸੰਕਟਾਂ ਤੋਂ ਸਾਨੂੰ ਸੁਚੇਤ ਕਰਦੇ ਹਨ। ਚਿਹਰੇ ਦੇ ਵਾਲਾਂ ਦਾ ਮਾਨਸਿਕਤਾ ਨਾਲ ਗੂੜ੍ਹਾ ਸਬੰਧ ਹੈ। ਦਾੜ੍ਹੀ ਮਰਦਾਨਗੀ ਦਾ ਪ੍ਰਤੀਕ ਹੈ। ਮਨੋਵਿਗਿਆਨੀ ਪੈਲਗਰੀਨੀ ਕਹਿੰਦਾ ਹੈ ਕਿ ਦਾੜ੍ਹੀ ਵਾਲਾ ਵਿਅਕਤੀ ਆਜ਼ਾਦ ਮਾਨਸਿਕਤਾ ਵਾਲਾ, ਤਾਕਤਵਰ, ਤਿਆਰ ਬਰ ਤਿਆਰ ਅਤੇ ਬਹਾਦਰੀ ਦੇ ਕੰਮ ਕਰਨ ਵਾਲਾ ਹੁੰਦਾ ਹੈ। ਕੇਸਾਂ ਦੀ ਅਧਿਆਤਮਿਕ ਮਹੱਤਤਾ ਤੋਂ ਤਾਂ ਮੁਨਕਰ ਹੋਇਆ ਹੀ ਨਹੀਂ ਜਾ ਸਕਦਾ। ਸਿਰ ਉੱਤੇ ਲੰਮੇ ਵਾਲਾਂ ਨੂੰ ਤਾਂ ਹੀ ਰਿਸ਼ੀ ਜੂੜਾ ਕਿਹਾ ਜਾਂਦਾ ਹੈ।

ਕੇਸ ਮਨੁੱਖਤਾ ਦੀ ਪਛਾਣ ਅਤੇ ਲੋੜ ਹਨ। ਮਨੁੱਖਤਾ ਨੂੰ ਬਰਕਰਾਰ ਰੱਖਣ ਲਈ ਸਮੁੱਚੀ ਮਨੁੱਖਤਾ ਨੂੰ ਕੇਸਾਂ ਸਬੰਧੀ ਸੁਚੇਤ ਕਰਨ ਦੀ ਲੋੜ ਹੈ।

***

## ਵਿਰੋਧੀ ਧਿਰ ਦੀ ਏਕਤਾ ...

ਕਹਾਵਤ ਹੈ ਨਾ ਨੌ ਮਣ ਤੇਲ ਹੋਵੇਗਾ, ਨਾ ਰਾਧਾ ਨੱਚੇਗੀ। ਹਰਿਆਣਾ ਅਤੇ ਮਹਾਰਾਸ਼ਟਰ ਦੀਆਂ ਚੋਣਾਂ ਦੱਸਦੀਆਂ ਹਨ ਕਿ ਕਾਂਗਰਸ ਸ਼ੁਰੂਆਤੀ ਲੀਡ ਦੇ ਬਾਵਜੂਦ ਚੋਣਾਂ 'ਚ ਹਾਰ ਰਹੀ ਹੈ। ਲੋਕ ਸਭਾ 'ਚ ਉਸ ਨੂੰ ਸਫਲਤਾ ਦਾ ਜੋ ਹਲਕਾ ਜਿਹਾ ਸੁਆਦ ਮਿਲਿਆ ਸੀ, ਉਹ ਹੁਣ ਤੱਕ ਖ਼ਤਮ ਹੋ ਚੁੱਕਾ ਹੈ। ਇੱਕ ਤਰ੍ਹਾਂ ਨਾਲ ਉਹ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਤੋਂ ਪਹਿਲਾਂ ਵਾਲੀ ਸਥਿਤੀ 'ਚ ਪਹੁੰਚ ਗਈ ਹੈ। ਅਜਿਹੀ ਸਥਿਤੀ 'ਚ ਵਿਰੋਧੀਆਂ ਦੀ ਏਕਤਾ ਦੀ ਅਗਵਾਈ ਕਰ ਸਕਣਾ ਫ਼ਿਲਹਾਲ ਉਸ ਦੇ ਲਈ ਸੰਭਵ ਨਹੀਂ ਰਹਿ ਗਿਆ।-ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

***

## ਦਿੱਲੀ ਦੇ ਪ੍ਰਦੂਸ਼ਣ ਲਈ ਪੰਜਾਬ ਤੇ ਹਰਿਆਣੇ..

ਪੀ.ਐਮ.ਓ. ਦੇ ਸਾਹਮਣੇ ਜੋ ਦੱਸਿਆ ਗਿਆ ਹੈ ਉਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਪੰਜਾਬ ਤੇ ਹਰਿਆਣਾ ਦੇ ਕਿਸਾਨ ਦਿੱਲੀ ਦੇ ਹਵਾ ਪ੍ਰਦੂਸ਼ਣ ਲਈ ਜ਼ਿੰਮੇਵਾਰ ਨਹੀਂ ਹਨ।

ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ (ਸੀ.ਐਸ.ਈ.) ਵੱਲੋਂ ਇਹ ਵੀ ਦਿਖਾਇਆ ਗਿਆ ਸੀ ਕਿ ਅਕਤੂਬਰ-ਦਸੰਬਰ 2024 ਦੌਰਾਨ ਪਰਾਲੀ ਨੂੰ ਅੱਗ ਲਗਾਉਣ ਵਿੱਚ 71.2 ਫ਼ੀਸਦੀ ਦੀ ਮਹੱਤਵਪੂਰਨ ਗਿਰਾਵਟ ਦੇ ਬਾਵਜੂਦ 2024 ਦੌਰਾਨ ਦਿੱਲੀ 'ਚ ਪ੍ਰਦੂਸ਼ਣ ਦਾ ਪੱਧਰ 2.5 ਪੀ.ਐਮ. ਦੀ ਔਸਤ ਨਾਲ ਲਗਾਤਾਰ ਦੂਜੇ ਸਾਲ ਵੀ ਵਧਿਆ ਹੈ। ਇਸ ਤੱਥ ਨੂੰ ਵੇਖਦੇ ਹੋਏ ਕਿ ਖੇਤਾਂ 'ਚ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੀ ਦਿੱਲੀ ਦੇ ਹਵਾ ਪ੍ਰਦੂਸ਼ਣ 'ਚ ਕੋਈ ਸਿੱਧੀ ਭੂਮਿਕਾ ਨਹੀਂ ਹੈ ਅਤੇ ਨਵੀਂ ਦਿੱਲੀ ਹੁਣ ਪੰਜਾਬ ਦੀ ਕਥਿਤ ਅੱਗ ਪਿੱਛੇ ਨਹੀਂ ਲੁਕ ਸਕਦੀ। ਸੀ.ਐਸ.ਈ. ਦੇ ਅਧਿਐਨ ਅਨੁਸਾਰ ਪੰਜਾਬ ਤੇ ਹਰਿਆਣਾ 'ਚ ਅੱਗ ਲਗਾਉਣ ਦੀਆਂ ਘਟਨਾਵਾਂ ਵਿੱਚ ਕਮੀ ਆਈ ਹੈ, ਜਦਕਿ ਮੱਧ ਪ੍ਰਦੇਸ਼ 'ਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਕਈ ਗੁਣਾਂ ਵਾਧਾ ਹੋਇਆ ਹੈ ਤੇ ਇਹ ਛੱਤੀਸਗੜ੍ਹ ਤੱਕ ਫੈਲ ਰਹੀਆਂ ਹਨ।

ਕਿਸਾਨਾਂ 'ਤੇ ਹਰ ਕਿਸੇ ਵਲੋਂ ਲਗਾਏ ਜਾਣ ਵਾਲੇ ਦੋਸ਼ਾਂ ਦਰਮਿਆਨ ਮੈਂ ਆਪਣੇ ਪਿਛਲੇ ਕਾਲਮ (25 ਅਕਤੂਬਰ) 'ਚ ਕਿਹਾ ਸੀ ਕਿ ਝਰਾਉਣੇ ਹਵਾ ਪ੍ਰਦੂਸ਼ਣ ਲਈ ਕਿਸਾਨ ਨਹੀਂ, ਸਗੋਂ ਐਸ.ਯੂ.ਵੀਜ਼ ਜ਼ਿੰਮੇਵਾਰ ਹਨ। ਮੇਰਾ ਤਰਕ ਇਹ ਸੀ ਕਿ ਸੜਕ 'ਤੇ ਹਰ ਚੌਥੀ ਕਾਰ ਐਸ.ਯੂ.ਵੀ. ਹੈ ਅਤੇ ਇਨ੍ਹਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਹ ਵੱਡੀਆਂ ਕਾਰਾਂ ਇੱਕ ਦਰਮਿਆਨੇ ਆਕਾਰ ਦੀ ਕਾਰ ਨਾਲੋਂ 20 ਫ਼ੀਸਦੀ ਤੱਕ ਵੱਧ ਕਾਰਬਨ ਪੈਦਾ (ਨਿਕਾਸ) ਕਰਦੀਆਂ ਹਨ। ਹੁਣ ਐਸ.ਯੂ.ਵੀਜ਼ 'ਤੇ ਸ਼ਿਕੰਜਾ ਕੱਸਣ ਦਾ ਸਮਾਂ ਆ ਗਿਆ ਹੈ, ਪਰ ਸਮੱਸਿਆ ਇਹ ਹੈ ਕਿ ਕੁਲੀਨ ਵਰਗ ਦਾ ਹਰ ਮੈਂਬਰ ਆਪਣੀ ਨਵੀਂ ਐਸ.ਯੂ.ਵੀ. ਨੂੰ 'ਸਟੇਟਸ ਸਿੰਬਲ' ਵਜੋਂ ਦਿਖਾਉਣਾ ਚਾਹੁੰਦਾ ਹੈ। ਹਾਂ, ਇਹ ਵੀ ਸੱਚ ਹੈ ਕਿ ਹਵਾ ਪ੍ਰਦੂਸ਼ਣ ਦੇ ਪੱਧਰ ਕਾਰਬਨ ਨਿਕਾਸ ਤੋਂ ਵੱਖ ਹਨ (ਇੱਕ ਏ.ਆਈ. ਖੋਜ ਅਨੁਸਾਰ), ਪਰ ਦੋਵੇਂ ਨੇੜਿਓਂ ਜੁੜੇ ਹੋਏ ਹਨ। ਇਕੋ ਸਿੱਕੇ ਦੇ ਦੋ ਪਹਿਲੂ ਹੋਣ ਕਰਕੇ ਹਵਾ ਪ੍ਰਦੂਸ਼ਣ ਵਿੱਚ ਕਾਰਬਨ ਡਾਈਆਕਸਾਈਡ ਵਰਗੀਆਂ 'ਗ੍ਰੀਨਹਾਊਸ ਗੈਸਾਂ' ਦੇ ਨਾਲ-ਨਾਲ ਮੀਥੇਨ, ਨਾਈਟ੍ਰਸ ਆਕਸਾਈਡ ਤੇ ਹੋਰ ਪ੍ਰਦੂਸ਼ਕ ਵੀ ਸ਼ਾਮਿਲ ਹੁੰਦੇ ਹਨ।

ਪਰਾਲੀ ਸਾੜਨ ਦੀ ਗੱਲ ਕਰੀਏ ਤਾਂ ਹੁਣ ਸਮਾਂ ਆ ਗਿਆ ਹੈ ਕਿ ਦਿੱਲੀ ਦੇ ਜ਼ਹਿਰੀਲੇ ਹਵਾ ਪੱਧਰਾਂ ਲਈ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੂੰ ਦੋਸ਼ੀ ਠਹਿਰਾਉਣਾ ਬੰਦ ਕਰਕੇ ਨਵੀਂ ਦਿੱਲੀ ਨੂੰ ਆਪਣੇ ਹਵਾ ਗੁਣਵੱਤਾ ਮਾਪਦੰਡਾਂ ਦੇ ਪ੍ਰਬੰਧਨ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਹਾਲਾਂਕਿ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਪਿਛਲੇ ਕੁਝ ਸਾਲਾਂ ਦੌਰਾਨ ਕੁਝ ਉਪਾਅ ਜ਼ਰੂਰ ਕੀਤੇ ਗਏ ਹਨ, ਪਰ ਕੁਝ ਸਖ਼ਤ ਫ਼ੈਸਲੇ ਲੈਣ ਸਮੇਤ ਨਿਸ਼ਚਿਤ ਤੌਰ 'ਤੇ ਬਹੁਤ ਕੁਝ ਹੋਰ ਕੀਤੇ ਜਾਣ ਦੀ ਜ਼ਰੂਰਤ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਦਿੱਲੀ ਵਾਸੀਆਂ ਨੂੰ ਪਹਿਲਾਂ ਇਹ ਅਹਿਸਾਸ ਕਰਵਾਇਆ ਜਾਵੇ ਕਿ ਜਿਸ ਵਿਗੜੇ ਹੋਏ ਹਵਾ ਦੇ ਪੱਧਰ ਨਾਲ ਉਹ ਰਹਿ ਰਹੇ ਹਨ, ਇਸ ਲਈ ਉਹ ਖ਼ੁਦ ਜ਼ਿੰਮੇਵਾਰ ਹਨ।

****

## ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ..

ਇਸ ਤਰ੍ਹਾਂ ਭਾਈ ਲਛਮਣ ਸਿੰਘ ਜੀ ਦਾ ਜੱਥਾ ਸ਼ਬਦ ਪੜ੍ਹਦਾ ਹੋਇਆ ਸਵੇਰੇ 6 ਵਜੇ ਨਨਕਾਣਾ ਸਾਹਿਬ ਅੰਦਰ ਦਾਖਲ ਹੋਇਆ। ਮੱਥਾ ਟੇਕ ਕੇ, ਕੀਰਤਨ ਆਰੰਭਿਆ ਗਿਆ। ਇੰਨੇ ਚਿਰ ਵਿੱਚ ਮਹੰਤ ਦੇ ਗੁੰਡਿਆਂ ਨੇ ਪੁਜ਼ੀਸ਼ਨਾਂ ਸੰਭਾਲ ਲਈਆਂ। ਮਹੰਤ ਨੇ ਬਾਹਰਲੇ ਗੇਟ ਬੰਦ ਕਰਵਾ ਦਿੱਤੇ ਅਤੇ ਸ਼ਾਂਤਮਈ ਸਿੰਘਾਂ ਉੱਤੇ ਮੀਂਹ ਦੀ ਤਰ੍ਹਾਂ ਗੋਲੀਆਂ ਦੀ ਬੁਛਾੜ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਭਾਈ ਲੱਛਮਣ ਸਿੰਘ ਜੀ ਨੂੰ ਗੋਲੀਆਂ ਨਾਲ ਅਧਮੋਇਆ ਕਰਨ ਤੋਂ ਬਾਅਦ ਜੰਡ ਨਾਲ ਪੁੱਠਾ ਲਮਕਾ ਕੇ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ। ਪਾਵਨ ਸਰੂਪ ਵਿੱਚ ਵੀ ਕਈ ਗੋਲੀਆਂ ਲੱਗੀਆਂ। ਇਹ ਜ਼ੁਲਮ ਦੀ ਇੰਤਹਾ ਸੀ। ਇਸੇ ਤਰ੍ਹਾਂ ਭਾਈ ਦਲੀਪ ਸਿੰਘ ਜੀ ਜਦ ਗੁਰਦੁਆਰਾ ਅੰਦਰ ਦਾਖਲ ਹੋਏ ਤਾਂ ਉਹਨਾਂ ਨੂੰ ਵੀ ਬਲਦੀ ਭੱਠੀ ਵਿੱਚ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਸਿੰਘਾਂ ਨੂੰ ਮਿੱਟੀ ਦਾ ਤੇਲ ਪਾ ਕੇ ਸਾੜਿਆ ਗਿਆ।

ਕਿਹਾ ਜਾਂਦਾ ਹੈ ਕਿ ਦੋ ਸਾਲ ਦਾ ਇੱਕ ਸਿੱਖ ਬੱਚਾ ਜੋ ਕਿ ਇੱਕ ਅਲਮਾਰੀ ਵਿੱਚ ਬੰਦ ਸੀ ਨੂੰ ਵੀ ਬਾਹਰ ਕੱਢ ਕੇ ਬਲਦੀ ਅੱਗ ਦੇ ਉੱਪਰ ਸੁੱਟ ਕੇ ਸ਼ਹੀਦ ਕੀਤਾ ਗਿਆ ਜੋ ਜਰਗ (ਲੁਧਿਆਣਾ) ਨਿਵਾਸੀ ਸ਼ਹੀਦ ਕੇਹਰ ਸਿੰਘ ਦਾ ਪੁੱਤਰ ਸੀ ਅਤੇ ਆਪਣੇ ਪਿਤਾ ਨਾਲ ਇਸ ਸ਼ਹੀਦੀ ਜੱਥੇ ਵਿੱਚ ਸ਼ਾਮਿਲ ਸੀ। ਜੋ ਮਰਨੋਂ ਬਚ ਗਏ ਉਹਨਾਂ ਨੂੰ ਟੋਕਿਆਂ, ਛਵੀਆਂ ਨਾਲ ਵੱਢਿਆ ਗਿਆ। ਜਦ ਵੱਡੀ ਗਿਣਤੀ ਵਿੱਚ ਸਿੱਖ ਸ਼ਹੀਦੀਆਂ ਪ੍ਰਾਪਤ ਕਰ ਗਏ ਤਾਂ ਮਹੰਤ ਨੇ ਸਾਰੀਆਂ ਲਾਸ਼ਾਂ ਇੱਕ ਥਾਂ ਇਕੱਠੀਆਂ ਕਰਕੇ ਸਾੜਨ ਦਾ ਹੁਕਮ ਦਿੱਤਾ। ਅੱਗ ਲਾਉਣ ਤੋਂ ਪਹਿਲਾਂ ਮਹੰਤ ਦੇ ਭਾੜੇ ਦੇ ਗੁੰਡਿਆਂ ਨੇ ਸਿੱਖਾਂ ਦੀਆਂ ਤਲਵਾਰਾਂ ਲਈਆਂ ਅਤੇ ਜੋ ਵੀ ਹੱਥ ਲੱਗਿਆ ਸਾਂਭ ਲਿਆ। ਫਿਰ ਸਾਰਿਆਂ ਨੂੰ ਬਲਦੀ ਅੱਗ ਵਿੱਚ ਸੁਟਿਆ ਜਾਂਦਾ ਰਿਹਾ, ਜੇਕਰ ਕੋਈ ਵਿੱਚੋਂ ਜ਼ਖ਼ਮੀ ਹਾਲਤ ਵਿੱਚ ਜਿਉਂਦਾ ਵੀ ਸੀ ਅਤੇ ਉੱਠਣ ਦੀ ਕੋਸ਼ਿਸ਼ ਕਰਦਾ ਤਾਂ ਉਸ ਨੂੰ ਛਵੀਆਂ, ਤਲਵਾਰਾਂ ਅਤੇ ਲਾਠੀਆਂ ਮਾਰ ਕੇ ਮੁੜ ਅੱਗ ਵਿੱਚ ਸੁੱਟ ਦਿੱਤਾ ਜਾਂਦਾ।

ਗੁ. ਸ੍ਰੀ ਨਨਕਾਣਾ ਸਾਹਿਬ ਦੇ ਇਸ ਸਾਕੇ ਦੀ ਇਹ ਖਬਰ ਜੰਗਲ ਦੀ ਅੱਗ ਵਾਂਗ ਫ਼ੈਲ ਗਈ ਅਤੇ ਸਿੱਖਾਂ ਦੀ ਵੱਡੀ ਗਿਣਤੀ ਗੁਰਦੁਆਰਾ ਸਾਹਿਬ ਵਿਖੇ ਇਕੱਠੀ ਹੋਣੀ ਸ਼ੁਰੂ ਹੋ ਗਈ। 21 ਫ਼ਰਵਰੀ ਸਵੇਰੇ ਗੁਰਦੁਆਰਾ ਸਾਹਿਬ ਦੇ ਅੰਦਰ ਦੇ ਹਾਲਤ ਜ਼ੁਲਮ ਦੀ ਦਾਸਤਾਂ ਦੱਸਦੇ ਸਨ ਕਿ ਕਿਵੇਂ ਅੰਦਰ ਥਾਂ-ਥਾਂ 'ਤੇ ਚੱਲੇ ਕਾਰਤੂਸ, ਇੱਟਾਂ-ਪੱਥਰ, ਖ਼ੂਨ, ਲਾਸ਼ਾਂ ਦੇ ਟੁੱਕੜੇ ਅਤੇ ਅੱਧ ਸੜੀਆਂ ਲਾਸ਼ਾਂ ਦੀ ਬਦਬੂ ਹਰ ਪਾਸੇ ਫ਼ੈਲੀ ਹੋਈ ਸੀ। ਪੁਲਿਸ ਨੇ ਪੌਣੇ ਤਿੰਨ ਸੌ ਖੋਲ ਬਰਾਮਦ ਕੀਤੇ। ਛੱਤਾਂ ਉੱਥੇ ਰੋੜਿਆਂ-ਪੱਥਰਾਂ ਦੇ 24 ਵੱਡੇ ਢੇਰ ਅਜੇ ਵੀ ਪਏ ਸਨ। ਸਰਕਾਰ ਮੁਤਾਬਿਕ 157 ਸਿੱਖ ਸ਼ਹੀਦ ਹੋਏ ਸਨ ਜਦ ਕਿ ਇੱਕ ਹੋਰ ਰਿਪੋਰਟ ਅਨੁਸਾਰ ਇਹ ਗਿਣਤੀ 168 ਬਣਦੀ ਹੈ।

ਇਸ ਤਰ੍ਹਾਂ 23 ਫ਼ਰਵਰੀ ਨੂੰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਗਿਆ ਅਤੇ ਅੰਗਰੇਜ਼ ਸਰਕਾਰ ਨੇ ਸਿੱਖਾਂ ਦੇ ਰੋਹ ਅੱਗੇ ਝੁਕਦਿਆਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਿੱਖਾਂ ਨੂੰ ਸੌਂਪਿਆ ਅਤੇ ਅੰਗਰੇਜ਼ ਸਰਕਾਰ ਵੱਲੋਂ ਮੌਕੇ 'ਤੇ ਫ਼ਰਾਰ ਹੋਏ ਮਹੰਤ ਨੂੰ ਵੀ ਸਖ਼ਤ ਸਜ਼ਾ ਦਿੱਤੀ ਗਈ। ਬਾਅਦ ਵਿੱਚ ਇੱਕ ਅੰਗਰੇਜ਼ ਜੱਜ ਨੇ ਰਿਸ਼ਵਤ ਲੈ ਕੇ ਮਹੰਤ ਦੀ ਸਜ਼ਾ ਘੱਟ ਕਰ ਦਿੱਤੀ ਸੀ। ਜੋ ਅੰਗਰੇਜ਼ਾਂ ਦੀ ਅਖੌਤੀ 'ਇਨਸਾਫ਼-ਪਸੰਦ' ਦੀ ਛਵੀ ਦਾ ਨਮੂਨਾ ਹੈ।

ਇਸ ਤਰ੍ਹਾਂ ਸ਼ਹਾਦਤਾਂ ਤੋਂ ਬਾਅਦ ਗੁਰਧਾਮਾਂ ਨੂੰ ਆਜ਼ਾਦ ਕਰਵਾ ਕੇ ਉੱਥੇ ਗੁਰ-ਮਰਿਯਾਦਾ ਬਹਾਲ ਕੀਤੀ ਗਈ। ਉਪਰੋਕਤ ਅਭੁੱਲ ਸਾਕੇ ਨੂੰ ਰੋਜ਼ਾਨਾ ਅਰਦਾਸ ਕਰਨ ਵੇਲੇ ਯਾਦ ਕੀਤਾ ਜਾਂਦਾ ਹੈ, 'ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

***

## ਚਿੱਠੀ ਲੈ ਜਾ ਵੇ ਕਾਸਦਾ ਮੇਰੀ...

ਪੰਜਾਬੀ ਸਾਹਿਤ ਵਿੱਚ ਵੀਹ ਕੁ ਸਾਲ ਪਹਿਲਾਂ ਤੱਕ ਚਿੱਠੀ ਸ਼ਬਦ 'ਤੇ ਆਮ ਗੀਤ, ਟੱਪੇ, ਬੋਲੀਆਂ ਤੇ ਬਾਤਾਂ ਲਿਖੀਆਂ ਜਾਂਦੀਆਂ ਸਨ, ਪਰ ਟੈਲੀਫੋਨ, ਮੋਬਾਈਲ ਦੇ ਰੁਝਾਨ ਨੇ ਇਹ ਖ਼ਤਮ ਕਰ ਦਿੱਤੇ ਹਨ। ਹੁਣ ਇਸ ਤਰ੍ਹਾਂ ਦੀਆਂ ਰਚਨਾਵਾਂ ਨਹੀਂ ਸੁਣਨ ਨੂੰ ਮਿਲਦੀਆਂ;

ਚਿੱਠੀ ਲਿਖਤੀ ਮੈਂ ਸਾਰੀ
ਮੇਰੀ ਮੱਤ ਗਈ ਮਾਰੀ
ਪੂਰੀ ਕਰਕੇ ਤਿਆਰੀ
ਜਦ ਲਿਖਣ ਲੱਗੀ ਮੈਂ ਤੇਰਾ ਨਾਂ
ਚੰਨਾ ਮੈਂ ਤੇਰਾਂ ਨਾ ਭੁੱਲਗੀ।

***

ਚਿੱਠੀਏ ਨੀਂ ਚਿੱਠੀਏ
ਹੰਝੂਆਂ ਨਾਲ ਲਿਖੀਏ।

***

ਮੈਂ ਚਿੱਠੀ ਲਿਖਾਂ ਤੈਨੂੰ
ਹੱਥਾਂ ਗੋਰਿਆਂ ਦੇ ਨਾਲ ਵੇ
ਹੋਰ ਸਾਰੇ ਸੁੱਖ ਚੰਨਾ
ਸਾਡਾ ਬੁਰਾ ਹਾਲ ਵੇ।

***

ਐਡਾ ਖ਼ਤ ਲਿਖਕੇ ਪਾ ਸੱਜਣਾ
ਮੇਰੀ ਉਮਰ ਬੀਤ ਜਾਏ ਪੜ੍ਹਦੀ ਦੀ।

***

ਚਿੱਠੀਆਂ ਸਾਹਿਬਾਂ ਜੱਟੀ ਨੇ
ਲਿਖ ਮਿਰਜ਼ੇ ਨੂੰ ਪਾਈਆਂ।

***

ਕਾਵਾਂ ਵੇ ਸੁਣ ਕਾਵਾਂ
ਜਾਂਦਾ ਹੋਇਆ ਦੱਸ ਨਾ ਗਿਆ
ਲਿਖ ਚਿੱਠੀਆਂ ਕਿੱਧਰ ਨੂੰ ਪਾਵਾਂ।

***

ਚਿੱਠੀ ਪਾ ਵੇ ਅੰਮਾਂ ਦਿਆ ਜਾਇਆ
ਭੈਣ ਪ੍ਰਦੇਸਣ ਨੂੰ।

ਚਿੱਠੀ ਦੁੱਖ-ਸੁੱਖ ਤੇ ਪੰਜਾਬੀ ਸੱਭਿਆਚਾਰ, ਪੰਜਾਬੀ ਜੀਵਨ ਤੇ ਪੰਜਾਬੀ ਸਾਹਿਤ ਦਾ ਬਹੁਤ ਪਿਆਰਾ ਤੇ ਨਾ ਭੁੱਲਣਯੋਗ ਹਿੱਸਾ ਰਿਹਾ ਹੈ। ਤਕਨੀਕ ਨੇ ਬਹੁਤ ਕੁਝ ਬਦਲ ਦਿੱਤਾ। ਉੱਥੇ ਹੀ ਇਹ ਚਿੱਠੀ ਨੂੰ ਨਿਗਲ ਗਈ। ਹੁਣ ਚਿੱਠੀ ਸਿਰਫ ਸਕੂਲਾਂ ਦੀਆਂ ਕਿਤਾਬਾਂ ਵਿੱਚ ਬੱਚਿਆਂ ਦੇ ਲਿਖਣ ਦੀ ਸ਼ੈਅ ਬਣ ਕੇ ਰਹਿ ਗਈ ਹੈ, ਜਿਸ ਪ੍ਰਤੀ ਨਾ ਅਧਿਆਪਕ ਅਤੇ ਨਾ ਹੀ ਬੱਚੇ ਸੁਹਿਰਦ ਹਨ। ਹਾਂ ਅੱਜਕਲ੍ਹ ਕਦੇ ਕਦੇ ਬੈਂਕ ਤੋਂ ਜਾਂ ਸਰਕਾਰੀ ਚਿੱਠੀਆਂ ਆ ਜਾਂਦੀਆਂ ਹਨ। ਉਨ੍ਹਾਂ ਦਾ ਬੱਚਿਆਂ ਨਾਲ ਕੋਈ ਸਬੰਧ ਨਹੀਂ ਹੁੰਦਾ। ਨਵੇਂ ਬੱਚੇ ਇਸ ਤੋਂ ਦੂਰ ਹਨ। ਉਹ ਇਸ ਦਾ ਇਤਿਹਾਸ ਜਾਂ ਮਹੱਤਵ ਨਹੀਂ ਜਾਣਦੇ। ਸਕੂਲਾਂ ਵਿੱਚ ਇਹ ਕਲਾ ਜ਼ਰੂਰ ਸਿਖਾਉਣੀ ਚਾਹੀਦੀ ਹੈ ਤਾਂ ਕਿ ਇਸ ਦਾ ਵਜੂਦ ਕਾਇਮ ਰਹਿ ਸਕੇ।

***

## ਚੈਂਪੀਅਨਜ਼ ਟਰਾਫ਼ੀ 'ਚ...

ਜਦੋਂਕਿ ਹੇਠਲੇ ਕ੍ਰਮ ਵਿਚ ਖ਼ੁਸ਼ਦਿਲ ਨੇ 39 ਗੇਂਦਾਂ 'ਤੇ 38 ਦੌੜਾਂ ਦੀ ਪਾਰੀ ਖੇਡੀ।

ਭਾਰਤ ਲਈ ਕੁਲਦੀਪ ਯਾਦਵ ਨੇ ਤਿੰਨ, ਹਾਰਦਿਕ ਪੰਡਿਆ ਨੇ ਦੋ ਜਦੋਂਕਿ ਅਕਸ਼ਰ ਪਟੇਲ, ਰਵਿੰਦਰ ਜਡੇਜਾ ਤੇ ਹਰਸ਼ਿਤ ਰਾਣਾ ਨੇ ਇੱਕ ਇੱਕ ਵਿਕਟ ਲਈ। ਪਾਕਿਸਤਾਨ ਲਈ ਕਪਤਾਨ ਮੁਹੰਮਦ ਰਿਜ਼ਵਾਨ (46) ਤੇ ਸਊਦ ਸ਼ਕੀਲ (62) ਨੇ ਤੀਜੇ ਵਿਕਟ ਲਈ 144 ਗੇਂਦਾਂ ਵਿੱਚ 104 ਦੌੜਾਂ ਦੀ ਭਾਈਵਾਲੀ ਕਰਕੇ ਵੱਡੇ ਸਕੋਰ ਦੀ ਨੀਂਹ ਰੱਖੀ ਸੀ, ਪਰ ਭਾਰਤੀ ਗੇਂਦਬਾਜ਼ਾਂ ਨੇ 34ਵੇਂ ਤੇ 37ਵੇਂ ਓਵਰ ਦਰਮਿਆਨ 19 ਗੇਂਦਾਂ ਦੇ ਵਕਫ਼ੇ ਵਿੱਚ ਤਿੰਨ ਵਿਕਟ ਲਏ। ਕੁਲਦੀਪ ਯਾਦਵ ਨੇ 43ਵੇਂ ਓਵਰ ਵਿੱਚ ਲਗਾਤਾਰ ਸਲਮਾਨ ਆਗਾ (19 ਤੇ ਸ਼ਾਹੀਨ ਸ਼ਾਹ ਅਫ਼ਰੀਦੀ (0) ਆਊਟ ਕਰਕੇ ਮੈਚ 'ਤੇ ਭਾਰਤ ਦੇ ਦਬਦਬੇ ਨੂੰ ਕਾਇਮ ਰੱਖਿਆ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਸਟਾਰ ਬੱਲੇਬਾਜ਼ ਬਾਬਰ ਆਜ਼ਮ (23) ਤੇ ਇਮਾਮ ਉਲ ਹੱਕ (10) ਜਲਦੀ ਆਊਟ ਹੋ ਗਏ। ਦੋਵਾਂ ਨੇ ਪਹਿਲੇ ਵਿਕਟ ਲਈ 41 ਦੌੜਾਂ ਦੀ ਭਾਈਵਾਲੀ ਕੀਤੀ।

ਬਾਬਰ ਨੂੰ ਹਾਰਦਿਕ ਪੰਡਿਆ ਦੀ ਗੇਂਦ 'ਤੇ ਵਿਕਟਕੀਪਰ ਲੋਕੇਸ਼ ਰਾਹੁਲ ਨੇ ਵਿਕਟਾਂ ਪਿੱਛੇ ਕੈਚ ਲੈ ਕੇ ਆਊਟ ਕੀਤਾ ਜਦੋਂਕਿ ਇਮਾਮ ਉਲ ਹੱਕ ਅਕਸ਼ਰ ਪਟੇਲ ਦੇ ਸਿੱਧੇ ਥ੍ਰੋਅ ਨਾਲ ਰਨ ਆਊਟ ਹੋ ਗਿਆ। ਭਾਰਤੀ ਟੀਮ ਨੂੰ ਇਸ ਦੌਰਾਨ ਉਦੋਂ ਪ੍ਰੇਸ਼ਾਨੀ ਹੋਈ ਜਦੋਂ ਤੇਜ਼ ਗੇਂਦਬਾਜ਼ ਮੁਹੰਮਦ ਸ਼ਮੀ ਨੂੰ ਕਰੀਬ 20 ਮਿੰਟਾਂ ਲਈ ਮੈਦਾਨ ਤੋਂ ਬਾਹਰ ਬੈਠਣਾ ਪਿਆ। ਸ਼ਮੀ ਨੇ ਹਾਲਾਂਕਿ ਜਲਦੀ ਹੀ ਮੈਦਾਨ ਵਿੱਚ ਵਾਪਸੀ ਕਰਕੇ ਗੇਂਦਬਾਜ਼ੀ ਕੀਤੀ। ਕਪਤਾਨ ਰੋਹਿਤ ਸ਼ਰਮਾ ਵੀ ਦੁਬਈ ਦੀ ਗਰਮੀ ਵਿੱਚ ਅਸਹਿਜ ਮਹਿਸੂਸ ਕਰ ਰਹੇ ਸਨ ਤੇ ਉਨ੍ਹਾਂ ਵੀ ਮੈਦਾਨ ਛੱਡਿਆ। ਉਦੋਂ ਰੋਹਿਤ ਦੀ ਥਾਂ ਸ਼ੁਭਮਨ ਗਿੱਲ ਨੇ ਕਮਾਨ ਸੰਭਾਲੀ।

****

## ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਸਿੱਖਾਂ ਦੀਆਂ ..

ਉਨ੍ਹਾਂ ਕਿਹਾ ਕਿ ਇਹ ਪੋਸਟ ਉਨ੍ਹਾਂ ਆਪਣੇ ਨਿੱਜੀ ਸੋਸ਼ਲ ਮੀਡੀਆ ਪੇਜ 'ਤੇ ਪਾਈ ਸੀ ਅਤੇ ਕਿਸੇ ਨੂੰ ਆਦੇਸ਼ ਨਹੀਂ ਕੀਤਾ ਸੀ ਤੇ ਇਹ ਉਨ੍ਹਾਂ ਦੇ ਆਪਣੇ ਮਨ ਦੇ ਵਲਵਲੇ ਸਨ। ਉਨ੍ਹਾਂ ਕਿਹਾ ਕਿ ਧਾਮੀ ਨੇ ਜਿਵੇਂ ਨੈਤਿਕ ਆਧਾਰ 'ਤੇ ਅਸਤੀਫ਼ਾ ਦਿੱਤਾ ਹੈ ਉਸੇ ਤਰ੍ਹਾਂ ਉਹ ਵੀ ਨੈਤਿਕ ਆਧਾਰ 'ਤੇ ਉਨ੍ਹਾਂ ਨੂੰ ਅਪੀਲ ਕਰਦੇ ਹਨ ਕਿ ਉਹ ਆਪਣਾ ਅਸਤੀਫ਼ਾ ਵਾਪਸ ਲੈ ਕੇ ਪ੍ਰਧਾਨ ਦੀ ਜ਼ਿੰਮੇਵਾਰੀ ਅਤੇ ਸੱਤ ਮੈਂਬਰੀ ਕਮੇਟੀ ਦੇ ਮੁਖੀ ਦੀ ਜ਼ਿੰਮੇਵਾਰੀ ਸੰਭਾਲਣ।

ਇੱਕ ਸਵਾਲ ਦੇ ਜਵਾਬ ਵਿੱਚ ਜਥੇਦਾਰ ਨੇ ਕਿਹਾ ਕਿ ਹੋ ਸਕਦਾ ਹੈ ਕਿ ਉਹ ਕਿਸੇ ਦਬਾਅ ਹੇਠ ਹੋਣ, ਕਿਉਂਕਿ ਪਿਛਲੇ ਕੁਝ ਸਮੇਂ ਤੋਂ ਲੱਗ ਰਿਹਾ ਸੀ ਕਿ ਉਹ ਦਬਾਅ ਮਹਿਸੂਸ ਕਰ ਰਹੇ ਹਨ। ਉਹ ਇੱਕ ਇਮਾਨਦਾਰ, ਨਿਤਨੇਮੀ, ਗੁਰੂ ਦੀ ਭੈ ਭਾਵਨਾ ਨੂੰ ਮੰਨਣ ਵਾਲੀ ਚੰਗੀ ਸ਼ਖ਼ਸੀਅਤ ਹਨ।

ਜਥੇਦਾਰ ਨੇ ਦੱਸਿਆ ਕਿ ਬੀਤੇ ਕੱਲ੍ਹ ਅਤਰਿੰਗ ਕਮੇਟੀ ਦੇ ਮੈਂਬਰ ਮਿਲੇ ਸਨ ਅਤੇ ਸਿੱਖ ਗੁਰਦੁਆਰਾ ਐਕਟ ਦੇ ਮੁਤਾਬਕ ਅਧਿਕਾਰਾਂ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਐਕਟ ਮੁਤਾਬਿਕ ਸ਼੍ਰੋਮਣੀ ਕਮੇਟੀ ਨੂੰ ਕਰਮਚਾਰੀਆਂ, ਗ੍ਰੰਥੀਆਂ ਅਤੇ ਜਥੇਦਾਰਾਂ ਦੀ ਨਿਯੁਕਤੀ ਦੇ ਅਧਿਕਾਰ ਪ੍ਰਾਪਤ ਹਨ। ਪਰ ਪਿਛਲੇ ਦਿਨੀਂ ਹੋਈ ਗੱਲਬਾਤ ਨੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਹੁਕਮ ਸਿਰਫ ਸ੍ਰੀ ਅਕਾਲ ਤਖਤ ਦੀ ਚਾਰਦੀਵਾਰੀ ਤੱਕ ਹੀ ਸੀਮਤ ਹਨ ਜਦੋਂ ਕਿ ਉਹ ਸਮਝਦੇ ਸਨ ਕਿ ਅਕਾਲ ਤਖ਼ਤ ਵੱਲੋਂ ਕੀਤੇ ਗਏ ਹੁਕਮ ਸਾਰੀ ਦੁਨੀਆਂ ਵਿੱਚ ਵੱਸਦੇ ਸਿੱਖਾਂ 'ਤੇ ਲਾਗੂ ਹੁੰਦੇ ਹਨ। ਜਥੇਦਾਰ ਦੀ ਇਸ ਗੱਲ ਨੇ ਇਹ ਵੀ ਸਾਬਤ ਕੀਤਾ ਹੈ ਕਿ ਉਹ ਅੰਤਰਿੰਗ ਕਮੇਟੀ ਵੱਲੋਂ ਅਧਿਕਾਰਾਂ ਸਬੰਧੀ ਕੀਤੀ ਗਈ ਚਰਚਾ ਤੋਂ ਨਾਖੁਸ਼ ਹਨ। ਆਪਣੇ ਅਸਤੀਫ਼ੇ ਸਬੰਧੀ ਚੱਲ ਰਹੀ ਚਰਚਾ ਦੇ ਸੰਦਰਭ ਵਿੱਚ ਜਥੇਦਾਰ ਰਘਬੀਰ ਸਿੰਘ ਨੇ ਕਿਹਾ ਕਿ ਗੁਰੂ ਨੂੰ ਜੋ ਪ੍ਰਵਾਨ ਹੋਏਗਾ ਉਸੇ ਮੁਤਾਬਕ ਸਭ ਕੁਝ ਹੀ ਹੋਵੇਗਾ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਬੰਧੀ ਕੀਤੀਆਂ ਜਾ ਰਹੀਆਂ ਟਿੱਪਣੀਆਂ ਬਾਰੇ ਉਨ੍ਹਾਂ ਕਿਹਾ ਕਿ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਹਰ ਇੱਕ ਨੂੰ ਇੱਕ ਦੂਜੇ ਦੇ ਅਹੁਦੇ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀਆਂ ਸਿਰਮੌਰ ਸੰਸਥਾਵਾਂ ਹਨ ਜੋ ਬਜ਼ੁਰਗਾਂ ਦੀਆਂ ਸ਼ਹੀਦੀਆਂ ਤੋਂ ਬਾਅਦ ਪ੍ਰਾਪਤ ਹੋਈਆਂ ਹਨ। ਇਨ੍ਹਾਂ ਸੰਸਥਾਵਾਂ ਦੀ ਚੜ੍ਹਦੀ ਕਲਾ ਲਈ ਹਰ ਸਿੱਖ ਨੂੰ ਕੰਮ ਕਰਨਾ ਚਾਹੀਦਾ ਹੈ।

***

## ਇਜ਼ਰਾਇਲ ਗਾਜ਼ਾ 'ਤੇ ਮੁੜ..

ਤਾਂ ਜੋ ਵੀ ਇਜ਼ਰਾਇਲੀ ਬੰਧਕ ਮਾਰੇ ਗਏ ਹਨ, ਉਹਨਾਂ ਦੀਆਂ ਲਾਸ਼ਾਂ ਦੀ ਵਾਪਸੀ ਅਤੇ ਗਾਜ਼ਾ ਵਿੱਚ ਤਬਾਹ ਹੋ ਚੁੱਕੇ ਘਰਾਂ ਅਤੇ ਹੋਰ ਬੁਨਿਆਦੀ ਢਾਂਚੇ ਦੀ ਮੁੜ ਉਸਾਰੀ ਦੀ ਇੱਕ ਯੋਜਨਾ ਲਾਗੂ ਕੀਤੀ ਜਾਵੇਗੀ। ਇੱਥੇ ਜ਼ਿਕਰਯੋਗ ਹੈ ਕਿ ਇਜ਼ਰਾਇਲ ਨੇ ਪਹਿਲੇ ਪੜਾਅ ਵਿੱਚ ਹੀ ਸਮਝੌਤੇ ਦੀਆਂ ਸ਼ਰਤਾਂ ਦਾ ਉਲੰਘਣ ਸ਼ੁਰੂ ਕਰ ਦਿੱਤਾ ਹੈ ਜਿਸ ਤੋਂ ਬਾਅਦ ਹਮਾਸ ਨੇ ਫ਼ਿਲਹਾਲ ਇਜ਼ਰਾਇਲੀ ਬੰਧਕਾਂ ਦੀ ਰਿਹਾਈ ਉੱਪਰ ਰੋਕ ਲਗਾ ਦਿੱਤੀ ਹੈ। ਇਜ਼ਰਾਇਲ ਨੇ ਹੁਣ ਤੱਕ ਗਾਜ਼ਾ ਵਿੱਚ ਭੋਜਨ ਅਤੇ ਹੋਰ ਬੁਨਿਆਦੀ ਸਹੂਲਤਾਂ ਦੇ ਸਿਰਫ਼ 8500 ਟਰੱਕਾਂ ਦੀ ਇਜਾਜ਼ਤ ਦਿੱਤੀ ਹੈ, ਜਦੋਂ ਕਿ ਜੰਗਬੰਦੀ ਦੀਆਂ ਸ਼ਰਤਾਂ ਮੁਤਾਬਕ ਇਹ 12,000 ਟਰੱਕ ਹੋਣੇ ਚਾਹੀਦੇ ਸਨ। ਇਸ ਤੋਂ ਬਿਨਾਂ ਨਿਰਧਾਰਤ ਆਸਰਾ ਟੈਂਟ ਵੀ ਲੋੜੀਂਦੀ ਮਿਕਦਾਰ ਦੇ ਸਿਰਫ਼ 10% ਹੀ ਹਨ।

ਇਸ ਤੋਂ ਬਿਨਾਂ ਗਾਜ਼ਾ ਵਿੱਚ ਰੋਜ਼ਾਨਾ 50 ਗੰਭੀਰ ਬਿਮਾਰ ਜਾਂ ਜ਼ਖ਼ਮੀ ਲੋਕਾਂ ਨੂੰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਲ ਬਾਹਰ ਜਾਣ ਦੀ ਇਜਾਜ਼ਤ ਦਿੱਤੀ ਜਾਣੀ ਸੀ ਅਤੇ ਹੁਣ ਤੱਕ ਇਹ ਗਿਣਤੀ 1000 ਹੋਣੀ ਚਾਹੀਦੀ ਸੀ ਪਰ ਫ਼ਲਸਤੀਨ ਦੇ ਸਿਹਤ ਮੰਤਰਾਲੇ ਮੁਤਾਬਕ ਹੁਣ ਤੱਕ ਸਿਰਫ਼ 120 ਮਰੀਜ਼ਾਂ ਨੂੰ ਹੀ ਜਾਣ ਦੀ ਇਜਾਜ਼ਤ ਦਿੱਤੀ ਗਈ ਹੈ। ਲੋਕਾਂ ਨੂੰ ਉੱਤਰੀ ਗਾਜ਼ਾ ਵਿੱਚ ਆਪਣੇ ਘਰਾਂ ਵੱਲ ਵਾਪਸ ਜਾਣ ਦੇਣਾ ਵੀ ਇਸ ਸਮਝੌਤੇ ਦਾ ਹਿੱਸਾ ਸੀ ਜੋ ਇਜ਼ਰਾਇਲ ਨੇ ਹੁਣ ਤੱਕ ਲਾਗੂ ਨਹੀਂ ਕੀਤਾ। ਇਜ਼ਰਾਇਲ ਅਜੇ ਵੀ ਗਾਜ਼ਾ ਅਤੇ ਪੱਛਮੀ ਕੰਢੇ ਵਿੱਚ ਲੋਕਾਂ ਦਾ ਕਤਲੇਆਮ ਕਰ ਰਿਹਾ ਹੈ। ਪਿਛਲੇ ਕੁਝ ਦਿਨਾਂ ਵਿੱਚ ਹੀ ਇਜ਼ਰਾਇਲੀ ਪੁਲਿਸ, ਫ਼ੌਜ ਅਤੇ ਧੁਰ ਸੱਜੇ-ਪੱਖੀ ਭੀੜਾਂ ਨੇ 25 ਤੋਂ ਵੱਧ ਲੋਕਾਂ ਨੂੰ ਕਤਲ ਕੀਤਾ ਸੀ।

### ਹਮਾਸ ਸੰਘਰਸ਼ ਲਈ ਉਤਾਰੂ

ਇੱਥੇ ਅਸਲ ਸਵਾਲ ਇਹ ਹੈ ਕਿ ਜੋ ਫ਼ਲਸਤੀਨੀ ਇਜ਼ਰਾਇਲ ਦੇ 75 ਸਾਲ ਤੋਂ ਵੱਧ ਦੇ ਜਬਰ, ਕਤਲੇਆਮ ਦਾ ਬੜੀ ਦਲੇਰੀ ਨਾਲ਼ ਮੁਕਾਬਲਾ ਕਰਦੇ ਆ ਰਹੇ ਹਨ, ਕੀ ਉਹ ਸਿਰਫ਼ ਟਰੰਪ ਦੀ ਯੋਜਨਾ ਪ੍ਰਵਾਨ ਕਰ ਲੈਣਗੇ? ਇਸ ਦੀ ਬਿਲਕੁਲ ਸੰਭਾਵਨਾ ਨਹੀਂ ਜਾਪਦੀ। ਫ਼ਲਸਤੀਨ ਦੇ ਲੋਕਾਂ ਦੇ ਅਜ਼ਾਦ ਕੌਮੀ ਰਾਜ ਦੀ ਸਥਾਪਨਾ ਤੋਂ ਬਿਨਾਂ ਇਸ ਖਿੱਤੇ ਵਿੱਚ ਸ਼ਾਂਤੀ ਅਸੰਭਵ ਹੈ। ਗਾਜ਼ਾ ਵਿੱਚ ਭਾਰੀ ਫ਼ੌਜੀ ਤਾਕਤ ਨਾਲ਼ ਹਮਲੇ ਕਰਨ ਦੇ ਬਾਵਜੂਦ, ਇਜ਼ਰਾਇਲ ਆਪਣੇ ਮੁੱਖ ਯੁੱਧ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਅਸਫ਼ਲ ਰਿਹਾ, ਜੋ ਕਿ ਹਮਾਸ ਦਾ ਖ਼ਾਤਮਾ ਅਤੇ ਬੰਧਕਾਂ ਦੀ ਵਾਪਸੀ ਸਨ। ਹਮਾਸ ਅਜੇ ਵੀ ਇਜ਼ਰਾਇਲ ਦਾ ਖ਼ਾਸਾ ਨੁਕਸਾਨ ਕਰਨ ਦੀ ਸਮਰੱਥਾ ਰੱਖਦਾ ਹੈ। ਪਿਛਲੇ ਦੋ ਸਾਲ ਦੀ ਭਿਆਨਕ ਨਸਲਕੁਸ਼ੀ ਨਾਲ਼ ਜਿਹਨਾਂ ਫ਼ਲਸਤੀਨੀਆਂ ਦੇ ਟੱਬਰ ਦੇ ਲੋਕ ਮਾਰੇ ਗਏ ਹਨ, ਉਹ ਤੇਜ਼ੀ ਨਾਲ਼ ਇਜ਼ਰਾਇਲ ਵਿਰੁੱਧ ਜਥੇਬੰਦ ਹੋ ਰਹੇ ਹਨ। ਇਸ ਜੰਗ ਵਿੱਚ ਇਜ਼ਰਾਇਲ ਦਾ ਆਰਥਿਕ ਨੁਕਸਾਨ ਵੀ ਹੋਇਆ ਹੈ। 55.6 ਅਰਬ ਡਾਲਰ ਤੋਂ ਵੱਧ ਦੀ ਰਕਮ ਹੁਣ ਤੱਕ ਇਸ ਜੰਗ ਵਿੱਚ ਖਰਚ ਹੋ ਚੁੱਕੀ ਹੈ। ਇਜ਼ਰਾਇਲ ਦਾ ਜੋ ਸਭ ਤੋਂ ਵੱਡਾ ਨੁਕਸਾਨ ਹੋਇਆ ਹੈ, ਉਹ ਹੈ ਸੰਸਾਰ ਪੱਧਰ ਉੱਪਰ ਇਸਦੀ ਵੱਕਾਰ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ ਉੱਪਰ ਹੈ। ਫ਼ਲਸਤੀਨੀ ਲੋਕ ਪਿਛਲੇ ਦੋ ਸਾਲ ਦੀ ਭਿਆਨਕ ਜੰਗ ਦੀ ਤਬਾਹੀ ਕਾਰਨ ਹੰਭੇ ਹੋਏ ਹਨ ਪਰ ਉਹਨਾਂ ਵਿੱਚ ਅਜੇ ਵੀ ਆਪਣੇ ਅਜ਼ਾਦ ਕੌਮੀ ਰਾਜ ਦੀ ਤਾਂਘ ਜੀਵਤ ਹੈ ਅਤੇ ਉਹ ਇਸ ਲਈ ਹਰ ਤਰ੍ਹਾਂ ਦੀ ਮੱਕਾਰ ਅਤੇ ਜ਼ਾਲਮ ਸਾਜ਼ਿਸ਼ ਵਿਰੁੱਧ ਸੰਘਰਸ਼ ਕਰਨਗੇ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com